ਚੜ੍ਹਦੀਕਲਾ ਪੜ੍ਹੋ ! ਚੜ੍ਹਦੀਕਲਾ 'ਚ ਰਹੋ !!

ਚੜ੍ਹਦੀਕਲਾ

ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਹਰ ਤਰ੍ਹਾਂ ਦੀਆਂ ਤਾਜ਼ਾ ਖ਼ਬਰਾਂ

ਪੰਜਾਬ ਦੇ ਹਰ ਪਿੰਡ ਹਰ ਸ਼ਹਿਰ 'ਚ ਮਿਲਦਾ ਹੈ

ਵੱਖ-ਵੱਖ ਵਿਸ਼ਿਆਂ ਅਤੇ ਚਾਲੂ ਮਾਮਲਿਆਂ ਬਾਰੇ ਜਾਣਕਾਰੀ

ਭਰਪੂਰ ਸੰਪਾਦਕੀ ਲੇਖ, ਫੀਚਰ ਅਤੇ ਪੜ੍ਹਨਯੋਗ ਸਮੱਗਰੀ

ਆਪਣੇ ਅਖ਼ਬਾਰਾਂ ਏਜੰਟ ਤੋਂ 'ਚੜ੍ਹਦੀਕਲਾ' ਦੀ ਮੰਗ ਕਰੋ



ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

PRGI (RNI) Regd. No. 22972/1972

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ

ਮੁੱਖ ਸੰਪਾਦਕ: ਡਾ. ਜਗਜੀਤ ਸਿੰਘ 'ਦਰਦੀ'

ਸੰਪਾਦਕ : ਹਰਪ੍ਰੀਤ ਸਿੰਘ 'ਦਰਦੀ'

(ਕੁੱਲ ਸਫ਼ੇ 12 Pages 12)

(Wednesday, 28 May, 2025) ਪਟਿਆਲਾ ਬੁੱਧਵਾਰ, 28 ਮਈ, 2025, 15 ਜੇਠ , ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26, ਸਾਲ (Year) 57 ਅੰਕ ਨੰਬਰ (Volume No.) 146 ਮੁੱਲ : 2.00 ਰੁਪਏ ਫ਼ੋਨ: +91- 92168-07500 Posted at RMS Patiala www.charhdikala.com E-mail: news@charhdikala.com


## ਪੰਜਾਬ 'ਚ ਤੂਫ਼ਾਨ ਦਾ ਅਲਰਟ

ਚੰਡੀਗੜ੍ਹ, 27 ਮਈ (ਚੜ੍ਹਦੀਕਲਾ ਬਿਊਰੋ) : ਪੰਜਾਬ 'ਚ ਆਏ ਦਿਨ ਮੌਸਮ ਵਿਚ ਤਬਦੀਲੀ ਵੇਖੀ ਜਾ ਰਹੀ ਹੈ। ਮੌਸਮ ਵਿਭਾਗ ਦੀ ਤਾਜ਼ਾ ਅਪਡੇਟ ਮੁਤਾਬਕ 30 ਮਈ ਤੱਕ ਰੁਕ-ਰੁਕ ਕੇ ਬਾਰਿਸ਼ ਹੋਣ ਦੀ ਭਵਿੱਖਬਾਣੀ ਕੀਤੀ ਗਈ ਹੈ। ਭਾਰਤੀ ਮੌਸਮ ਵਿਭਾਗ ਨੇ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਲਈ ਪੰਜ ਦਿਨਾਂ ਦੀ ਮੌਸਮ ਦੀ ਚੇਤਾਵਨੀ ਜਾਰੀ ਕੀਤੀ ਹੈ। ਇਸ ਦੌਰਾਨ ਕਈ ਇਲਾਕਿਆਂ ਵਿੱਚ ਬਿਜਲੀ ਗਰਜ,ਹਲਕੀ ਬਾਰਿਸ਼ ਅਤੇ 40 ਤੋਂ 60 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਵਾਲੀ ਤੇਜ਼ ਹਵਾ ਚੱਲਣ ਦੀ ਸੰਭਾਵਨਾ ਹੈ। (ਬਾਕੀ ਸਫਾ 2 'ਤੇ)

## ਅੰਮ੍ਰਿਤਸਰ-ਮਜੀਠਾ ਰੋਡ 'ਤੇ ਧਮਾਕਾ, ਵਿਸਫੋਟਕ ਲੈਣ ਆਏ ਵਿਅਕਤੀ ਦੀ ਮੌਤ

### ਮ੍ਰਿਤਕ ਦਾ ਖਾੜਕੂ ਜਥੇਬੰਦੀ ਨਾਲ ਸੰਬੰਧ ਹੋਣ ਦਾ ਸ਼ੱਕ



ਬਬਲੂ ਮਹਾਜਨ

================

ਅੰਮ੍ਰਿਤਸਰ, 27 ਮਈ : ਇੱਥੇ ਸਥਾਨਕ ਅੰਮ੍ਰਿਤਸਰ-ਮਜੀਠਾ ਬਾਈਪਾਸ ਰੋਡ 'ਤੇ ਪਿੰਡ ਨਸ਼ਹਿਰਾ ਨੇੜੇ ਅੱਜ ਸਵੇਰੇ ਧਮਾਕਾ ਹੋਇਆ ਹੈ ਜਿਸ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਹੈ। ਇਹ ਘਟਨਾ ਸੜਕ ਨੇੜੇ ਇੱਕ ਖਾਲੀ ਥਾਂ ਵਿੱਚ ਵਾਪਰੀ ਹੈ, ਜਿੱਥੇ ਇੱਕ ਜ਼ਖਮੀ ਵਿਅਕਤੀ ਵੀ ਮਿਲਿਆ ਸੀ। ਧਮਾਕੇ ਨਾਲ ਇਸ ਵਿਅਕਤੀ ਦੇ ਕੁਝ ਅੰਗ ਸਰੀਰ ਨਾਲੋਂ ਵੱਖ ਹੋ ਗਏ ਸਨ, ਉਸ ਨੂੰ ਹਸਪਤਾਲ ਪਹੁੰਚਾਇਆ ਗਿਆ ਪਰ ਉਸ ਦੀ ਮੌਤ ਹੋ ਗਈ। ਪੁਲਿਸ ਨੇ ਧਮਾਕੇ ਪਿੱਛੇ ਪਾਕਿਸਤਾਨੀ ਖੁਫੀਆ ਏਜੰਸੀ ਆਈਐੱਸਆਈ ਤੇ ਬੱਬਰ ਖਾਲਸਾ ਦਾ ਹੱਥ ਹੋਣ ਦਾ ਸ਼ੱਕ ਜਤਾਇਆ ਹੈ।

ਘਟਨਾ ਦੀ ਜਾਣਕਾਰੀ ਮਿਲਣ 'ਤੇ ਪੁਲਿਸ ਦੇ ਉੱਚ ਅਧਿਕਾਰੀ ਵੀ ਮੌਕੇ 'ਤੇ ਪੁੱਜ ਗਏ ਸਨ। ਬਾਰਡਰ ਰੇਂਜ ਦੇ ਡੀਆਈਜੀ (ਬਾਕੀ ਸਫਾ 2 'ਤੇ)

### ਏਜੰਸੀਆਂ ਨੇ ਪੰਜਾਬ ਦਾ ਮਾਹੌਲ ਖ਼ਰਾਬ ਕੀਤਾ: ਕਟਾਰੀਆ

ਅੰਮ੍ਰਿਤਸਰ, 27 ਮਈ (ਬਬਲੂ ਮਹਾਜਨ) : ਅੰਮ੍ਰਿਤਸਰ ਦੇ ਮਜੀਠਾ ਰੋਡ ਬਾਈਪਾਸ ਨੇੜੇ ਅੱਜ ਸਵੇਰੇ ਤੜਕਸਾਰ ਹੋਏ ਬੰਬ ਧਮਾਕੇ ਦੇ ਮਾਮਲੇ 'ਚ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਦਾ ਵੱਡਾ ਬਿਆਨ ਸਾਹਮਣੇ ਆਇਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਕੁੱਝ ਏਜੰਸੀਆਂ ਨੇ ਪੰਜਾਬ ਦਾ ਮਾਹੌਲ ਖ਼ਰਾਬ ਕੀਤਾ ਹੈ। ਪੁਲਿਸ ਪ੍ਰਸ਼ਾਸਨ ਦੋਸ਼ੀਆਂ 'ਤੇ ਪੂਰੀ ਤਰ੍ਹਾਂ ਨਾਲ ਨਕੇਲ ਕੱਸ ਰਿਹਾ ਹੈ। ਰਾਜਪਾਲ ਨੇ ਕਿਹਾ ਕਿ ਪੰਜਾਬ ਦਾ ਮਾਹੌਲ ਖ਼ਰਾਬ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸ ਨੂੰ ਕਿਸੇ ਵੀ ਹਾਲਤ 'ਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਉਨ੍ਹਾਂ ਨੇ ਕਿਹਾ ਕਿ ਕੁੱਝ ਏਜੰਸੀਆਂ ਵਲੋਂ ਵਾਰ-ਵਾਰ ਪੰਜਾਬ 'ਚ ਅਸ਼ਾਂਤੀ ਫੈਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਪਰ ਪੁਲਿਸ ਪ੍ਰਸ਼ਾਸਨ ਵਲੋਂ (ਬਾਕੀ ਸਫਾ 2 'ਤੇ)

## ਆਈ.ਟੀ.ਆਰ. ਫਾਈਲ ਕਰਨ ਦੀ ਆਖ਼ਰੀ ਮਿਤੀ 15 ਸਤੰਬਰ ਤੱਕ ਵਧਾਈ

ਨਵੀਂ ਦਿੱਲੀ, 27 ਮਈ (ਚੜ੍ਹਦੀਕਲਾ ਬਿਊਰੋ) : ਇਨਕਮ ਟੈਕਸ ਵਿਭਾਗ ਨੇ 2025-26 ਲਈ ਆਈਟੀਆਰ ਫਾਈਲ ਕਰਨ ਦੀ ਆਖਰੀ ਮਿਤੀ 15 ਸਤੰਬਰ ਤੱਕ ਵਧਾਈ ਦਿੱਤੀ ਹੈ ਜੋ ਪਹਿਲਾਂ 31 ਜੁਲਾਈ ਸੀ।

ਜਿਨ੍ਹਾਂ ਵਿਅਕਤੀਆਂ ਅਤੇ ਸੰਸਥਾਵਾਂ ਨੂੰ ਆਪਣੇ ਖਾਤਿਆਂ ਦਾ ਆਡਿਟ ਕਰਵਾਉਣ ਦੀ ਲੋੜ ਨਹੀਂ ਹੁੰਦੀ, ਉਹ ਆਮ ਤੌਰ 'ਤੇ 31 ਜੁਲਾਈ ਤੱਕ ਇਨਕਮ ਟੈਕਸ ਰਿਟਰਨ (ਆਈਟੀਆਰ) ਫਾਈਲ ਕਰਦੇ ਹਨ ਪਰ ਹੁਣ ਇਸ ਤਰੀਕ ਨੂੰ ਡੇਢ ਮਹੀਨੇ ਅੱਗੇ ਪਾ ਦਿੱਤਾ ਗਿਆ ਹੈ। ਸੈਂਟਰਲ ਬੋਰਡ ਆਫ ਡਾਇਰੈਕਟ ਟੈਕਸਿਸ (ਸੀਬੀਡੀਟੀ) ਨੇ ਕਿਹਾ ਕਿ ਨੋਟੀਫਾਈਡ ਆਈਟੀਆਰ ਵਿੱਚ ਪੇਸ਼ ਕੀਤੇ ਗਏ ਵਿਆਪਕ ਬਦਲਾਅ ਦੇ ਮੱਦੇਨਜ਼ਰ ਅਤੇ ਆਮਦਨੀ ਸਾਲ 2025-26 ਲਈ ਸਿਸਟਮ ਦੀ ਤਿਆਰੀ ਕਰਨ ਲਈ ਲੋੜੀਂਦੇ ਸਮੇਂ ਨੂੰ ਧਿਆਨ ਵਿੱਚ ਰੱਖਦੇ ਹੋਏ ਰਿਟਰਨ ਭਰਨ ਦੀ ਤੈਅ ਕੀਤੀ ਹੋਈ ਮਿਤੀ ਨੂੰ ਵਧਾ ਦਿੱਤਾ ਗਿਆ ਹੈ। ਇਸ ਫੈਸਲੇ ਨਾਲ ਕਰਦਾਤਿਆਂ ਨੂੰ ਨਿਰਵਿਘਨ ਅਤੇ ਸੁਵਿਧਾਜਨਕ ਫਾਈਲਿੰਗ ਕਰਨ ਦੀ ਸਹੂਲਤ ਮਿਲੇਗੀ ਜਿਸ ਤਹਿਤ ਉਹ 31 ਜੁਲਾਈ ਦੀ ਥਾਂ 15 ਸਤੰਬਰ, 2025 ਤੱਕ ਰਿਟਰਨ ਭਰ ਸਕਦੇ ਹਨ।

## ਅੱਤਵਾਦ ਪਾਕਿ ਦੀ ਜੰਗੀ ਰਣਨੀਤੀ ਦਾ ਹਿੱਸਾ, ਭਾਰਤ ਉਸੇ ਮੁਤਾਬਕ ਜਵਾਬ ਦੇਵੇਗਾ: ਮੋਦੀ

ਚੜ੍ਹਦੀਕਲਾ ਬਿਊਰੋ

================



ਗਾਂਧੀਨਗਰ, 27 ਮਈ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਕਿਹਾ ਕਿ ਪਾਕਿਸਤਾਨ ਵੱਲੋਂ ਕੀਤਾ ਜਾ ਰਿਹਾ ਅੱਤਵਾਦ ਕੋਈ ਲੁਕਵੀਂ ਜੰਗ ਨਹੀਂ ਹੈ, ਬਲਕਿ ਯੋਜਨਾਬੱਧ ਜੰਗੀ ਰਣਨੀਤੀ ਹੈ ਅਤੇ ਭਾਰਤ ਉਸੇ ਮੁਤਾਬਕ ਜਵਾਬ ਦੇਵੇਗਾ। ਗੁਜਰਾਤ ਸਰਕਾਰ ਦੇ ਸ਼ਹਿਰੀ ਵਿਕਾਸ ਪ੍ਰੋਗਰਾਮ ਦੌਰਾਨ ਆਪ੍ਰੇਸ਼ਨ ਸਿੰਦੂਰ ਬਾਰੇ ਬੋਲਦਿਆਂ ਸ੍ਰੀ ਮੋਦੀ ਨੇ ਕਿਹਾ ਕਿ ਪਾਕਿਸਤਾਨ ਅੱਤਵਾਦ ਜ਼ਰੀਏ ਜੰਗ ਲੜ ਰਿਹਾ ਹੈ।

ਪ੍ਰਧਾਨ ਮੰਤਰੀ ਨੇ ਕਿਹਾ, "ਅਸੀਂ ਇਸ ਨੂੰ ਲੁਕਵੀਂ ਜੰਗ ਨਹੀਂ ਕਹਿ ਸਕਦੇ ਕਿਉਂਕਿ 6 ਮਈ ਦੀ ਰਾਤ ਨੂੰ (ਭਾਰਤ ਵੱਲੋਂ ਪਾਕਿਸਤਾਨ ਦੇ ਦਹਿਸ਼ਤੀ ਟਿਕਾਣਿਆਂ 'ਤੇ ਕੀਤੇ ਹਮਲੇ ਵਿਚ) ਮਾਰੇ ਗਏ ਦਹਿਸ਼ਤਗਰਦਾਂ ਨੂੰ ਪਾਕਿਸਤਾਨ ਵਿਚ ਰਾਜਕੀ ਸਨਮਾਨ ਦਿੱਤਾ ਗਿਆ। ਉਨ੍ਹਾਂ ਦੇ ਤਾਬੂਤ ਪਾਕਿਸਤਾਨੀ ਝੰਡਿਆਂ ਵਿਚ ਲਿਪਟੇ ਹੋਏ ਸਨ ਤੇ ਉਨ੍ਹਾਂ ਦੀ ਫੌਜ ਨੇ ਉਨ੍ਹਾਂ ਨੂੰ ਸਲਾਮੀ ਵੀ ਦਿੱਤੀ। ਉਨ੍ਹਾਂ ਕਿਹਾ, "ਇਸ ਤੋਂ ਸਾਬਤ ਹੁੰਦਾ ਹੈ ਕਿ ਇਹ ਦਹਿਸ਼ਤੀ ਸਰਗਰਮੀਆਂ ਮਹਿਜ਼ ਲੁਕਵੀਂ ਜੰਗ ਨਹੀਂ ਬਲਕਿ ਉਨ੍ਹਾਂ ਦੀ ਯੋਜਨਾਬੱਧ ਜੰਗੀ ਰਣਨੀਤੀ ਦਾ ਹਿੱਸਾ ਹੈ। ਜੇਕਰ ਉਹ ਜੰਗ ਦੇ ਰਾਹ ਪੈਂਦੇ ਹਨ ਤਾਂ ਉਸੇ ਮੁਤਾਬਕ ਜਵਾਬ ਦਿੱਤਾ ਜਾਵੇਗਾ।"

ਪ੍ਰਧਾਨ ਮੰਤਰੀ ਨੇ ਕਿਹਾ ਕਿ ਜਦੋਂ ਵੀ ਭਾਰਤ ਤੇ ਪਾਕਿਸਤਾਨ ਵਿਚ ਜੰਗ ਹੋਈ, ਭਾਰਤੀ ਹਥਿਆਰਬੰਦ ਫੌਜਾਂ ਨੇ ਪਾਕਿਸਤਾਨ ਨੂੰ ਇਸ ਤਰ੍ਹਾਂ ਹਰਾਇਆ ਜਿਸ ਨੂੰ ਗੁਆਂਢੀ ਦੇਸ਼ ਕਦੇ ਨਹੀਂ ਭੁੱਲੇਗਾ। ਉਨ੍ਹਾਂ ਕਿਹਾ, "ਉਨ੍ਹਾਂ ਨੂੰ ਸ਼ਾਇਦ ਅਹਿਸਾਸ ਹੋ ਗਿਆ ਹੈ ਕਿ ਉਹ ਭਾਰਤ ਵਿਰੁੱਧ ਕਦੇ ਵੀ ਸਿੱਧੀ ਜੰਗ ਨਹੀਂ ਜਿੱਤ ਸਕਦੇ, ਇਸੇ ਕਰਕੇ ਉਹ ਲੁਕਵੀਂ ਜੰਗ ਵੱਲ ਮੁੜੇ ਤੇ ਅੱਤਵਾਦੀਆਂ ਨੂੰ ਫੌਜੀ ਸਿਖਲਾਈ ਅਤੇ ਸਹਾਇਤਾ ਪ੍ਰਦਾਨ ਕੀਤੀ।"

ਸ੍ਰੀ ਮੋਦੀ ਨੇ ਕਿਹਾ, "ਸਰੀਰ ਕਿੰਨਾ ਵੀ ਮਜ਼ਬੂਤ ਜਾਂ ਸਿਹਤਮੰਦ ਕਿਉਂ ਨਾ ਹੋਵੇ, ਇੱਕ ਕੰਡਾ ਦਰਦ ਦੇ ਸਕਦਾ ਹੈ। ਅਸੀਂ ਇਸ ਕੰਡੇ ਨੂੰ ਕੱਢਣ ਦਾ ਫੈਸਲਾ ਕੀਤਾ ਹੈ।" ਉਨ੍ਹਾਂ ਕਿਹਾ, "ਵੰਡ ਦੌਰਾਨ, ਮਾਂ ਭਾਰਤੀ ਦੋ ਹਿੱਸਿਆਂ ਵਿੱਚ ਵੰਡੀ ਗਈ ਸੀ, ਅਤੇ ਉਸੇ ਰਾਤ, ਮੁਜਾਹਿਦੀਨਾਂ ਵੱਲੋਂ ਕਸ਼ਮੀਰ 'ਤੇ ਪਹਿਲਾ ਅਤਿਵਾਦੀ ਹਮਲਾ ਕੀਤਾ ਗਿਆ ਸੀ।" ਉਨ੍ਹਾਂ ਕਿਹਾ ਕਿ ਪਾਕਿਸਤਾਨ ਨੇ ਮੁਜਾਹਿਦੀਨ ਦੇ ਨਾਮ 'ਤੇ ਅੱਤਵਾਦੀਆਂ ਦੀ ਮਦਦ ਨਾਲ ਭਾਰਤ ਮਾਤਾ ਦੇ ਇੱਕ ਹਿੱਸੇ 'ਤੇ ਕਬਜ਼ਾ ਕਰ ਲਿਆ। ਉਨ੍ਹਾਂ ਕਿਹਾ, "ਜੇਕਰ ਉਸ ਦਿਨ ਇਨ੍ਹਾਂ ਮੁਜਾਹਿਦੀਨਾਂ ਨੂੰ ਮਾਰ ਦਿੱਤਾ ਜਾਂਦਾ ਅਤੇ ਸਰਦਾਰ ਪਟੇਲ ਦੀ ਸਲਾਹ ਮੰਨ ਲਈ ਜਾਂਦੀ, ਤਾਂ ਪਿਛਲੇ 75 ਸਾਲਾਂ ਤੋਂ ਚੱਲ ਰਹੀ ਇਹ (ਦਹਿਸ਼ਤੀ ਹਮਲਿਆਂ ਦੀ) ਲੜੀ ਨਾ ਦੇਖਣੀ ਪੈਂਦੀ।"

## ਜੂਨ ਵਿੱਚ ਆਮ ਨਾਲੋਂ ਵੱਧ ਮੀਂਹ ਪਵੇਗਾ: ਮੌਸਮ ਵਿਭਾਗ

### ਮਾਨਸੂਨ ਦੌਰਾਨ ਮੱਧ ਪ੍ਰਦੇਸ਼, ਛੱਤੀਸਗੜ੍ਹ, ਮਹਾਰਾਸ਼ਟਰ, ਓੜੀਸ਼ਾ ਵਿੱਚ ਵੱਧ ਮੀਂਹ ਦੀ ਪੇਸ਼ੀਨਗੋਈ; ਉਤਰ ਪੱਛਮੀ ਖੇਤਰਾਂ 'ਚ ਆਮ ਵਾਂਗ ਪਵੇਗਾ ਮੀਂਹ

ਚੜ੍ਹਦੀਕਲਾ ਬਿਊਰੋ

================



ਨਵੀਂ ਦਿੱਲੀ, 27 ਮਈ : ਭਾਰਤੀ ਮੌਸਮ ਵਿਭਾਗ (ਆਈ.ਐਮ.ਡੀ.) ਨੇ ਅੱਜ ਕਿਹਾ ਕਿ ਮੌਨਸੂਨ ਸੀਜ਼ਨ ਦੇ ਮੱਦੇਨਜ਼ਰ ਜੂਨ ਵਿੱਚ ਭਾਰਤ ਵਿੱਚ ਆਮ ਤੋਂ ਵੱਧ ਮੀਂਹ ਪੈਣ ਦੀ ਸੰਭਾਵਨਾ ਹੈ। ਇਹ ਮੀਂਹ ਮੱਧ ਪ੍ਰਦੇਸ਼, ਛੱਤੀਸਗੜ੍ਹ, ਮਹਾਰਾਸ਼ਟਰ, ਓੜੀਸ਼ਾ ਅਤੇ ਨੇੜਲੇ ਖੇਤਰ ਵਿਚ ਜ਼ਿਆਦਾ ਪਵੇਗਾ।

ਭੂ ਵਿਗਿਆਨ ਮੰਤਰਾਲੇ ਦੇ ਸਕੱਤਰ ਐਮ ਰਵੀਚੰਦਰਨ ਨੇ ਕਿਹਾ ਕਿ ਮੌਨਸੂਨ ਦੇ ਕੋਰ ਜ਼ੋਨ ਵਿੱਚ ਇਸ ਸੀਜ਼ਨ ਵਿੱਚ ਆਮ ਤੋਂ ਵੱਧ ਮੀਂਹ ਪੈਣ ਦੀ ਉਮੀਦ ਹੈ। ਮੌਨਸੂਨ ਕੋਰ ਜ਼ੋਨ ਵਿੱਚ ਮੱਧ ਪ੍ਰਦੇਸ਼, ਛੱਤੀਸਗੜ੍ਹ, ਮਹਾਰਾਸ਼ਟਰ, ਉੜੀਸਾ ਅਤੇ ਨੇੜਲੇ ਖੇਤਰ ਸ਼ਾਮਲ ਹਨ। ਇਸ ਖੇਤਰ ਵਿਚ ਦੱਖਣ-ਪੱਛਮੀ ਮੌਨਸੂਨ ਦੌਰਾਨ ਜ਼ਿਆਦਾਤਰ ਮੀਂਹ ਪੈਂਦਾ ਹੈ ਅਤੇ ਖੇਤੀਬਾੜੀ ਇਸ ਮੀਂਹ 'ਤੇ ਬਹੁਤ (ਬਾਕੀ ਸਫਾ 2 'ਤੇ)

## ਪੰਜਾਬ 'ਚ ਆਇਆ ਕੋਰੋਨਾ ਦਾ ਦੂਜਾ ਮਾਮਲਾ


ਚੰਡੀਗੜ੍ਹ, 27 ਮਈ (ਚੜ੍ਹਦੀਕਲਾ ਬਿਊਰੋ) : ਫਿਰੋਜ਼ਪੁਰ ਜ਼ਿਲ੍ਹੇ ਵਿੱਚ ਕੋਰੋਨਾਵਾਇਰਸ ਦਾ ਪਹਿਲਾ ਮਾਮਲਾ ਸਾਹਮਣੇ ਆਇਆ ਹੈ। ਗੁਰੂਗ੍ਰਾਮ ਵਿੱਚ ਇੱਕ ਨਿੱਜੀ ਕੰਪਨੀ ਵਿੱਚ ਕੰਮ ਕਰਨ ਵਾਲੇ ਅੰਬਾਲਾ ਦਾ ਇੱਕ ਨੌਜਵਾਨ ਪਾਜ਼ੀਟਿਵ ਪਾਇਆ ਗਿਆ ਹੈ। ਉਹ ਆਪਣੇ ਪਿਤਾ ਨੂੰ ਮਿਲਣ ਫਿਰੋਜ਼ਪੁਰ ਆਇਆ ਸੀ। ਉਸ ਦੇ ਪਿਤਾ ਰੇਲਵੇ ਵਿੱਚ ਕੰਮ ਕਰਦੇ ਹਨ। ਇਹ ਮਾਮਲਾ ਮਿਲਣ ਨਾਲ ਸਿਹਤ ਵਿਭਾਗ ਅਲਰਟ ਹੋ ਗਿਆ ਹੈ। ਜਾਣਕਾਰੀ ਮੁਤਾਬਕ ਆਪਣੇ ਪਿਤਾ ਨੂੰ ਮਿਲਣ ਲਈ ਫਿਰੋਜ਼ਪੁਰ ਪਹੁੰਚਣ ਤੋਂ ਬਾਅਦ ਨੌਜਵਾਨ ਦੀ ਸਿਹਤ ਵਿਗੜ ਗਈ। ਉਸ ਨੂੰ ਹਸਪਤਾਲ ਲਿਜਾਇਆ ਗਿਆ। ਸਿਹਤ ਵਿਭਾਗ ਨੇ ਉਸਦਾ ਟੈਸਟ ਕਰਵਾਇਆ। ਮੰਗਲਵਾਰ ਨੂੰ ਨੌਜਵਾਨ ਦੀ ਕੋਰੋਨਾ ਟੈਸਟ ਰਿਪੋਰਟ ਪਾਜ਼ੀਟਿਵ ਪਾਈ ਗਈ। ਸਿਹਤ ਵਿਭਾਗ ਨੇ (ਬਾਕੀ ਸਫਾ 2 'ਤੇ)

## ਬੀ.ਬੀ.ਐਮ.ਬੀ. 'ਚ ਆਪਹੁਦਰੇ ਢੰਗ ਨਾਲ ਕੀਤੀਆਂ ਨਿਯੁਕਤੀਆਂ ਅਸਹਿਣਯੋਗ: ਮਾਨ

### ਸੂਬੇ ਦੇ ਹਿੱਸੇ ਮੁਤਾਬਕ ਬੀ.ਬੀ.ਐਮ.ਬੀ. ਦੇ ਪੁਨਰਗਠਨ ਦੀ ਮੰਗ ਦੁਹਰਾਈ

ਚੜ੍ਹਦੀਕਲਾ ਬਿਊਰੋ

================



ਚੰਡੀਗੜ੍ਹ, 27 ਮਈ : ਭਾਖੜਾ ਬਿਆਸ ਪ੍ਰਬੰਧਕੀ ਬੋਰਡ (ਬੀ.ਬੀ.ਐਮ. ਬੀ.) ਵਿੱਚ ਆਪਹੁਦਰੇ ਢੰਗ ਨਾਲ ਨਿਯੁਕਤੀਆਂ ਕਰਨ ਦੀ ਸਖ਼ਤ ਆਲੋਚਨਾ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਮਸਲਿਆਂ ਵਿੱਚ ਕੇਂਦਰ ਸਰਕਾਰ ਦੀ ਧੱਕੇਸ਼ਾਹੀ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਅੱਜ ਇੱਥੇ ਸਥਾਨਕ ਮਿਉਂਸਪਲ ਭਵਨ ਵਿਖੇ ਸੂਬੇ ਵਿੱਚ ਸਿਖਰਲੀਆਂ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਦੇ ਸਨਮਾਨ ਸਮਾਰੋਹ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਪੱਖਪਾਤੀ ਫੈਸਲੇ ਪੂਰੀ ਤਰ੍ਹਾਂ ਅਣਉਚਿਤ ਹਨ ਕਿਉਂਕਿ ਪੰਜਾਬ ਦੇ ਅਫਸਰਾਂ ਨੂੰ ਲਗਾਤਾਰ ਅਣਗੌਲਿਆ ਜਾ ਰਿਹਾ ਹੈ। ਬੀ.ਬੀ.ਐਮ.ਬੀ. ਦੇ ਪੁਨਰਗਠਨ ਦੀ ਵਕਾਲਤ ਕਰਦਿਆਂ ਉਨ੍ਹਾਂ ਕਿਹਾ ਕਿ ਬੀ.ਬੀ.ਐਮ.ਬੀ. ਵਿੱਚ ਹਰੇਕ ਸੂਬੇ ਦਾ ਵੋਟਿੰਗ ਦਾ ਅਧਿਕਾਰ ਉਸ ਦੇ ਹਿੱਸੇ (ਬਾਕੀ ਸਫਾ 2 'ਤੇ)

### ਕੇਂਦਰ ਨੇ ਬੀ.ਬੀ.ਐਮ.ਬੀ. 'ਚ ਨਾਗ ਨੂੰ ਸੌਂਪਿਆ ਮੈਂਬਰ (ਸਿੰਚਾਈ) ਦਾ ਵਾਧੂ ਚਾਰਜ

ਨਵੀਂ ਦਿੱਲੀ, 27 ਮਈ (ਚੜ੍ਹਦੀਕਲਾ ਬਿਊਰੋ) : ਕੇਂਦਰ ਸਰਕਾਰ ਨੇ ਭਾਖੜਾ ਬਿਆਸ ਪ੍ਰਬੰਧਨ ਬੋਰਡ (ਬੀ.ਬੀ.ਐਮ.ਬੀ.) ਵਿੱਚ ਇੱਕ ਮਹੱਤਵਪੂਰਨ ਨਿਯੁਕਤੀ ਨੂੰ ਮਨਜ਼ੂਰੀ ਦੇ ਦਿੱਤੀ ਹੈ। ਕੈਬਨਿਟ ਦੀ ਨਿਯੁਕਤੀਆਂ ਕਮੇਟੀ ਨੇ ਬਿਜਲੀ ਮੰਤਰਾਲੇ ਦੇ ਬੀ.ਐੱਸ. ਨਾਰਾ ਦੀ ਨਿਯੁਕਤੀ ਦੇ ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿੱਤੀ ਹੈ। ਬੀ.ਬੀ.ਐਮ.ਬੀ. ਦੇ ਮੁੱਖ ਇੰਜੀਨੀਅਰ ਨਾਰਾ ਨੂੰ ਮੈਂਬਰ (ਸਿੰਚਾਈ) ਦੇ ਅਹੁਦੇ ਦਾ (ਬਾਕੀ ਸਫਾ 2 'ਤੇ)

## ਕੈਨੇਡਾ 'ਚ ਹੋਰ ਉੱਚੀ ਹੋਈ ਪੱਗ ਦੀ ਸ਼ਾਨ, ਬਲਤੇਜ ਸਿੰਘ ਢਿੱਲੋਂ ਨੇ ਸੈਨੇਟਰ ਵਜੋਂ ਲਿਆ ਹਲਫ਼

### 30 ਸਾਲ ਕੈਨੇਡਾ ਪੁਲਿਸ 'ਚ ਰਹਿੰਦਿਆਂ ਕਈ ਵੱਡੇ ਕੇਸਾਂ ਨੂੰ ਕੀਤਾ ਹੱਲ

ਚੜ੍ਹਦੀਕਲਾ ਬਿਊਰੋ

================



ਟੋਰਾਂਟੋ, 27 ਮਈ : ਕੈਨੇਡਾ ਪੁਲਿਸ ਦੇ ਸੇਵਾਮੁਕਤ ਅਧਿਕਾਰੀ ਬਲਤੇਜ ਸਿੰਘ ਢਿੱਲੋਂ ਨੇ ਅੱਜ ਸੈਨੇਟ ਮੈਂਬਰ ਵਜੋਂ ਸਹੁੰ ਚੁੱਕੀ ਹੈ। ਉਹ ਲੰਬੇ ਸਮੇਂ ਤੋਂ ਸਮਾਜ ਸੇਵੀ ਹਨ ਅਤੇ ਉਨ੍ਹਾਂ ਨੂੰ ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਬ੍ਰਿਟਿਸ਼ ਕੋਲੰਬੀਆ ਲਈ ਇੱਕ ਸੁਤੰਤਰ ਸੈਨੇਟਰ ਵਜੋਂ ਨਿਯੁਕਤ ਕੀਤਾ ਸੀ। ਸੈਨੇਟ ਕੈਨੇਡਾ ਦੇ ਸੰਸਦੀ ਲੋਕਤੰਤਰ ਵਿੱਚ ਉੱਚ ਸਦਨ ਹੈ। ਜ਼ਿਕਰਯੋਗ ਹੈ ਕਿ ਬਲਤੇਜ ਸਿੰਘ ਢਿੱਲੋਂ ਨੇ 1991 ਵਿੱਚ ਕੈਨੇਡੀਅਨ ਕਾਨੂੰਨ ਲਾਗੂ ਕਰਨ ਵਿੱਚ ਸਿੱਖ ਪ੍ਰਤੀਨਿਧਤਾ ਲਈ ਰੁਕਾਵਟਾਂ ਨੂੰ ਤੋੜਦੇ ਹੋਏ, ਦਸਤਾਰ ਪਹਿਨਣ ਵਾਲੇ ਪਹਿਲੇ ਆਰ ਸੀ ਐੱਮ ਪੀ ਅਧਿਕਾਰੀ ਵਜੋਂ ਇਤਿਹਾਸ ਰਚਿਆ ਸੀ।

30 ਸਾਲਾਂ ਦੇ ਕੈਰੀਅਰ ਦੌਰਾਨ, ਉਨ੍ਹਾਂ ਨੇ ਉੱਚ-ਪ੍ਰੋਫਾਈਲ ਜਾਂਚਾਂ ਵਿੱਚ ਯੋਗਦਾਨ ਪਾਇਆ ਅਤੇ ਬਾਅਦ ਵਿੱਚ ਬੀ.ਸੀ. ਦੀ ਗੈਂਗ-ਵਿਰੋਧੀ ਏਜੰਸੀ ਨਾਲ ਕੰਮ ਕੀਤਾ। ਜਦੋਂਕਿ ਯੁਵਾ ਸਲਾਹਕਾਰ ਵਿੱਚ ਸਰਗਰਮ ਰਹੇ। ਸੈਨੇਟ ਵਿੱਚ ਉਨ੍ਹਾਂ ਦੀ ਨਿਯੁਕਤੀ ਜਨਤਕ ਸੇਵਾ, ਵਿਭਿੰਨਤਾ ਅਤੇ ਭਾਈਚਾਰਕ ਲੀਡਰਸ਼ਿਪ ਪ੍ਰਤੀ ਉਨ੍ਹਾਂ ਦੇ ਸਮਰਪਣ ਨੂੰ ਦਰਸਾਉਂਦੀ ਹੈ।

## ਸੁਰੱਖਿਆ ਬਲਾਂ ਵੱਲੋਂ ਸੀਪੀਆਈ (ਮਾਓਵਾਦੀ) ਦਾ ਕਮਾਂਡਰ ਢੇਰ

ਮੇਦਿਨੀਨਗ (ਝਾਰਖੰਡ), 27 ਮਈ (ਚੜ੍ਹਦੀਕਲਾ ਬਿਊਰੋ) : ਝਾਰਖੰਡ ਦੇ ਪਲਾਮੂ ਜ਼ਿਲ੍ਹੇ ਵਿੱਚ ਸੁਰੱਖਿਆ ਬਲਾਂ ਨਾਲ ਹੋਈ ਗੋਲੀਬਾਰੀ ਵਿੱਚ ਪਾਬੰਦੀਸ਼ੁਦਾ ਸੀਪੀਆਈ (ਮਾਓਵਾਦੀ) ਦਾ ਇੱਕ ਕਮਾਂਡਰ ਮਾਰਿਆ ਗਿਆ ਹੈ। ਇਸ ਤੋਂ ਇਲਾਵਾ ਇਕ ਹੋਰ ਬਾਗੀ, ਜਿਸ 'ਤੇ 15 ਲੱਖ ਰੁਪਏ ਦਾ ਇਨਾਮ ਹੈ, ਮੁਕਾਬਲੇ ਵਿੱਚ ਜ਼ਖਮੀ ਹੋਇਆ ਹੈ। ਇਸ ਸਬੰਧੀ ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਗੋਲੀਬਾਰੀ ਤੋਂ ਬਾਅਦ ਤਲਾਸ਼ੀ ਮੁਹਿੰਮ ਦੌਰਾਨ ਇੱਕ ਸਵੈ-ਲੋਡਿੰਗ ਰਾਈਫਲ ਸਮੇਤ ਕਈ ਹਥਿਆਰ ਬਰਾਮਦ ਕੀਤੇ ਗਏ ਹਨ।ਉਨ੍ਹਾਂ ਦੱਸਿਆ ਕਿ ਸੋਮਵਾਰ ਦੇਰ ਰਾਤ ਸੀਤਾਚੁਆਨ ਖੇਤਰ ਦੇ ਨੇੜੇ ਸੁਰੱਖਿਆ ਬਲਾਂ ਅਤੇ ਮਾਓਵਾਦੀਆਂ ਵਿਚਕਾਰ ਮੁਕਾਬਲਾ ਹੋਇਆ। ਪਲਾਮੂ ਦੇ ਡੀਆਈਜੀ ਵਾਈਐਸ ਰਮੇਸ਼ ਨੇ (ਬਾਕੀ ਸਫਾ 2 'ਤੇ)

## ਪੰਚਕੂਲਾ 'ਚ ਦੇਹਰਾਦੂਨ ਨਾਲ ਸਬੰਧਤ ਪਰਿਵਾਰ ਦੇ ਸੱਤ ਜੀਅ ਕਾਰ 'ਚ ਮਰੇ ਮਿਲੇ

ਚੜ੍ਹਦੀਕਲਾ ਬਿਊਰੋ

================



ਪੰਚਕੂਲਾ, 27 ਮਈ: ਪੰਚਕੂਲਾ ਦੇ ਸੈਕਟਰ 27 ਵਿਚ 26-27 ਮਈ ਦੀ ਦਰਮਿਆਨ ਰਾਤ ਨੂੰ ਘਰ ਦੇ ਬਾਹਰ ਪਾਰਕ ਕੀਤੀ ਕਾਰ ਵਿਚੋਂ ਦੇਹਰਾਦੂਨ ਨਾਲ ਸਬੰਧਤ ਪਰਿਵਾਰ ਦੇ ਸੱਤ ਜੀਅ ਮ੍ਰਿਤ ਮਿਲੇ ਹਨ। ਮੁੱਢਲੀ ਜਾਂਚ ਤੋਂ ਸੰਕੇਤ ਮਿਲੇ ਹਨ ਕਿ ਪਰਿਵਾਰ ਨੇ ਕੋਈ ਜ਼ਹਿਰੀਲੀ ਚੀਜ਼ ਖਾ ਕੇ ਖ਼ੁਦ ਆਪਣੀ ਜਾਨ ਲਈ ਹੈ।

ਮ੍ਰਿਤਕਾਂ ਵਿਚ 42 ਸਾਲਾ ਪ੍ਰਵੀਨ ਮਿੱਤਲ, ਉਸ ਦੇ ਮਾਤਾ-ਪਿਤਾ, ਪਤਨੀ, ਦੋ ਧੀਆਂ ਤੇ ਇਕ ਪੁੱਤ ਸ਼ਾਮਲ ਹਨ। ਪੁਲਿਸ ਨੇ ਕਿਹਾ ਕਿ ਪਰਿਵਾਰ ਵੱਡੇ ਵਿੱਤੀ ਸੰਕਟ 'ਚੋਂ ਲੰਘ ਰਿਹਾ ਸੀ, ਜਿਸ ਕਰਕੇ ਉਨ੍ਹਾਂ ਇਹ ਸਿਰੇ ਦਾ ਕਦਮ ਚੁੱਕਿਆ। ਕਾਰ ਵਿਚੋਂ ਇਕ ਨੋਟ ਵੀ ਮਿਲਿਆ ਹੈ, ਪਰ ਪੁਲਿਸ ਨੇ ਅਜੇ ਤੱਕ ਇਸ ਵਿਚਲੇ ਵੇਰਵੇ ਸਾਂਝੇ ਨਹੀਂ ਕੀਤੇ। ਕਾਰ ਅੰਦਰੋਂ ਬੰਦ ਸੀ, ਅਤੇ ਜਦੋਂ ਅਧਿਕਾਰੀ ਪਹੁੰਚੇ ਤਾਂ ਸੱਤ ਲਾਸ਼ਾਂ ਇਕੱਠੀਆਂ ਮਿਲੀਆਂ। ਸੂਚਨਾ ਮਿਲਣ ਤੋਂ ਫੌਰੀ ਮਗਰੋਂ ਡੀਸੀਪੀ ਹਿਮਾਦਰੀ ਕੌਸ਼ਿਕ ਅਤੇ ਡੀਸੀਪੀ ਅਮਿਤ ਦਹੀਆ ਸਮੇਤ ਸੀਨੀਅਰ ਪੁਲਿਸ ਅਧਿਕਾਰੀ ਮੌਕੇ 'ਤੇ ਪੁੱਜੇ। ਕਾਰ ਦੀ ਜਾਂਚ ਕਰਨ ਅਤੇ ਸਬੂਤ ਇਕੱਠੇ ਕਰਨ ਲਈ ਫੋਰੈਂਸਿਕ ਟੀਮ ਨੂੰ ਵੀ ਸੱਦਿਆ ਗਿਆ ਹੈ। ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਵਾਹਨ ਤੇ ਆਲੇ-ਦੁਆਲੇ ਦੇ ਖੇਤਰ ਦੀ ਬਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ। ਇਸ ਪੜਾਅ 'ਤੇ ਇਹ ਖ਼ੁਦਕੁਸ਼ੀ ਦਾ ਮਾਮਲਾ ਜਾਪਦਾ ਹੈ, ਪਰ ਜਾਂਚ ਜਾਰੀ ਹੈ।ਰਿਪੋਰਟਾਂ ਅਨੁਸਾਰ ਸਾਰੀਆਂ ਲਾਸ਼ਾਂ ਨੂੰ ਸੈਕਟਰ 6 ਦੇ (ਬਾਕੀ ਸਫਾ 2 'ਤੇ)

## ਸਵਦੇਸ਼ੀ ਪ੍ਰੋਗਰਾਮ ਨੂੰ ਮਨਜ਼ੂਰੀ ਦੇਸ਼ 'ਚ ਬਣਨਗੇ 5ਵੀਂ ਪੀੜ੍ਹੀ ਦੇ ਸਟੀਲਥ ਫਾਈਟਰ ਜੈੱਟ

ਨਵੀਂ ਦਿੱਲੀ, 27 ਮਈ (ਚੜ੍ਹਦੀਕਲਾ ਬਿਊਰੋ) : ਅਤਿ-ਆਧੁਨਿਕ ਜੰਗੀ ਜਹਾਜ਼ਾਂ ਦੀ ਘਾਟ ਦਾ ਸਾਹਮਣਾ ਕਰ ਰਹੀ ਹਵਾਈ ਫੌਜ ਦੀ ਮਾਰੂ ਸ਼ਕਤੀ ਵਧਾਉਣ ਦੀ ਦਿਸ਼ਾ ਵੱਲ ਵੱਡਾ ਕਦਮ ਚੁੱਕਦੇ ਹੋਏ ਸਰਕਾਰ ਨੇ ਪੰਜਵੀਂ ਪੀੜ੍ਹੀ ਦੇ 'ਮੀਡੀਅਮ ਵੇਟ ਐਡਵਾਂਸਡ ਕੰਬੈਟ ਏਅਰਕ੍ਰਾਫਟ' (ਏ.ਐਮ.ਸੀ.ਏ.) ਨੂੰ ਦੇਸ਼ 'ਚ ਹੀ ਬਣਾਉਣ ਦੇ ਪ੍ਰੋਗਰਾਮ ਨੂੰ ਮਨਜ਼ੂਰੀ ਦੇ ਦਿੱਤੀ ਹੈ। ਰੱਖਿਆ ਮੰਤਰਾਲਾ ਨੇ ਮੰਗਲਵਾਰ ਨੂੰ ਇੱਥੇ ਦੱਸਿਆ ਕਿ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਆਪ੍ਰੇਸ਼ਨ ਸਿੰਦੂਰ ਤੋਂ ਬਾਅਦ ਰੱਖਿਆ ਖੇਤਰ ਦੇ ਇਸ ਅਭਿਲਾਸ਼ੀ ਪ੍ਰੋਗਰਾਮ ਨੂੰ ਹਰੀ ਝੰਡੀ ਦੇ ਦਿੱਤੀ ਹੈ। ਭਾਰਤ ਆਪਣੀ ਹਵਾਈ ਸ਼ਕਤੀ ਸਮਰੱਥਾ ਨੂੰ ਵਧਾਉਣ ਲਈ (ਬਾਕੀ ਸਫਾ 2 'ਤੇ)

## ਪੱਛੜੇ ਵਰਗਾਂ ਨੂੰ ਗਿਣਮਿੱਥ ਕੇ ਸਿੱਖਿਆ ਤੇ ਅਗਵਾਈ ਤੋਂ ਦੂਰ ਰੱਖਿਆ ਜਾ ਰਿਹੈ: ਰਾਹੁਲ ਗਾਂਧੀ

ਚੜ੍ਹਦੀਕਲਾ ਬਿਊਰੋ

================



ਨਵੀਂ ਦਿੱਲੀ, 27 ਮਈ : ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਅੱਜ ਕਿਹਾ ਕਿ ਪੂਰੇ ਦੇਸ਼ ਵਿਚ ਪੱਛੜੇ ਵਰਗਾਂ ਨਾਲ ਸਬੰਧਤ ਯੋਗ ਉਮੀਦਵਾਰਾਂ ਨੂੰ 'ਗਿਣਮਿਥ ਕੇ ਅਯੋਗ ਐਲਾਨਿਆ' ਜਾ ਰਿਹਾ ਹੈ ਤਾਂ ਕਿ ਉਨ੍ਹਾਂ ਨੂੰ ਸਿੱਖਿਆ ਤੇ ਲੀਡਰਸ਼ਿਪ ਤੋਂ ਦੂਰ ਰੱਖਿਆ ਜਾ ਸਕੇ। ਕਾਂਗਰਸ ਆਗੂ ਨੇ ਇਹ ਦਾਅਵਾ ਅਜਿਹੇ ਮੌਕੇ ਕੀਤਾ ਹੈ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਨੇ ਹਾਲ ਹੀ ਵਿਚ ਪੂਰੇ ਦੇਸ਼ ਵਿਚ ਜਾਤੀ ਜਨਗਣਨਾ ਕਰਵਾਉਣ ਦਾ ਐਲਾਨ ਕੀਤਾ ਹੈ। ਪਿਛਲੇ ਕੁਝ ਸਮੇਂ ਤੋਂ ਕਾਂਗਰਸ ਵੱਲੋਂ ਇਹ ਮੰਗ ਲਗਾਤਾਰ ਕੀਤੀ ਜਾ ਰਹੀ ਸੀ।ਗਾਂਧੀ ਨੇ ਐਕਸ 'ਤੇ ਇਕ ਪੋਸਟ ਵਿਚ ਕਿਹਾ, "'ਯੋਗ ਉਮੀਦਵਾਰ ਨਹੀਂ ਮਿਲਿਆ' (Not Found Suitable)' ਹੁਣ ਨਵਾਂ ਮਨੂਵਾਦ ਹੈ। ਐੱਸਸੀ/ਐੱਸਟੀ/ਓਬੀਸੀ ਦੇ ਯੋਗ ਉਮੀਦਵਾਰਾਂ ਨੂੰ ਜਾਣਬੁਝ ਕੇ 'ਅਨਫਿਟ' (ਅਯੋਗ) ਐਲਾਨਿਆ ਜਾ ਰਿਹਾ ਹੈ ਤਾਂ ਕਿ ਉਹ ਸਿੱਖਿਆ ਤੇ ਲੀਡਰਸ਼ਿਪ ਤੋਂ ਦੂਰ ਰਹਿਣ।" ਕਾਂਗਰਸ ਆਗੂ ਨੇ ਡਾ.ਬੀਆਰ ਅੰਬੇਡਕਰ ਦੇ ਹਵਾਲੇ ਨਾਲ ਕਿਹਾ ਕਿ 'ਬਰਾਬਰੀ ਲਈ ਸਿੱਖਿਆ ਸਭ ਤੋਂ ਵੱਡਾ ਹਥਿਆਰ ਹੈ'। ਉਨ੍ਹਾਂ ਮੋਦੀ ਸਰਕਾਰ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ 'ਸਰਕਾਰ ਇਸ ਹਥਿਆਰ ਨੂੰ ਖੁੰਡਾ ਕਰਨ ਵਿਚ ਰੁੱਝੀ ਹੈ।' ਉਨ੍ਹਾਂ ਕਿਹਾ ਕਿ ਦਿੱਲੀ ਯੂਨੀਵਰਸਿਟੀ ਵਿਚ ਪ੍ਰੋਫੈਸਰਾਂ ਦੀਆਂ 60 ਫੀਸਦੀ ਤੋਂ ਵੱਧ ਰਾਖਵੀਆਂ ਪੋਸਟਾਂ 'ਤੇ ਐਸੋਸੀਏਟ (ਬਾਕੀ ਸਫਾ 2 'ਤੇ)

## ਸੈਪਟਿਕ ਟੈਂਕ 'ਚੋਂ ਸੋਨਾ ਕੱਢਣ ਗਏ 4 ਮਜ਼ਦੂਰਾਂ ਦੀ ਮੌਤ, 2 ਦੀ ਹਾਲਤ ਨਾਜ਼ੁਕ

ਜੈਪੁਰ, 27 ਮਈ (ਚੜ੍ਹਦੀਕਲਾ ਬਿਊਰੋ) : : ਜੈਪੁਰ ਦੇ ਸੀਤਾਪੁਰਾ ਉਦਯੋਗਿਕ ਖੇਤਰ ਵਿੱਚ ਇੱਕ ਸੈਪਟਿਕ ਟੈਂਕ ਵਿੱਚ ਦਾਖਲ ਹੋਣ ਵਾਲੇ ਚਾਰ ਮਜ਼ਦੂਰਾਂ ਦੀ ਮੌਤ ਹੋ ਗਈ। ਕੁੱਲ ਅੱਠ ਕਾਮੇ ਸੈਪਟਿਕ ਟੈਂਕ ਵਿੱਚ ਉਤਰੇ ਸਨ। ਇਨ੍ਹਾਂ ਵਿੱਚੋਂ ਚਾਰ ਦੀ ਮੌਤ ਦਮ ਘੁੱਟਣ ਕਾਰਨ ਹੋਈ। ਦੋ ਦੀ ਹਾਲਤ ਨਾਜ਼ੁਕ ਹੋਣ ਕਾਰਨ ਉਨ੍ਹਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ, ਜਦੋਂ ਕਿ ਦੋ ਹੋਰਾਂ ਦੀ ਹਾਲਤ ਵਿੱਚ ਸੁਧਾਰ ਹੋਣ ਕਾਰਨ ਉਨ੍ਹਾਂ ਨੂੰ ਮੁੱਢਲੀ ਸਹਾਇਤਾ ਤੋਂ ਬਾਅਦ ਛੁੱਟੀ ਦੇ ਦਿੱਤੀ ਗਈ। ਇਹ ਘਟਨਾ ਸੀਤਾਪੁਰ ਵਿੱਚ ਸਥਿਤ ਅਚਲ ਜਵੈਲਰਜ਼ ਪ੍ਰਾਈਵੇਟ ਲਿਮਟਿਡ ਫਰਮ ਵਿੱਚ ਵਾਪਰੀ, ਜਿੱਥੇ ਗਹਿਣਿਆਂ ਦਾ ਕੰਮ ਕੀਤਾ ਜਾਂਦਾ ਹੈ ਅਤੇ ਵੱਖ-ਵੱਖ ਗਹਿਣਿਆਂ ਨੂੰ ਵਿਦੇਸ਼ਾਂ ਵਿੱਚ ਨਿਰਯਾਤ ਕੀਤਾ ਜਾਂਦਾ ਹੈ। ਇਸ ਫਰਮ ਦੇ (ਬਾਕੀ ਸਫਾ 2 'ਤੇ)

### ਅਮਰੀਕਾ ਵੱਲੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਨਵੀਂ ਚਿਤਾਵਨੀ

## ਬਿਨਾਂ ਸਕੂਲ ਨੂੰ ਦੱਸੇ ਕੋਰਸ ਛੱਡਣ 'ਤੇ ਵੀਜ਼ਾ ਰੱਦ ਹੋਵੇਗਾ: ਟਰੰਪ

ਚੜ੍ਹਦੀਕਲਾ ਬਿਊਰੋ

================



ਵਾਸ਼ਿੰਗਟਨ, 27 ਮਈ : ਟਰੰਪ ਵਲੋਂ ਅਮਰੀਕਾ ਦੇ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਤੋਂ ਬਾਅਦ ਅਮਰੀਕਾ ਵੀਜ਼ਾ ਨਿਯਮਾਂ ਨੂੰ ਲੈ ਕੇ ਖਾਸਾ ਸਖ਼ਤ ਹੋ ਗਿਆ ਹੈ ਅਤੇ ਬਹੁਤ ਸਾਰੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਦੇਸ਼ ਵਾਪਸ ਭੇਜੇ ਜਾਣ ਦਾ ਖ਼ਤਰਾ ਦਰਪੇਸ਼ ਹੈ ਜਿਨ੍ਹਾਂ ਵਿਚ ਭਾਰਤ ਤੋਂ ਅਮਰੀਕਾ ਜਾਣ ਵਾਲੇ ਵਿਦਿਆਰਥੀ ਵੀ ਸ਼ਾਮਲ ਹਨ।

ਸੰਯੁਕਤ ਰਾਜ ਨੇ ਅੱਜ ਭਾਰਤ ਸਣੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਇੱਕ ਹੋਰ ਚਿਤਾਵਨੀ ਜਾਰੀ ਕੀਤੀ। ਅਮਰੀਕੀ ਦੂਤਾਵਾਸ ਨੇ ਸੋਸ਼ਲ ਮੀਡੀਆ 'ਤੇ ਲਿਖਿਆ, 'ਜੇਕਰ ਤੁਸੀਂ ਸਕੂਲ ਛੱਡ ਦਿੰਦੇ ਹੋ, ਕਲਾਸਾਂ ਵਿਚ ਨਹੀਂ ਜਾਂਦੇ ਜਾਂ ਆਪਣੇ ਸਕੂਲ ਨੂੰ ਦੱਸੇ ਬਿਨਾਂ ਆਪਣਾ ਕੋਰਸ ਛੱਡ ਦਿੰਦੇ ਹੋ, ਤਾਂ ਤੁਹਾਡਾ ਵਿਦਿਆਰਥੀ ਵੀਜ਼ਾ ਰੱਦ ਹੋ ਸਕਦਾ ਹੈ ਅਤੇ ਭਵਿੱਖ ਵਿੱਚ ਤੁਹਾਡਾ ਅਮਰੀਕਾ ਲਈ ਵੀਜ਼ਾ ਰੱਦ ਕੀਤਾ ਜਾ ਸਕਦਾ ਹੈ। ਇਸ ਕਰ ਕੇ ਆਪਣੇ ਵੀਜ਼ੇ ਦੀਆਂ ਸ਼ਰਤਾਂ ਦੀ ਪਾਲਣਾ ਕਰੋ ਅਤੇ ਕਿਸੇ ਵੀ ਮੁੱਦੇ ਤੋਂ (ਬਾਕੀ ਸਫਾ 2 'ਤੇ)

## ਸੁਪਰੀਮ ਕੋਰਟ ਵੱਲੋਂ ਵਕਫ਼ ਐਕਟ ਦੀ ਪ੍ਰਮਾਣਿਕਤਾ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ 'ਤੇ ਕੇਂਦਰ ਅਤੇ ਹੋਰਾਂ ਨੂੰ ਨੋਟਿਸ ਜਾਰੀ

### ਪਟੀਸ਼ਨ ਨੂੰ ਲੰਬਿਤ ਪਟੀਸ਼ਨਾਂ ਨਾਲ ਟੈਗ ਕਰਦਿਆਂ ਜਵਾਬ ਮੰਗਿਆ

ਚੜ੍ਹਦੀਕਲਾ ਬਿਊਰੋ

================



ਨਵੀਂ ਦਿੱਲੀ, 27 ਮਈ : ਦੇਸ਼ ਦੀ ਸਰਵਉਚ ਅਦਾਲਤ ਨੇ ਵਕਫ਼ ਐਕਟ, 1995 ਦੀਆਂ ਕੁਝ ਵਿਵਸਥਾਵਾਂ ਦੀ ਸੰਵਿਧਾਨਕ ਪ੍ਰਮਾਣਿਕਤਾ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ 'ਤੇ ਅੱਜ ਕੇਂਦਰ ਅਤੇ ਹੋਰਾਂ ਤੋਂ ਜਵਾਬ ਮੰਗਿਆ ਹੈ।

ਚੀਫ਼ ਜਸਟਿਸ ਬੀਆਰ ਗਵਈ ਅਤੇ ਜਸਟਿਸ ਆਗਸਟੀਨ ਜਾਰਜ ਮਸੀਹ ਦੇ ਬੈਂਚ ਨੇ ਕੇਂਦਰ ਅਤੇ ਹੋਰਾਂ ਨੂੰ ਨੋਟਿਸ ਜਾਰੀ ਕਰਕੇ ਪਟੀਸ਼ਨ 'ਤੇ ਉਨ੍ਹਾਂ ਦੇ ਜਵਾਬ ਮੰਗੇ ਹਨ ਅਤੇ ਇਸ ਪਟੀਸ਼ਨ ਨੂੰ ਲੰਬਿਤ ਪਟੀਸ਼ਨਾਂ ਨਾਲ ਜੋੜ ਦਿੱਤਾ ਹੈ ਤੇ ਇਨ੍ਹਾਂ ਮਾਮਲਿਆਂ 'ਤੇ ਇਕੱਠੀ ਸੁਣਵਾਈ ਕੀਤੀ ਜਾਵੇਗੀ।

ਪਟੀਸ਼ਨਰ ਨਿਖਿਲ ਉਪਾਧਿਆਏ ਵੱਲੋਂ ਅਦਾਲਤ ਵਿੱਚ ਪੇਸ਼ ਹੋਏ ਵਕੀਲ ਅਸ਼ਵਨੀ ਉਪਾਧਿਆਏ ਨੇ ਬੈਂਚ ਨੂੰ ਦੱਸਿਆ ਕਿ ਉਨ੍ਹਾਂ ਦੀ ਪਟੀਸ਼ਨ ਵਕਫ਼ ਐਕਟ, 1995 ਦੀਆਂ ਵਿਵਸਥਾਵਾਂ ਨੂੰ ਚੁਣੌਤੀ ਦਿੰਦੀ ਹੈ। ਉਨ੍ਹਾਂ ਵਕਫ਼ (ਸੋਧ) ਐਕਟ, 2025 ਦੀ ਪ੍ਰਮਾਣਿਕਤਾ ਨੂੰ ਚੁਣੌਤੀਆਂ ਨਾਲ ਸਬੰਧਤ ਸੁਪਰੀਮ ਕੋਰਟ ਦੇ 17 ਅਪਰੈਲ ਦੇ ਹੁਕਮ ਦਾ ਹਵਾਲਾ ਦਿੱਤਾ ਹੈ।

ਉਪਾਧਿਆਏ ਨੇ ਕਿਹਾ ਕਿ ਉਸ ਹੁਕਮ ਵਿਚ ਅਦਾਲਤ ਨੇ ਕਿਹਾ ਸੀ ਕਿ 1995 ਦੇ ਕਾਨੂੰਨ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ ਅਤੇ 2013 ਵਿਚ ਇਸ ਵਿਚ ਕੀਤੀਆਂ ਸੋਧਾਂ ਨੂੰ ਕਾਰਨ ਸੂਚੀ ਵਿਚ ਵੱਖਰੇ ਤੌਰ 'ਤੇ ਦਿਖਾਇਆ ਜਾਵੇਗਾ। ਚੀਫ ਜਸਟਿਸ ਨੇ ਪਟੀਸ਼ਨਰ ਵੱਲੋਂ ਪੇਸ਼ ਵਕੀਲ ਨੂੰ ਪੁੱਛਿਆ ਕਿ 1995 ਦੇ ਐਕਟ ਨੂੰ 2025 ਵਿੱਚ ਕਿਉਂ ਚੁਣੌਤੀ ਦਿੱਤੀ ਜਾਣੀ ਚਾਹੀਦੀ ਹੈ ? ਉਨ੍ਹਾਂ ਇਹ ਵੀ ਪੁੱਛਿਆ ਕਿ ਦੇਰੀ ਦੇ ਆਧਾਰ 'ਤੇ ਪਟੀਸ਼ਨ ਨੂੰ ਖਾਰਜ ਕਿਉਂ ਨਾ ਕੀਤਾ ਜਾਵੇ। (ਬਾਕੀ ਸਫਾ 2 'ਤੇ)

### 'ਰਿਸ਼ਵਤ ਦੇ ਦੋਸ਼ ਸਿੱਧ ਕਰਨ ਲਈ ਸਿਰਫ਼ ਦਾਗ਼ੀ ਪੈਸੇ ਦੀ ਵਸੂਲੀ ਕਾਫ਼ੀ ਨਹੀਂ'

ਨਵੀਂ ਦਿੱਲੀ, 27 ਮਈ (ਚੜ੍ਹਦੀਕਲਾ ਬਿਊਰੋ) : ਸੁਪਰੀਮ ਕੋਰਟ ਨੇ ਕਿਹਾ ਕਿ ਭ੍ਰਿਸ਼ਟਾਚਾਰ ਰੋਕਥਾਮ ਐਕਟ (ਪੀ.ਸੀ.ਐਕਟ) ਦੀ ਧਾਰਾ 20 ਦੇ ਤਹਿਤ ਦੋਸ਼ੀ ਠਹਿਰਾਉਣ ਲਈ ਸਿਰਫ਼ ਦਾਗੀ ਪੈਸੇ ਦੀ ਵਸੂਲੀ ਹੀ ਕਾਫ਼ੀ ਨਹੀਂ ਹੈ ਜਦੋਂ ਤਕ ਕਿ ਘਟਨਾਵਾਂ ਦੀ ਪੂਰੀ ਲੜੀ ਜਿਵੇਂ ਕਿ ਮੰਗ, ਸਵੀਕ੍ਰਿਤੀ ਅਤੇ ਵਸੂਲੀ ਸਥਾਪਤ ਨਹੀਂ ਹੋ ਜਾਂਦੀ। ਜਸਟਿਸ ਪੰਕਜ ਮਿੱਤਲ ਅਤੇ ਅਹਿਸਾਨੁਦੀਨ ਅਮਾਨਉੱਲਾ ਦੇ ਡਿਵੀਜ਼ਨ ਬੈਂਚ ਨੇ ਇਸ ਤਰ੍ਹਾਂ ਇਕ ਸਰਕਾਰੀ (ਬਾਕੀ ਸਫਾ 2 'ਤੇ)

## ਕੈਨੇਡਾ 'ਚ 30 ਹਜ਼ਾਰ ਪਰਵਾਸੀਆਂ ਨੂੰ ਡਿਪੋਰਟ ਕਰਨ ਦੇ ਆਦੇਸ਼

ਚੜ੍ਹਦੀਕਲਾ ਬਿਊਰੋ

================



ਵੈਨਕੂਵਰ , 27 ਮਈ : ਕੈਨੇਡਾ 'ਚ ਰਹਿ ਰਹੇ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਡਿਪੋਰਟ ਕਰਨ ਲਈ ਕੈਨੇਡਾ ਬਾਰਡਰ ਸਰਵਿਸ ਏਜੰਸੀ ਵੱਲੋਂ ਕਾਰਵਾਈ ਤੇਜ਼ ਕੀਤੀ ਜਾ ਰਹੀ ਹੈ। ਮੁਲਕ ਭਰ 'ਚ ਲੱਖਾਂ ਦੀ ਗਿਣਤੀ 'ਚ ਗ਼ੈਰ-ਕਾਨੂੰਨੀ ਪਰਵਾਸੀਆਂ 'ਚੋਂ 30 ਹਜ਼ਾਰ ਨੂੰ ਡਿਪੋਰਟ ਕੀਤੇ ਜਾਣ ਦੇ ਵਾਰੰਟ ਜਾਰੀ ਕੀਤੇ ਗਏ ਹਨ। ਏਜੰਸੀ ਨੇ ਸਪੱਸ਼ਟ ਕੀਤਾ ਹੋਇਆ ਹੈ ਕਿ ਗ਼ੈਰ-ਕਾਨੂੰਨੀ ਰਹਿ ਰਹੇ ਅਪਰਾਧਕ ਸ਼ਮੂਲੀਅਤ ਵਾਲੇ ਅਤੇ ਜਿਨ੍ਹਾਂ ਦੀ ਰਾਜਸੀ ਸ਼ਰਨ ਦੀ ਮੰਗ ਠੁਕਰਾਈ ਜਾ ਚੁੱਕੀ ਹੈ, ਨੂੰ ਪਹਿਲ ਦੇ ਅਧਾਰ 'ਤੇ ਵਾਪਸ ਭੇਜਿਆ ਜਾਣਾ ਹੈ। ਉਕਤ 30 ਹਜ਼ਾਰ ਵਾਲੀ ਸੂਚੀ 'ਚ 88 ਫੀਸਦੀ ਰੱਦ ਹੋਈਆਂ ਰਾਜਸੀ ਸ਼ਰਨ ਦਰਖਾਸਤਾਂ ਵਾਲੇ ਹਨ। ਹੋਰਨਾਂ 'ਚ ਪੜ੍ਹਾਈ ਵਿਚਾਲੇ ਛੱਡਣ ਵਾਲੇ ਸਟੱਡੀ ਵੀਜ਼ਾ ਧਾਰਕ, ਸੈਲਾਨੀ ਵੀਜ਼ੇ ਦੀ ਮਿਆਦ ਟਪਾ ਚੁੱਕੇ ਤੇ ਅਪਰਾਧਕ ਗਤੀਵਿਧੀਆਂ 'ਚ ਸ਼ਾਮਲ ਰਹੇ ਪੀ.ਆਰ. ਕਾਰਡਧਾਰਕ ਸ਼ਾਮਲ ਹਨ। ਅਪਰਾਧਕ ਗਤੀਵਿਧੀਆਂ 'ਚ ਸ਼ਾਮਲ ਕਰੀਬ ਡੇਢ ਕੁ ਹਜ਼ਾਰ ਲੋਕਾਂ ਉੱਤੇ ਅਜੇ ਅਦਾਲਤ 'ਚ ਦੋਸ਼ ਸਾਬਿਤ ਨਹੀਂ ਹੋਏ, ਇਸ ਕਰਕੇ ਉਨ੍ਹਾਂ ਨੂੰ ਅਜੇ ਕਿਸੇ ਸੂਚੀ 'ਚ ਸ਼ਾਮਲ ਨਹੀ ਕੀਤਾ ਗਿਆ। ਸੀ.ਬੀ.ਐੱਸ.ਏ. ਅਨੁਸਾਰ ਜਿਨ੍ਹਾਂ ਲੋਕਾਂ ਦੀਆਂ ਰਾਜਸੀ ਸ਼ਰਨ ਸਮੇਤ ਕੈਨੇਡਾ ਰਹਿ ਸਕਣ ਦੇ ਹੋਰ 'ਚੋਰ ਰਸਤੇ' ਦੀਆਂ ਅਰਜ਼ੀਆਂ ਰੱਦ ਹੋ ਚੁੱਕੀਆਂ ਹਨ, ਉਨ੍ਹਾਂ ਕੋਲ (ਬਾਕੀ ਸਫਾ 2 'ਤੇ)

## ਭ੍ਰਿਸ਼ਟਾਚਾਰ ਵਿਰੁੱਧ ਮਾਨ ਸਰਕਾਰ ਸਖ਼ਤ

# ਐਸ.ਐਚ.ਓ. ਅਤੇ 3 ਪੁਲਿਸ ਮੁਲਾਜ਼ਮਾਂ ਨੂੰ 1 ਲੱਖ ਰੁਪਏ ਰਿਸ਼ਵਤ ਦੇ ਦੋਸ਼ 'ਚ ਕੀਤਾ ਗ੍ਰਿਫ਼ਤਾਰ: ਚੀਮਾ

ਚੰਡੀਗੜ੍ਹ , 27 ਮਈ (ਚ.ਨ.ਸ.) : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਨਿਗਰਾਨੀ ਹੇਠ ਪੰਜਾਬ ਵਿਜੀਲੈਂਸ ਬਿਊਰੋ ਨੇ ਭ੍ਰਿਸ਼ਟਾਚਾਰ ਵਿਰੁੱਧ ਤੇਜ਼ੀ ਨਾਲ ਕਾਰਵਾਈ ਕੀਤੀ ਹੈ। ਮੁੱਖ ਮੰਤਰੀ ਦੇ ਹੁਕਮਾਂ 'ਤੇ ਵਿਜੀਲੈਂਸ ਬਿਊਰੋ ਦੇ ਉਡਣ ਦਸਤੇ ਨੇ ਨਾਬਾਲਗ ਦੇ ਜ਼ਬਤ ਕੀਤੇ ਫ਼ੋਨ ਨਾਲ ਸਬੰਧਤ ਇੱਕ ਮਾਮਲੇ ਵਿੱਚ 1,00,000 ਰੁਪਏ ਦੀ ਰਿਸ਼ਵਤ ਲੈਂਦੇ ਹੋਏ ਸਾਈਬਰ ਕ੍ਰਾਈਮ ਪੁਲਿਸ ਥਾਣਾ, ਫਾਜ਼ਿਲਕਾ ਦੇ ਐਸਐਚਓ ਅਤੇ ਤਿੰਨ ਹੋਰ ਪੁਲਿਸ ਕਰਮਚਾਰੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ।

ਆਪ ਮੰਤਰੀ ਹਰਪਾਲ ਸਿੰਘ ਚੀਮਾ ਨੇ ਭ੍ਰਿਸ਼ਟਾਚਾਰ ਵਿਰੁੱਧ ਸਰਕਾਰ ਦੀ ਜ਼ੀਰੋ-ਟੌਲਰੈਂਸ ਨੀਤੀ ਨੂੰ ਦੁਹਰਾਉਂਦੇ ਹੋਏ ਕਿਹਾ, 'ਅਧਿਕਾਰੀ ਦਾ ਪੱਧਰ ਭਾਵੇਂ ਕੋਈ ਵੀ ਹੋਵੇ, ਭਾਵੇਂ ਉਹ ਮੰਤਰੀ ਹੋਵੇ, ਵਿਧਾਇਕ ਹੋਵੇ, ਆਈਏਐਸ-ਪੀਸੀਐਸ ਅਧਿਕਾਰੀ ਹੋਵੇ ਜਾਂ ਕੋਈ ਵੀ ਸਰਕਾਰੀ ਕਰਮਚਾਰੀ ਹੋਵੇ, ਭ੍ਰਿਸ਼ਟਾਚਾਰ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ। ਉਸ ਨੂੰ ਸਖ਼ਤ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰਨਾ ਪਵੇਗਾ। ਪੰਜਾਬ ਵਿੱਚ ਭ੍ਰਿਸ਼ਟਾਚਾਰ ਲਈ ਕੋਈ ਥਾਂ ਨਹੀਂ ਹੈ ਅਤੇ ਸਾਡੀ ਸਰਕਾਰ ਇੱਕ ਇਮਾਨਦਾਰ ਅਤੇ ਪਾਰਦਰਸ਼ੀ ਪ੍ਰਸ਼ਾਸਨ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ।'

ਇਹ ਮਾਮਲਾ ਉਦੋਂ ਸਾਹਮਣੇ ਆਇਆ ਜਦੋਂ 17 ਸਾਲ ਦੇ ਦਿਲਰਾਜ ਸਿੰਘ ਦੇ ਪਿਤਾ ਧਰਮਿੰਦਰ ਸਿੰਘ ਨੇ ਸਾਈਬਰ ਕ੍ਰਾਈਮ ਪੁਲਿਸ ਥਾਣਾ, ਫਾਜ਼ਿਲਕਾ ਵੱਲੋਂ ਮੰਗੀਆਂ ਗਈਆਂ ਰਿਸ਼ਵਤ ਦੀਆਂ ਮੰਗਾਂ ਦੇ ਸਬੂਤਾਂ ਨਾਲ ਮੁੱਖ ਮੰਤਰੀ ਕੋਲ ਪਹੁੰਚ ਕੀਤੀ। ਸਾਈਬਰ ਟਿਪਲਾਈਨ ਸ਼ਿਕਾਇਤ ਤੋਂ ਬਾਅਦ ਸਟੇਸ਼ਨ ਨੇ ਨਾਬਾਲਗ ਦਾ ਫ਼ੋਨ ਜ਼ਬਤ ਕਰ ਲਿਆ ਸੀ। ਪਰਿਵਾਰ ਵੱਲੋਂ ਮਸਲੇ ਨੂੰ ਹੱਲ ਕਰਨ ਲਈ ਵਾਰ-ਵਾਰ ਕੋਸ਼ਿਸ਼ਾਂ ਕਰਨ ਦੇ ਬਾਵਜੂਦ, ਉਨ੍ਹਾਂ ਨੂੰ ਮਾਮਲੇ ਨੂੰ ਸੁਲਝਾਉਣ ਲਈ ਰਿਸ਼ਵਤ ਦੇਣ ਲਈ ਮਜਬੂਰ ਹੋਣਾ ਪਿਆ।

ਚੀਮਾ ਨੇ ਵਿਜੀਲੈਂਸ ਬਿਊਰੋ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ, 'ਇਹ ਮਾਮਲਾ ਪੰਜਾਬ ਸਰਕਾਰ ਦੇ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਪੁੱਟਣ ਦੇ ਦ੍ਰਿੜ ਇਰਾਦੇ ਨੂੰ ਉਜਾਗਰ ਕਰਦਾ ਹੈ। ਇਸ ਮਾਮਲੇ ਵਿੱਚ ਤੁਰੰਤ ਕਾਰਵਾਈ ਦਰਸਾਉਂਦੀ ਹੈ ਕਿ ਸਰਕਾਰ ਆਮ ਨਾਗਰਿਕ ਦੇ ਨਾਲ ਹੈ ਅਤੇ ਹਰ ਪੱਧਰ 'ਤੇ ਨਿਆਂ ਅਤੇ ਜਵਾਬਦੇਹੀ ਨੂੰ ਯਕੀਨੀ ਬਣਾਉਂਦੀ ਹੈ।'

ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਅਧਿਕਾਰੀਆਂ ਵਿੱਚ ਐਸਐਚਓ, ਇੱਕ ਰੀਡਰ ਅਤੇ ਦੋ ਕਾਂਸਟੇਬਲ ਸ਼ਾਮਲ ਹਨ ਜਿਨ੍ਹਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਵਿੱਚ ਇਸਪੈਕਟਰ ਮਨਜੀਤ ਸਿੰਘ (ਨੰਬਰ 18 ਐਫਜ਼ੈਡਆਰ) ਐਸਐਚਓ ਸਾਈਬਰ ਕ੍ਰਾਈਮ ਥਾਣਾ ਫਾਜ਼ਿਲਕਾ, ਸੀਨੀਅਰ ਸਿਪਾਹੀ ਰਾਜਪਾਲ (ਨੰਬਰ ਐਫਜ਼ੈਡਕੇ/868), ਰੀਡਰ ਟੂ ਐਸਐਚਓ, ਐਮਐਚਸੀ ਸੀਨੀਅਰ ਸਿਪਾਹੀ ਸ਼ਿੰਦਰ ਪਾਲ (ਨੰਬਰ 1032), ਅਤੇ ਸੀਨੀਅਰ ਸਿਪਾਹੀ ਸੁਮੀਤ ਕੁਮਾਰ (ਨੰਬਰ 986/ਐਫਜ਼ੈਡਕੇ) ਸ਼ਾਮਲ ਹਨ। ਉਹ ਹੁਣ ਹਿਰਾਸਤ ਵਿੱਚ ਹਨ ਅਤੇ ਕਾਨੂੰਨੀ ਕਾਰਵਾਈਆਂ ਦਾ ਸਾਹਮਣਾ ਕਰ ਰਹੇ ਹਨ। ਪੰਜਾਬ ਸਰਕਾਰ ਭਰੋਸਾ ਦਿਵਾਉਂਦੀ ਹੈ ਕਿ ਪੰਜਾਬ ਨੂੰ ਭ੍ਰਿਸ਼ਟਾਚਾਰ ਮੁਕਤ ਸੂਬਾ ਬਣਾਉਣ ਲਈ ਅਜਿਹੀਆਂ ਕਾਰਵਾਈਆਂ ਜਾਰੀ ਰਹਿਣਗੀਆਂ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਭ੍ਰਿਸ਼ਟਾਚਾਰ ਨਾਲ ਲੜਨ ਲਈ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਕਈ ਪਹਿਲਕਦਮੀਆਂ ਸ਼ੁਰੂ ਕੀਤੀਆਂ ਹਨ। ਮੰਤਰੀ ਚੀਮਾ ਨੇ ਕਿਹਾ, ÷ਆਪ ਸਰਕਾਰ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਅਤੇ ਲੋਕਾਂ ਨੂੰ ਇਨਸਾਫ ਦਿਵਾਉਣ ਦੇ ਆਪਣੇ ਮਿਸ਼ਨ ਵਿੱਚ ਕੋਈ ਕਸਰ ਨਹੀਂ ਛੱਡੇਗੀ।

## ਕੇਂਦਰ ਵੱਲੋਂ ਪੈਨਸ਼ਨ ਨਿਯਮਾਂ 'ਚ ਬਦਲਾਅ

ਨਵੀਂ ਦਿੱਲੀ , 27 ਮਈ (ਚ.ਨ.ਸ.): ਕੇਂਦਰ ਸਰਕਾਰ ਨੇ ਪੈਨਸ਼ਨ ਨਿਯਮਾਂ ਵਿੱਚ ਕੁਝ ਬਦਲਾਅ ਕੀਤੇ ਹਨ, ਜਿਸ ਤਹਿਤ ਜਨਤਕ ਖੇਤਰ ਦੀਆਂ ਕੰਪਨੀਆਂ (ਪੀ.ਐੱਸ.ਯੂ.) ਦੇ ਕਿਸੇ ਕਰਮਚਾਰੀ ਨੂੰ ਬਰਖਾਸਤ ਕਰਨ ਜਾਂ ਹਟਾਉਣ 'ਤੇ ਉਸ ਨੂੰ ਸੇਵਾਮੁਕਤੀ ਤੋਂ ਬਾਅਦ ਮਿਲਣ ਵਾਲੇ ਲਾਭ ਨਹੀਂ ਮਿਲਣਗੇ। ਇਹ ਜਾਣਕਾਰੀ ਦਿੰਦਿਆਂ ਕੇਂਦਰ ਸਰਕਾਰ ਨੇ ਕਿਹਾ ਕਿ ਅਜਿਹੀ ਬਰਖਾਸਤਗੀ ਜਾਂ ਹਟਾਉਣ ਦੇ ਫੈਸਲੇ ਦੀ ਸਮੀਖਿਆ ਸਬੰਧਤ ਪ੍ਰਸ਼ਾਸਕੀ ਮੰਤਰਾਲੇ ਵੱਲੋਂ ਕੀਤੀ ਜਾਵੇਗੀ। ਪਰਸੋਨਲ ਮੰਤਰਾਲੇ ਨੇ ਇਸ ਸਬੰਧੀ ਕੇਂਦਰੀ ਸਿਵਲ ਸੇਵਾਵਾਂ (ਪੈਨਸ਼ਨ) ਨਿਯਮਾਂ, 2021 ਵਿੱਚ ਵੱਡੇ ਬਦਲਾਅ ਕੀਤੇ ਹਨ। ਹਾਲ ਹੀ ਵਿੱਚ ਨੋਟੀਫਾਈ ਕੀਤੇ ਗਏ ਕੇਂਦਰੀ ਸਿਵਲ ਸੇਵਾਵਾਂ (ਪੈਨਸ਼ਨ) ਸੋਧ ਨਿਯਮ 2025 ਅਨੁਸਾਰ, 'ਕਿਸੇ ਵੀ ਕਰਮਚਾਰੀ ਨੂੰ ਜਨਤਕ ਖੇਤਰ ਦੇ ਅਦਾਰੇ ਵਿੱਚ ਸ਼ਾਮਲ ਹੋਣ ਤੋਂ ਬਾਅਦ ਕਿਸੇ ਵੀ ਦੁਰਵਿਹਾਰ ਲਈ ਸੇਵਾ ਤੋਂ ਬਰਖਾਸਤ ਕਰਨ ਜਾਂ ਹਟਾ ਦੇਣ 'ਤੇ ਉਸ ਨੂੰ ਸੇਵਾਮੁਕਤੀ ਤੋਂ ਬਾਅਦ ਮਿਲਣ ਵਾਲੇ ਲਾਭ ਬੰਦ ਕਰ ਦਿੱਤੇ ਜਾਣਗੇ।' ਇਹ ਨਿਯਮ 22 ਮਈ ਨੂੰ ਨੋਟੀਫਾਈ ਕੀਤੇ ਗਏ ਸਨ।

# ਪਟਵਾਰੀ ਦਾ ਸਹਾਇਕ 4000 ਰੁਪਏ ਰਿਸ਼ਵਤ ਲੈਂਦਾ ਵਿਜੀਲੈਂਸ ਬਿਊਰੋ ਵੱਲੋਂ ਰੰਗੇ ਹੱਥੀਂ ਕਾਬੂ





ਚੰਡੀਗੜ੍ਹ, 27 ਮਈ (ਚ.ਨ.ਸ.) : ਭ੍ਰਿਸ਼ਟਾਚਾਰ ਵਿਰੁੱਧ ਆਪਣੀ ਮੁਹਿੰਮ ਨੂੰ ਜਾਰੀ ਰੱਖਦਿਆਂ ਪੰਜਾਬ ਵਿਜੀਲੈਂਸ ਬਿਊਰੋ ਨੇ ਅੱਜ ਪਟਵਾਰੀ ਰਣਜੀਤ ਸਿੰਘ ਦੇ ਸਹਾਇਕ ਸੁੱਖਾ ਨੂੰ ਜ਼ਮੀਨੀ ਰਿਕਾਰਡ 'ਚ ਸੁਧਾਈ ਬਦਲੇ 4,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।

ਅੱਜ ਇੱਥੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਕਪੂਰਥਲਾ ਸ਼ਹਿਰ ਦੇ ਇੱਕ ਨਿਵਾਸੀ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਇੱਕ ਬੈਂਕ ਤੋਂ 10 ਲੱਖ ਰੁਪਏ ਦਾ ਮਕਾਨ ਲੈਣ ਲਈ ਕਰਜ਼ੇ ਵਾਸਤੇ ਅਰਜ਼ੀ ਦਿੱਤੀ ਸੀ। ਤਸਦੀਕ ਦੌਰਾਨ ਉਸਦੇ ਜਾਇਦਾਦ ਦੇ ਦਸਤਾਵੇਜ਼ਾਂ ਵਿੱਚ ਖਸਰਾ ਅਤੇ ਫਰਦ ਨੰਬਰਾਂ ਵਿੱਚ ਅੰਤਰ ਪਾਇਆ ਗਿਆ ਅਤੇ ਉਸਨੇ ਤਹਿਸੀਲ ਦਫ਼ਤਰ ਵਿੱਚ ਸੁਧਾਰ ਲਈ ਅਰਜ਼ੀ ਦਿੱਤੀ, ਜਿੱਥੇ ਤਹਿਸੀਲਦਾਰ ਨੇ ਉਸਦੀ ਅਰਜ਼ੀ ਨੂੰ ਕਾਰਵਾਈ ਲਈ ਪਟਵਾਰੀ ਰਣਜੀਤ ਸਿੰਘ ਕੋਲ ਭੇਜ ਦਿੱਤਾ।

ਉਨ੍ਹਾਂ ਕਿਹਾ ਕਿ ਜਦੋਂ ਸ਼ਿਕਾਇਤਕਰਤਾ ਨੇ ਪਟਵਾਰੀ ਦੇ ਉਕਤ ਸਹਾਇਕ ਸੁੱਖਾ ਨਾਲ ਸੰਪਰਕ ਕੀਤਾ ਤਾਂ ਉਸ ਨੇ ਰਿਸ਼ਵਤ ਦੀ ਪੇਸ਼ਗੀ ਰਕਮ ਵਜੋਂ 1,000 ਰੁਪਏ ਦੀ ਮੰਗ ਕੀਤੀ ਸੀ ਅਤੇ 4-5 ਦਿਨਾਂ ਵਿੱਚ ਉਸਦਾ ਕੰਮ ਪੂਰਾ ਕਰਨ ਦਾ ਵਾਅਦਾ ਕੀਤਾ ਸੀ। ਉਸ ਤੋਂ ਤਿੰਨ ਦਿਨਾਂ ਬਾਅਦ ਸੁੱਖੇ ਨੇ ਸ਼ਿਕਾਇਤਕਰਤਾ ਨੂੰ ਦੱਸਿਆ ਕਿ ਹੁਣ ਇਸ ਕੰਮ ਲਈ 6,000 ਰੁਪਏ ਦੀ ਹੋਰ ਰਿਸ਼ਵਤ ਦੇਣੀ ਪਵੇਗੀ। ਇਸ ਤੋਂ ਤੰਗ ਆ ਕੇ ਸ਼ਿਕਾਇਤਕਰਤਾ ਨੇ 26 ਮਈ ਨੂੰ ਸਿੱਧਾ ਪਟਵਾਰੀ ਰਣਜੀਤ ਸਿੰਘ ਨਾਲ ਸੰਪਰਕ ਕੀਤਾ, ਜਿਸਨੇ ਉਸਨੂੰ ਸੁੱਖੇ ਕੋਲ ਭੇਜ ਦਿੱਤਾ। ਇਸ ਵਾਰ ਸਹਾਇਕ ਸੁੱਖਾ ਨੇ ਆਪਣੀ ਰਿਸ਼ਵਤ ਦੀ ਮੰਗ ਵਧਾ ਕੇ 8,000 ਰੁਪਏ ਕਰ ਦਿੱਤੀ ਅਤੇ ਸ਼ਿਕਾਇਤਕਰਤਾ ਨੂੰ ਕਿਹਾ ਕਿ ਆਮ ਤੌਰ 'ਤੇ ਇਸ ਕੰਮ ਨੂੰ 20 ਦਿਨ ਲਗਦੇ ਹਨ ਪਰ ਪੈਸੇ ਦੇ ਕੇ ਇਹ ਕੰਮ ਜਲਦੀ ਕਰਵਾਇਆ ਜਾ ਸਕਦਾ ਹੈ। ਗੱਲਬਾਤ ਤੋਂ ਬਾਅਦ ਦੋਵਾਂ ਦਰਮਿਆਨ ਸੌਦਾ 4,000 ਰੁਪਏ 'ਚ ਤੈਅ ਹੋ ਗਿਆ ਅਤੇ ਸੁੱਖੇ ਨੇ ਸ਼ਿਕਾਇਤਕਰਤਾ ਨੂੰ ਇਸਦੀ ਤੁਰੰਤ ਔਨਲਾਈਨ ਅਪਡੇਟਸ ਦੇਣ ਦਾ ਭਰੋਸਾ ਦਿੱਤਾ। ਸ਼ਿਕਾਇਤਕਰਤਾ ਨੇ ਸਾਰੀ ਗੱਲਬਾਤ ਰਿਕਾਰਡ ਕੀਤੀ ਕਰਕੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕੀਤੀ।

ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਤਸਦੀਕ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਅਤੇ ਸੁੱਖੇ ਨੂੰ ਦੋ ਸਰਕਾਰੀ ਗਵਾਹਾਂ ਦੀ ਮੌਜੂਦਗੀ ਵਿੱਚ 4000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ। ਇਸ ਸਬੰਧ ਵਿੱਚ ਵਿਜੀਲੈਂਸ ਬਿਊਰੋ ਦੇ ਪੁਲਿਸ ਥਾਣਾ ਜਲੰਧਰ ਰੇਂਜ ਵਿਖੇ ਕੇਸ ਦਰਜ ਕੀਤਾ ਗਿਆ ਹੈ ਅਤੇ ਇਹ ਪਤਾ ਲਗਾਉਣ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ ਕਿ ਕੀ ਪਟਵਾਰੀ ਰਣਜੀਤ ਸਿੰਘ ਦੀ ਇਸ ਰਿਸ਼ਵਤਖੋਰੀ ਦੀ ਕਾਰਵਾਈ ਵਿੱਚ ਕੀ ਭੂਮਿਕਾ ਹੈ।

# ਪਾਕਿ 'ਤੇ ਭਰੋਸਾ ਨਹੀਂ, ਆਪ੍ਰੇਸ਼ਨ ਸਿੰਦੂਰ ਜਾਰੀ ਹੈ: ਆਈ.ਜੀ ਸ਼ਸ਼ਾਂਕ ਆਨੰਦ




ਜੰਮੂ, 27 ਮਈ (ਚ.ਨ.ਸ.) : ਸਰਹੱਦੀ ਸੁਰੱਖਿਆ ਫੋਰਸ (ਬੀ.ਐੱਸ.ਐੱਫ.) ਦੇ 'ਜੰਮੂ ਫਰੰਟੀਅਰ' ਦੇ ਇੰਸਪੈਕਟਰ ਜਨਰਲ (ਆਈ.ਜੀ.) ਸ਼ਸ਼ਾਂਕ ਆਨੰਦ ਨੇ ਮੰਗਲਵਾਰ ਨੂੰ ਕਿਹਾ ਕਿ ਪਾਕਿਸਤਾਨ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ, ਇਸ ਲਈ 'ਆਪਰੇਸ਼ਨ ਸਿੰਦੂਰ' ਜਾਰੀ ਹੈ ਅਤੇ ਸਰਹੱਦੀ ਫੋਰਸ ਨੇ ਅੰਤਰਰਾਸ਼ਟਰੀ ਸਰਹੱਦ 'ਤੇ ਆਪਣੀ ਚੌਕਸੀ 'ਚ ਕੋਈ ਕਮੀ ਨਹੀਂ ਆਉਣ ਦਿੱਤੀ ਹੈ। ਸਰਹੱਦ ਪਾਰ ਤੋਂ ਘੁਸਪੈਠ ਦੀਆਂ ਕੋਸ਼ਿਸ਼ਾਂ ਦਾ ਖਦਸ਼ਾ ਪ੍ਰਗਟ ਕਰਦੇ ਹੋਏ, ਉਨ੍ਹਾਂ ਕਿਹਾ ਕਿ ਬੀਐੱਸਐੱਫ 'ਹਾਈ ਅਲਰਟ' 'ਤੇ ਹੈ। ਆਨੰਦ ਨੇ ਕਿਹਾ,'ਅਸੀਂ ਆਪਣੀ ਚੌਕਸੀ 'ਚ ਕੋਈ ਕਮੀ ਨਹੀਂ ਆਉਣ ਦੇ ਸਕਦੇ। ਅਸੀਂ ਸਰਹੱਦ 'ਤੇ ਸਭ ਤੋਂ ਵੱਧ ਸੰਭਵ ਚੌਕਸੀ ਬਣਾਏ ਹੋਏ ਹਾਂ।'' ਉਨ੍ਹਾਂ ਨੇ ਪਾਕਿਸਤਾਨੀ ਗੋਲਾਬਾਰੀ ਦੀ ਆੜ 'ਚ ਅੰਤਰਰਾਸ਼ਟਰੀ ਸਰਹੱਦ ਪਾਰ ਅੱਤਵਾਦੀਆਂ ਦੀ ਘੁਸਪੈਠ ਦੀ ਸੰਭਾਵਨਾ ਅਤੇ ਆਪਰੇਸ਼ਨ ਸਿੰਦੂਰ ਤੋਂ ਬਾਅਦ ਚੁੱਕੇ ਗਏ ਸੁਰੱਖਿਆ ਉਪਾਵਾਂ ਬਾਰੇ ਇਕ ਸਵਾਲ ਦਾ ਜਵਾਬ ਦਿੰਦੇ ਹੋਏ ਇਹ ਟਿੱਪਣੀਆਂ ਕੀਤੀਆਂ।

ਆਈਜੀ ਨੇ ਕਿਹਾ ਕਿ ਪਾਕਿਸਤਾਨ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ,''ਸਾਡਾ ਮੰਨਣਾ ਹੈ ਕਿ ਉਸ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ।'' 'ਆਪਰੇਸ਼ਨ ਸਿੰਦੂਰ' ਜਾਰੀ ਹੈ।'' ਬੀਐੱਸਐੱਫ ਅੰਤਰਰਾਸ਼ਟਰੀ ਸਰਹੱਦ 'ਤੇ ਤਿਆਰ ਅਤੇ ਸੁਚੇਤ ਹੈ। ਅਸੀਂ ਸਰਹੱਦ 'ਤੇ ਉੱਚ ਚੌਕਸੀ ਬਣਾਈ ਰੱਖਣ ਲਈ ਇਕ ਮਜ਼ਬੂਤ ਨਿਗਰਾਨੀ ਪ੍ਰਣਾਲੀ ਅਪਣਾ ਰਹੇ ਹਾਂ।'' ਆਨੰਦ ਨੇ ਕਿਹਾ ਕਿ ਸਹਾਇਕ ਕਮਾਂਡੈਂਟ ਨੇਹਾ ਭੰਡਾਰੀ ਸਮੇਤ ਬੀਐੱਸਐੱਫ ਦੀਆਂ ਮਹਿਲਾ ਕਰਮਚਾਰੀਆਂ ਨੇ ਅੱਗੇ ਦੀਆਂ ਚੌਕੀਆਂ 'ਤੇ ਤਾਇਨਾਤ ਹੋ ਕੇ ਮਿਸਾਲੀ ਹਿੰਮਤ ਦਿਖਾਈ ਹੈ। ਉਨ੍ਹਾਂ ਕਿਹਾ,''ਅਸੀਂ ਸਾਂਬਾ ਸੈਕਟਰ 'ਚ ਇਕ ਚੌਕੀ ਦਾ ਨਾਮ 'ਆਪਰੇਸ਼ਨ ਸਿੰਦੂਰ' ਅਤੇ 2 ਹੋਰ ਚੌਕੀਆਂ ਦਾ ਨਾਮ ਸ਼ਹੀਦਾਂ ਦੇ ਨਾਮ 'ਤੇ ਰੱਖਣ ਦਾ ਪ੍ਰਸਤਾਵ ਰੱਖ ਰਹੇ ਹਾਂ। ਆਨੰਦ ਨੇ ਕਿਹਾ ਕਿ ਬੀਐੱਸਐੱਫ ਨੇ ਪਹਿਲਾਂ ਵੀ ਘੁਸਪੈਠ ਦੀਆਂ ਕੋਸ਼ਿਸ਼ਾਂ ਨੂੰ ਨਾਕਾਮ ਕੀਤਾ ਹੈ। ਅਧਿਕਾਰੀ ਨੇ ਕਿਹਾ ਕਿ ਫੋਰਸ ਨੇ ਗੋਲੀਬਾਰੀ ਦੌਰਾਨ ਅੰਤਰਰਾਸ਼ਟਰੀ ਸਰਹੱਦ 'ਤੇ 40 ਤੋਂ 50 ਸ਼ੱਕੀ ਅੱਤਵਾਦੀਆਂ ਦੀ ਘੁਸਪੈਠ ਦੀ ਕੋਸ਼ਿਸ਼ ਨੂੰ ਨਾਕਾਮ ਕਰ ਦਿੱਤਾ।

# ਸੁਪਰੀਮ ਕੋਰਟ ਕੌਲਿਜੀਅਮ ਵੱਲੋਂ ਹਾਈ ਕੋਰਟ ਦੇ 21 ਜੱਜਾਂ ਦੇ ਤਬਾਦਲੇ ਜਾਂ ਪਿਤਰੀ ਰਾਜ ਭੇਜਣ ਦੀ ਸਿਫ਼ਾਰਸ਼

ਨਵੀਂ ਦਿੱਲੀ , 27 ਮਈ (ਚ.ਨ.ਸ.): ਸੁਪਰੀਮ ਕੋਰਟ ਕੌਲਿਜੀਅਮ ਨੇ ਦੇਸ਼ ਭਰ ਦੇ ਹਾਈ ਕੋਰਟਾਂ ਦੇ 21 ਜੱਜਾਂ ਦੇ ਤਬਾਦਲੇ ਜਾਂ ਪਿਤਰੀ ਰਾਜਾਂ ਵਿਚ ਵਾਪਸ ਭੇਜਣ ਦੀ ਸਿਫ਼ਾਰਸ਼ ਕੀਤੀ ਹੈ।ਚੀਫ਼ ਜਸਟਿਸ ਬੀਆਰ ਗਵਈ ਦੀ ਅਗਵਾਈ ਵਾਲੇ ਕੌਲਿਜੀਅਮ ਨੇ ਸੋਮਵਾਰ ਨੂੰ ਹੋਈ ਆਪਣੀ ਮੀਟਿੰਗ ਵਿੱਚ ਹਾਈ ਕੋਰਟ ਦੇ ਇਨ੍ਹਾਂ ਜੱਜਾਂ ਦੇ ਤਬਾਦਲੇ ਜਾਂ ਪਿਤਰੀ ਰਾਜਾਂ ਵਿਚ ਭੇਜਣ ਦੀ ਸਿਫ਼ਾਰਸ਼ ਕਰਨ ਦਾ ਫ਼ੈਸਲਾ ਕੀਤਾ। ਸੁਪਰੀਮ ਕੋਰਟ ਦੀ ਵੈੱਬਸਾਈਟ 'ਤੇ ਅਪਲੋਡ ਕੀਤੀ ਗਈ ਜਾਣਕਾਰੀ ਵਿਚ ਕਿਹਾ ਗਿਆ ਹੈ, 'ਸੁਪਰੀਮ ਕੋਰਟ ਕੌਲਿਜੀਅਮ ਨੇ 26 ਮਈ ਨੂੰ ਹੋਈ ਆਪਣੀ ਮੀਟਿੰਗ ਵਿੱਚ ਉੱਚ ਅਦਾਲਤਾਂ ਦੇ ਹੇਠਲੇ ਜੱਜਾਂ ਦੇ ਤਬਾਦਲੇ/ਪਿਤਰੀ ਰਾਜਾਂ ਵਿੱਚ ਭੇਜਣ ਦੀ ਸਿਫ਼ਾਰਸ਼ ਕੀਤੀ ਹੈ। ਕੌਲਿਜੀਅਮ ਨੇ ਤੇਲੰਗਾਨਾ ਹਾਈ ਕੋਰਟ ਦੇ ਜੱਜ ਸੁਜੋਏ ਪਾਲ ਨੂੰ ਕਲਕੱਤਾ ਹਾਈ ਕੋਰਟ ਵਿਚ ਤਬਦੀਲ ਕਰਨ ਦੀ ਸਿਫ਼ਾਰਸ਼ ਕੀਤੀ ਹੈ। ਕੌਲਿਜੀਅਮ ਨੇ ਕਿਹਾ ਹੈ ਕਿ ਜਸਟਿਸ ਵੀ ਕਾਮੇਸ਼ਵਰ ਰਾਓ, ਜੋ ਮੌਜੂਦਾ ਕਰਨਾਟਕ ਹਾਈ ਕੋਰਟ ਦੇ ਜੱਜ ਹਨ, ਨੂੰ ਦਿੱਲੀ ਹਾਈ ਕੋਰਟ ਵਿੱਚ ਵਾਪਸ ਭੇਜਿਆ ਜਾਵੇ। ਕੌਲਿਜੀਅਮ ਨੇ ਕਿਹਾ ਹੈ ਕਿ ਗੁਹਾਟੀ ਹਾਈ ਕੋਰਟ ਦੇ ਜੱਜਾਂ ਲਾਨੁਸੁੰਗਕੁਮ ਜਮੀਰ ਅਤੇ ਮਾਨਸ਼ ਰੰਜਨ ਪਾਠਕ ਨੂੰ ਕ੍ਰਮਵਾਰ ਕਲਕੱਤਾ ਅਤੇ ਉੜੀਸਾ ਦੀਆਂ ਹਾਈ ਕੋਰਟਾਂ ਵਿੱਚ ਤਬਦੀਲ ਕੀਤਾ ਜਾਵੇ। ਬੰਬੇ ਹਾਈ ਕੋਰਟ ਦੇ ਜੱਜ ਨਿਤਿਨ ਵਾਸੂਦੇਓ ਸਾਂਬਰੇ ਨੂੰ ਦਿੱਲੀ ਹਾਈ ਕੋਰਟ ਵਿੱਚ ਤਬਦੀਲ ਕੀਤਾ ਜਾਵੇ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜੱਜ ਸੰਜੀਵ ਪ੍ਰਕਾਸ਼ ਸ਼ਰਮਾ ਨੂੰ ਰਾਜਸਥਾਨ ਹਾਈ ਕੋਰਟ ਵਿੱਚ ਵਾਪਸ ਭੇਜਣ ਦੀ ਸਿਫਾਰਸ਼ ਕੀਤੀ ਹੈ। ਅਲਾਹਾਬਾਦ ਹਾਈ ਕੋਰਟ ਦੇ ਜਸਟਿਸ ਵਿਵੇਕ ਚੌਧਰੀ ਨੂੰ ਦਿੱਲੀ ਹਾਈ ਕੋਰਟ ਵਿਚ ਤਬਦੀਲ ਕਰਨ ਦੀ ਗੱਲ ਕਹੀ ਗਈ ਹੈ।

**ਚੀਫ਼ ਜਸਟਿਸ ਦੀ ਅਗਵਾਈ ਹੇਠ ਹੋਈ ਮੀਟਿੰਗ ਵਿੱਚ ਕੀਤਾ ਫ਼ੈਸਲਾ**

ਕੌਲਿਜੀਅਮ ਨੇ ਕੇਰਲ ਹਾਈ ਕੋਰਟ ਦੇ ਜੱਜ ਦਿਨੇਸ਼ ਕੁਮਾਰ ਸਿੰਘ ਨੂੰ ਕਰਨਾਟਕ ਹਾਈ ਕੋਰਟ ਵਿੱਚ ਤਬਦੀਲ ਕਰਨ ਦੀ ਸਿਫ਼ਾਰਸ਼ ਕੀਤੀ ਹੈ। ਕੌਲਿਜੀਅਮ ਨੇ ਮਦਰਾਸ ਹਾਈ ਕੋਰਟ ਦੇ ਜੱਜ ਵਿਵੇਕ ਕੁਮਾਰ ਸਿੰਘ ਨੂੰ ਮੱਧ ਪ੍ਰਦੇਸ਼ ਹਾਈ ਕੋਰਟ ਵਿੱਚ ਤਬਦੀਲ ਕਰਨ ਲਈ ਕਿਹਾ ਹੈ। ਮਦਰਾਸ ਹਾਈ ਕੋਰਟ ਦੇ ਜੱਜ ਬੱਟੂ ਦੇਵਾਨੰਦ ਨੂੰ ਆਂਧਰਾ ਪ੍ਰਦੇਸ਼ ਹਾਈ ਕੋਰਟ ਵਿੱਚ ਵਾਪਸ ਭੇਜਣ ਦੀ ਸਿਫ਼ਾਰਸ਼ ਕੀਤੀ ਹੈ। ਅਲਾਹਾਬਾਦ ਹਾਈ ਕੋਰਟ ਦੇ ਜੱਜ ਓਮ ਪ੍ਰਕਾਸ਼ ਸ਼ੁਕਲਾ ਨੂੰ ਦਿੱਲੀ ਹਾਈ ਕੋਰਟ ਵਿਚ ਤਬਦੀਲ ਕਰਨ ਲਈ ਕਿਹਾ ਗਿਆ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜਸਟਿਸ ਸੁਧੀਰ ਸਿੰਘ ਨੂੰ ਪਟਨਾ ਹਾਈ ਕੋਰਟ ਵਿੱਚ ਵਾਪਸ ਭੇਜਣ ਦੀ ਸਿਫਾਰਸ਼ ਕੀਤੀ ਹੈ। ਇਸੇ ਤਰ੍ਹਾਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜੱਜ ਅਨਿਲ ਖੇਤਰਪਾਲ ਨੂੰ ਦਿੱਲੀ ਹਾਈ ਕੋਰਟ ਵਿੱਚ ਤਬਦੀਲ ਕਰਨ ਦੀ ਸਿਫਾਰਸ਼ ਕੀਤੀ ਹੈ। ਕੌਲਿਜੀਅਮ ਨੇ ਰਾਜਸਥਾਨ ਹਾਈ ਕੋਰਟ ਦੇ ਜੱਜ ਅਰੁਣ ਕੁਮਾਰ ਮੋਂਗਾ ਨੂੰ ਦਿੱਲੀ ਹਾਈ ਕੋਰਟ ਵਿੱਚ ਤਬਦੀਲ ਕਰਨ ਦੀ ਸਿਫ਼ਾਰਸ਼ ਕੀਤੀ ਹੈ। ਇਸ ਵਿਚ ਅਲਾਹਾਬਾਦ ਹਾਈ ਕੋਰਟ ਦੇ ਜਸਟਿਸ ਜਯੰਤ ਬੈਨਰਜੀ ਨੂੰ ਕਰਨਾਟਕ ਹਾਈ ਕੋਰਟ ਵਿਚ ਤਬਦੀਲ ਕਰਨ ਦੀ ਗੱਲ ਕਹੀ ਗਈ ਹੈ।

## ਪੰਜਾਬ 'ਚ ਤੂਫ਼ਾਨ ਦਾ ਅਲਰਟ

ਇਹ ਚੇਤਾਵਨੀ ਕਿਸਾਨਾਂ, ਯਾਤਰੀਆਂ ਅਤੇ ਆਮ ਲੋਕਾਂ ਲਈ ਖ਼ਾਸ ਧਿਆਨ ਦੇਣਯੋਗ ਹੈ। ਵਿਭਾਗ ਮੁਤਾਬਤ 27 ਮਈ ਨੂੰ ਗੁਰਦਾਸਪੁਰ, ਹੁਸ਼ਿਆਰਪੁਰ, ਨਵਾਂਸ਼ਹਿਰ, ਰੂਪਨਗਰ, ਮੋਹਾਲੀ, ਪਟਿਆਲਾ, ਪਠਾਨਕੋਟ, ਲੁਧਿਆਣਾ ਆਦਿ ਇਲਾਕਿਆਂ ਵਿੱਚ ਬਿਜਲੀ ਗਰਜਨ ਨਾਲ 50-60 ਕਿਮੀ ਪ੍ਰਤੀ ਘੰਟਾ ਦੀ ਰਫਤਾਰ ਨਾਲ ਹਵਾ ਦੀ ਚੇਤਾਵਨੀ ਜਾਰੀ ਕੀਤੀ ਗਈ ਸੀ। ਇਸ ਦੇ ਨਾਲ ਹੀ ਅੰਮ੍ਰਿਤਸਰ, ਜਲੰਧਰ, ਤਰਨ ਤਾਰਨ, ਫਿਰੋਜ਼ਪੁਰ, ਫਤਿਹਗੜ੍ਹ ਲਈ ਪੀਲਾ ਅਲਰਟ ਸੀ। ਉੱਥੇ ਹੀ 28 ਮਈ ਨੂੰ ਜ਼ਿਆਦਾਤਰ ਇਲਾਕਿਆਂ ਵਿੱਚ ਕੋਈ ਚੇਤਾਵਨੀ ਨਹੀਂ ਹੈ ਪਰ ਕਪੂਰਥਲਾ, ਗੁਰਦਾਸਪੁਰ ਅਤੇ ਹੁਸ਼ਿਆਰਪੁਰ 'ਚ ਪੀਲਾ ਅਲਰਟ ਕੀਤਾ ਗਿਆ ਹੈ। ਇਸ ਤੋਂ ਇਲਾਵਾ 29 ਮਈ ਨੂੰ ਪੰਜਾਬ ਦੇ ਉੱਤਰੀ ਅਤੇ ਕੇਂਦਰੀ ਹਿੱਸੇ ਜਿਵੇਂ ਗੁਰਦਾਸਪੁਰ, ਬਠਿੰਡਾ, ਮੋਗਾ, ਸੰਗਰੂਰ ਆਦਿ 'ਚ ਤੇਜ਼ ਹਵਾਵਾਂ (50-60 ਕਿਮੀ/ਘੰਟਾ) ਚੱਲਣ ਦੀ ਸੰਭਾਵਨਾ ਜਤਾਈ ਗਈ ਹੈ। ਉੱਥੇ ਹੀ 30 ਤੇ 31 ਮਈ ਨੂੰ ਕੁਝ ਜ਼ਿਲ੍ਹਿਆਂ 'ਚ ਪੀਲਾ ਅਲਰਟ ਕੀਤਾ ਗਿਆ ਹੈ।

## ਅੰਮ੍ਰਿਤਸਰ-ਮਜੀਠਾ ਰੋਡ 'ਤੇ ਧਮਾਕਾ

ਸਤਿੰਦਰ ਸਿੰਘ ਅਤੇ ਜ਼ਿਲ੍ਹਾ ਦਿਹਾਤੀ ਪੁਲਿਸ ਦੇ ਐੱਸਐੱਸਪੀ ਮਨਿੰਦਰ ਸਿੰਘ ਨੇ ਦੱਸਿਆ ਕਿ ਇਹ ਘਟਨਾ ਅਤਿਵਾਦੀ ਜਥੇਬੰਦੀ ਬੱਬਰ ਖਾਲਸਾ ਇੰਟਰਨੈਸ਼ਨਲ ਨਾਲ ਸਬੰਧਤ ਹੈ ਅਤੇ ਜਿਸ ਵਿਅਕਤੀ ਦੀ ਮੌਤ ਹੋਈ ਹੈ ਉਹ ਵੀ ਅਤਿਵਾਦੀ ਜਥੇਬੰਦੀ ਦਾ ਮੈਂਬਰ ਹੋਵੇਗਾ।

ਉਨ੍ਹਾਂ ਦੱਸਿਆ ਕਿ ਮੁੱਢਲੀ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਇਹ ਵਿਅਕਤੀ ਇਸ ਉਜਾੜ ਅਤੇ ਖਾਲੀ ਥਾਂ ਤੋਂ ਇਹ ਵਿਸਫੋਟਕ ਸਮੱਗਰੀ ਲੈਣ ਵਾਸਤੇ ਆਇਆ ਸੀ ਅਤੇ ਧਮਾਕਾ ਹੋ ਗਿਆ। ਉਨ੍ਹਾਂ ਕਿਹਾ ਕਿ ਅਜਿਹੇ ਜ਼ਿਆਦਾਤਰ ਮਾਮਲਿਆਂ ਵਿੱਚ ਹਥਿਆਰ ਜਾਂ ਵਿਸਫੋਟਕ ਸਮੱਗਰੀ ਨੂੰ ਕਿਸੇ ਉਜਾੜ ਜਾਂ ਖਾਲੀ ਥਾਂ 'ਤੇ ਛੱਡ ਦਿੱਤਾ ਜਾਂਦਾ ਹੈ ਅਤੇ ਕਿਸੇ ਦੂਜੇ ਵਿਅਕਤੀ ਨੂੰ ਉਥੋਂ ਪ੍ਰਾਪਤ ਕਰਨ ਲਈ ਆਖਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਸ ਪਿੱਛੇ ਪਾਕਿਸਤਾਨੀ ਖੁਫੀਆ ਏਜੰਸੀ ਆਈਐੱਸਆਈ ਦਾ ਹੱਥ ਹੋਣ ਦੀ ਸੰਭਾਵਨਾ ਹੈ। ਪੁਲਿਸ ਅਧਿਕਾਰੀ ਨੇ ਦੱਸਿਆ ਕਿ ਮ੍ਰਿਤਕ ਵਿਅਕਤੀ ਦੀ ਜੇਬ ਵਿੱਚੋਂ ਕੁਝ ਸਬੂਤ ਮਿਲੇ ਹਨ ਅਤੇ ਪੁਲਿਸ ਉਸ ਦੀ ਸ਼ਨਾਖਤ ਅਤੇ ਹੋਰ ਅਗਲੇਰੀ ਜਾਂਚ ਕਰ ਰਹੀ ਹੈ।

ਸਥਾਨਕ ਲੋਕਾਂ ਨੇ ਦੱਸਿਆ ਕਿ ਉਨ੍ਹਾਂ ਇੱਕ ਤੇਜ਼ ਆਵਾਜ਼ ਦਾ ਧਮਾਕਾ ਸੁਣਿਆ ਅਤੇ ਮੌਕੇ 'ਤੇ ਪੁੱਜੇ ਤਾਂ ਇੱਕ ਵਿਅਕਤੀ ਨੂੰ ਇੱਥੇ ਜ਼ਖਮੀ ਹਾਲਤ ਵਿੱਚ ਦੇਖਿਆ। ਲੋਕਾਂ ਦਾ ਕਹਿਣਾ ਹੈ ਕਿ ਜ਼ਖ਼ਮੀ ਹੋਏ ਵਿਅਕਤੀ ਦੇ ਕੋਲ ਹੀ ਕੋਈ ਵਿਸਫੋਟਕ ਸੀ ਜਿਸ ਦੇ ਵਿਸਫੋਟ ਹੋਣ ਨਾਲ ਧਮਾਕਾ ਹੋਇਆ ਹੈ ਅਤੇ ਉਹ ਜ਼ਖਮੀ ਹੋ ਗਿਆ ਹੈ। ਘਟਨਾ ਤੋਂ ਬਾਅਦ ਵੱਡੀ ਗਿਣਤੀ ਵਿੱਚ ਲੋਕ ਵੀ ਇਕੱਠੇ ਹੋ ਗਏ ਸਨ, ਜਿਨ੍ਹਾਂ ਨੇ ਪੁਲਿਸ ਨੂੰ ਇਸ ਬਾਰੇ ਸੂਚਿਤ ਕੀਤਾ। ਪੁਲਿਸ ਨੇ ਘਟਨਾ ਸਥਾਨ 'ਤੇ ਪਹੁੰਚਣ ਮਗਰੋਂ ਇਸ ਸਥਾਨ ਨੂੰ ਖਾਲੀ ਕਰਵਾਇਆ ਅਤੇ ਜਾਂਚ ਕੀਤੀ ਜਾ ਰਹੀ ਹੈ।

## ਏਜੰਸੀਆਂ ਨੇ ਪੰਜਾਬ ਦਾ ਮਾਹੌਲ

ਅਜਿਹੇ ਅਨਸਰਾਂ ਖ਼ਿਲਾਫ਼ ਨਕੇਲ ਕੱਸਣ 'ਚ ਲੱਗਾ ਹੋਇਆ ਹੈ। ਦੱਸਣਯੋਗ ਹੈ ਕਿ ਅੰਮ੍ਰਿਤਸਰ ਦੇ ਪਿੰਡ ਨੌਸ਼ਿਹਰਾ ਵਿਖੇ ਹੋਏ ਬੰਬ ਧਮਾਕੇ ਦੌਰਾਨ ਇਕ ਵਿਅਕਤੀ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ ਸੀ, ਜਿਸ ਨੂੰ ਹਸਪਤਾਲ ਲਿਜਾਇਆ ਗਿਆ ਤਾਂ ਉਸ ਦੀ ਮੌਤ ਹੋ ਗਈ।

ਚਸ਼ਮਦੀਦ ਗਵਾਹ ਨੇ ਦੱਸਿਆ ਹੈ ਕਿ 'ਸਵੇਰੇ ਅਚਾਨਕ ਧਮਾਕਾ ਹੋਇਆ ਅਤੇ ਇਹ ਧਮਾਕਾ ਬਹੁਤ ਤੇਜ਼ ਸੀ। ਇਸ ਦੀ ਆਵਾਜ਼ ਸੁਣ ਕੇ, ਜਦੋਂ ਅਸੀਂ ਧਮਾਕੇ ਵਾਲੀ ਥਾਂ ਵੱਲ ਭੱਜੇ, ਤਾਂ ਅਸੀਂ ਦੇਖਿਆ ਕਿ ਇੱਕ ਵਿਅਕਤੀ ਉੱਥੇ ਪਿਆ ਹੋਇਆ ਸੀ ਜੋ ਦਰਦ ਨਾਲ ਤੜਫ ਰਿਹਾ ਸੀ। ਉਸ ਵਿਅਕਤੀ ਦੇ ਹੱਥ ਅਤੇ ਲੱਤਾਂ ਉੱਡ ਗਈਆਂ ਸਨ। ਇਸ ਤੋਂ ਪਤਾ ਲੱਗਦਾ ਹੈ ਕਿ ਇਹ ਬੰਬ ਸੀ, ਕਿਉਂਕਿ ਮੌਕੇ 'ਤੇ ਹੋਰ ਕੁਝ ਨਹੀਂ ਸੀ। ਮੌਕੇ 'ਤੇ ਕੁਝ ਝਾੜੀਆਂ ਨੂੰ ਵੀ ਅੱਗ ਲੱਗੀ ਹੋਈ ਸੀ, ਜੋ ਕਿ ਬੰਬ ਧਮਾਕੇ ਕਾਰਨ ਲੱਗੀ ਹੋਵੇਗੀ।' ਇਹ ਧਮਾਕਾ ਮਜੀਠਾ ਰੋਡ ਬਾਈਪਾਸ 'ਤੇ ਸਥਿਤ 'ਡੀਸੈਂਟ ਐਵੇਨਿਊ' ਕਲੋਨੀ ਦੇ ਬਾਹਰ ਹੋਇਆ।

## ਜੂਨ ਵਿੱਚ ਆਮ ਨਾਲੋਂ ਵੱਧ

ਜ਼ਿਆਦਾ ਨਿਰਭਰ ਹੈ। ਇਸ ਦੇ ਦੂਜੇ ਪਾਸੇ ਉੱਤਰ-ਪੱਛਮੀ ਭਾਰਤ ਵਿੱਚ ਆਮ ਜਿਹਾ ਮੀਂਹ ਪੈਣ ਦੀ ਸੰਭਾਵਨਾ ਹੈ, ਜਦੋਂ ਕਿ ਉੱਤਰ-ਪੂਰਬ ਵਿੱਚ ਆਮ ਨਾਲੋਂ ਘੱਟ ਮੀਂਹ ਪੈ ਸਕਦਾ ਹੈ। ਆਈਐਮਡੀ ਦੇ ਡਾਇਰੈਕਟਰ ਜਨਰਲ ਮ੍ਰਿਤਯੁੰਜੈ ਮਹਾਪਾਤਰਾ ਨੇ ਕਿਹਾ ਕਿ ਮੱਧ ਅਤੇ ਦੱਖਣੀ ਪ੍ਰਾਇਦੀਪ ਭਾਰਤ ਵਿੱਚ ਆਮ ਨਾਲੋਂ ਵੱਧ ਮੀਂਹ ਦਾ ਰਿਕਾਰਡ ਬਣਨ ਦੀ ਉਮੀਦ ਹੈ। ਜ਼ਿਕਰਯੋਗ ਹੈ ਕਿ ਇਸ ਵਾਰ ਮੌਨਸੂਨ ਨੇ ਦੱਖਣੀ ਭਾਰਤ ਵਿਚ ਸਮੇਂ ਤੋਂ ਪਹਿਲਾਂ ਦਸਤਕ ਦੇ ਦਿੱਤੀ ਹੈ। ਆਮ ਵਾਂਗ ਮੌਨਸੂਨ ਦਾ ਸੀਜ਼ਨ 30 ਮਈ ਦੇ ਕਰੀਬ ਸ਼ੁਰੂ ਹੁੰਦਾ ਹੈ ਪਰ ਕੇਰਲਾ ਤੇ ਨਾਲ ਦੇ ਖੇਤਰਾਂ ਵਿਚ ਇਸ ਸਾਲ ਮੌਨਸੂਨ 25 ਮਈ ਨੂੰ ਹੀ ਪੁੱਜ ਗਈ ਸੀ ਤੇ ਇਸ ਨੇ ਪਿਛਲੇ 16 ਸਾਲਾਂ ਦੇ ਰਿਕਾਰਡ ਤੋੜ ਦਿੱਤੇ ਹਨ। ਇਸ ਵੇਲੇ ਇਹ ਮੌਨਸੂਨ ਮਹਾਰਾਸ਼ਟਰ ਤੇ ਨੇੜਲੇ ਖੇਤਰਾਂ ਵਿਚ ਪੂਰੀ ਤਰ੍ਹਾਂ ਸਰਗਰਮ ਹੈ।

## ਸੁਰੱਖਿਆ ਬਲਾਂ ਵੱਲੋਂ ਸੀਪੀਆਈ (ਮਾਓਵਾਦੀ)

ਦੱਸਿਆ ਸੁਰੱਖਿਆ ਬਲਾਂ ਅਤੇ ਲਾਲ ਬਾਗੀਆਂ ਵਿਚਕਾਰ ਹੋਈ ਤੇਜ਼ ਗੋਲੀਬਾਰੀ ਤੋਂ ਬਾਅਦ ਇੱਕ ਸੀਪੀਆਈ (ਮਾਓਵਾਦੀ) ਦੀ ਲਾਸ਼ ਬਰਾਮਦ ਕਰ ਲਈ ਗਈ ਹੈ। ਪਛਾਣ ਪ੍ਰਕਿਰਿਆ ਜਾਰੀ ਹੈ।"

ਹਾਲਾਂਕਿ ਇੱਕ ਹੋਰ ਪੁਲੀਸ ਅਧਿਕਾਰੀ ਨੇ ਕਿਹਾ ਕਿ ਇਹ ਇੱਕ ਚੋਟੀ ਦੇ ਮਾਓਵਾਦੀ ਕਮਾਂਡਰ ਤੁਲਸੀ ਭੂਨੀਆਂ ਦੀ ਲਾਸ਼ ਸੀ। ਅਧਿਕਾਰੀ ਨੇ ਦੱਸਿਆ ਕਿ ਇੱਕ ਹੋਰ ਮਾਓਵਾਦੀ ਨਿਤੇਸ਼ ਯਾਦਵ, ਜਿਸ ਦੇ ਸਿਰ 'ਤੇ 15 ਲੱਖ ਰੁਪਏ ਦਾ ਇਨਾਮ ਸੀ, ਨੂੰ ਗੋਲੀ ਲੱਗੀ ਹੈ। ਹਾਲਾਂਕਿ, ਡੀਆਈਜੀ ਰਮੇਸ਼ ਨੇ ਕਿਹਾ ਕਿ ਇਸਦੀ ਪੁਸ਼ਟੀ ਹੋਣੀ ਬਾਕੀ ਹੈ।

## ਸੁਪਰੀਮ ਕੋਰਟ ਵੱਲੋਂ ਵਕ਼ਫ ਐਕਟ ਦੀ ਪ੍ਰਮਾਣਿਕਤਾ ਨੂੰ

ਪਟੀਸ਼ਨਕਰਤਾ ਦੇ ਵਕੀਲ ਨੇ ਕਿਹਾ ਕਿ ਪਟੀਸ਼ਨ ਨੇ 2013 ਵਿੱਚ ਕੀਤੀਆਂ ਸੋਧਾਂ ਨੂੰ ਚੁਣੌਤੀ ਦਿੱਤੀ ਹੈ।ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ 2020 ਵਿੱਚ ਦਾਇਰ ਪਟੀਸ਼ਨਾਂ 'ਤੇ ਸੁਣਵਾਈ ਕਰ ਰਹੀ ਹੈ ਜਿਸ ਵਿੱਚ ਪੂਜਾ ਸਥਾਨ (ਵਿਸ਼ੇਸ਼ ਪ੍ਰਬੰਧ) ਐਕਟ, 1991 ਅਤੇ ਘੱਟ ਗਿਣਤੀਆਂ ਲਈ ਰਾਸ਼ਟਰੀ ਕਮਿਸ਼ਨ ਐਕਟ, 1992 ਦੇ ਉਪਬੰਧਾਂ ਨੂੰ ਚੁਣੌਤੀ ਦਿੱਤੀ ਗਈ ਹੈ। ਬੈਂਚ ਨੇ ਪਟੀਸ਼ਨ 'ਤੇ ਸੁਣਵਾਈ ਕਰਨ ਲਈ ਸਹਿਮਤੀ ਦਿੰਦਿਆਂ ਇਸ ਨੂੰ ਪਹਿਲਾਂ ਤੋਂ ਲੰਬਿਤ ਪਟੀਸ਼ਨਾਂ ਨਾਲ ਟੈਗ ਕੀਤਾ।

ਇਨ੍ਹਾਂ ਵਿਚੋਂ ਇੱਕ ਮੁੱਦਾ 2025 ਐਕਟ ਵਿੱਚ ਨਿਰਧਾਰਤ ਅਦਾਲਤਾਂ ਵਲੋਂ ਵਕਫ਼, ਉਪਭੋਗਤਾ ਦੁਆਰਾ ਵਕਫ਼ ਜਾਂ ਡੀਡ ਦੁਆਰਾ ਵਕਫ਼ ਵਜੋਂ ਘੋਸ਼ਿਤ ਜਾਇਦਾਦਾਂ ਨੂੰ ਡੀ-ਨੋਟੀਫਾਈ ਕਰਨ ਦੀ ਸ਼ਕਤੀ ਨਾਲ ਸਬੰਧਤ ਹੈ।

## ਪੱਛੜੇ ਵਰਗਾਂ ਨੂੰ ਗਿਣਮਿਥ ਕੇ ਸਿੱਖਿਆ

ਪ੍ਰੋਫੈਸਰਾਂ ਦੀਆਂ 30 ਫੀਸਦ ਤੋਂ ਵੱਧ ਰਾਖਵੀਆਂ ਪੋਸਟਾਂ ਨੂੰ ਐੱਨਐੱਫਐੱਸ ਦੱਸ ਕੇ ਖਾਲੀ ਰੱਖਿਆ ਗਿਆ ਹੈ। ਗਾਂਧੀ ਨੇ ਕਿਹਾ, "ਇਹ ਕੋਈ ਅਪਵਾਦ ਨਹੀਂ ਹੈ - ਆਈਆਈਟੀ, ਕੇਂਦਰੀ ਯੂਨੀਵਰਸਿਟੀਆਂ ਹਰ ਜਗ੍ਹਾ ਇੱਕੋ ਜਿਹੀ ਸਾਜ਼ਿਸ਼ ਚੱਲ ਰਹੀ ਹੈ। ਐੱਨਐੱਫਐੱਸ ਸੰਵਿਧਾਨ 'ਤੇ ਹਮਲਾ ਹੈ। ਐੱਨਐੱਫਐੱਸ ਸਮਾਜਿਕ ਨਿਆਂ ਨਾਲ ਵਿਸ਼ਵਾਸਘਾਤ ਹੈ। ਇਹ ਸਿਰਫ਼ ਸਿੱਖਿਆ ਅਤੇ ਨੌਕਰੀਆਂ ਲਈ ਲੜਾਈ ਨਹੀਂ ਹੈ- ਇਹ ਅਧਿਕਾਰਾਂ, ਸਤਿਕਾਰ ਅਤੇ ਭਾਗੀਦਾਰੀ ਲਈ ਲੜਾਈ ਹੈ।"

ਗਾਂਧੀ ਨੇ ਦਿੱਲੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਨਾਲ ਆਪਣੀ ਗੱਲਬਾਤ ਦੀ ਇੱਕ ਵੀਡੀਓ ਕਲਿੱਪ ਸਾਂਝੀ ਕਰਦੇ ਹੋਏ ਕਿਹਾ, "ਹੁਣ ਅਸੀਂ ਸਾਰੇ ਮਿਲ ਕੇ ਭਾਜਪਾ/ਆਰਐੱਸਐੱਸ ਦੇ ਹਰ ਰਾਖਵਾਂਕਰਨ ਵਿਰੋਧੀ ਕਦਮ ਦਾ ਸੰਵਿਧਾਨ ਦੀ ਸ਼ਕਤੀ ਨਾਲ ਜਵਾਬ ਦੇਵਾਂਗੇ।"

## ਪੰਚਕੂਲਾ 'ਚ ਦੇਹਰਾਦੂਨ ਨਾਲ

ਸਰਕਾਰੀ ਹਸਪਤਾਲ ਦੇ ਮੁਰਦਾਘਰ ਵਿੱਚ ਰਖਵਾ ਦਿੱਤਾ ਗਿਆ ਹੈ। ਪੁਲਿਸ ਦਾ ਕਹਿਣਾ ਹੈ ਕਿ ਮੌਤਾਂ ਦੇ ਪਿੱਛੇ ਸਹੀ ਕਾਰਨ ਅਤੇ ਹਾਲਾਤਾਂ ਦੀ ਪੁਸ਼ਟੀ ਕਰਨ ਲਈ ਜਾਂਚ ਕੀਤੀ ਜਾ ਰਹੀ ਹੈ।

ਇਕ ਸਥਾਨਕ ਵਿਅਕਤੀ ਪੁਨੀਤ ਰਾਣਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਹ ਇਕ ਵਿਅਕਤੀ ਨਾਲ ਸੈਰ ਕਰ ਰਿਹਾ ਸੀ ਅਤੇ ਉਨ੍ਹਾਂ ਰਾਤ 10 ਵਜੇ ਦੇ ਕਰੀਬ ਕਾਰ ਦੇ ਦਰਵਾਜ਼ੇ ਤੋਂ ਤੌਲੀਆ ਲਟਕਦਾ ਦੇਖਿਆ। ਗੱਡੀ ਦਾ ਦਰਵਾਜ਼ਾ ਖੁਲ੍ਹਵਾਉਣ 'ਤੇ ਅੰਦਰ ਬੈਠੇ ਵਿਅਕਤੀ ਨੇ ਕਿਹਾ ਕਿ ਉਸ ਨੂੰ ਪੰਚਕੂਲਾ ਵਿੱਚ ਬਾਗੇਸ਼ਵਰ ਧਾਮ ਦੇ ਇੱਕ ਪ੍ਰੋਗਰਾਮ ਤੋਂ ਵਾਪਸ ਆਉਣ 'ਤੇ ਹੋਟਲ ਦਾ ਕਮਰਾ ਨਹੀਂ ਮਿਲ ਰਿਹਾ ਸੀ, ਇਸ ਲਈ ਉਹ ਅਤੇ ਉਸਦਾ ਪਰਿਵਾਰ ਕਾਰ ਵਿੱਚ ਸੌਂ ਰਹੇ ਸਨ।

ਰਾਣਾ ਨੇ ਕਿਹਾ ਕਿ ਜਦੋਂ ਉਸ ਨੇ ਲਾਈਟ ਮਾਰ ਕੇ ਦੇਖਿਆ ਤਾਂ ਛੇ ਲੋਕ ਇੱਕ ਦੂਜੇ ਦੇ ਉੱਪਰ ਬੇਹੋਸ਼ ਪਏ ਸਨ ਅਤੇ ਉਲਟੀਆਂ ਕੀਤੀਆਂ ਹੋਈਆਂ ਸਨ ਅਤੇ ਜਿਸ ਆਦਮੀ ਨਾਲ ਉਹ ਗੱਲ ਕਰ ਰਿਹਾ ਸੀ ਉਸ ਨੂੰ ਸਾਹ ਲੈਣ ਵਿੱਚ ਮੁਸ਼ਕਲ ਆ ਰਹੀ ਸੀ।

ਉਨ੍ਹਾ ਦੱਸਿਆ ਕਿ ਕਾਰ ਵਿਚ ਬੈਠੇ ਵਿਅਕਤੀ ਨੂੰ ਬਾਹਰ ਕੱਢਣ ਉਪਰੰਤ ਉਸ ਨੂੰ ਪਾਣੀ ਪਿਲਾਇਆ ਅਤੇ ਪੁੱਛਿਆ ਕਿ ਕੀ ਉਸ ਨੇ ਅੰਦਰਲੇ ਲੋਕਾਂ ਨੂੰ ਮਾਰਿਆ ਹੈ। ਰਾਣਾ ਨੇ ਕਿਹਾ, "ਫਿਰ ਉਸ ਨੇ ਮੈਨੂੰ ਦੱਸਿਆ ਕਿ ਉਸ ਦੇ ਸਾਰੇ ਪਰਿਵਾਰਕ ਮੈਂਬਰਾਂ ਨੇ ਖੁਦਕੁਸ਼ੀ ਕਰ ਲਈ ਹੈ ਅਤੇ ਉਹ ਵੀ ਪੰਜ ਮਿੰਟਾਂ ਵਿੱਚ ਮਰਨ ਵਾਲਾ ਹੈ ਅਤੇ ਫਿਰ ਉਹ ਡਿੱਗ ਪਿਆ।"

ਉਨ੍ਹਾਂ ਅੱਗੇ ਦੱਸਿਆ, "ਇਸ ਤੋਂ ਪਹਿਲਾਂ, ਵਿਅਕਤੀ ਨੇ ਕਿਹਾ ਕਿ ਉਸ 'ਤੇ ਬੈਂਕਾਂ ਦਾ ਬਹੁਤ ਸਾਰਾ ਕਰਜ਼ਾ ਸੀ। ਉਨ੍ਹਾਂ ਦੇ ਰਿਸ਼ਤੇਦਾਰ ਅਮੀਰ ਸਨ, ਪਰ ਉਹ ਮਦਦ ਨਹੀਂ ਕਰ ਰਹੇ ਸਨ।"

ਪੰਚਕੂਲਾ ਦੇ ਡਿਪਟੀ ਕਮਿਸ਼ਨਰ ਆਫ਼ ਪੁਲਿਸ ਹਿਮਾਦਰੀ ਕੌਸ਼ਿਕ ਨੇ ਕਿਹਾ, "ਪਹਿਲੀ ਨਜ਼ਰ ਵਿਚ ਇਹ ਖੁਦਕੁਸ਼ੀ ਦਾ ਮਾਮਲਾ ਜਾਪਦਾ ਹੈ। ਹਾਲਾਂਕਿ, ਹੋਰ ਜਾਂਚ ਜਾਰੀ ਹੈ।'' ਡੀਸੀਪੀ (ਕਰਾਈਮ) ਅਮਿਤ ਦਹੀਆ ਨੇ ਕਿਹਾ, "ਇਸ ਸਮੇਂ ਅਸੀਂ ਸਾਰੇ ਪਹਿਲੂਆਂ ਤੋਂ ਮਾਮਲੇ ਦੀ ਜਾਂਚ ਕਰ ਰਹੇ ਹਾਂ। ਇਲਾਕੇ ਦੇ ਲੋਕਾਂ ਤੋਂ ਪੁੱਛਗਿੱਛ ਕਰ ਰਹੇ ਹਾਂ ਅਤੇ ਸੀਸੀਟੀਵੀ ਫੁਟੇਜ ਖੰਗਾਲ ਰਹੇ ਹਾਂ।' ਉਨ੍ਹਾਂ ਨੇ ਕਿਹਾ ਕਿ ਪੁਲਿਸ ਪਰਿਵਾਰ ਦੇ ਸੋਸ਼ਲ ਮੀਡੀਆ ਖਾਤਿਆਂ ਅਤੇ ਉਨ੍ਹਾਂ ਦੇ ਬੈਂਕ ਲੈਣ-ਦੇਣ ਦੀ ਵੀ ਜਾਂਚ ਕਰ ਰਹੀ ਹੈ।

ਪ੍ਰਵੀਨ ਦੇ ਸਹੁਰੇ ਰਾਕੇਸ਼ ਨੇ ਪੰਚਕੂਲਾ ਵਿੱਚ ਪੱਤਰਕਾਰਾਂ ਨੂੰ ਦੱਸਿਆ ਕਿ ਉਨ੍ਹਾਂ ਨੂੰ ਘਟਨਾ ਬਾਰੇ ਉਦੋਂ ਪਤਾ ਲੱਗਾ ਜਦੋਂ ਪੁਲਿਸ ਸਵੇਰੇ 4 ਵਜੇ ਪਿੰਜੌਰ ਵਿੱਚ ਉਨ੍ਹਾਂ ਦੇ ਘਰ ਪਹੁੰਚੀ। ਉਨ੍ਹਾਂ ਦੱਸਿਆ ਕਿ ਪਰਿਵਾਰ ਪੰਚਕੂਲਾ ਦੇ ਸਕੇਤੜੀ ਇਲਾਕੇ ਵਿੱਚ ਰਹਿ ਰਿਹਾ ਸੀ।

ਲੁਧਿਆਣਾ ਦੇ ਰਹਿਣ ਵਾਲੇ ਸੰਦੀਪ ਅਗਰਵਾਲ ਨੇ ਖ਼ਬਰ ਏਜੰਸੀ ਪੀਟੀਆਈ ਨੂੰ ਦੱਸਿਆ ਕਿ ਉਸ ਦਾ ਚਚੇਰਾ ਭਰਾ ਪ੍ਰਵੀਨ ਮਿੱਤਲ ਵਿੱਤੀ ਤੌਰ 'ਤੇ ਠੀਕ ਨਹੀਂ ਸੀ ਅਤੇ ਜਦੋਂ ਵੀ ਉਹ ਮਦਦ ਦੀ ਪੇਸ਼ਕਸ਼ ਕਰਦਾ ਸੀ ਤਾਂ ਇਨਕਾਰ ਕਰ ਦਿੰਦਾ ਸੀ। ਉਸ ਨੇ ਦੱਸਿਆ ਕਿ ਮਿੱਤਲ ਗੁਜ਼ਾਰਾ ਕਰਨ ਲਈ ਟੈਕਸੀ ਚਲਾ ਰਿਹਾ ਸੀ। ਸੰਦੀਪ ਨੇ ਦੱਸਿਆ, "ਇੱਕ ਸਮੇਂ ਮਿੱਤਲ 'ਤੇ ਕਰੀਬ 15 ਤੋਂ 20 ਕਰੋੜ ਰੁਪਏ ਦਾ ਕਰਜ਼ਾ ਸੀ ਪਰ ਇਹ ਇੱਕ ਪੁਰਾਣਾ ਮਾਮਲਾ ਸੀ ਅਤੇ ਕਰਜ਼ੇ ਦਾ ਨਿਪਟਾਰਾ ਕਰਨ ਲਈ ਜੋ ਵੀ ਉਸ ਕੋਲ ਸੀ, ਜ਼ਬਤ ਕਰ ਲਿਆ ਸੀ। ਡੀਸੀਪੀ ਦਹੀਆ ਨੇ ਕਿਹਾ ਕਿ ਪੰਜ ਪੁਲਿਸ ਟੀਮਾਂ ਬਣਾਈਆਂ ਗਈਆਂ ਹਨ, ਜਿਨ੍ਹਾਂ ਵਿਚੋਂ ਦੋ ਨੂੰ ਦੇਹਰਾਦੂਨ ਅਤੇ ਪਿੰਜੌਰ ਜਾਂਚ ਕਰਨ ਲਈ ਭੇਜਿਆ ਗਿਆ ਹੈ।

## ਬੀ.ਬੀ.ਐਮ.ਬੀ. 'ਚ ਆਪਹੁਦਰੇ ਢੰਗ ਨਾਲ

ਮੁਤਾਬਕ ਹੋਣਾ ਚਾਹੀਦਾ ਹੈ। ਇਸ ਦੀ ਮਿਸਾਲ ਦਿੰਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਬੀ.ਬੀ.ਐਮ.ਬੀ. ਵਿੱਚ ਪੰਜਾਬ ਦਾ 60 ਫੀਸਦੀ ਹਿੱਸਾ ਹੈ ਪਰ ਇਸ ਨੂੰ ਵੋਟ ਦਾ ਹੱਕ ਹਰਿਆਣਾ ਤੇ ਰਾਜਸਥਾਨ ਦੇ ਬਰਾਬਰ ਹੈ ਜਦਕਿ ਇਨ੍ਹਾਂ ਦੋਵਾਂ ਸੂਬਿਆਂ ਦਾ 40 ਫੀਸਦੀ ਹਿੱਸਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਕਿੰਨੀ ਅਜੀਬ ਗੱਲ ਹੈ ਕਿ 40 ਫ਼ੀਸਦੀ ਹਿੱਸੇ ਵਾਲੇ ਸੂਬੇ ਪੰਜਾਬ ਦੇ ਖ਼ਿਲਾਫ਼ ਕਦੇ ਵੀ ਕੋਈ ਫ਼ੈਸਲਾ ਲੈ ਸਕਦੇ ਹਨ ਜਦਕਿ ਪੰਜਾਬ ਦਾ 60 ਫੀਸਦੀ ਹਿੱਸਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਕੋਲ ਕਿਸੇ ਵੀ ਸੂਬੇ ਨੂੰ ਦੇਣ ਲਈ ਵਾਧੂ ਪਾਣੀ ਨਹੀਂ ਹੈ ਅਤੇ ਸੂਬੇ ਦੇ ਹਿੱਤਾਂ ਨੂੰ ਢਾਹ ਲਾਉਣ ਵਾਲਾ ਕੋਈ ਵੀ ਫੈਸਲਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਭਗਵੰਤ ਸਿੰਘ ਮਾਨ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਪਿਛਲੀਆਂ ਸਰਕਾਰਾਂ ਦੌਰਾਨ ਪੰਜਾਬ ਦੇ ਸਿਆਸਤਦਾਨ ਆਪਣੇ ਸੌੜੇ ਹਿੱਤਾਂ ਲਈ ਹਰਿਆਣਾ ਤੇ ਦੂਜੇ ਸੂਬਿਆਂ ਨੂੰ ਆਪਣੇ ਹਿੱਸੇ ਦਾ ਪਾਣੀ ਦਿੰਦੇ ਰਹੇ ਹਨ।

ਇਸ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਹੁਣ ਇਹ ਨਵਾਂ ਫ਼ੈਸਲਾ ਪੂਰੀ ਤਰ੍ਹਾਂ ਬਰਦਾਸ਼ਤ ਤੋਂ ਬਾਹਰ ਹੈ ਕਿਉਂਕਿ ਪੰਜਾਬ ਨੂੰ ਆਪਣੀਆਂ ਸਿੰਜਾਈ ਲੋੜਾਂ ਲਈ ਪਾਣੀ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸੂਬੇ ਸਰਕਾਰ ਨੇ ਖਾਲਿਆਂ ਅਤੇ ਕੱਸੀਆਂ ਨੂੰ ਮਜ਼ਬੂਤ ਕੀਤਾ ਹੈ ਜਿਸ ਨਾਲ ਪਿਛਲੇ ਸਾਲਾਂ ਦੇ ਮੁਕਾਬਲੇ ਪੰਜਾਬ ਨੂੰ ਹੋਰ ਨਹਿਰੀ ਪਾਣੀ ਦੀ ਲੋੜ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕਿਸੇ ਹੋਰ ਸੂਬੇ ਨਾਲ ਪਾਣੀ ਸਾਂਝਾ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਇਕ ਹੋਰ ਸਵਾਲ ਦਾ ਜਵਾਬ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਅੰਮ੍ਰਿਤਸਰ ਵਿਖੇ ਹੋਏ ਧਮਾਕੇ ਦੀ ਘਟਨਾ ਦੀ ਜਾਂਚ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਘਿਨਾਉਣੇ ਅਪਰਾਧ ਵਿੱਚ ਪਾਏ ਗਏ ਦੋਸ਼ੀਆਂ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਕਾਨੂੰਨ ਅਨੁਸਾਰ ਸਖਤ ਕਾਰਵਾਈ ਕੀਤੀ ਜਾਵੇਗੀ। ਭਗਵੰਤ ਸਿੰਘ ਮਾਨ ਨੇ ਦੁਹਰਾਇਆ ਕਿ ਸੂਬੇ ਵਿੱਚ ਕਰੜੀ ਘਾਲਣਾ ਕਰਕੇ ਹਾਸਲ ਕੀਤੀ ਅਮਨ-ਸ਼ਾਂਤੀ ਨੂੰ ਭੰਗ ਕਰਨ ਦੀ ਹਰਗਿਜ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

## ਬਿਨਾਂ ਸਕੂਲ ਨੂੰ ਦੱਸੇ ਕੋਰਸ ਛੱਡਣ

ਬਚਣ ਲਈ ਆਪਣੀ ਵਿਦਿਆਰਥੀ ਸਥਿਤੀ ਨੂੰ ਪਹਿਲਾਂ ਵਾਂਗ ਬਣਾਈ ਰੱਖੋ।'

ਜ਼ਿਕਰਯੋਗ ਹੈ ਟਰੰਪ ਪ੍ਰਸ਼ਾਸਨ ਅਮਰੀਕਾ ਵੀਜ਼ਾ ਨਿਯਮਾਂ ਨੂੰ ਲੈ ਕੇ ਸਖਤ ਹੋ ਗਿਆ ਹੈ ਤੇ ਵੀਜ਼ਾ ਸ਼ਰਤਾਂ ਲਈ ਨਿਤ ਨਵੇਂ ਨਿਰਦੇਸ਼ ਜਾਰੀ ਹੋ ਰਹੇ ਹਨ ਜਿਸ ਕਾਰਨ ਅਮਰੀਕਾ ਵਿਚ ਪੜ੍ਹਨ ਆਉਣ ਵਾਲੇ ਬਹੁਤ ਸਾਰੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਦੇਸ਼ ਵਾਪਸ ਭੇਜੇ ਜਾਣ ਦਾ ਖ਼ਤਰਾ ਪੈਦਾ ਹੋ ਗਿਆ ਹੈ। ਇਸ ਤੋਂ ਕੁਝ ਦਿਨ ਪਹਿਲਾਂ ਟਰੰਪ ਪ੍ਰਸ਼ਾਸਨ ਨੇ ਇਕ ਯੂਨੀਵਰਸਿਟੀ ਨੂੰ ਆਪਣੇ ਅੰਤਰਰਾਸ਼ਟਰੀ ਸਟੂਡੈਂਟ ਪ੍ਰੋਗਰਾਮ ਨੂੰ ਰੱਦ ਕਰਨ ਲਈ ਕਿਹਾ ਸੀ।

## ਪੰਜਾਬ 'ਚ ਆਇਆ ਕੋਰੋਨਾ ਦਾ ਦੂਜਾ ਮਾਮਲਾ

ਤੁਰੰਤ ਕਾਰਵਾਈ ਕੀਤੀ ਅਤੇ ਨੌਜਵਾਨ ਨੂੰ ਘਰ ਵਿੱਚ ਆਈਸੋਲੇਸ਼ਨ ਵਿੱਚ ਰੱਖਿਆ। ਉਸ ਦਾ ਇਲਾਜ ਜਾਰੀ ਹੈ। ਸਿਹਤ ਵਿਭਾਗ ਦੇ ਅਧਿਕਾਰੀਆਂ ਨੇ ਕਿਹਾ ਕਿ ਘਬਰਾਉਣ ਦੀ ਕੋਈ ਲੋੜ ਨਹੀਂ ਹੈ ਹਾਲਾਂਕਿ, ਸਾਵਧਾਨ ਰਹਿਣਾ ਜ਼ਰੂਰੀ ਹੈ। ਉਨ੍ਹਾਂ ਲੋਕਾਂ ਨੂੰ ਸੁਚੇਤ ਰਹਿਣ ਅਤੇ ਸਮਾਜਿਕ ਦੂਰੀ ਬਣਾਈ ਰੱਖਣ ਦੀ ਸਲਾਹ ਦਿੱਤੀ ਹੈ। ਸਿਹਤ ਵਿਭਾਗ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ ਲਈ ਵੀ ਕਿਹਾ। ਵਿਭਾਗ ਉਨ੍ਹਾਂ ਲੋਕਾਂ ਦੀ ਪਛਾਣ ਕਰ ਰਿਹਾ ਹੈ ਜੋ ਨੌਜਵਾਨ ਦੇ ਸੰਪਰਕ ਵਿੱਚ ਆਏ ਸਨ। ਇਨ੍ਹਾਂ ਸਾਰਿਆਂ ਦੀ ਜਾਂਚ ਕੀਤੀ ਜਾਵੇਗੀ। ਦੱਸ ਦੇਈਏ ਕਿ ਇਸ ਤੋਂ ਪਹਿਲਾਂ ਮੋਹਾਲੀ ਤੇ ਅੰਮ੍ਰਿਤਸਰ ਵਿਚ ਵੀ ਕੋਰੋਨਾ ਦਾ ਇੱਕ-ਇੱਕ ਮਰੀਜ਼ ਸਾਹਮਣੇ ਆਇਆ ਹੈ। ਮੋਹਾਲੀ ਵਿਚ ਹਰਿਆਣਾ ਤੋਂ ਆਈ ਇੱਕ 51 ਸਾਲਾਂ ਔਰਤ ਕੋਰੋਨਾ ਪਾਜ਼ੀਟਿਵ ਪਾਈ ਗਈ। ਉਹ ਯਮੁਨਾਨਗਰ ਤੋਂ ਪੰਜਾਬ ਵਿਚ ਇੱਕ ਡੇਰੇ ਦੇ ਧਾਰਮਿਕ ਸਮਾਗਮ ਵਿਚ ਹਿੱਸਾ ਲੈਣ ਆਈ ਸੀ ਜਦਕਿ ਅੰਮ੍ਰਿਤਸਰ ਵਿਚ ਇੱਕ ਸਰਕਾਰੀ ਮੈਡੀਕਲ ਕਾਲਜ ਦੇ ਇੱਕ ਵਿਦਿਆਰਥੀ ਨੇ ਪ੍ਰੈਕਟੀਕਲ ਲਈ ਇੱਕ ਮਰੀਜ਼ ਦਾ ਸੈਂਪਲ ਲਿਆ ਸੀ। ਜਦੋਂ ਇਸ ਸੈਂਪਲ ਦੀ ਜਾਂਚ ਕੀਤੀ ਗਈ ਤਾਂ ਰਿਪੋਰਟ ਕੋਰੋਨਾ ਪਾਜ਼ੀਟਿਵ ਆਈ। ਮਰੀਜ਼ ਨੂੰ ਆਈਸੋਲੇਟ ਕਰ ਦਿੱਤਾ ਗਿਆ ਹੈ। ਹਾਲਾਂਕਿ ਮਰੀਜ਼ ਦੀ ਪਛਾਣ ਨਹੀਂ ਦੱਸੀ ਗਈ।

## ਦੇਸ਼ 'ਚ ਬਣਨਗੇ 5ਵੀਂ ਪੀੜ੍ਹੀ ਦੇ ਸਟੀਲਥ

ਉੱਨਤ 'ਸਟੀਲਥ' (ਅਜਿਹੇ ਜਹਾਜ਼ ਜਿਨ੍ਹਾਂ ਦੀ ਹਵਾਈ ਖੇਤਰ 'ਚ ਮੌਜੂਦਗੀ ਦਾ ਪਤਾ ਲਾਉਣਾ ਮੁਸ਼ਕਿਲ ਹੁੰਦਾ ਹੈ) ਵਿਸ਼ੇਸ਼ਤਾਵਾਂ ਵਾਲੇ ਅਤੇ ਦੁਸ਼ਮਣ ਦੇ ਖੇਤਰ ਦੇ ਅੰਦਰ ਤੱਕ ਜਾ ਕੇ ਟੀਚੇ ਨੂੰ ਹਾਸਲ ਕਰਨ ਵਾਲੇ ਦਰਮਿਆਨੇ ਭਾਰ ਵਾਲੇ ਜੰਗੀ ਜਹਾਜ਼ ਬਣਾਉਣ ਦੇ ਅਭਿਲਾਸ਼ੀ ਪ੍ਰਾਜੈਕਟ ਏ.ਐੱਮ.ਸੀ.ਏ. 'ਤੇ ਕੰਮ ਕਰ ਰਿਹਾ ਹੈ। ਇਸ ਪ੍ਰਾਜੈਕਟ ਦੀ ਸ਼ੁਰੂਆਤੀ ਵਿਕਾਸ ਲਾਗਤ ਲੱਗਭਗ 15,000 ਕਰੋੜ ਰੁਪਏ ਦੱਸੀ ਗਈ ਹੈ। ਹਲਕੇ ਲੜਾਕੂ ਜਹਾਜ਼ ਵਿਕਸਿਤ ਕਰਨ ਤੋਂ ਬਾਅਦ ਏ.ਐੱਮ.ਸੀ.ਏ. ਵਿਕਸਿਤ ਕਰਨ ਨੂੰ ਲੈ ਕੇ ਭਾਰਤ ਦਾ ਵਿਸ਼ਵਾਸ ਕਾਫ਼ੀ ਵਧ ਗਿਆ ਹੈ।

## ਕੇਂਦਰ ਨੇ ਬੀ.ਬੀ.ਐਮ.ਬੀ. 'ਚ ਨਾਰਾ ਨੂੰ ਸੌਂਪਿਆ ਮੈਂਬਰ

ਵਾਧੂ ਚਾਰਜ ਸੌਂਪਿਆ ਗਿਆ ਹੈ। ਇਹ ਨਿਯੁਕਤੀ ਬਿਜਲੀ ਮੰਤਰਾਲੇ ਦੇ ਪ੍ਰਸਤਾਵ 'ਤੇ ਅਧਾਰਤ ਹੈ, ਜਿਸ ਨੂੰ ਕੇਂਦਰ ਸਰਕਾਰ ਦੀ ਕੈਬਨਿਟ ਨਿਯੁਕਤੀਆਂ ਕਮੇਟੀ ਨੇ ਮਨਜ਼ੂਰੀ ਦੇ ਦਿੱਤੀ ਹੈ। ਇਹ ਚਾਰਜ 6 ਮਹੀਨਿਆਂ ਦੀ ਮਿਆਦ ਲਈ, ਜਾਂ ਨਿਯਮਤ ਨਿਯੁਕਤੀ ਹੋਣ ਤੱਕ, ਜਾਂ ਆਦੇਸ਼ਾਂ ਤੋਂ ਅਗਲੇ ਨਿਰਦੇਸ਼ਾਂ ਤੱਕ ਪ੍ਰਭਾਵੀ ਰਹੇਗਾ। ਬੀ.ਐੱਸ. ਨਾਰਾ ਦੇ ਇਸ ਜ਼ਿੰਮੇਵਾਰੀ ਨੂੰ ਸੰਭਾਲਣ ਨਾਲ ਸਿੰਚਾਈ ਕਾਰਜਾਂ ਵਿੱਚ ਬੀ.ਬੀ.ਐਮ.ਬੀ. ਦੇ ਤਜ਼ਰਬੇ ਅਤੇ ਅਗਵਾਈ ਨੂੰ ਮਜ਼ਬੂਤੀ ਮਿਲਣ ਦੀ ਉਮੀਦ ਹੈ। ਬੀ.ਐੱਸ. ਨਾਰਾ ਹਰਿਆਣਾ ਦੇ ਇੱਕ ਸੀਨੀਅਰ ਅਤੇ ਤਜਰਬੇਕਾਰ ਇੰਜੀਨੀਅਰ ਹਨ ਅਤੇ ਉਨ੍ਹਾਂ ਨੇ ਵੱਖ-ਵੱਖ ਤਕਨੀਕੀ ਅਤੇ ਪ੍ਰਸ਼ਾਸਕੀ ਜ਼ਿੰਮੇਵਾਰੀਆਂ ਨੂੰ ਸਫ਼ਲਤਾਪੂਰਵਕ ਨਿਭਾਇਆ ਹੈ। ਇਸ ਫੈਸਲੇ ਨੂੰ ਸਿੰਚਾਈ ਪ੍ਰਬੰਧਨ ਦੀ ਨਿਰੰਤਰਤਾ ਅਤੇ ਕੁਸ਼ਲਤਾ ਬਣਾਈ ਰੱਖਣ ਵੱਲ ਇੱਕ ਮਹੱਤਵਪੂਰਨ ਕਦਮ ਮੰਨਿਆ ਜਾ ਰਿਹਾ ਹੈ। ਬੀ.ਐੱਸ. ਨਾਰਾ ਇਸ ਸਮੇਂ ਬੀ.ਬੀ.ਐਮ.ਬੀ. ਵਿੱਚ ਮੁੱਖ ਇੰਜੀਨੀਅਰ ਵਜੋਂ ਕੰਮ ਕਰ ਰਹੇ ਹਨ ਅਤੇ ਹੁਣ ਉਹ ਇਸ ਵਾਧੂ ਜ਼ਿੰਮੇਵਾਰੀ ਨਾਲ ਬੋਰਡ ਦੇ ਸੀਨੀਅਰ ਇੰਜੀਨੀਅਰ ਵਜੋਂ ਅਹੁਦਾ ਸੰਭਾਲਣਗੇ।

## ਸੈਪਟਿਕ ਟੈਂਕ 'ਚੋਂ ਸੋਨਾ ਕੱਢਣ ਗਏ 4 ਮਜ਼ਦੂਰਾਂ ਦੀ

ਅਹਾਤੇ ਵਿੱਚ 10 ਫੁੱਟ ਡੂੰਘਾ ਸੈਪਟਿਕ ਟੈਂਕ ਹੈ ਜਿੱਥੇ ਕੂੜਾ ਇਕੱਠਾ ਕੀਤਾ ਜਾਂਦਾ ਹੈ। ਇਸ ਸੈਪਟਿਕ ਟੈਂਕ ਨੂੰ ਹਰ ਡੇਢ ਤੋਂ ਦੋ ਮਹੀਨਿਆਂ ਬਾਅਦ ਖਾਲੀ ਕੀਤਾ ਜਾਂਦਾ ਹੈ। ਮਲਬੇ ਵਿੱਚ ਕੁਝ ਸੋਨੇ ਦੇ ਕਣ ਮਿਲਿਆ ਹੈ। ਅਜਿਹੀ ਸਥਿਤੀ ਵਿੱਚ, ਜਦੋਂ ਵੀ ਸੈਪਟਿਕ ਟੈਂਕ ਖਾਲੀ ਕੀਤਾ ਜਾਂਦਾ ਹੈ, ਮਲਬਾ ਫਿਲਟਰ ਹੋ ਜਾਂਦਾ ਹੈ। ਇਸ ਸੈਪਟਿਕ ਟੈਂਕ ਨੂੰ ਸੋਮਵਾਰ ਦੇਰ ਸ਼ਾਮ ਖਾਲੀ ਕੀਤਾ ਜਾ ਰਿਹਾ ਸੀ। ਕੁੱਲ ਅੱਠ ਕਾਮੇ ਸੈਪਟਿਕ ਟੈਂਕ ਵਿੱਚ ਉਤਰੇ। ਇਸ ਤੋਂ ਥੋੜ੍ਹੀ ਦੇਰ ਬਾਅਦ, ਚਾਰ ਮਜ਼ਦੂਰਾਂ ਦੀ ਦਮ ਘੁੱਟਣ ਕਾਰਨ ਮੌਤ ਹੋ ਗਈ ਜਦੋਂ ਕਿ ਦੋ ਬੇਹੋਸ਼ ਹੋ ਗਏ। ਸਾਰੇ ਮ੍ਰਿਤਕ ਉੱਤਰ ਪ੍ਰਦੇਸ਼ ਦੇ ਰਹਿਣ ਵਾਲੇ ਹਨ। ਇਨ੍ਹਾਂ ਵਿੱਚ ਸੰਜੀਵ ਪਾਲ, ਰੋਹਿਤ ਪਾਲ, ਅਰਪਿਤ ਯਾਦਵ ਅਤੇ ਹਿਮਾਂਸ਼ੂ ਸਿੰਘ ਸ਼ਾਮਲ ਹਨ।

## ਕੈਨੇਡਾ 'ਚ 30 ਹਜ਼ਾਰ ਪ੍ਰਵਾਸੀਆਂ

ਕਿਸੇ ਤਰ੍ਹਾਂ ਦੀ ਅਪੀਲ ਦਾ ਹੱਕ ਨਹੀਂ ਰਹਿ ਗਿਆ, ਜਿਸ ਕਰ ਕੇ ਉਨ੍ਹਾਂ ਦੇ ਦੇਸ਼ ਨਿਕਾਲੇ (ਡਿਪੋਰਟੇਸ਼ਨ) ਵਿੱਚ ਤੇਜ਼ੀ ਲਿਆਂਦੀ ਜਾ ਰਹੀ ਹੈ। ਏਜੰਸੀ ਨੇ ਸਪੱਸ਼ਟ ਕੀਤਾ ਹੈ ਕਿ ਜਿਨ੍ਹਾਂ ਲੋਕਾਂ ਨੂੰ ਡਿਪੋਰਟ ਕੀਤਾ ਜਾ ਰਿਹਾ ਹੈ, ਉਨ੍ਹਾਂ 'ਚੋਂ ਜੇਕਰ ਕੋਈ ਫਿਰ ਤੋਂ ਵੀਜ਼ਾ ਲਈ ਅਰਜ਼ੀ ਦੇਵੇਗਾ ਤਾਂ ਉਸ ਨੂੰ ਪਹਿਲਾਂ ਉਸ ਦੇ ਵਾਪਸ ਭੇਜਣ 'ਤੇ ਸਰਕਾਰ ਵੱਲੋਂ ਕੀਤੇ ਖਰਚ ਦੀ ਰਕਮ ਵਜੋਂ 3800 ਡਾਲਰ ਦਾ ਭੁਗਤਾਨ ਕਰਨਾ ਪਏਗਾ ਪਰ ਜੇਕਰ ਕਿਸੇ ਨੂੰ ਵਿਸ਼ੇਸ਼ (ਐਸਕੋਰਟ ਕਰ ਕੇ) ਸਹੂਲਤ ਨਾਲ ਵਾਪਸ ਭੇਜਿਆ ਗਿਆ ਹੋਏ ਤਾਂ ਉਸ ਨੂੰ 12,800 ਡਾਲਰ ਭਰਨੇ ਪੈਣਗੇ ਅਤੇ ਵੀਜ਼ਾ ਅਰਜ਼ੀ ਰੱਦ ਹੋਣ 'ਤੇ ਵੀ ਇਹ ਪੈਸੇ ਵਾਪਸ ਨਹੀਂ ਹੋਣਗੇ। ਏਜੰਸੀ ਸੂਤਰਾਂ ਅਨੁਸਾਰ ਪਿਛਲੇ ਤਿੰਨ ਕੁ ਸਾਲਾਂ ਵਿੱਚ ਪਨਾਹ (ਸ਼ਰਨ) ਮੰਗਣ ਵਾਲਿਆਂ ਦੀ ਗਿਣਤੀ 'ਚ ਅਥਾਹ ਵਾਧਾ ਹੋਇਆ ਹੈ। 2024 ਦੌਰਾਨ 20 ਹਜ਼ਾਰ ਤੋਂ ਵੱਧ ਰਾਜਸੀ ਸ਼ਰਨ ਦੀਆਂ ਅਰਜ਼ੀਆਂ ਦਾਖਲ ਹੋਈਆਂ, ਜੋ 2019 ਸਾਲ ਦੇ ਅੰਕੜੇ ਤੋਂ 615 ਫ਼ੀਸਦੀ ਵੱਧ ਹਨ। ਚਾਲੂ ਸਾਲ ਦੀ ਪਹਿਲੀ ਤਿਮਾਹੀ ਦੌਰਾਨ ਸਾਢੇ 5 ਹਜ਼ਾਰ ਲੋਕਾਂ ਨੇ ਪਨਾਹ ਦੀਆਂ ਅਰਜ਼ੀਆਂ ਭਰ ਕੇ ਰਿਕਾਰਡ ਤੋੜ ਦਿੱਤੇ ਹਨ। ਸੂਤਰਾਂ ਨੇ ਦੱਸਿਆ ਕਿ ਹੁਣ ਰਾਜਸੀ ਸ਼ਰਨ ਵਾਲੀਆਂ ਅਰਜ਼ੀਆਂ ਦਾ ਨਿਬੇੜਾ ਤੇਜ਼ੀ ਨਾਲ ਕੀਤਾ ਜਾ ਰਿਹਾ ਹੈ ਕਿਉਂਕਿ ਇਨ੍ਹਾਂ ਵਿੱਚੋਂ 98-99 ਫੀਸਦੀ ਅਰਜ਼ੀਆਂ ਦੇ ਦਾਅਵੇ ਝੂਠੇ ਸਾਬਤ ਹੋ ਰਹੇ ਹਨ। ਨਵੀਂ ਫੈਡਰਲ ਸਰਕਾਰ ਬਣਨ ਮਗਰੋਂ ਅਵਾਸ ਵਿਭਾਗ ਹੋਰ ਸਖ਼ਤ ਹੋ ਗਿਆ ਹੈ ਅਤੇ ਕਿਸੇ ਤਰਾਂ ਦੀ ਗਲਤੀ ਤੇ ਲਾਪ੍ਰਵਾਹੀ ਤੋਂ ਬਚਣ ਲੱਗਾ ਹੈ।

## 'ਰਿਸ਼ਵਤ ਦੇ ਦੋਸ਼ ਸਿੱਧ ਕਰਨ ਲਈ ਸਿਰਫ਼ ਦਾਗ਼ੀ ਪੈਸੇ ਦੀ

ਸੇਵਕ ਨੂੰ ਬਰੀ ਕਰ ਦਿਤਾ ਜਿਸ 'ਤੇ ਜਾਤੀ ਸਰਟੀਫ਼ਿਕੇਟ ਅੱਗੇ ਭੇਜਣ ਲਈ ਇਕ ਸਕੂਲ ਅਧਿਆਪਕ ਤੋਂ 1,500 ਰੁਪਏ ਦੀ ਰਿਸ਼ਵਤ ਮੰਗਣ ਦਾ ਦੋਸ਼ ਸੀ, ਇਹ ਪਾਇਆ ਗਿਆ ਕਿ ਮੰਗ ਦਾ ਤੱਤ ਸਥਾਪਤ ਨਹੀਂ ਹੋਇਆ ਸੀ, ਇਸ ਤੱਥ ਦੇ ਬਾਵਜੂਦ ਕਿ ਹੋਰ ਦੋ ਭਾਗ- ਦਾਗੀ ਪੈਸੇ ਦੀ ਸਵੀਕ੍ਰਿਤੀ ਅਤੇ ਵਸੂਲੀ- ਸਾਬਤ ਹੋ ਗਏ ਸਨ। ਅਦਾਲਤ ਨੇ ਕਿਹਾ,÷ਇਸ ਹੱਦ ਤੱਕ ਹਾਈ ਕੋਰਟ ਅਪਣੇ ਨਿਰੀਖਣ ਵਿਚ ਸਹੀ ਹੈ ਕਿ ਸਿਰਫ਼ ਇਸ ਲਈ ਕਿਉਂਕਿ ਮੌਜੂਦਾ ਮਾਮਲਿਆਂ ਵਿਚ ਪੈਸੇ ਦਾ ਲੈਣ-ਦੇਣ ਹੋਇਆ ਹੈ, ਇਹ ਆਪਣੇ-ਆਪ ਹੀ ਇਹ ਨਹੀਂ ਮੰਨਿਆ ਜਾ ਸਕਦਾ ਕਿ ਇਹ ਇਕ ਮੰਗ ਦੇ ਨਤੀਜੇ ਵਜੋਂ ਹੋਇਆ ਹੈ ਕਿਉਂਕਿ ਕਾਨੂੰਨ ਅਨੁਸਾਰ ਐਕਟ ਦੇ ਤਹਿਤ ਦੋਸ਼ੀ ਠਹਿਰਾਉਣ ਲਈ, ਮੰਗ, ਸਵੀਕ੍ਰਿਤੀ ਅਤੇ ਵਸੂਲੀ ਨਾਲ ਸ਼ੁਰੂ ਹੋਣ ਵਾਲੀ ਪੂਰੀ ਲੜੀ ਨੂੰ ਪੂਰਾ ਕਰਨਾ ਲਾਜ਼ਮੀ ਹੈ। ਇਸ ਸਥਿਤੀ ਵਿਚ ਜਦੋਂ ਸ਼ੁਰੂਆਤੀ ਮੰਗ ਖੁਦ ਸ਼ੱਕੀ ਹੈ, ਭਾਵੇਂ ਭੁਗਤਾਨ ਅਤੇ ਵਸੂਲੀ ਦੇ ਹੋਰ ਦੋ ਹਿੱਸੇ ਸਾਬਤ ਹੋ ਜਾਣ, ਤਾਂ ਲੜੀ ਪੂਰੀ ਨਹੀਂ ਹੋਵੇਗੀ।' ਇਹ ਇਕ ਅਜਿਹਾ ਮਾਮਲਾ ਸੀ ਜਿਸ ਵਿਚ ਜਵਾਬਦੇਹ 'ਤੇ ਸ਼ਿਕਾਇਤਕਰਤਾ (ਅਧਿਆਪਕ) ਤੋਂ ਜਾਤੀ ਵੈਧਤਾ ਸਰਟੀਫ਼ਿਕੇਟ ਰਿਪੋਰਟ ਅੱਗੇ ਭੇਜਣ ਲਈ ਰਿਸ਼ਵਤ ਮੰਗਣ ਦਾ ਦੋਸ਼ ਲਗਾਇਆ ਗਿਆ ਸੀ। ਇਕ ਜਾਲ ਵਿਛਾਇਆ ਗਿਆ ਅਤੇ ਦੋਸ਼ੀ ਤੋਂ ਦਾਗੀ ਵਸੂਲੀ ਬਰਾਮਦ ਕੀਤੀ ਗਈ। ਮੁਦਾਲੇ ਨੇ ਦਾਅਵਾ ਕੀਤਾ ਕਿ ਇਹ ਪੈਸੇ ਇਕ ਨਿੱਜੀ ਕਰਜ਼ੇ ਦੀ ਅਦਾਇਗੀ ਸਨ। ਹੇਠਲੀ ਅਦਾਲਤ ਨੇ ਉਸ ਨੂੰ ਦੋਸ਼ੀ ਠਹਿਰਾਇਆ ਪਰ ਹਾਈ ਕੋਰਟ ਨੇ ਉਸ ਨੂੰ ਬਰੀ ਕਰ ਦਿਤਾ, ਸ਼ਿਕਾਇਤਕਰਤਾ ਦੀ ਭਰੋਸੇਯੋਗਤਾ ਅਤੇ ਮੰਗੇ ਗਏ ਸਬੂਤਾਂ 'ਤੇ ਸ਼ੱਕ ਜਤਾਇਆ। ਹਾਈ ਕੋਰਟ ਦੇ ਫ਼ੈਸਲੇ ਦੀ ਪੁਸ਼ਟੀ ਕਰਦੇ ਹੋਏ, ਜਸਟਿਸ ਅਹਿਸਾਨੁਦੀਨ ਅਮਾਨਉੱਲਾ ਦੁਆਰਾ ਲਿਖੇ ਗਏ ਫ਼ੈਸਲੇ ਵਿਚ ਜ਼ੋਰ ਦਿਤਾ ਗਿਆ ਕਿ ਜਦੋਂ ਤਕ ਇਸਤਗਾਸਾ ਮੰਗ ਅਤੇ ਸਵੀਕ੍ਰਿਤੀ ਨੂੰ ਜੋੜਨ ਵਾਲੀਆਂ ਘਟਨਾਵਾਂ ਦੀ ਪੂਰੀ ਲੜੀ ਸਥਾਪਤ ਨਹੀਂ ਕਰਦਾ, ਸਿਰਫ਼ ਦਾਗੀ ਪੈਸੇ ਦੀ ਵਸੂਲੀ ਦੋਸ਼ੀ ਨੂੰ ਦੋਸ਼ੀ ਠਹਿਰਾਉਣ ਲਈ ਕਾਫ਼ੀ ਨਹੀਂ ਹੈ ਕਿਉਂਕਿ ਦੋਸ਼ੀ ਦਾ ਕੋਈ ਧਾਰਨਾ ਨਹੀਂ ਬਣਦੀ ਜਿਸ ਨੂੰ ਦੋਸ਼ੀ ਰੱਦ ਕਰ ਸਕੇ ਕਿਉਂਕਿ ਮੰਗ ਦੀ ਹਕੀਕਤ ਸ਼ੱਕੀ ਹੈ, ਇਸ ਲਈ ਅਦਾਲਤ ਨੇ ਇਹ ਉਚਿਤ ਸਮਝਿਆ ਕਿ ਇਸਤਗਾਸਾ ਪੱਖ ਦੇ ਕੇਸ ਨੂੰ ਗਲਤ ਸਾਬਤ ਕਰਨ ਦਾ ਭਾਰ ਦੋਸ਼ੀ 'ਤੇ ਨਾ ਪਾਇਆ ਜਾਵੇ। ਉਪਰੋਕਤ ਨੂੰ ਧਿਆਨ ਵਿਚ ਰੱਖਦੇ ਹੋਏ, ਅਦਾਲਤ ਨੇ ਅਪੀਲ ਖਾਰਜ ਕਰ ਦਿਤੀ ਅਤੇ ਬਰੀ ਕੀਤੇ ਜਾਣ ਨੂੰ ਬਰਕਰਾਰ ਰੱਖਿਆ।

**ਚੜ੍ਹਦੀਕਲਾ**
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi
PRGI (RNI) Regd. No. 22972/1972

# 'ਯੁੱਧ ਨਸ਼ਿਆਂ ਵਿਰੁੱਧ' ਦੇ 87ਵੇਂ ਦਿਨ ਪੰਜਾਬ ਪੁਲਿਸ ਵੱਲੋਂ 127 ਨਸ਼ਾ ਤਸਕਰ ਗ੍ਰਿਫ਼ਤਾਰ

ਚੰਡੀਗੜ੍ਹ, 27 ਮਈ, (ਚ.ਨ.ਸ.) : ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਵਿੱਢੇ ਗਏ "ਯੁੱਧ ਨਸ਼ਿਆਂ ਵਿਰੁੱਧ" ਦੇ 87ਵੇਂ ਦਿਨ ਪੰਜਾਬ ਪੁਲਿਸ ਨੇ ਅੱਜ 127 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 2.2 ਕਿਲੋ ਹੈਰੋਇਨ, 6.6 ਕਿਲੋ ਅਫੀਮ ਅਤੇ 1.31 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ। ਇਸ ਨਾਲ ਸਿਰਫ਼ 87 ਦਿਨਾਂ ਅੰਦਰ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 13,866 ਹੋ ਗਈ ਹੈ।

ਇਹ ਆਪ੍ਰੇਸ਼ਨ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਾਰੇ 28 ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਚਲਾਇਆ ਗਿਆ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਐਸ.ਐਸ.ਪੀਜ਼ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦੇ ਹੁਕਮ ਦਿੱਤੇ ਹਨ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ 5 ਮੈਂਬਰੀ ਕੈਬਨਿਟ ਸਬ ਕਮੇਟੀ ਵੀ ਬਣਾਈ ਗਈ ਹੈ।

ਆਪਰੇਸ਼ਨ ਦੇ ਵੇਰਵੇ ਦਿੰਦਿਆਂ ਸਪੈਸ਼ਲ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਦੱਸਿਆ ਕਿ 93 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1300 ਤੋਂ ਵੱਧ ਪੁਲਿਸ ਕਰਮਚਾਰੀਆਂ ਦੀ ਸ਼ਮੂਲੀਅਤ ਵਾਲੀਆਂ 200 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ 'ਚ 442 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਦੇ ਚਲਦਿਆਂ ਸੂਬੇ ਭਰ ਵਿੱਚ 97 ਐਫਆਈਆਰਜ਼ ਦਰਜ ਕੀਤੀਆਂ ਗਈਆਂ। ਉਨ੍ਹਾਂ ਅੱਗੇ ਕਿਹਾ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 494 ਸ਼ੱਕੀ ਵਿਅਕਤੀਆਂ ਦੀ ਜਾਂਚ ਵੀ ਕੀਤੀ।

ਸਪੈਸ਼ਲ ਡੀਜੀਪੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ 'ਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਂਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ ਇਸ ਰਣਨੀਤੀ ਦੇ ਹਿੱਸੇ ਵਜੋਂ 104 ਵਿਅਤੀਆਂ ਨੂੰ ਨਸ਼ਾ ਛੱਡਣ ਅਤੇ ਮੁੜ ਵਸੇਬੇ ਦਾ ਇਲਾਜ ਲੈਣ ਲਈ ਰਾਜ਼ੀ ਕੀਤਾ ਹੈ।

# ਕੋਵਿਡ-19 ਸ਼ੱਕੀ ਜਾਂ ਪ੍ਰਭਾਵਿਤ ਵਿਅਕਤੀ ਆਗਾਮੀ ਜ਼ਿਮਨੀ ਚੋਣਾਂ ਵਿੱਚ ਪੋਸਟ ਬੈਲਟ ਰਾਹੀਂ ਪਾ ਸਕਦੈ ਵੋਟ

ਚੰਡੀਗੜ੍ਹ/ਲੁਧਿਆਣਾ, 27 ਮਈ, (ਚ.ਨ.ਸ.) : ਭਾਰਤੀ ਚੋਣ ਕਮਿਸ਼ਨ ਵੱਲੋਂ ਲੋਕ ਪ੍ਰਤੀਨਿਧਤਾ ਐਕਟ, 1951 ਦੀ ਧਾਰਾ 60 ਦੀ ਧਾਰਾ (ਈ) ਦੇ ਉਪਬੰਧਾਂ ਮੁਤਾਬਕ ਸਪੱਸ਼ਟ ਕੀਤਾ ਗਿਆ ਹੈ ਕਿ ਸਮਰੱਥ ਅਧਿਕਾਰੀ ਵੱਲੋਂ ਪ੍ਰਮਾਣਿਤ ਕੋਵਿਡ-19 ਸ਼ੱਕੀ ਜਾਂ ਪ੍ਰਭਾਵਿਤ ਵਿਅਕਤੀ, ਜੋ ਪੋਸਟ ਬੈਲਟ ਪੇਪਰ ਰਾਹੀਂ ਵੋਟ ਪਾਉਣ ਲਈ ਅਰਜ਼ੀ ਦਿੰਦਾ ਹੈ, ਸਬੰਧਤ ਰਿਟਰਨਿੰਗ ਅਫਸਰ ਵੱਲੋਂ ਉਕਤ ਬੇਨਤੀ ਦੀ ਤਸਦੀਕ ਉਪਰੰਤ ਪੰਜਾਬ ਦੇ 64-ਲੁਧਿਆਣਾ ਪੱਛਮੀ ਵਿਧਾਨ ਸਭਾ ਹਲਕੇ ਦੀਆਂ ਮੌਜੂਦਾ ਜ਼ਿਮਨੀ ਚੋਣਾਂ ਵਿੱਚ ਪੋਸਟ ਬੈਲਟ ਰਾਹੀਂ ਆਪਣੀ ਵੋਟ ਪਾਉਣ ਵਾਲੇ ਵਰਗ ਵਿੱਚ ਸ਼ਾਮਲ ਹੋਵੇਗਾ। ਇਸ ਨੂੰ 26.05.2025 ਨੂੰ ਲੋਕ ਪ੍ਰਤੀਨਿਧਤਾ ਐਕਟ, 1951 ਦੀ ਧਾਰਾ 30 ਤਹਿਤ, ਭਾਰਤ ਸਰਕਾਰ ਦੇ ਕਾਨੂੰਨ ਅਤੇ ਨਿਆਂ ਮੰਤਰਾਲੇ ਦੇ ਨੋਟੀਫਿਕੇਸ਼ਨ ਐਸ.ਓ. ਨੰਬਰ 1964(ਈ), ਮਿਤੀ 19 ਜੂਨ, 2020 ਰਾਹੀਂ ਸੋਧੇ ਗਏ ਕੰਡੱਕਟ ਆਫ ਇਲੈਕਸ਼ਨ ਰੂਲਜ਼, 1961 ਦੇ ਭਾਗ-2ਏ ਦੇ ਉਪਬੰਧਾਂ ਮੁਤਾਬਕ ਚੋਣ ਕਮਿਸ਼ਨ ਵੱਲੋਂ ਇਸ ਵਿਸ਼ੇ 'ਤੇ ਦਿਸ਼ਾ-ਨਿਰਦੇਸ਼ਾਂ ਸਮੇਤ ਨੋਟੀਫਾਈ ਕੀਤਾ ਗਿਆ ਹੈ।

# ਹਵਾਈ ਸਫ਼ਰ ਰਾਹੀਂ ਵਿੱਦਿਅਕ ਟੂਰ ਲਾਉਣਗੇ ਸਰਕਾਰੀ ਸਕੂਲਾਂ ਦੇ ਹੋਣਹਾਰ ਵਿਦਿਆਰਥੀ : ਮੁੱਖ ਮੰਤਰੀ



ਚੰਡੀਗੜ੍ਹ, 27 ਮਈ, (ਅੰਮ੍ਰਿਤਪਾਲ ਸਿੰਘ) : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੰਗਲਵਾਰ ਨੂੰ ਵੱਖ-ਵੱਖ ਜ਼ਿਲ੍ਹਿਆਂ ਦੇ ਵਧੀਆ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਵਿੱਦਿਅਕ ਟੂਰ ਲਈ ਹਵਾਈ ਸਫ਼ਰ ਰਾਹੀਂ ਦੇਸ਼ ਦੀਆਂ ਪ੍ਰਮੁੱਖ ਵਿੱਦਿਅਕ ਸੰਸਥਾਵਾਂ ਵਿੱਚ ਭੇਜਣ ਦਾ ਐਲਾਨ ਕੀਤਾ ਤਾਂ ਜੋ ਵਿਦਿਆਰਥੀਆਂ ਦੇ ਗਿਆਨ ਦੇ ਘੇਰੇ ਨੂੰ ਵਿਸ਼ਾਲ ਕੀਤਾ ਜਾ ਸਕੇ।

ਵਿਲੱਖਣ ਪ੍ਰਾਪਤੀ ਲਈ ਵਿਦਿਆਰਥੀਆਂ ਦੀ ਪਿੱਠ ਥਾਪੜਦਿਆਂ ਮੁੱਖ ਮੰਤਰੀ ਨੇ ਲੁਧਿਆਣਾ ਨੂੰ ਛੱਡ ਕੇ ਸਾਰੇ ਜ਼ਿਲ੍ਹਿਆਂ ਦੇ ਦਸਵੀਂ ਤੇ ਬਾਰ੍ਹਵੀਂ ਦੇ ਮੈਰਿਟ ਵਿੱਚ ਆਏ ਵਿਦਿਆਰਥੀਆਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਇਹ ਸਾਰਿਆਂ ਲਈ ਮਾਣ ਅਤੇ ਤਸੱਲੀ ਦਾ ਪਲ ਹੈ। ਉਨ੍ਹਾਂ ਕਿਹਾ ਕਿ ਜਿੱਥੇ ਵਿਦਿਆਰਥੀਆਂ ਨੇ ਇਸ ਸਫ਼ਲਤਾ ਲਈ ਔਖੀ-ਔਖੀ ਰਾਤ ਤੱਕ ਮਿਹਨਤ ਕੀਤੀ ਹੈ, ਉੱਥੇ ਇਨ੍ਹਾਂ ਵਿਦਿਆਰਥੀਆਂ ਦਾ ਮਾਰਗ-ਦਰਸ਼ਨ ਕਰਨ ਵਾਲੇ ਮਾਪਿਆਂ ਅਤੇ ਅਧਿਆਪਕਾਂ ਦਾ ਯੋਗਦਾਨ ਵੀ ਘੱਟ ਨਹੀਂ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ ਇਨ੍ਹਾਂ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਨੂੰ ਮਾਨਤਾ ਦੇਣ ਲਈ ਇਸ ਤਰ੍ਹਾਂ ਦੇ ਸਮਾਗਮ ਦਾ ਪ੍ਰਬੰਧ ਕੀਤਾ ਹੈ।

ਸਾਰੇ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਨੂੰ ਵਧਾਈ ਦਿੰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਇਹ ਇਤਿਹਾਸਕ ਦਿਨ ਹੈ ਕਿਉਂਕਿ ਸੂਬੇ ਭਰ ਵਿੱਚੋਂ ਮੋਹਰੀ ਵਿਦਿਆਰਥੀ ਇੱਥੇ ਪੁੱਜੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਨੌਜਵਾਨਾਂ ਨੂੰ ਸਨਮਾਨਿਤ ਕਰਨਾ ਸੂਬਾ ਸਰਕਾਰ ਦਾ ਸੁਭਾਗ ਹੈ। ਉਨ੍ਹਾਂ ਸਾਰੇ ਅਧਿਆਪਕਾਂ ਅਤੇ ਮਾਪਿਆਂ ਦੇ ਨਾਲ-ਨਾਲ ਵਿਦਿਆਰਥੀਆਂ ਦੀ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਇਹ ਸਾਰੇ ਵਿਦਿਆਰਥੀਆਂ ਦੇ ਕਰੀਅਰ ਵਿੱਚ ਅਹਿਮ ਪਲ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਸਮਾਗਮ ਮੁੱਖ ਤੌਰ ਤੇ ਵਿਦਿਆਰਥੀਆਂ ਵਿੱਚ ਵਿਸ਼ਵਾਸ ਪੈਦਾ ਕਰਨ ਦਾ ਅਭਿਆਸ ਹੈ ਕਿਉਂਕਿ ਉਹ ਭਵਿੱਖ ਦੇ ਨੇਤਾ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੇ ਨੌਜਵਾਨਾਂ ਨੂੰ ਹਰ ਖੇਤਰ ਵਿੱਚ ਉੱਤਮਤਾ ਪ੍ਰਾਪਤ ਕਰਨ ਦਾ ਗੁਣ ਵਿਰਾਸਤ ਵਿੱਚੋਂ ਮਿਲਿਆ ਹੈ ਅਤੇ ਉਨ੍ਹਾਂ ਦੀ ਸਮਰੱਥਾ ਦੀ ਸੁਚੱਜੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀ ਅਤੇ ਨੌਜਵਾਨ ਜਹਾਜ਼ਾਂ ਵਾਂਗ ਹਨ ਅਤੇ ਸੂਬਾ ਸਰਕਾਰ ਉਨ੍ਹਾਂ ਨੂੰ ਜ਼ਿੰਦਗੀ ਵਿੱਚ ਮੱਲਾਂ ਮਾਰਨ ਲਈ ਲਾਂਚ ਪੈਡ ਪ੍ਰਦਾਨ ਕਰੇਗੀ। ਭਗਵੰਤ ਸਿੰਘ ਮਾਨ ਨੇ ਸਪੱਸ਼ਟ ਤੌਰ ਤੇ ਕਿਹਾ ਕਿ ਉਹ ਉਦੋਂ ਤੱਕ ਆਰਾਮ ਨਹੀਂ ਬੈਠਣਗੇ, ਜਦੋਂ ਤੱਕ ਪੰਜਾਬ ਦੇ ਨੌਜਵਾਨ ਆਪਣੇ ਟੀਚਿਆਂ ਨੂੰ ਸਰ ਨਹੀਂ ਕਰਦੇ ਅਤੇ ਹਰ ਖੇਤਰ ਵਿੱਚ ਸਫ਼ਲਤਾ ਪ੍ਰਾਪਤ ਨਹੀਂ ਕਰਦੇ।

ਮੁੱਖ ਮੰਤਰੀ ਨੇ ਭਰੋਸਾ ਜ਼ਾਹਰ ਕੀਤਾ ਕਿ ਪੰਜਾਬ ਵਿੱਚ ਸਿੱਖਿਆ ਖੇਤਰ ਹੁਣ ਇੱਕ ਮਹੱਤਵਪੂਰਨ ਤਬਦੀਲੀ ਵੱਲ ਵਧ ਰਿਹਾ ਹੈ, ਜਿਸ ਨਾਲ ਸਰਕਾਰੀ ਸਕੂਲਾਂ ਲਈ ਸ਼ਾਨਦਾਰ ਨਤੀਜੇ ਨਿਕਲਣਗੇ ਅਤੇ ਸਰਕਾਰ ਦੇ ਯਤਨਾਂ ਨੂੰ ਹੋਰ ਹੁਲਾਰਾ ਮਿਲੇਗਾ। ਇਸ ਤੋਂ ਪਹਿਲਾਂ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਮੁੱਖ ਮੰਤਰੀ ਅਤੇ ਹੋਰ ਪਤਵੰਤਿਆਂ ਦਾ ਸਮਾਗਮ ਵਿੱਚ ਪੁੱਜਣ ਉੱਤੇ ਸਵਾਗਤ ਕੀਤਾ।

# ਮਹਿਲਾ ਕਾਂਸਟੇਬਲ ਅਮਨਦੀਪ ਕੌਰ ਦੀ 1 ਕਰੋੜ 35 ਲੱਖ ਦੀ ਜਾਇਦਾਦ ਫ੍ਰੀਜ਼, ਅਦਾਲਤ ਨੇ ਭੇਜਿਆ ਤਿੰਨ ਦਿਨ ਦੇ ਪੁਲਿਸ ਰਿਮਾਂਡ 'ਤੇ



ਬਠਿੰਡਾ, 27 ਮਈ, (ਦੀਪਕ ਸ਼ਰਮਾ): ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦਾ ਦੋਸ਼ਾਂ ਤਹਿਤ ਵਿਜੀਲੈਂਸ ਬਿਊਰੋ, ਬਠਿੰਡਾ ਵੱਲੋਂ ਗ੍ਰਿਫਤਾਰ ਕੀਤੀ ਗਈ ਪੰਜਾਬ ਪੁਲਿਸ ਦੀ ਬਰਖ਼ਾਸਤ ਮਹਿਲਾ ਕਾਂਸਟੇਬਲ ਨੂੰ ਮੰਗਲਵਾਰ ਸਵੇਰੇ ਜ਼ਿਲ੍ਹਾ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਵਿਜੀਲੈਂਸ ਟੀਮ ਨੇ ਮੁਲਜ਼ਮ ਅਮਨਦੀਪ ਕੌਰ ਤੋਂ ਉਸਦੀ ਜਾਇਦਾਦ ਅਤੇ ਆਮਦਨ ਨਾਲ ਸਬੰਧਤ ਜਾਣਕਾਰੀ ਹਾਸਲ ਕਰਨ ਲਈ ਅਦਾਲਤ ਤੋਂ ਪੰਜ ਦਿਨ ਦਾ ਰਿਮਾਂਡ ਮੰਗਿਆ ਸੀ, ਪਰ ਅਦਾਲਤ ਨੇ ਤਿੰਨ ਦਿਨ ਦਾ ਰਿਮਾਂਡ ਦਿੱਤਾ ਹੈ।

ਹੁਣ ਵਿਜੀਲੈਂਸ ਵੱਲੋਂ ਅਮਨਦੀਪ ਕੌਰ ਨੂੰ 29 ਮਈ ਨੂੰ ਦੁਪਹਿਰ 3 ਵਜੇ ਤੋਂ ਬਾਅਦ ਅਦਾਲਤ ਵਿੱਚ ਦੁਬਾਰਾ ਪੇਸ਼ ਕੀਤਾ ਜਾਵੇਗਾ ਅਤੇ ਰਿਮਾਂਡ ਦੌਰਾਨ ਕੀਤੀ ਗਈ ਪੁੱਛਗਿੱਛ ਦੇ ਆਧਾਰ 'ਤੇ ਕਾਰਵਾਈ ਦੀ ਰਿਪੋਰਟ ਵੀ ਦਿੱਤੀ ਜਾਵੇਗੀ। ਇਸ ਦੇ ਨਾਲ ਹੀ, ਵਿਜੀਲੈਂਸ ਦੀ ਮੰਗ 'ਤੇ ਅਦਾਲਤ ਨੇ ਮੁਲਜ਼ਮ ਮਹਿਲਾ ਅਮਨਦੀਪ ਕੌਰ ਦੇ ਘਰ ਅਤੇ ਹੋਰ ਜਾਇਦਾਦਾਂ ਦੀ ਤਲਾਸ਼ੀ ਲਈ ਸਰਚ ਵਾਰੰਟ ਵੀ ਜਾਰੀ ਕੀਤੇ ਹਨ।

ਡੀਐਸਪੀ ਕੁਲਵੰਤ ਸਿੰਘ ਨੇ ਦੱਸਿਆ ਕਿ ਵਿਜੀਲੈਂਸ ਵਿਭਾਗ ਨੂੰ ਉਸ ਖ਼ਿਲਾਫ਼ ਕਈ ਸ਼ੱਕੀ ਵਿੱਤੀ ਲੈਣ-ਦੇਣ ਅਤੇ ਬੇਹਿਸਾਬੀ ਜਾਇਦਾਦਾਂ ਬਾਰੇ ਸੂਚਨਾਵਾਂ ਮਿਲੀਆਂ ਸਨ। ਜਿਸ ਤੋਂ ਬਾਅਦ ਵਿਜੀਲੈਂਸ ਟੀਮ ਨੇ ਅਮਨਦੀਪ ਕੌਰ ਦੀ ਸਾਲ 2018 ਤੋਂ ਲੈ ਕੇ 31 ਮਾਰਚ 2025 ਤੱਕ ਦੀ ਵਿੱਤੀ ਜਾਂਚ ਕੀਤੀ। ਜਾਂਚ ਵਿੱਚ ਸਾਹਮਣੇ ਆਇਆ ਕਿ ਉਸਨੇ ਆਪਣੀ ਆਮਦਨ ਤੋਂ 28 ਫੀਸਦੀ ਜ਼ਿਆਦਾ ਪੈਸੇ ਖਰਚ ਕੀਤੇ ਹਨ। ਰਿਕਾਰਡ ਅਨੁਸਾਰ, ਅਮਨਦੀਪ ਕੌਰ ਦੀ ਪਿਛਲੇ ਅੱਠ ਸਾਲਾਂ ਦੀ ਆਮਦਨ 1.8 ਕਰੋੜ ਰੁਪਏ ਅਨੁਮਾਨਿਤ ਕੀਤੀ ਗਈ ਸੀ, ਪਰ ਜਦੋਂ ਵਿਜੀਲੈਂਸ ਨੇ ਹਿਸਾਬ ਲਗਾਉਣਾ ਸ਼ੁਰੂ ਕੀਤਾ, ਤਾਂ ਉਸਦਾ ਖਰਚ 1.39 ਕਰੋੜ ਰੁਪਏ ਸਾਹਮਣੇ ਆਇਆ। ਉਸਨੇ ਆਪਣੀ ਆਮਦਨ ਤੋਂ 31 ਲੱਖ ਰੁਪਏ ਜ਼ਿਆਦਾ ਖਰਚ ਕੀਤੇ ਹਨ। ਇਹ ਪੈਸੇ ਕਿੱਥੋਂ ਆਏ ਅਤੇ ਕਿਸ ਰੂਪ ਵਿੱਚ ਕਮਾਏ ਗਏ ਹਨ, ਇਸਦੀ ਜਾਂਚ ਕਰਨ ਲਈ ਉਸਨੂੰ ਅਦਾਲਤ ਵਿੱਚ ਪੇਸ਼ ਕਰਕੇ ਤਿੰਨ ਦਿਨ ਦਾ ਰਿਮਾਂਡ ਹਾਸਲ ਕੀਤਾ ਗਿਆ ਹੈ, ਤਾਂ ਜੋ ਪੁੱਛਗਿੱਛ ਦੇ ਆਧਾਰ 'ਤੇ ਅਗਲੀ ਕਾਰਵਾਈ ਨੂੰ ਅੰਜਾਮ ਦਿੱਤਾ ਜਾ ਸਕੇ। ਵਿਜੀਲੈਂਸ ਟੀਮ ਅਮਨਦੀਪ ਤੋਂ ਉਸਦੀ ਆਮਦਨ ਦਾ ਰਿਕਾਰਡ ਹਾਸਲ ਕਰੇਗੀ, ਜਦੋਂ ਕਿ ਉਸਦੀ ਕੋਠੀ ਦੀ ਤਲਾਸ਼ੀ ਲਈ ਜਾਵੇਗੀ। ਇਸਦੇ ਲਈ ਅਦਾਲਤ ਤੋਂ ਸਰਚ ਵਾਰੰਟ ਹਾਸਲ ਕੀਤਾ ਗਿਆ ਹੈ।

ਇਸ ਤੋਂ ਇਲਾਵਾ, ਅਮਨਦੀਪ ਕੌਰ ਦੀ ਮਹਿੰਦਰਾ ਥਾਰ ਗੱਡੀ ਜਿਸਦੀ ਕੀਮਤ 14 ਲੱਖ ਰੁਪਏ, ਅਮਨਦੀਪ ਕੌਰ ਥਾਰ ਜਿਸਦੀ ਕੀਮਤ ਕਰੀਬ 12 ਲੱਖ 50 ਹਜ਼ਾਰ ਰੁਪਏ, 1 ਲੱਖ 70 ਹਜ਼ਾਰ ਰੁਪਏ ਦੀ ਕੀਮਤ ਵਾਲਾ ਰਾਇਲ ਇਨਵੀਲਡ ਬੁਲਟ ਮੋਟਰਸਾਈਕਲ, ਅਮਨਦੀਪ ਕੌਰ ਕੋਲ 45 ਹਜ਼ਾਰ ਰੁਪਏ ਦੀ ਕੀਮਤ ਵਾਲਾ 13 ਪ੍ਰੋ ਮੈਕਸ ਗੋਲਡ ਆਈਫੋਨ ਅਤੇ 9 ਹਜ਼ਾਰ ਰੁਪਏ ਦਾ ਇੱਕ ਹੋਰ ਫੋਨ, ਰੋਲੈਕਸ ਘੜੀ ਕਰੀਬ 1 ਲੱਖ ਰੁਪਏ ਦੇ ਨਾਲ-ਨਾਲ ਐਸਬੀਆਈ ਬੈਂਕ ਵਿੱਚ 1 ਲੱਖ ਇੱਕ ਹਜ਼ਾਰ 588 ਰੁਪਏ ਦੀ ਨਕਦੀ ਵੀ ਫ੍ਰੀਜ਼ ਕੀਤੀ ਗਈ ਹੈ। ਹੁਣ ਇਸ ਜਾਇਦਾਦ ਨੂੰ ਨਾ ਤਾਂ ਵੇਚਿਆ ਜਾ ਸਕੇਗਾ ਅਤੇ ਨਾ ਹੀ ਇਸ 'ਤੇ ਕੋਈ ਕਰਜ਼ਾ ਆਦਿ ਲਿਆ ਜਾ ਸਕੇਗਾ।

# ਬਰਿੰਦਰ ਕੁਮਾਰ ਗੋਇਲ ਵੱਲੋਂ ਕੇਂਦਰੀ ਕੋਲਾ ਤੇ ਖਣਨ ਮੰਤਰੀ ਜੀ. ਕਿਸ਼ਨ ਰੈਡੀ ਨਾਲ ਮੀਟਿੰਗ



ਨਵੀਂ ਦਿੱਲੀ, 27 ਮਈ, (ਅੰਮ੍ਰਿਤਪਾਲ ਸਿੰਘ) : ਪੰਜਾਬ ਦੇ ਖਣਨ ਤੇ ਭੂ-ਵਿਗਿਆਨ ਅਤੇ ਜਲ ਸਰੋਤ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਵੱਲੋਂ ਸੂਬੇ ਅੰਦਰ ਪੋਟਾਸ਼ ਸਬੰਧੀ ਸਰਵੇਖਣ ਦੇ ਕੰਮ ਨੂੰ ਜਲਦ ਮੁਕੰਮਲ ਕੀਤੇ ਜਾਣ ਨੂੰ ਲੈ ਕੇ ਅੱਜ ਕੇਂਦਰੀ ਕੋਲਾ ਤੇ ਖਣਨ ਮੰਤਰੀ ਸ੍ਰੀ ਜੀ. ਕਿਸ਼ਨ ਰੈਡੀ ਨਾਲ ਇਥੋਂ ਦੇ ਸ਼ਾਸਤਰੀ ਭਵਨ ਵਿਖੇ ਅਹਿਮ ਮੁਲਾਕਾਤ ਕੀਤੀ ਗਈ।

ਮੀਟਿੰਗ ਦੌਰਾਨ ਸ੍ਰੀ ਗੋਇਲ ਨੇ ਕੇਂਦਰੀ ਮੰਤਰੀ ਨੂੰ ਦੱਸਿਆ ਕਿ ਪੋਟਾਸ਼ ਦੁਰਲਭ ਖਣਿਜ ਹੈ ਜਿਸ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਭਾਰਤ ਨੂੰ ਇਸ ਦਾ ਬਾਹਰੋਂ ਆਯਾਤ ਕਰਨਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਜ਼ਿਲ੍ਹਾ ਸ੍ਰੀ ਮੁਕਤਸਰ ਸਹਿਬ ਅਤੇ ਫਾਜ਼ਿਲਕਾ ਦੇ ਖੇਤਰਾਂ ਵਿਚੋਂ ਇਸ ਖਣਿਜ ਦੇ ਭੰਡਾਰ ਮਿਲੇ ਹਨ। ਉਨ੍ਹਾਂ ਕੇਂਦਰੀ ਮੰਤਰੀ ਤੋਂ ਮੰਗ ਕੀਤੀ ਕਿ ਸੂਬੇ ਅੰਦਰ ਇਸ ਸਬੰਧੀ ਪੂਰਨ ਸੰਭਾਵਨਾਵਾਂ ਨੂੰ ਉਜਾਗਰ ਕਰਨ ਲਈ ਜੀਓ ਸਰਵੇਖਣ ਜਲਦ ਤੋਂ ਜਲਦ ਮੁਕੰਮਲ ਕੀਤੇ ਜਾਣ ਦੀ ਜ਼ਰੂਰਤ ਹੈ।

ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਮੁਲਾਕਾਤ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਵੱਲੋਂ ਸੂਬੇ ਦੇ ਸਰਬਪੱਖੀ ਵਿਕਾਸ ਲਈ ਸੰਜੀਦਾ ਯਤਨ ਕੀਤੇ ਜਾ ਰਹੇ ਹਨ। ਇਨ੍ਹਾਂ ਯਤਨਾਂ ਦੀ ਕੜੀ ਤਹਿਤ ਹੀ ਪੰਜਾਬ ਸਰਕਾਰ ਪੋਟਾਸ਼ ਸਬੰਧੀ ਸਰਵੇਖਣ ਜਲਦ ਕਰਵਾਉਣ ਲਈ ਕੇਂਦਰ ਸਰਕਾਰ ਨਾਲ ਲਗਾਤਾਰ ਰਾਬਤਾ ਰੱਖ ਰਹੀ ਹੈ ਤਾਂ ਜੋ ਇਸ ਜ਼ਰੀਏ ਮੁਲਕ ਨੂੰ ਪੋਟਾਸ਼ ਪੱਖੋਂ ਆਤਮ-ਨਿਰਭਰ ਬਣਾਉਣ ਸਣੇ ਸੂਬੇ ਦੀ ਆਰਥਿਕਤਾ ਨੂੰ ਹੋਰ ਮਜ਼ਬੂਤੀ ਦਿੱਤੀ ਜਾ ਸਕੇ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਮੀਟਿੰਗ ਦੌਰਾਨ ਕੇਂਦਰੀ ਮੰਤਰੀ ਸ੍ਰੀ ਰੈਡੀ ਵੱਲੋਂ ਸੂਬੇ ਦੀ ਮੰਗ ਨੂੰ ਲੈ ਕੇ ਭਰਵਾਂ ਤੇ ਉਸਾਰੂ ਹੁੰਗਾਰਾ ਭਰਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਕੇਂਦਰੀ ਮੰਤਰੀ ਨੇ ਆਪਣੇ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਇਸ ਸਬੰਧੀ ਐਕਸ਼ਨ ਪਲਾਨ ਤਿਆਰ ਕਰਨ ਲਈ ਨਿਰਦੇਸ਼ ਦਿੱਤੇ ਹਨ।

# ਪੀ.ਐਸ.ਪੀ.ਸੀ.ਐਲ. ਨੇ ਮਾਰਚ-2026 ਤੱਕ ਜ਼ੀਰੋ ਆਊਟੇਜ ਦਾ ਟੀਚਾ ਮਿੱਥਿਆ



ਚੰਡੀਗੜ੍ਹ, 27 ਮਈ, (ਚ.ਨ.ਸ.) : ਪੰਜਾਬ ਭਰ ਵਿੱਚ ਨਿਰਵਿਘਨ ਅਤੇ ਭਰੋਸੇਮੰਦ ਬਿਜਲੀ ਸਪਲਾਈ ਨੂੰ ਯਕੀਨੀ ਬਣਾਉਣ ਦੀ ਦਿਸ਼ਾ ਵਿੱਚ ਅਹਿਮ ਕਦਮ ਚੁੱਕਦਿਆਂ, ਬਿਜਲੀ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ. ਨੇ ਅੱਜ ਐਲਾਨ ਕੀਤਾ ਕਿ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ.ਐਸ.ਪੀ.ਸੀ.ਐਲ.) ਨੇ ਮਾਰਚ 2026 ਤੱਕ ਜ਼ੀਰੋ ਪਾਵਰ ਆਊਟੇਜ ਪ੍ਰਾਪਤ ਕਰਨ ਦਾ ਟੀਚਾ ਮਿੱਥਿਆ ਹੈ। ਇਹ ਫੈਸਲਾ ਅਗਾਮੀ ਗਰਮੀ ਅਤੇ ਝੋਨੇ ਦੇ ਸੀਜ਼ਨ ਤੋਂ ਪਹਿਲਾਂ ਬਿਜਲੀ ਖੇਤਰ ਦੀਆਂ ਤਿਆਰੀਆਂ ਦੀ ਸਮੀਖਿਆ ਕਰਨ ਲਈ ਚੰਡੀਗੜ੍ਹ ਵਿਖੇ ਹੋਈ ਉੱਚ-ਪੱਧਰੀ ਮੀਟਿੰਗ ਦੌਰਾਨ ਲਿਆ ਗਿਆ।

ਬਿਜਲੀ ਦੀ ਲਗਾਤਾਰ ਵੱਧ ਰਹੀ ਮੰਗ ਨੂੰ ਵੇਖਦਿਆਂ ਕੈਬਨਿਟ ਮੰਤਰੀ ਨੇ ਸਾਲ 2025-2030 ਲਈ ਥਰਮਲ, ਹਾਈਡ$ਰੋ ਅਤੇ ਨਵਿਆਉਣਯੋਗ ਊਰਜਾ ਸਮੇਤ ਵੱਖ-ਵੱਖ ਸਰੋਤਾਂ ਤੋਂ ਬਿਜਲੀ ਸਪਲਾਈ ਵਧਾਉਣ ਲਈ ਵਿਆਪਕ ਯੋਜਨਾਵਾਂ ਦੀ ਸਮੀਖਿਆ ਕੀਤੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਖਪਤਕਾਰਾਂ ਦੀਆਂ ਉਮੀਦਾਂ ਅਤੇ ਭਵਿੱਖੀ ਮੰਗਾਂ ਨੂੰ ਪੂਰਾ ਕਰਨ ਲਈ ਆਪਣੇ ਬਿਜਲੀ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ।

ਸ. ਹਰਭਜਨ ਸਿੰਘ ਈ.ਟੀ.ਓ. ਨੇ ਸੂਬੇ ਦੀ ਐਗਰੀਗੇਟ ਟ$ਰਾਂਸਮਿਸ਼ਨ ਸਮਰੱਥਾ (ਏ.ਟੀ.ਸੀ.) ਵਿੱਚ ਕੀਤੇ ਜਾ ਰਹੇ ਵਾਧੇ 'ਤੇ ਤਸੱਲੀ ਪ੍ਰਗਟ ਕੀਤੀ, ਜੋ ਕਿ ਮਈ 2025 ਤੱਕ ਮੌਜੂਦਾ 10,102 ਐਮ.ਵੀ.ਏ. ਤੋਂ ਵਧਾ ਕੇ 10,400 ਐਮ.ਵੀ.ਏ. ਕੀਤਾ ਜਾਵੇਗਾ। ਇਸ ਤੋਂ ਇਲਾਵਾ, ਪੀ.ਐਸ.ਪੀ.ਸੀ.ਐਲ. ਨੂੰ ਜੂਨ 2027 ਤੱਕ 5000 ਐਮ.ਵੀ.ਏ. ਦੇ ਹੋਰ ਵਾਧੇ ਨੂੰ ਪ੍ਰਾਪਤ ਕਰਨ ਦਾ ਕੰਮ ਸੌਂਪਿਆ ਗਿਆ ਹੈ।

ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਕਿਹਾ, ਪੀ.ਐਸ.ਪੀ.ਸੀ.ਐਲ. ਪੰਜਾਬ ਦੇ ਬਿਜਲੀ ਬੁਨਿਆਦੀ ਢਾਂਚੇ ਨੂੰ ਆਧੁਨਿਕ ਬਣਾਉਣ ਲਈ ਅਣਥੱਕ ਮਿਹਨਤ ਕਰ ਰਿਹਾ ਹੈ। ਸਾਡੀ ਸਰਕਾਰ ਦਾ ਉਦੇਸ਼ ਹਰੇਕ ਨਾਗਰਿਕ ਨੂੰ ਨਿਰਵਿਘਨ, ਕੁਸ਼ਲ ਅਤੇ ਬਰਾਬਰ ਬਿਜਲੀ ਪ੍ਰਦਾਨ ਕਰਨਾ ਹੈ। ਇਹ ਸੁਧਾਰ ਪੰਜਾਬ ਦੀ ਪ੍ਰਗਤੀ ਨੂੰ ਨਵੀਆਂ ਬੁਲੰਦੀਆਂ 'ਤੇ ਲੈ ਜਾਣ ਵਿੱਚ ਅਹਿਮ ਭੂਮਿਕਾ ਨਿਭਾਉਣਗੇ।

ਕੈਬਨਿਟ ਮੰਤਰੀ ਨੇ ਇਨ੍ਹਾਂ ਟੀਚਿਆਂ ਨੂੰ ਪੂਰਾ ਕਰਨ ਲਈ ਪੀ.ਐਸ.ਪੀ.ਸੀ.ਐਲ. ਦੀ ਵਚਨਬੱਧਤਾ ਦੀ ਪੁਸ਼ਟੀ ਕਰਦਿਆਂ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਆਉਣ ਵਾਲੇ ਉੱਚ-ਮੰਗ ਵਾਲੇ ਮਹੀਨਿਆਂ ਦੌਰਾਨ ਬਿਜਲੀ ਦੀ ਸੁਚਾਰੂ ਉਪਲਬਧਤਾ ਨੂੰ ਯਕੀਨੀ ਬਣਾਉਣ ਲਈ ਸਾਰੇ ਲੋੜੀਂਦੇ ਕਦਮ ਚੁੱਕੇ ਜਾ ਰਹੇ ਹਨ।

# ਪੀ.ਐਸ.ਪੀ.ਸੀ.ਐਲ. ਦਾ ਐਸ.ਡੀ.ਓ. 50000 ਰੁਪਏ ਰਿਸ਼ਵਤ ਲੈਂਦਾ ਵਿਜੀਲੈਂਸ ਬਿਊਰੋ ਵੱਲੋਂ ਕਾਬੂ



ਚੰਡੀਗੜ੍ਹ 27 ਮਈ, (ਚ.ਨ.ਸ.) : ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਪੰਜਾਬ ਵਿਜੀਲੈਂਸ ਬਿਊਰੋ ਨੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ.ਐਸ.ਪੀ.ਸੀ.ਐਲ.), ਨਾਭਾ ਦੇ ਸਬ-ਡਿਵੀਜ਼ਨਲ ਅਫਸਰ (ਐਸ.ਡੀ.ਓ.) ਮਹਿੰਦਰ ਸਿੰਘ ਨੂੰ 50,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਅੱਜ ਇੱਥੇ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਇਹ ਗ੍ਰਿਫ਼ਤਾਰੀ ਪਟਿਆਲਾ ਦੀ ਤਹਿਸੀਲ ਨਾਭਾ ਦੇ ਪਿੰਡ ਪੇਧਨ ਦੇ ਇੱਕ ਨਿਵਾਸੀ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਉਪਰੰਤ ਕੀਤੀ ਗਈ ਹੈ।

ਉਨ੍ਹਾਂ ਅੱਗੇ ਕਿਹਾ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਗਾਇਆ ਹੈ ਕਿ ਉਕਤ ਮੁਲਜ਼ਮ ਨੇ ਸ਼ਿਕਾਇਤਕਰਤਾਵਾਂ ਦੇ ਨਾਮ 'ਤੇ ਦੋ ਟਿਊਬਵੈੱਲ ਕੁਨੈਕਸ਼ਨ ਤਬਦੀਲ ਕਰਨ ਬਦਲੇ 70,000 ਰੁਪਏ ਰਿਸ਼ਵਤ ਦੀ ਮੰਗ ਕੀਤੀ ਪਰ ਸੌਦਾ 50,000 ਰੁਪਏ ਵਿੱਚ ਤੈਅ ਹੋ ਗਿਆ।

ਇਸ ਸ਼ਿਕਾਇਤ 'ਤੇ ਕਾਰਵਾਈ ਕਰਦਿਆਂ, ਮੋਹਾਲੀ ਵਿਖੇ ਵਿਜੀਲੈਂਸ ਬਿਊਰੋ ਉੱਡਣ ਦਸਤਾ, ਪੰਜਾਬ ਦੀ ਟੀਮ ਨੇ ਜਾਲ ਵਿਛਾਇਆ ਅਤੇ ਜਦੋਂ ਮੁਲਜ਼ਮ ਆਪਣੀ ਨਿੱਜੀ ਬ੍ਰੀਜ਼ਾ ਕਾਰ ਵਿੱਚ ਪਹੁੰਚਿਆ ਤਾਂ ਉਸ ਨੂੰ ਦੋ ਸਰਕਾਰੀ ਗਵਾਹਾਂ ਦੀ ਮੌਜੂਦਗੀ ਵਿੱਚ ਸ਼ਿਕਾਇਤਕਰਤਾ ਤੋਂ 50000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀ ਕਾਬੂ ਕਰ ਲਿਆ।

ਗ੍ਰਿਫ਼ਤਾਰੀ ਦੌਰਾਨ, ਵਿਜੀਲੈਂਸ ਬਿਊਰੋ ਦੀ ਟੀਮ ਨੇ ਮੁਲਜ਼ਮ ਕੋਲੋਂ ਸ਼ਿਕਾਇਤਕਰਤਾਵਾਂ ਦੇ ਨਾਮ 'ਤੇ ਪਹਿਲਾਂ ਹੀ ਤਬਦੀਲ ਕੀਤੇ ਟਿਊਬਵੈੱਲ ਕੁਨੈਕਸ਼ਨਾਂ ਦੀਆਂ ਦੋ ਪਾਸਬੁੱਕਾਂ ਵੀ ਬਰਾਮਦ ਕੀਤੀਆਂ ਹਨ। ਉਨ੍ਹਾਂ ਦੱਸਿਆ ਕਿ ਮੁਲਜ਼ਮ ਨੂੰ ਭਲਕੇ ਸਮਰੱਥ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਮਾਮਲੇ ਦੀ ਹੋਰ ਜਾਂਚ ਜਾਰੀ ਹੈ।

# ਡਾ. ਰਵਜੋਤ ਸਿੰਘ ਵੱਲੋਂ ਅਬੋਹਰ ਦਾ ਅਚਾਨਕ ਦੌਰਾ



ਚੰਡੀਗੜ੍ਹ / ਅਬੋਹਰ, 27 ਮਈ, (ਚ.ਨ.ਸ.) : ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਅੱਜ ਸਵੇਰੇ-ਸਵੇਰੇ ਹੀ ਅਬੋਹਰ ਨਗਰ ਨਿਗਮ ਦਾ ਅਚਾਨਕ ਦੌਰਾ ਕੀਤਾ ਅਤੇ ਸ਼ਹਿਰ ਦੇ ਵੱਖ-ਵੱਖ ਵਾਰਡਾਂ ਵਿੱਚ ਜਾ ਕੇ ਵਿਭਾਗ ਵਿਲੋਂ ਦਿੱਤੀਆਂ ਜਾ ਰਹੀਆਂ ਸੇਵਾਵਾਂ ਸਬੰਧੀ ਲੋਕਾਂ ਨਾਲ ਰਾਬਤਾ ਕਰਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਸੁਣੀਆਂ। ਇਸ ਦੌਰਾਨ ਉਨ੍ਹਾਂ ਨੇ ਨਗਰ ਨਿਗਮ ਦੇ ਨਿਗਰਾਨ ਇੰਜੀਨੀਅਰ ਨੂੰ ਡਿਊਟੀ 'ਚ ਅਣਗਹਿਲੀ ਕਰਨ ਕਰਕੇ ਕਾਰਨ ਦੱਸੋ ਨੋਟਿਸ ਜਾਰੀ ਕਰਨ ਦੇ ਹੁਕਮ ਵੀ ਦਿੱਤੇ।

ਡਾ. ਰਵਜੋਤ ਸਿੰਘ ਨੇ ਇਸ ਮੌਕੇ ਆਖਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਲੋਕਾਂ ਵਿੱਚ ਜਾ ਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਦੇ ਹੱਲ ਕਰਨ ਦੀਆਂ ਦਿੱਤੀਆਂ ਹਦਾਇਤਾਂ ਦੇ ਮੱਦੇ ਨਜ਼ਰ ਉਹ ਅਬੋਹਰ ਦੇ ਇਸ ਅਚਾਨਕ ਦੌਰੇ ਤੇ ਪਹੁੰਚੇ ਹਨ। ਉਹਨਾਂ ਨੇ ਇਸ ਦੌਰਾਨ ਸ਼ਹਿਰ ਦੇ ਕੂੜਾ ਡੰਪ, ਇੰਦਰਾ ਨਗਰੀ ਸਟੇਡੀਅਮ, ਨਹਿਰੂ ਸਟੇਡੀਅਮ, ਸਬਜ਼ੀ ਮੰਡੀ, ਕ੍ਰਿਸ਼ਨਾ ਨਗਰੀ , ਘੁਮਿਆਰ ਮੁਹੱਲਾ ਅਤੇ ਅਜੀਮਗੜ੍ਹ ਇਲਾਕੇ ਦੌਰਾ ਕਰਕੇ ਲੋਕਾਂ ਦੀਆਂ ਮੁਸ਼ਕਲਾਂ ਵੀ ਸੁਣੀਆਂ ਅਤੇ ਹੇਠਲੇ ਪੱਧਰ ਤੇ ਕੀਤੇ ਜਾ ਰਹੇ ਕਾਰਜਾਂ ਦਾ ਨਿਰੀਖਣ ਵੀ ਕੀਤਾ।

ਇਸ ਦੌਰਾਨ ਘੁਮਿਆਰ ਮੁਹੱਲਾ ਦੇ ਲੋਕਾਂ ਵੱਲੋਂ ਪੀਣ ਵਾਲੇ ਪਾਣੀ ਵਿੱਚ ਮਿਲਾਵਟ ਦੀ ਸ਼ਿਕਾਇਤ ਕੀਤੇ ਜਾਣ ਤੇ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਮੌਕੇ 'ਤੇ ਹੀ ਨਗਰ ਨਿਗਮ ਦੇ ਨਿਗਰਾਨ ਇੰਜੀਨੀਅਰ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਨ ਦੇ ਹੁਕਮ ਦਿੱਤੇ। ਉਹਨਾਂ ਨੇ ਸਖਤੀ ਨਾਲ ਕਿਹਾ ਕਿ ਲੋਕਾਂ ਦੇ ਮਸਲੇ ਪਹਿਲ ਦੇ ਅਧਾਰ ਤੇ ਹੱਲ ਹੋਣੇ ਚਾਹੀਦੇ ਹਨ ਅਤੇ ਜਿਵੇਂ ਉਹ ਖੁਦ ਵੱਖ-ਵੱਖ ਵਾਰਡਾਂ ਵਿੱਚ ਜਾ ਰਹੇ ਹਨ ਅਧਿਕਾਰੀ ਵੀ ਇਸੇ ਤਰ੍ਹਾਂ ਵਾਰਡਾ ਵਿੱਚ ਪਹੁੰਚ ਕੇ ਲੋਕਾਂ ਦੀਆਂ ਮੁਸ਼ਕਿਲਾਂ ਸੁਣ ਕੇ ਉਹਨਾਂ ਦਾ ਹੱਲ ਕਰਨ।

ਕੈਬਨਿਟ ਮੰਤਰੀ ਨੇ ਕੂੜਾ ਡੰਪ ਸਾਈਟ ਤੇ ਹਦਾਇਤ ਕੀਤੀ ਕਿ ਪੁਰਾਣੇ ਕੂੜੇ ਦਾ ਜਲਦੀ ਤੋਂ ਜਲਦੀ ਨਿਪਟਾਰਾ ਕੀਤਾ ਜਾਵੇ ਅਤੇ ਸ਼ਹਿਰ ਵਿੱਚੋਂ ਚੁੱਕੇ ਜਾਣ ਵਾਲੇ ਗਿੱਲੇ ਅਤੇ ਸੁੱਕੇ ਕੂੜੇ ਨੂੰ ਹਦਾਇਤਾਂ ਅਨੁਸਾਰ ਸੰਭਾਲਿਆ ਜਾਵੇ। ਉਹਨਾਂ ਨੇ ਇੰਦਰਾ ਨਗਰੀ ਦੇ ਸਟੇਡੀਅਮ ਦਾ ਦੌਰਾ ਕਰਦਿਆਂ ਇੱਥੇ ਹੋਰ ਸਹੂਲਤਾਂ ਵਧਾਉਣ ਅਤੇ ਇੱਥੋਂ ਦੇ ਅਧੂਰੇ ਪਏ ਕਮਿਊਨਿਟੀ ਹਾਲ ਨੂੰ ਵੀ ਮੁਕੰਮਲ ਕਰਨ ਦੀਆਂ ਹਦਾਇਤਾਂ ਵਿਭਾਗ ਨੂੰ ਦਿੱਤੀਆਂ। ਉਹਨਾਂ ਨੇ ਸਬਜ਼ੀ ਮੰਡੀ ਵਿੱਚ ਪਹੁੰਚ ਕੇ ਦੁਕਾਨਦਾਰਾਂ ਨਾਲ ਗੱਲਬਾਤ ਕੀਤੀ ਤੇ ਸਫਾਈ ਅਤੇ ਹੋਰ ਵਿਵਸਥਾਵਾਂ ਸਬੰਧੀ ਜਾਣਕਾਰੀ ਹਾਸਿਲ ਕੀਤੀ।

ਡਾ. ਰਵਜੋਤ ਸਿੰਘ ਨੇ ਮੁਹੱਲਿਆਂ ਵਿੱਚ ਪਹੁੰਚ ਕੇ ਲੋਕਾਂ ਦੇ ਘਰ ਘਰ ਜਾ ਕੇ ਪੀਣ ਵਾਲੇ ਪਾਣੀ ਅਤੇ ਸਫਾਈ ਸਬੰਧੀ ਜਾਣਕਾਰੀ ਹਾਸਲ ਕੀਤੀ। ਇਸ ਦੌਰਾਨ ਉਨ੍ਹਾਂ ਨੇ ਅਜੀਮਗੜ੍ਹ ਦਾ ਦੌਰਾ ਕਰਕੇ ਇਸ ਇਲਾਕੇ ਵਿੱਚ ਸੜਕਾਂ ਦੀ ਮੁਰੰਮਤ ਜਲਦੀ ਕਰਾਉਣ ਅਤੇ ਬਿਜਲੀ ਦੇ ਖੰਭਿਆਂ ਸਬੰਧੀ ਵੀ ਮੌਕੇ ਤੇ ਹੀ ਬਿਜਲੀ ਨਿਗਮ ਦੇ ਅਧਿਕਾਰੀਆਂ ਨੂੰ ਖੰਬੇ ਅਤੇ ਤਾਰਾਂ ਦਰੁਸਤ ਕਰਨ ਦੀ ਸਖਤ ਹਦਾਇਤ ਕੀਤੀ।

ਇਸ ਮੌਕੇ ਸਾਬਕਾ ਵਿਧਾਇਕ ਸ਼੍ਰੀ ਅਰੁਣ ਨਾਰੰਗ ਨੇ ਕਿਹਾ ਕਿ ਪੰਜਾਬ ਸਰਕਾਰ ਸ਼ਹਿਰੀ ਵਿਕਾਸ ਪ੍ਰਤੀ ਦ੍ਰਿੜ ਸੰਕਲਪਿਤ ਹੈ ਅਤੇ ਸ਼ਹਿਰ ਦੇ ਵਿਕਾਸ ਨੂੰ ਵਿਉਂਤਬੰਦ ਤਰੀਕੇ ਨਾਲ ਨੇਪਰੇ ਚਾੜਨ ਲਈ ਹੀ ਅੱਜ ਕੈਬਨਿਟ ਮੰਤਰੀ ਵੱਲੋਂ ਸ਼ਹਿਰ ਦਾ ਦੌਰਾ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਇਥੇ ਪੁੱਜਣ ਤੇ ਸਾਬਕਾ ਵਿਧਾਇਕ ਸ਼੍ਰੀ ਅਰੁਣ ਨਾਰੰਗ, ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ, ਐਸ ਡੀ ਐਮ ਕ੍ਰਿਸ਼ਨਾ ਪਾਲ ਰਾਜਪੂਤ ਨੇ ਉਹਨਾਂ ਦਾ ਸਵਾਗਤ ਕੀਤਾ। ਇਸ ਮੌਕੇ ਜਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਸੁਨੀਲ ਸਚਦੇਵਾ, ਮਾਰਕੀਟ ਕਮੇਟੀ ਅਬੋਹਰ ਦੇ ਚੇਅਰਮੈਨ ਉਪਕਾਰ ਸਿੰਘ ਜਾਖੜ, ਐਡਵੋਕੇਟ ਹਰਪ੍ਰੀਤ ਸਿੰਘ ਤੋਂ ਇਲਾਵਾ ਸਥਾਨਕ ਆਗੂ ਵੀ ਹਾਜ਼ਰ ਸਨ।

# ਵੜਿੰਗ ਨੇ ਅੰਮ੍ਰਿਤਸਰ ਬੰਬ ਧਮਾਕੇ 'ਤੇ ਚਿੰਤਾ ਪ੍ਰਗਟਾਈ



ਚੰਡੀਗੜ੍ਹ, 27 ਮਈ, (ਅੰਮ੍ਰਿਤਪਾਲ ਸਿੰਘ/ਹਰਦੀਪ ਕੌਰ) : ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਅੱਜ ਅੰਮ੍ਰਿਤਸਰ ਵਿੱਚ ਹੋਏ ਬੰਬ ਧਮਾਕੇ ਦੇ ਮੱਦੇਨਜ਼ਰ ਪੰਜਾਬ ਵਿੱਚ ਸੁਰੱਖਿਆ ਸਥਿਤੀ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਹੈ। ਧਮਾਕੇ ਦਾ ਜ਼ਿਕਰ ਕਰਦਿਆਂ, ਉਨ੍ਹਾਂ ਕਿਹਾ ਕਿ ਇਹ ਇੱਕ ਅਸ਼ੁਭ ਸੰਕੇਤ ਹੈ ਅਤੇ ਲੋਕ ਇਸ ਬਾਰੇ ਡਰੇ ਹੋਏ ਹਨ। ਪੁਲਿਸ ਦੇ ਹਵਾਲੇ ਨਾਲ, ਉਸਨੇ ਕਿਹਾ ਕਿ ਮਾਰਿਆ ਗਿਆ ਵਿਅਕਤੀ ਕਥਿਤ ਤੌਰ 'ਤੇ ਬੰਬਾਂ ਦੀ ਇੱਕ ਖੇਪ ਲੈਣ ਆਇਆ ਸੀ, ਜੋ ਉਸਦੇ ਹੱਥਾਂ ਵਿੱਚ ਫਟ ਗਿਆ। ਉਨ੍ਹਾਂ ਕਿਹਾ, ਅਸੀਂ ਘਬਰਾਉਣਾ ਨਹੀਂ ਚਾਹੁੰਦੇ, ਪਰ ਪੰਜਾਬ ਵਿੱਚ ਸਥਿਤੀ ਦਿਨੋ-ਦਿਨ ਵਿਗੜਦੀ ਜਾ ਰਹੀ ਹੈ। ਉਨ੍ਹਾਂ ਕਿਹਾ, ਜਦੋਂ ਸਾਡੇ ਸੀਨੀਅਰ ਸਾਥੀ ਅਤੇ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਇਹ ਮੁੱਦਾ ਉਠਾਇਆ ਤਾਂ ਪੰਜਾਬ ਸਰਕਾਰ ਨੇ ਉਨ੍ਹਾਂ ਵਿਰੁੱਧ ਐਫਆਈਆਰ ਦਰਜ ਕਰਵਾਈ। ਵੜਿੰਗ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਣ ਦੀ ਅਪੀਲ ਕੀਤੀ। ਸਥਿਤੀ ਨਾਲ ਨਜਿੱਠਣ ਲਈ ਆਪਣੀ ਪਾਰਟੀ ਵੱਲੋਂ ਸਰਕਾਰ ਨੂੰ ਪੂਰਾ ਸਮਰਥਨ ਅਤੇ ਸਹਿਯੋਗ ਦੇਣ ਦਾ ਭਰੋਸਾ ਦਿੰਦੇ ਹੋਏ ਉਨ੍ਹਾਂ ਕਿਹਾ, ਸਾਨੂੰ ਇਸ ਵਿਰੁੱਧ ਇਕੱਠੇ ਲੜਨਾ ਪਵੇਗਾ। ਪੰਜਾਬ ਅੱਤਵਾਦ ਦੇ ਇੱਕ ਹੋਰ ਕਾਲੇ ਦੌਰ ਨੂੰ ਬਰਦਾਸ਼ਤ ਨਹੀਂ ਕਰ ਸਕਦਾ। ਇਹ ਅਸ਼ੁਭ ਸੰਕੇਤ ਹਨ। ਪਰ ਉਨ੍ਹਾਂ ਕਿਹਾ ਕਿ ਇਹ ਮੁੱਖ ਮੰਤਰੀ ਦੀ ਜ਼ਿੰਮੇਵਾਰੀ ਹੈ ਕਿ ਉਹ ਅੱਗੇ ਆ ਕੇ ਇਸ ਸਥਿਤੀ ਨਾਲ ਨਜਿੱਠਣ।

# ਦਿੱਲੀ ਦੇ ਮੁੱਖ ਮੰਤਰੀ ਨੇ '84 ਸਿੱਖ ਨਸਲਕੁਸ਼ੀ ਦੇ ਪੀੜਤ ਪਰਿਵਾਰਾਂ ਦੇ ਮੈਂਬਰਾਂ ਨੂੰ ਨਿਯੁਕਤੀ ਪੱਤਰ ਵੰਡੇ

## 600 ਤੋਂ ਵੱਧ ਪੀੜਤ ਪਰਿਵਾਰਾਂ ਨੂੰ ਨੌਕਰੀਆਂ ਮਿਲਣਗੀਆਂ : ਸਿਰਸਾ



ਨਵੀਂ ਦਿੱਲੀ, 27 ਮਈ, (ਅੰਮ੍ਰਿਤਪਾਲ ਸਿੰਘ) : ਦਿੱਲੀ ਦੇ ਮੁੱਖ ਮੰਤਰੀ ਸ੍ਰੀਮਤੀ ਰੇਖਾ ਗੁਪਤਾ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਦਫਤਰ ਵਿਚ 1984 ਦੇ ਸਿੱਖ ਕਤਲੇਆਮ ਦੇ ਪੀੜਤ ਪਰਿਵਾਰਾਂ ਦੇ ਮੈਂਬਰਾਂ ਨੂੰ ਨੌਕਰੀਆਂ ਦੇ ਨਿਯੁਕਤੀ ਪੱਤਰ ਵੰਡੇ। ਇਸ ਮੌਕੇ ਦਿੱਲੀ ਦੇ ਕੈਬਨਿਟ ਮੰਤਰੀ ਸਰਦਾਰ ਮਨਜਿੰਦਰ ਸਿੰਘ ਸਿਰਸਾ, ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ, ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ, ਮੀਤ ਪ੍ਰਧਾਨ ਸਰਦਾਰ ਆਤਮਾ ਸਿੰਘ ਲੁਬਾਣਾ ਤੇ ਹੋਰ ਸ਼ਖਸੀਅਤਾਂ ਹਾਜ਼ਰ ਸਨ।

ਇਸ ਮੌਕੇ ਸੰਬੋਧਨ ਕਰਦਿਆਂ ਸ੍ਰੀਮਤੀ ਰੇਖਾ ਗੁਪਤਾ ਨੇ ਕਿਹਾ ਕਿ ਬਹੁਤ ਹੀ ਮੰਦਭਾਗੀ ਗੱਲ ਹੈ ਕਿ 40 ਸਾਲਾਂ ਦੌਰਾਨ ਕੇਂਦਰ ਤੇ ਦਿੱਲੀ ਵਿਚ ਕਈ ਸਰਕਾਰਾਂ ਆਈਆਂ ਪਰ ਕਿਸੇ ਨੇ ਵੀ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਦੇ ਜ਼ਖ਼ਮਾਂ 'ਤੇ ਮੱਲ੍ਹਮ ਲਾਉਣ ਦਾ ਕੰਮ ਨਹੀਂ ਕੀਤਾ। ਉਹਨਾਂ ਕਿਹਾ ਕਿ 2014 ਵਿਚ ਜਦੋਂ ਸ੍ਰੀ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਬਣੇ ਤਾਂ ਉਹਨਾਂ ਨੇ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਦਾ ਗਠਨ ਕੀਤਾ ਜਿਸਨੇ ਕਾਂਗਰਸੀ ਆਗੂਆਂ ਦੇ ਕਹਿਣ 'ਤੇ ਬੰਦ ਹੋਏ ਕੇਸਾਂ ਦੀ ਮੁੜ ਪੜਤਾਲ ਕੀਤੀ ਤੇ ਦੋਸ਼ੀਆਂ ਨੂੰ ਜੇਲ੍ਹ ਭੇਜਿਆ। ਉਹਨਾਂ ਦੱਸਿਆ ਕਿ ਅੱਜ 19 ਜੀਆਂ ਨੂੰ ਨਿਯੁਕਤੀ ਪੱਤਰ ਦਿੱਤੇ ਗਏ ਹਨ ਤੇ ਬਾਕੀ ਰਹਿੰਦੇ ਪਰਿਵਾਰਾਂ ਨੂੰ ਵੀ ਜਲਦੀ ਹੀ ਨਿਯੁਕਤੀ ਪੱਤਰ ਮਿਲਣਗੇ।

ਇਸ ਮੌਕੇ ਦਿੱਲੀ ਦੇ ਕੈਬਨਿਟ ਮੰਤਰੀ ਸਰਦਾਰ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਤਕਰੀਬਨ 600 ਪਰਿਵਾਰਾਂ ਦੀ ਪਛਾਣ ਕੀਤੀ ਗਈ ਹੈ ਜੋ 1984 ਦੇ ਸਿੱਖ ਕਤਲੇਆਮ ਤੋਂ ਪੀੜਤ ਹਨ ਤੇ ਜਿਹਨਾਂ ਦੇ ਪਰਿਵਾਰਕ ਮੈਂਬਰਾਂ ਨੂੰ ਦਿੱਲੀ ਸਰਕਾਰ ਵੱਲੋਂ ਨੌਕਰੀਆਂ ਦਿੱਤੀਆਂ ਜਾਣਗੀਆਂ।

ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ 'ਤੇ ਵਰ੍ਹਦਿਆਂ ਸਰਦਾਰ ਸਿਰਸਾ ਨੇ ਕਿਹਾ ਕਿ ਉਹ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਤੇ ਹੋਰ ਦੋਸ਼ੀਆਂ ਨਾਲ ਰਲੇ ਹੋਏ ਸਨ ਜਿਸ ਕਾਰਣ ਉਹਨਾਂ ਨੇ ਪੀੜਤ ਪਰਿਵਾਰਾਂ ਦੀ ਮਦਦ ਵਾਸਤੇ ਇਕ ਵੀ ਕਦਮ ਨਹੀਂ ਚੁੱਕਿਆ।

ਇਸ ਤੋਂ ਪਹਿਲਾਂ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਮੁੱਖ ਮੰਤਰੀ ਸ੍ਰੀਮਤੀ ਰੇਖਾ ਗੁਪਤਾ ਅਤੇ ਕੈਬਨਿਟ ਮੰਤਰੀ ਸਰਦਾਰ ਮਨਜਿੰਦਰ ਸਿੰਘ ਸਿਰਸਾ ਨੂੰ ਜੀ ਆਇਆਂ ਆਖਿਆ। ਉਹਨਾਂ ਦਾ ਦਿੱਲੀ ਗੁਰਦੁਆਰਾ ਕਮੇਟੀ ਦੀ ਟੀਮ ਵੱਲੋਂ ਸਨਮਾਨ ਵੀ ਕੀਤਾ ਗਿਆ।

ਪਾਠਕ ਆਪਣੇ ਹਾਕਰ ਤੋਂ ਚੜ੍ਹਦੀਕਲਾ ਦੀ ਮੰਗ ਕਰਨ

ਚੜ੍ਹਦੀਕਲਾ ਪੜ੍ਹੋ ! ਚੜ੍ਹਦੀਕਲਾ ਵਿੱਚ ਰਹੋ !!

# ਸੈਨਿਕ ਸਕੂਲ ਤੇ ਪੰਜਾਬ ਸਰਕਾਰ ਵਿਚਕਾਰ ਹੋਇਆ "ਮੈਮੋਰੰਡਮ ਆਫ਼ ਐਗਰੀਮੈਂਟ"

## ਪੰਜਾਬ ਸਰਕਾਰ ਸੈਨਿਕ ਸਕੂਲ ਨੂੰ ਹੋਰ ਬਿਹਤਰ ਬਣਾਉਣ ਲਈ ਵਚਨਬੱਧ : ਮੋਹਿੰਦਰ ਭਗਤ



ਚੰਡੀਗੜ੍ਹ, 27 ਮਈ, (ਚ.ਨ.ਸ.) : ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਸ੍ਰੀ ਮੋਹਿੰਦਰ ਭਗਤ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਵੱਕਾਰੀ ਸੰਸਥਾ ਸੈਨਿਕ ਸਕੂਲ ਦੀ ਹੋਰ ਬਿਹਤਰੀ ਤੇ ਨਵੀਨੀਕਰਨ ਲਈ ਵਚਨਬੱਧ ਹੈ, ਜਿਸ ਤਹਿਤ ਸਕੂਲ ਦੀ 19 ਸਾਲ ਪੁਰਾਣੀ ਮੰਗ ਨੂੰ ਪੂਰਾ ਕਰਦਿਆਂ ਸੈਨਿਕ ਸਕੂਲ ਤੇ ਪੰਜਾਬ ਸਰਕਾਰ ਵਿਚਕਾਰ " ਮੈਮੋਰੰਡਮ ਆਫ ਐਗਰੀਮੈਂਟ " ਕੀਤਾ ਗਿਆ ਹੈ ।

ਅੱਜ ਸੈਨਿਕ ਸਕੂਲ ਕਪੂਰਥਲਾ ਦਾ ਦੌਰਾ ਕਰਨ ਮੌਕੇ ਗੱਲਬਾਤ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸੈਨਿਕ ਸਕੂਲ ਵਲੋਂ ਰੱਖੀਆਂ ਮੰਗਾਂ ਨੂੰ ਪੂਰਾ ਕੀਤਾ ਜਾਵੇਗਾ।

ਉਨ੍ਹਾਂ ਇਸ ਮੌਕੇ ਸੈਨਿਕ ਸਕੂਲ ਤੇ ਪੰਜਾਬ ਸਰਕਾਰ ਵਿਚਕਾਰ ਦਸਤਖ਼ਤ ਕੀਤੇ ਗਏ " ਮੈਮੋਰੰਡਮ ਆਫ ਐਗਰੀਮੈਂਟ " ਨੂੰ ਵੀ ਜਾਰੀ ਕੀਤਾ ਜਿਸ ਤਹਿਤ ਪੰਜਾਬ ਸਰਕਾਰ ਸੈਨਿਕ ਸਕੂਲ ਨੂੰ ਲਗਾਤਾਰ ਅਨੁਦਾਨ ਦੇਵੇਗੀ । ਸੈਨਿਕ ਸਕੂਲ ਵਲੋਂ ਇਹ ਮੰਗ ਸਾਲ 2006 ਤੋਂ ਕੀਤੀ ਜਾ ਰਹੀ ਸੀ ।

ਇਸ ਤੋਂ ਇਲਾਵਾ ਸੈਨਿਕ ਸਕੂਲ ਤੋਂ ਸੇਵਾ ਮੁਕਤ ਹੋਣ ਵਾਲੇ ਸਟਾਫ ਨੂੰ ਪੰਜਾਬ ਸਰਕਾਰ ਆਉਣ ਵਾਲੇ ਸਮੇਂ ਵਿਚ ਐਨ ਪੀ ਐਸ / ਪੈਨਸ਼ਨ ਦੇਵੇਗੀ ਤਾਂ ਜੋ ਕਰਮਚਾਰੀਆਂ ਨੂੰ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਸੈਨਿਕ ਸਕੂਲ ਕਪੂਰਥਲਾ ਦੀ ਮੁਰੰਮਤ ਲਈ ਲੋੜੀਂਦੇ ਫੰਡ ਜਾਰੀ ਕੀਤੇ ਜਾ ਰਹੇ ਹਨ। ਇਸ ਤੋਂ ਇਲਾਵਾ ਲੋਕ ਨਿਰਮਾਣ ਵਿਭਾਗ ਨੂੰ ਡਿਟੇਲ ਪ੍ਰੋਜੈਕਟ ਰਿਪੋਰਟ ਪੇਸ਼ ਕਰਨ ਦੇ ਹੁਕਮ ਦਿੱਤੇ ਗਏ ਹਨ।

ਉਨ੍ਹਾਂ ਕਿਹਾ ਕਿ ਪਹਿਲਾਂ ਸਰਕਾਰਾਂ ਵਲੋਂ ਸੈਨਿਕ ਸਕੂਲ ਦੇ ਸੁਧਾਰ ਲਈ ਕੋਈ ਫੰਡ ਜਾਰੀ ਨਹੀਂ ਕੀਤੇ ਜਾਂਦੇ ਸਨ ਜਦਕਿ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਸਕੂਲ ਦੇ ਬੁਨਿਆਦੀ ਢਾਂਚੇ ਵਿੱਚ ਸੁਧਾਰ ਲਈ ਲਗਾਤਾਰ 3-3 ਕਰੋੜ ਰੁਪਏ ਦੇ ਫੰਡ ਜਾਰੀ ਕੀਤੇ ਜਾ ਰਹੇ ਹਨ ।

ਉਨ੍ਹਾਂ ਕਿਹਾ ਕਿ ਸੈਨਿਕ ਸਕੂਲ ਦਾ ਸਮਾਜ ਦੀ ਤਰੱਕੀ ਵਿਚ ਵੱਡਾ ਯੋਗਦਾਨ ਹੈ ਜਿੱਥੋਂ ਪੜ੍ਹੇ ਵਿਦਿਆਰਥੀ ਫੌਜ ਵਿੱਚ ਉਚ ਅਹੁਦਿਆਂ 'ਤੇ ਪਹੁੰਚ ਕੇ ਦੇਸ਼ ਅਤੇ ਸਮਾਜ ਦੀ ਸੇਵਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ 'ਇਹ ਅਜਿਹਾ ਸਕੂਲ ਹੈ ਜੋ ਸਾਡੇ ਨੌਜਵਾਨਾਂ ਬੱਚਿਆਂ ਨੂੰ ਸਹੀ ਮਾਰਗ ਦਿਖਾ ਕੇ ਉਹਨਾਂ ਵਿੱਚ ਦੇਸ਼ ਸੇਵਾ ਅਤੇ ਰਾਸ਼ਟਰ ਪ੍ਰੇਮ ਦੀ ਭਾਵਨਾ ਪੈਦਾ ਕਰ ਰਿਹਾ ਹੈ'। ਉਨ੍ਹਾਂ ਦੱਸਿਆ ਕਿ ਇਥੇ ਕਰੀਬ 600 ਵਿਦਿਆਰਥੀ ਸਿੱਖਿਆ ਹਾਸਿਲ ਕਰ ਰਹੇ ਹਨ।

ਕੈਬਨਿਟ ਮੰਤਰੀ ਨੇ ਇਹ ਵੀ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਸਮੇਂ-ਸਮੇਂ 'ਤੇ ਵਿਦਿਆਰਥੀਆਂ ਨੂੰ ਪੜ੍ਹਾਈ ਵਾਸਤੇ ਸਕਾਲਰਸ਼ਿਪ ਸਕੀਮ ਦਾ ਲਾਭ ਪਹੁੰਚਾਇਆ ਜਾ ਰਿਹਾ ਹੈ ।

ਕੈਬਨਿਟ ਮੰਤਰੀ ਨੇ ਸੈਨਿਕਾਂ ਦੀ ਭਲਾਈ ਲਈ ਚੁੱਕੇ ਕਦਮਾਂ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਦੇਸ਼ ਸੇਵਾ ਕਰਦਿਆਂ ਜੇਕਰ ਕੋਈ ਫੌਜੀ ਜਵਾਨ ਸ਼ਹੀਦ ਹੋ ਜਾਂਦਾ ਹੈ ਤਾਂ ਪੰਜਾਬ ਸਰਕਾਰ ਵਲੋਂ ਉਸ ਦੇ ਪਰਿਵਾਰ ਦੀ ਆਰਥਿਕ ਸਹਾਇਤਾ ਲਈ ਇਕ ਕਰੋੜ ਰੁਪਏ ਦੀ ਮੁਹੱਈਆ ਕਰਵਾਈ ਜਾਂਦੀ ਹੈ।

ਇਸ ਮੌਕੇ ਉਨ੍ਹਾਂ ਅਸਤਬਲ ਦਾ ਵੀ ਉਦਘਾਟਨ ਕੀਤਾ ਜਿਸ ਉੱਪਰ ਪੰਜਾਬ ਸਰਕਾਰ ਵਲੋਂ ਇਸ 'ਤੇ 26 ਲੱਖ ਰੁਪਏ ਦੀ ਰਾਸ਼ੀ ਖ਼ਰਚ ਕੀਤੀ ਗਈ ਹੈ। ਉਨ੍ਹਾਂ ਵਲੋਂ ਸ਼ਹੀਦੀ ਸਮਾਰਕ ਉਪਰ ਸ਼ਰਧਾ ਦੇ ਫੁੱਲ ਵੀ ਭੇਟ ਕੀਤੇ ਗਏ।

ਇਸ ਤੋਂ ਪਹਿਲਾਂ ਰੈਸਟ ਹਾਊਸ ਕਪੂਰਥਲਾ ਵਿਖੇ ਪੁਲਿਸ ਦੀ ਟੁਕੜੀ ਵਲੋਂ ਉਨ੍ਹਾਂ ਨੂੰ ਗਾਰਡ ਆਫ਼ ਆਨਰ ਵੀ ਪੇਸ਼ ਕੀਤਾ ਗਿਆ।

ਇਸ ਮੌਕੇ 11 ਕੋਰ ਦੇ ਚੀਫ ਆਫ ਸਟਾਫ ਮੇਜਰ ਜਨਰਲ ਅਤੁਲ ਭਦੋਰੀਆ , ਡਿਪਟੀ ਕਮਿਸ਼ਨਰ ਅਮਿਤ ਕੁਮਾਰ ਪੰਚਾਲ, ਐਸ.ਐਸ.ਪੀ. ਗੌਰਵ ਤੂਰਾ, ਸੈਨਿਕ ਸਕੂਲ ਦੇ ਪ੍ਰਿੰਸੀਪਲ ਗਰੁੱਪ ਕੈਪਟਨ ਮਧੂ ਸੈਂਗਰ , ਲੈਫ਼ਟੀਨੈਂਟ ਜਨਰਲ ਗੁਰਦੀਪ ਸਿੰਘ ਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

## ਸੰਪਾਦਕੀ

# ਮੌਸਮ ਚੱਕਰ ਵਿੱਚ ਵਿਘਨ

ਕੁਦਰਤ ਦੀ ਆਪਣੀ ਰਫ਼ਤਾਰ ਹੈ, ਪਰ ਦੁੱਖ ਦੀ ਗੱਲ ਹੈ ਕਿ ਪਿਛਲੇ ਕੁਝ ਸਾਲਾਂ ਵਿੱਚ ਇਸਦੀ ਲੈਅ ਟੁੱਟਣੀ ਸ਼ੁਰੂ ਹੋ ਗਈ ਹੈ। ਪਿਛਲੇ ਕੁਝ ਦਿਨਾਂ ਵਿੱਚ, ਦੇਸ਼ ਦੇ ਕੁਝ ਹਿੱਸਿਆਂ ਵਿੱਚ ਤੇਜ਼ ਤੂਫ਼ਾਨ ਆਏ, ਜਦੋਂ ਕਿ ਹੋਰ ਹਿੱਸਿਆਂ ਵਿੱਚ, ਮੋਹਲੇਧਾਰ ਮੀਂਹ ਨੇ ਤਬਾਹੀ ਮਚਾ ਦਿੱਤੀ। ਦਰਅਸਲ, ਗਲੋਬਲ ਵਾਰਮਿੰਗ ਵਿੱਚ ਵਾਧੇ ਦੇ ਨਾਲ, ਮੌਸਮ ਚੱਕਰ ਨਾ ਸਿਰਫ਼ ਭਾਰਤ ਵਿੱਚ ਸਗੋਂ ਦੁਨੀਆ ਭਰ ਵਿੱਚ ਵਿਘਨ ਪਾ ਰਿਹਾ ਹੈ। ਦਿੱਲੀ ਵਿੱਚ ਪਿਛਲੇ ਕੁਝ ਦਿਨਾਂ ਵਿੱਚ ਅਚਾਨਕ ਤੂਫ਼ਾਨ ਅਤੇ ਮੀਂਹ ਪਿਆ। ਜਿੱਥੇ ਰਾਜਧਾਨੀ ਸਮੇਤ ਦੇਸ਼ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਮਈ ਮਹੀਨੇ ਵਿੱਚ ਤੇਜ਼ ਗਰਮੀ ਪੈਂਦੀ ਹੈ, ਉੱਥੇ ਹੀ ਇਸ ਵਾਰ ਮੌਸਮ ਇੰਨਾ ਬਦਲ ਗਿਆ ਕਿ ਲੋਕਾਂ ਨੂੰ ਯਕੀਨ ਹੀ ਨਹੀਂ ਆ ਰਿਹਾ ਸੀ ਕਿ ਇਹ ਬਰਸਾਤ ਦਾ ਮੌਸਮ ਹੈ ਜਾਂ ਗਰਮੀ ਦਾ। ਮੌਸਮ ਵਿਭਾਗ ਨੇ ਖੁਦ ਕਿਹਾ ਕਿ ਪਿਛਲੇ ਸ਼ਨੀਵਾਰ ਨੂੰ ਹੋਈ ਬਾਰਿਸ਼ ਨੇ 125 ਸਾਲਾਂ ਦਾ ਰਿਕਾਰਡ ਤੋੜ ਦਿੱਤਾ। ਕਈ ਥਾਵਾਂ ਤੇ ਦਰੱਖਤ ਉੱਖੜ ਗਏ ਅਤੇ ਰਿਹਾਇਸ਼ੀ ਇਲਾਕਿਆਂ ਨੂੰ ਵੀ ਭਾਰੀ ਨੁਕਸਾਨ ਪਹੁੰਚਿਆ। ਰਾਜਧਾਨੀ ਵਿੱਚ ਭਾਰੀ ਤੂਫਾਨ ਅਤੇ ਮੀਂਹ ਤੋਂ ਬਾਅਦ, ਇਹ ਸਵਾਲ ਉੱਠਣਾ ਸੁਭਾਵਿਕ ਹੈ ਕਿ ਕੀ ਇਸਨੂੰ ਆਮ ਮੰਨਿਆ ਜਾਣਾ ਚਾਹੀਦਾ ਹੈ ਜਾਂ ਜਲਵਾਯੂ ਪਰਿਵਰਤਨ ਦੀ ਚੇਤਾਵਨੀ। ਹਾਲ ਹੀ ਵਿੱਚ, ਬੰਗਲੁਰੂ ਵਿੱਚ ਲਗਾਤਾਰ ਮੀਂਹ ਕਾਰਨ, ਜਨਜੀਵਨ ਠੱਪ ਹੋ ਗਿਆ। ਪਾਣੀ ਘਰਾਂ ਵਿੱਚ ਦਾਖਲ ਹੋ ਗਿਆ। ਸੜਕਾਂ ਤੇ ਕਿਸ਼ਤੀਆਂ ਵੀ ਦੌੜੀਆਂ। ਮਹਾਰਾਸ਼ਟਰ ਵਿੱਚ ਵੀ ਲਗਭਗ ਇਹੀ ਸਥਿਤੀ ਪੈਦਾ ਹੋਈ। ਦੂਜੇ ਪਾਸੇ, ਇਸ ਵਾਰ ਮਾਨਸੂਨ ਕੇਰਲ ਵਿੱਚ ਸਮੇਂ ਤੋਂ ਪਹਿਲਾਂ ਆ ਗਿਆ ਹੈ। ਹੈਰਾਨੀ ਵਾਲੀ ਗੱਲ ਇਹ ਹੈ ਕਿ ਇਹ ਲਗਭਗ ਪੰਦਰਾਂ ਸਾਲਾਂ ਵਿੱਚ ਸਭ ਤੋਂ ਪਹਿਲਾਂ ਆਇਆ ਹੈ। ਇਹ ਆਮ ਤੌਰ ਤੇ 1 ਜੂਨ ਨੂੰ ਆਉਂਦਾ ਹੈ, ਪਰ ਇਸ ਸਾਲ ਇਹ ਨਾ ਸਿਰਫ਼ ਪਹਿਲਾਂ ਪਹੁੰਚਿਆ ਬਲਕਿ ਕਰਨਾਟਕ ਅਤੇ ਤਾਮਿਲਨਾਡੂ ਦੇ ਕੁਝ ਹਿੱਸਿਆਂ ਨੂੰ ਵੀ ਥੋੜ੍ਹੇ ਸਮੇਂ ਵਿੱਚ ਕਵਰ ਕਰ ਲਿਆ। ਇਹ ਭਾਰਤ ਵਿੱਚ ਮੌਸਮ ਦੇ ਬਦਲਦੇ ਮਿਜ਼ਾਜ ਦੀ ਇੱਕ ਨਵੀਂ ਤਸਵੀਰ ਹੈ। ਹਾਲਾਂਕਿ, ਮੌਸਮ ਮਾਹਿਰਾਂ ਦਾ ਮੰਨਣਾ ਹੈ ਕਿ ਅਰਬ ਸਾਗਰ ਅਤੇ ਬੰਗਾਲ ਦੀ ਖਾੜੀ ਤੋਂ ਆ ਰਹੀਆਂ ਨਮੀ ਵਾਲੀਆਂ ਹਵਾਵਾਂ ਕਾਰਨ ਮੌਸਮ ਬਦਲਿਆ ਹੈ। ਪਰ ਕਿਸੇ ਨੇ ਸੋਚਿਆ ਵੀ ਨਹੀਂ ਸੀ ਕਿ ਇਸ ਤੋਂ ਬਾਅਦ ਮੌਸਮ ਇੰਨਾ ਬਦਲ ਜਾਵੇਗਾ ਅਤੇ ਇੱਕ ਭਿਆਨਕ ਤੂਫ਼ਾਨ ਆਵੇਗਾ। ਇਹ ਅਜੀਬ ਹੈ ਕਿ ਇੱਕ ਪਾਸੇ ਦੱਖਣ-ਪੱਛਮੀ ਭਾਰਤ ਵਿੱਚ ਮੀਂਹ ਪੈ ਰਿਹਾ ਹੈ, ਜਦੋਂ ਕਿ ਦੂਜੇ ਪਾਸੇ ਉੱਤਰ ਅਤੇ ਉੱਤਰ-ਪੱਛਮੀ ਭਾਰਤ ਦੇ ਕਈ ਰਾਜ ਭਿਆਨਕ ਗਰਮੀ ਦੀ ਲਪੇਟ ਵਿੱਚ ਹਨ। ਕੁਝ ਥਾਵਾਂ ਤੇ ਤੇਜ਼ ਹਵਾਵਾਂ ਕਾਰਨ ਲੋਕਾਂ ਨੂੰ ਸੁਚੇਤ ਕੀਤਾ ਜਾ ਰਿਹਾ ਹੈ, ਜਦੋਂ ਕਿ ਕੁਝ ਥਾਵਾਂ ਤੇ ਗਰਜ-ਤੂਫ਼ਾਨ ਦੀ ਚੇਤਾਵਨੀ ਜਾਰੀ ਕੀਤੀ ਜਾ ਰਹੀ ਹੈ। ਮੌਸਮ ਦੇ ਬਦਲਦੇ ਸੁਭਾਅ ਕਾਰਨ ਜਾਨੀ ਨੁਕਸਾਨ ਦਾ ਵੀ ਖ਼ਤਰਾ ਹੈ। ਇਸ ਦੇ ਨਾਲ ਹੀ, ਰੇਲ ਅਤੇ ਹਵਾਈ ਆਵਾਜਾਈ ਪ੍ਰਭਾਵਿਤ ਹੁੰਦੀ ਹੈ। ਹਾਲ ਹੀ ਵਿੱਚ, ਬਹੁਤ ਸਾਰੀਆਂ ਉਡਾਣਾਂ ਦੇ ਰੂਟ ਬਦਲਣੇ ਪਏ। ਦਰਅਸਲ, ਪੱਛਮੀ ਗੜਬੜੀ ਆਮ ਤੌਰ ਤੇ ਸਰਦੀਆਂ ਵਿੱਚ ਮੀਂਹ ਦਾ ਕਾਰਨ ਬਣਦੀ ਹੈ। ਜੇਕਰ ਇਸ ਕਾਰਨ ਮਈ ਦੇ ਮਹੀਨੇ ਵਿੱਚ ਮੀਂਹ ਪੈ ਰਿਹਾ ਹੈ, ਤਾਂ ਇਸਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਹੈ। ਕੀ ਜਲਵਾਯੂ ਪਰਿਵਰਤਨ ਕਾਰਨ ਜਲਦੀ ਅਤੇ ਤੇਜ਼ ਤੂਫਾਨ ਅਤੇ ਬਾਰਿਸ਼ ਵਰਗੀਆਂ ਸਥਿਤੀਆਂ ਨਹੀਂ ਆ ਰਹੀਆਂ ? ਮੌਸਮ ਵਿਗਿਆਨੀ ਪਹਿਲਾਂ ਹੀ ਚੇਤਾਵਨੀਆਂ ਦੇ ਰਹੇ ਹਨ। ਇਹ ਵੀ ਕਿਹਾ ਜਾ ਰਿਹਾ ਹੈ ਕਿ ਵਧਦੇ ਵਿਸ਼ਵਵਿਆਪੀ ਤਾਪਮਾਨ ਨੇ ਵਾਯੂਮੰਡਲ ਦੀ ਨਮੀ ਨੂੰ ਬਰਕਰਾਰ ਰੱਖਣ ਦੀ ਸਮਰੱਥਾ ਨੂੰ ਵਧਾ ਦਿੱਤਾ ਹੈ। ਨਤੀਜਾ ਇਹ ਹੈ ਕਿ ਮੌਸਮ ਹੁਣ ਤੇਜ਼ੀ ਨਾਲ ਬਦਲਣਾ ਸ਼ੁਰੂ ਹੋ ਗਿਆ ਹੈ। ਜਿਸ ਤਰ੍ਹਾਂ ਉੱਤਰੀ ਭਾਰਤ ਵਿੱਚ ਤਾਪਮਾਨ ਵਧਿਆ ਹੈ, ਉਹ ਅਸਹਿ ਹੈ। ਗਰਮ ਦਿਨਾਂ ਦੇ ਮੁਕਾਬਲੇ ਗਰਮ ਰਾਤਾਂ ਵਿੱਚ ਵਾਧੇ ਦੀਆਂ ਖ਼ਬਰਾਂ ਨੇ ਪਹਿਲਾਂ ਹੀ ਚਿੰਤਾਵਾਂ ਵਧਾ ਦਿੱਤੀਆਂ ਹਨ। ਇਹ ਨਹੀਂ ਕਿਹਾ ਜਾ ਸਕਦਾ ਕਿ ਆਉਣ ਵਾਲੇ ਸਾਲਾਂ ਵਿੱਚ ਮੌਸਮ ਦੀ ਤਸਵੀਰ ਕਿਹੋ ਜਿਹੀ ਹੋਵੇਗੀ। ਤੂਫਾਨ ਜਾਂ ਮੋਹਲੇਧਾਰ ਮੀਂਹ ਕੁਦਰਤ ਦੇ ਚੱਕਰ ਦਾ ਹਿੱਸਾ ਹੋ ਸਕਦਾ ਹੈ, ਪਰ ਜੇਕਰ ਇਸ ਨੂੰ ਧਿਆਨ ਵਿੱਚ ਰੱਖਦੇ ਹੋਏ ਬੁਨਿਆਦੀ ਢਾਂਚਾ ਵਿਕਸਤ ਕੀਤਾ ਜਾਵੇ, ਤਾਂ ਖਰਾਬ ਮੌਸਮ ਕਾਰਨ ਹੋਣ ਵਾਲੇ ਨੁਕਸਾਨ ਨੂੰ ਯਕੀਨੀ ਤੌਰ ਤੇ ਘਟਾਇਆ ਜਾ ਸਕਦਾ ਹੈ।

-ਜਗਜੀਤ ਸਿੰਘ ਦਰਦੀ

# ਨਸ਼ਿਆਂ ਦੇ ਛੇਵੇਂ ਦਰਿਆ ਨੂੰ ਕੌਣ ਮਾਰੂ ਬੰਨ੍ਹ !



ਕਮਲਜੀਤ ਸਿੰਘ ਬਨਵੈਤ
ਮੋ 98147 34035

ਪੰਜਾਬ ਵਿੱਚ ਨਸ਼ਿਆਂ ਦੇ ਵਗ ਰਹੇ ਛੇਵੇਂ ਦਰਿਆ ਨੂੰ ਡੱਕਾ ਲਾਉਣ ਦੀ ਤੀਜੀ ਡੈਡਲਾਈਨ ਚਾਰ ਦਿਨਾਂ ਨੂੰ ਪੁੱਗ ਜਾਣੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਸ਼ੁਰੂ ਕਰਨ ਵੇਲੇ 31 ਮਈ ਤੱਕ ਪੰਜਾਬ ਵਿੱਚੋਂ ਨਸ਼ੇ ਖਤਮ ਕਰਨ ਦਾ ਐਲਾਨ ਕੀਤਾ ਸੀ। ਉਸ ਤੋਂ ਪਹਿਲਾਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ 15 ਅਗਸਤ ਅਤੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ 31 ਦਸੰਬਰ ਦੀ ਤਰੀਕ ਮਿੱਥ ਦਿੱਤੀ ਸੀ। ਮਾਨ ਸਰਕਾਰ ਦੇ ਦੋ ਵਜ਼ੀਰਾਂ ਦੀ ਦਿੱਤੀ ਡੈਡਲਾਈਨ ਤਾਂ ਪੁੱਗ ਨਹੀਂ ਸਕੀ ਹੈ ਅਤੇ ਹੁਣ ਮੁੱਖ ਮੰਤਰੀ ਮਾਨ ਵੀ ਵਾਅਦੇ ਤੋਂ ਕੱਚੇ ਉੱਤਰਦੇ ਲੱਗਦੇ ਹਨ।

ਇਸ ਤੋਂ ਪਹਿਲਾਂ ਨਸ਼ਿਆਂ ਦੇ ਵਗਦੇ ਛੇਵੇਂ ਦਰਿਆ ਨੂੰ ਡੱਕਾ ਨਾ ਲਾਉਣ ਕਰਕੇ ਦੋ ਸਰਕਾਰਾਂ ਤੁਰਦੀਆਂ ਹੋਈਆਂ ਸਨ। ਕੈਪਟਨ ਅਮਰਿੰਦਰ ਸਿੰਘ ਨੇ ਤਾਂ 2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਹੱਥ ਵਿੱਚ ਗੁਟਕਾ ਸਾਹਿਬ ਫੜ੍ਹ ਕੇ ਪੰਜਾਬ ਵਿੱਚੋਂ ਇੱਕ ਹਫ਼ਤੇ ਦੇ ਅੰਦਰ ਅੰਦਰ ਨਸ਼ੇ ਖਤਮ ਕਰਨ ਦਾ ਭਰੋਸਾ ਦਿੱਤਾ ਸੀ। ਇਸ ਤੋਂ ਪਹਿਲਾਂ ਅਕਾਲੀ ਸਰਕਾਰ ਦੇ ਰਾਜ ਦੌਰਾਨ ਤਾਂ ਨਸ਼ਿਆਂ ਦਾ ਛੇਵਾਂ ਦਰਿਆ ਤੇਜ਼ ਰਫ਼ਤਾਰ ਨਾਲ ਵਗਣ ਲੱਗਾ ਸੀ। ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਵੀ 20 22 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਵਿੱਚੋਂ ਨਸ਼ੇ ਖਤਮ ਕਰਨ ਸਮੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਹੁਰਮਤੀ ਦੇ ਦੋਸ਼ੀਆਂ ਨੂੰ 24 ਘੰਟਿਆਂ ਅੰਦਰ ਖ਼ਤਮ ਕਰਨ ਦਾ ਦਾਅਵਾ ਹਿੱਕ ਠੋਕ ਕੇ ਕੀਤਾ ਸੀ। ਹੁਣ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਵੀ ਉਹ ਮੋਹਰੀ ਬਣ ਕੇ ਵਿਚਰ ਰਹੇ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪਿਛਲੇ ਦਿਨੀ ਭਰੀ ਸਭਾ ਵਿੱਚ ਮੰਨ ਚੁੱਕੇ ਹਨ ਕਿ ਪੰਜਾਬ ਵਿੱਚ ਨਸ਼ਿਆਂ ਦਾ ਧੰਦਾ ਸਿਆਸੀ ਲੀਡਰਾਂ, ਪੁਲਿਸ ਅਤੇ ਅਫ਼ਸਰ ਸ਼ਾਹੀ ਨਾਲ ਮਿਲ ਕੇ ਚੱਲਦਾ ਹੈ। ਇਸ ਗੋਰਖ ਧੰਦੇ ਬਾਰੇ ਸੂਹ ਹੁੰਦਿਆਂ ਵੀ ਉਹਨਾਂ ਦੀ ਪੁੱਗੀ ਨਹੀਂ ਹੈ ਜਾਂ ਇਹ ਕਹਿ ਲਈਏ ਕਿ ਉਹਨਾਂ ਦੇ ਹੱਥ ਵਿੱਚ ਕੁਝ ਬੱਸ ਨਹੀਂ ਰਿਹਾ ਹੈ। ਭਗਵੰਤ ਸਿੰਘ ਮਾਨ ਸੂਬੇ ਦੇ ਅਜਿਹੇ ਪਹਿਲੇ ਮੁੱਖ ਮੰਤਰੀ ਹਨ ਜਿਹੜੇ ਅਫਸਰ ਸ਼ਾਹੀ ਨੂੰ ਨੱਥ ਨਹੀਂ ਪਾ ਸਕੇ ਹਨ। ਨਾ ਉਹਨਾਂ ਦਾ ਅਫਸਰਸ਼ਾਹੀ ਤੇ ਬਣਿਆ ਹੈ ਅਤੇ ਨਾ ਹੀ ਅਫ਼ਸਰ ਸ਼ਾਹੀ ਨੂੰ ਤਿੰਨ ਸਾਲਾਂ ਬਾਅਦ ਵੀ ਇਹ ਪਤਾ ਨਹੀਂ ਲੱਗ ਸਕਿਆ ਕਿ ਉਹ ਕਿਸ ਦੇ ਉੱਤੇ ਵਿਸ਼ਵਾਸ ਕਰਨ। ਅਫਸਰਸ਼ਾਹੀ ਅਕੀਂ ਪਲਾਹੀ ਹੱਥ ਮਾਰ ਰਹੀ ਹੈ।

ਪੁਲਿਸ ਦੀ ਨਸ਼ਿਆਂ ਦੇ ਕਾਰੋਬਾਰ ਵਿੱਚ ਸ਼ਮੂਲੀਅਤ ਦੀ ਗੱਲ ਕਰੀਏ ਤਾਂ ਸਾਬਕਾ ਏਆਈਜੀ ਰਾਜਜੀਤ ਸਿੰਘ ਹੁੰਦਲ ਤਿੰਨ ਸਾਲਾਂ ਤੋਂ ਸਰਕਾਰ ਦੇ ਹੱਥ ਨਹੀਂ ਆ ਰਹੇ ਹਨ। ਇਸ ਨੂੰ ਸਰਕਾਰ ਦੀ ਨਲਾਇਕੀ ਕਹਿ ਲਈਏ ਜਾਂ ਫਿਰ ਮੁੱਖ ਮੰਤਰੀ ਮਾਨ ਦੀ ਬੇਬਸੀ। ਹੋਰ ਕਿੰਨੇ ਪੁਲਿਸ ਮੁਲਾਜ਼ਮਾਂ ਦੀ ਸ਼ਮੂਲੀਅਤ ਨੂੰ ਲੈ ਕੇ ਖ਼ਬਰਾਂ ਅਖ਼ਬਾਰਾਂ ਵਿੱਚ ਨਸ਼ਰ ਹੁੰਦੀਆਂ ਰਹੀਆਂ ਹਨ। ਇੱਥੋਂ ਤੱਕ ਕਿ ਲੰਮਾ ਸਮਾਂ ਚਰਚਾ ਰਹੀ ਹੈ ਕਿ ਇੱਕ ਸਾਬਕਾ ਡੀਜੀਪੀ ਦੇ ਨਾਂ ਦਾ ਲਿਫ਼ਾਫ਼ਾ ਪੰਜਾਬ ਦੀ ਉੱਚ ਅਦਾਲਤ ਵਿੱਚ ਬੰਦ ਪਿਆ ਹੈ ਜਿਸ ਨੂੰ ਖੋਲ੍ਹਣ ਦੀ ਸਰਕਾਰ ਦੀ ਹਿੰਮਤ ਨਹੀਂ ਪੈ ਰਹੀ ਹੈ।

ਇੱਥੇ ਹਾਲ ਹੀ ਅਖ਼ਬਾਰਾਂ ਵਿੱਚ ਛਪੀ ਇੱਕ ਖ਼ਬਰ ਦਾ ਜ਼ਿਕਰ ਕਰਨਾ ਢੁਕਵਾਂ ਰਹੇਗਾ। ਪੰਜਾਬ ਪੁਲਿਸ ਭਰਤੀ ਦੇ ਰਿਕਰੂਟ ਸਿਪਾਹੀਆਂ ਦੀ ਡੋਪ ਟੈਸਟ ਰਿਪੋਰਟ ਪੋਜੀਟਿਵ ਪਾਈ ਗਈ ਹੈ ਇਹਨਾਂ ਵਿੱਚੋਂ ਦੋ ਤਾਰਨ ਨਾਲ ਸੰਬੰਧਿਤ ਹਨ ਇਹਨਾਂ ਸਾਰਿਆਂ ਨੂੰ ਟ੍ਰੇਨਿੰਗ ਦੇਣ ਤੋਂ ਪਹਿਲਾਂ ਹੀ ਵਾਪਸ ਭੇਜ ਦਿੱਤਾ ਗਿਆ ਹੈ।

ਪੰਜਾਬ ਪੁਲਿਸ ਵਿੱਚ ਹੋਈ ਭਰਤੀ ਨਾਲ ਸੰਬੰਧਿਤ ਰਿਕਰੂਟ ਸਿਪਾਹੀਆਂ ਦੀ ਕੌਂਸਲਿੰਗ ਸ਼ੁਰੂ ਕੀਤੀ ਗਈ। ਇਸ ਦੌਰਾਨ ਟ੍ਰੇਨਿੰਗ ਸੈਂਟਰ ਦੇ ਕਮਾਂਡੈਂਟ ਨੂੰ 6 ਸਿਪਾਹੀਆਂ ਤੇ ਸ਼ੱਕ ਹੋਇਆ । ਉਹਨਾਂ ਦੀਆਂ ਸਰੀਰਕ ਹਰਕਤਾਂ ਤੋਂ ਅਨੁਮਾਨ ਲਗਾਇਆ ਗਿਆ ਕਿ ਉਹ ਨਸ਼ਾ ਕਰਦੇ ਹਨ। ਸਬੰਧਤ ਅਧਿਕਾਰੀਆਂ ਦੇ ਧਿਆਨ ਵਿੱਚ ਮਾਮਲਾ ਲਿਆਉਂਦੇ ਹੋਏ ਕਮਾਂਡਰ ਵੱਲੋਂ ਸਿਵਲ ਸਰਜਨ ਹੁਸ਼ਿਆਰਪੁਰ ਨੂੰ ਡੋਪ ਟੈਸਟ ਲਈ ਕਿਹਾ ਗਿਆ। ਰਿਪੋਰਟ ਪੋਜੀਟਿਵ ਆਈ ਹੈ।

ਇੱਕ ਹੋਰ ਦਿਲਚਸਪ ਪਰ ਹੈਰਾਨੀਜਨਕ ਘਟਨਾ ਦਾ ਜ਼ਿਕਰ ਕਰਨਾ ਵਾਜਿਬ ਹੋਵੇਗਾ ਕਿ ਪੰਜਾਬ ਪੁਲਿਸ ਦੀ ਇੱਕ ਮਹਿਲਾ ਮੁਲਾਜ਼ਮ ਦੋ ਅਪ੍ਰੈਲ ਨੂੰ 17.71 ਗ੍ਰਾਮ ਹੈਰੋਇਨ ਸਣੇ ਗ੍ਰਿਫਤਾਰ ਕੀਤੀ ਗਈ ਸੀ। ਉਸ ਨੂੰ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ ਗਿਆ ਸੀ। ਥਾਰ ਵਾਲੀ ਇਸ ਬੀਬੀ ਦੇ ਨਾਂ ਨਾਲ ਜਾਨੀ ਜਾਂਦੀ ਅਮਨਦੀਪ ਕੌਰ ਨੂੰ ਬਾਦਲ ਪਿੰਡ ਰਹਿੰਦੀ ਗਾਇਕਾ ਦੇ ਘਰੋਂ ਸੋਮਵਾਰ ਨੂੰ ਵਿਜੀਲੈਂਸ ਬਿਊਰੋ ਨੇ ਆਮਦਨ ਤੋਂ ਬਾਅਦ ਜਾਇਦਾਦ ਬਣਾਉਣ ਦੇ ਦੋਸ਼ ਹੇਠ ਦੁਬਾਰਾ ਗ੍ਰਿਫਤਾਰ ਕਰ ਲਿਆ ਹੈ। ਇੱਕ ਜਾਣਕਾਰੀ ਅਨੁਸਾਰ ਉਸ ਦੀ ਮਹੀਨੇ ਦੀ ਆਮਦਨ ਇੱਕ ਕਰੋੜ 8 ਲੱਖ ਹੈ ਜਦਕਿ ਖਰਚੇ ਇਕ ਕਰੋੜ 39 ਲੱਖ ਦੱਸੇ ਜਾਂਦੇ ਹਨ। ਉਸ ਦੇ ਕੋਲ ਮਹਿੰਗੀਆਂ ਗੱਡੀਆਂ ਅਤੇ ਬਹੁਤ ਮਹਿੰਗੀਆਂ ਘੜੀਆਂ ਹਨ ਅਤੇ ਉਹ ਇੱਕ ਮਹਿਲ ਨੁਮਾ ਕੋਠੀ ਦੀ ਮਾਲਕ ਹੈ।

ਜਦੋਂ ਉਸ ਨੂੰ ਪੁਲਿਸ ਨੇ ਨਸ਼ਿਆਂ ਸਮੇਤ ਗ੍ਰਿਫਤਾਰ ਕੀਤਾ ਸੀ ਤਦ ਇਹ ਗੱਲ ਬੜੀ ਚਰਚਾ ਵਿੱਚ ਸੀ ਕਿ ਉਸ ਦੇ ਸੰਬੰਧ ਪੰਜਾਬ ਪੁਲਿਸ ਦੇ ਉੱਚ ਅਧਿਕਾਰੀਆਂ ਨਾਲ ਹਨ ਜਿਨਾਂ ਵਿੱਚ ਏਡੀਜੀਪੀ ਆਈ ਜੀ ਅਤੇ ਡੀਆਈਜੀ ਰੈਂਕ ਦੇ ਅਧਿਕਾਰੀ ਦੱਸੇ ਜਾਂਦੇ ਹਨ। ਪੁਲਿਸ ਨੇ ਇਹ ਦਾਅਵਾ ਵੀ ਕੀਤਾ ਸੀ ਕਿ ਜਦੋਂ ਉਸ ਦੀ ਗੱਡੀ ਰੋਕੀ ਗਈ ਤਾਂ ਉਸਨੇ ਪਹਿਲਾਂ ਉੱਚ ਅਧਿਕਾਰੀਆਂ ਨਾਲ ਨੇੜਤਾ ਹੋਣ ਦੀ ਧੌਂਸ ਦੱਸੀ। ਬੜੀ ਜੱਦੋ ਜ਼ਹਿਦ ਦੇ ਬਾਅਦ ਉਸ ਨੂੰ ਪੁਲਿਸ ਨੇ ਹੱਥ ਤਾਂ ਪਾ ਲਿਆ ਪਰ ਬਾਅਦ ਵਿੱਚ ਆਪਣੇ ਹੱਥੀ ਹੀ ਬੰਨੇ ਗਏ ਸਨ। ਥਾਰ ਵਾਲੀ ਬੀਬੀ ਨੂੰ ਗ੍ਰਿਫ਼ਤਾਰ ਕਰਨ ਤੋਂ ਬਾਅਦ ਲੱਗਦਾ ਸੀ ਕਿ ਪੁਲਿਸ ਉਹਨਾਂ ਉੱਚ ਅਧਿਕਾਰੀਆਂ ਦੇ ਨਾਂ ਸਾਹਮਣੇ ਲਿਆਵੇਗੀ ਜਿਨਾਂ ਦੀ ਸਰਪ੍ਰਸਤੀ ਹੇਠ ਉਹ ਕਥਿਤ ਤੌਰ ਤੇ ਸ਼ਾਹੀ ਠਾਠ ਵਾਲੀ ਜ਼ਿੰਦਗੀ ਬਤੀਤ ਕਰਦੀ ਰਹੀ ਹੈ। ਖ਼ਬਰਾਂ ਤਾਂ ਇਹ ਵੀ ਹਨ ਕਿ ਉਸ ਦਾ ਆਪਣਾ ਤਲਾਕ ਹੋ ਚੁੱਕਾ ਹੈ ਪਰ ਉਹ ਇੱਕ ਹੋਰ ਬਲਵਿੰਦਰ ਸਿੰਘ ਨਾਂ ਦੇ ਵਿਆਂਦੜ ਨਾਲ ਰਿਸ਼ਤਾ ਨਿਭਾਅ ਰਹੀ ਹੈ। ਖ਼ਬਰਾਂ ਤਾਂ ਇਹ ਵੀ ਹਨ ਕਿ ਉਹ ਨਸ਼ੇ ਦੀ ਸਪਲਾਈ ਐਬੂਲੈਂਸ ਵਿੱਚ ਰੱਖ ਕੇ ਕਰਦੀ ਰਹੀ ਹੈ। ਜਦੋਂ ਆਸ ਕੀਤੀ ਜਾਂਦੀ ਸੀ ਕਿ ਅੰਦਰਲੀਆਂ ਪਰਤਾਂ ਸਾਰੀਆਂ ਖੁੱਲ੍ਹਣਗੀਆਂ ਤਾਂ ਉਹ ਜ਼ਮਾਨਤ ਤੇ ਬਾਹਰ ਆ ਗਈ ਸੀ। ਉਸ ਤੋਂ ਬਾਅਦ ਉਹ ਕਈ ਨਿੱਜੀ ਚੈਨਲਾਂ ਨਾਲ ਇੰਟਰਵਿਊ ਦੇਣ ਵੇਲੇ ਹਿੱਕ ਠੋਕ ਕੇ ਗਰਜਦੀ ਰਹੀ ਕਿ ਸਾਰਾ ਕੁਝ ਕਾਨੂੰਨ ਦੇ ਦਾਇਰੇ ਵਿੱਚ ਰਹਿ ਕੇ ਨਿਭਾਇਆ ਜਾ ਰਿਹਾ ਹੈ।

ਇਸ ਤੋਂ ਪਹਿਲਾਂ ਸੀ ਆਈਏ ਸਟਾਫ਼ ਫਗਵਾੜਾ ਦਾ ਕਾਰਨਾਮਾ ਵੀ ਕਿਸੇ ਤੋਂ ਭੁੱਲਿਆ ਨਹੀਂ ਹੈ। ਸੀਆਈ ਏ ਸਟਾਫ ਨੇ ਇੱਕ ਨਸ਼ਾ ਤਸਕਰ ਨੂੰ ਭਜਾਉਣ ਲਈ ਉਸ ਤੋਂ ਢਾਈ ਲੱਖ ਰੁਪਏ ਦੀ ਰਿਸ਼ਵਤ ਲਈ ਸੀ। ਸਾਰੇ ਮੁਲਾਜ਼ਮ ਨੌਕਰੀ ਤੋਂ ਸਸਪੈਂਡ ਹਨ ਪਰ ਕੀ ਇਹ ਸਜ਼ਾ ਜਾਂ ਸਰਕਾਰ ਦੇ ਫੈਸਲਿਆਂ ਨਾਲ ਨਸ਼ਿਆਂ ਦੇ ਵਗਦੇ ਛੇਵੇਂ ਦਰਿਆ ਨੂੰ ਡੱਕਾ ਲੱਗ ਜਾਵੇਗਾ। ਨਸ਼ਾ ਤਸਕਰਾਂ ਵੱਲੋਂ ਨਸ਼ਿਆਂ ਖ਼ਿਲਾਫ਼ ਖੜਨ ਵਾਲਿਆਂ ਨੂੰ ਸ਼ਰੇਆਮ ਗੋਲੀ ਨਾਲ ਭੁੰਨ ਦੇਣ ਦੀਆਂ ਘਟਨਾਵਾਂ ਨੇ ਸਾਡੇ ਸਭ ਦੇ ਲਖ ਕੰਡੇ ਖੜੇ ਕੀਤੇ ਹਨ। ਪਰ ਸਰਕਾਰ ਨੇ ਕਿਸ ਦੀ ਬਾਂਹ ਫੜੀ ਹੈ ਇਹ ਕਿਸੇ ਤੋਂ ਲੁਕਿਆ ਨਹੀਂ ਰਿਹਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਿਰੋਧੀ ਧਰ ਵਿਚ ਹੁੰਦਿਆਂ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਖ਼ਿਲਾਫ਼ ਕਤਲ ਦਾ ਕੇਸ ਦਰਜ ਕਰਨ ਦੀ ਉਦੋ ਮੰਗ ਕਰਦੇ ਰਹੇ ਸਨ ਸੋ ਤਰਨ ਤਾਰਨ ਵਿੱਚ ਨਕਲੀ ਸ਼ਰਾਬ ਪੀਣ ਨਾਲ 100 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਸੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਕਾਰਜਕਾਲ ਦੌਰਾਨ ਨਕਲੀ ਸ਼ਰਾਬ ਪੀਣ ਨਾਲ ਦੋ ਘਟਾਨਵਾਂ ਵਾਪਰ ਚੁੱਕੀਆਂ ਹਨ। ਪੰਜਾਬੀ ਸਵਾਲ ਪੁੱਛਣ ਲੱਗੇ ਹਨ ਕਿ ਹੁਣ ਉਹਨਾਂ ਦੇ ਖ਼ਿਲਾਫ਼ ਕਿਹੜੀ ਸਜ਼ਾ ਤੈਅ ਕੀਤੀ ਜਾਵੇ, ਲੋਕ ਉਹਨਾਂ ਮੂਹਰੇ ਸਵਾਲ ਖੜੇ ਕਰਨ ਲੱਗੇ ਹਨ।

ਰਿਕਾਰਡ ਅਨੁਸਾਰ ਅਮਨਦੀਪ ਕੌਰ ਦੀ ਪਿਛਲੇ ਅੱਠ ਸਾਲਾਂ ਵਿੱਚ ਆਮਦਨ 1.8 ਕਰੋੜ ਮੰਨ ਲਈ ਗਈ ਸੀ । ਜਦੋਂ ਵਿਜੀਲੈਂਸ ਨੇ ਹਿਸਾਬ ਲਗਾਉਣਾ ਸ਼ੁਰੂ ਕੀਤਾ ਤਾਂ ਉਸ ਦਾ ਖਰਚਾ 1.39 ਕਰੋੜ ਰੁਪਏ ਨਿਕਲਿਆ। ਉਸਨੇ ਆਪਣੀ ਆਮਦਨ ਨਾਲੋਂ 31 ਲੱਖ ਰੁਪਏ ਵੱਧ ਖਰਚ ਕੀਤੇ ਹਨ॥ ਇਹ ਪੈਸਾ ਕਿੱਥੋਂ ਆਇਆ ਹੈ ਅਤੇ ਕਿਵੇਂ ਕਮਾਇਆ ਗਿਆ ਇਸ ਦੀ ਜਾਂਚ ਕਰਨ ਲਈ ਉਸ ਨੂੰ ਅਦਾਲਤ ਵਿੱਚ ਪੇਸ਼ ਕਰਕੇ ਸ਼ਾਇਦ ਗੁੱਝੇ ਭੇਤ ਖੁੱਲ ਜਾਣ। ਵਿਜਨ ਸੇ ਜਾਣਾ ਚਾਹੁੰਦੀ ਹੈ ਕਿ ਇੱਕ ਕਾਂਸਟੇਬਲ ਨੇ ਇੰਨੀ ਵੱਡੀ ਕਮਾਈ ਕਿਵੇਂ ਕੀਤੀ। ਉਹ ਇੰਸਟਾ ਕਿਊਨ ਵਜੋਂ ਵੀ ਜਾਣੀ ਜਾਂਦੀ ਹੈ। ਪੰਜਾਬ ਸਰਕਾਰ ਦੀ ਨੀਤੀ ਅਨੁਸਾਰ ਨਸ਼ੇ ਦੇ ਪੈਸਿਆਂ ਨਾਲ ਪ੍ਰਾਪਤ ਕੀਤੀਆਂ ਅਜਿਹੀਆਂ ਜਾਇਦਾਦਾਂ ਨੂੰ ਜ਼ੂਬਤ ਕਰਨ ਤੋਂ ਬਾਅਦ ਉਹਨਾਂ ਦੀ ਖਰੀਊਦੋ ਫ਼ਰੋਖਤ ਤੇ ਪਾਉਣ ਦੀ ਲਗਾ ਦਿੱਤੀ ਗਈ ਹੈ। ਅਮਨਦੀਪ ਕੌਰ ਦੀ ਗ੍ਰਿਫਤਾਰੀ ਤੋਂ ਬਾਅਦ ਪੁਲਿਸ ਨੇ ਦਿੱਲੀ 13 ਨੂੰ ਉਸ ਦੀ ਜਾਇਦਾ ਜਬਤ ਕਰਨ ਲਈ ਅੱਜ ਦਿੱਤੀ ਸੀ ਇਸ ਵਿੱਚ ਪੇਸ਼ੀ ਲਈ ਨਿਰਧਾਰਤ ਸਮਾਂ ਵੀ ਦਿੱਤਾ ਗਿਆ ਸੀ ਪਰ ਉਸ ਵੱਲੋਂ ਪੇਸ਼ ਵਕੀਲ ਦੀ ਦਲੀਲ ਨੂੰ ਸਵੀਕਾਰ ਨਹੀਂ ਕੀਤਾ ਗਿਆ ਇਸ ਤੋਂ ਬਾਅਦ ਤੁਸੀਂ ਜਾਇਦਾਦ ਨੂੰ ਜਬਤ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ॥ ਅਮਨਦੀਪ ਕੌਰ ਕੋਲ ਦੋ ਮਹਿੰਦਰਾ ਥਾਰ ਕਾਰਾ ਹਨ ਜਿਨਾਂ ਨੂੰ ਜ਼ਬਤ ਕੀਤਾ ਗਿਆ ਹੈ। ਇੱਕ ਰਾਇਲ ਐਨ ਫੀਲਡ ਬੁਲਟ ਮੋਟਰਸਾਈਕਲ ਨੂੰ ਵੀ ਫਰੀ ਸੂਚੀ ਵਿੱਚ ਸ਼ਾਮਿਲ ਕੀਤਾ ਗਿਆ ਹੈ।

ਨਸ਼ਿਆਂ ਨੂੰ ਠੱਲ ਨਾ ਤਾਂ ਬਿਆਨ ਦੇਣ ਨਾਲ ਪੈਣੀ ਹੈ ਅਤੇ ਨਾ ਹੀ ਅਖਬਾਰਾਂ ਵਿੱਚ ਕਰੋੜਾਂ ਦੇ ਇਸ਼ਤਿਹਾਰ ਦੇ ਕੇ ਪੈਣ ਲੱਗੀ ਹੈ। ਇਹ ਆਰਟੀਆਈ ਤੋਂ ਸਾਹਮਣੇ ਆਇਆ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋ ਪਿਛਲੇ ਤਿੰਨ ਸਾਲਾਂ ਦੌਰਾਨ ਪ੍ਰਿੰਟ ਮੀਡੀਆ ਨੂੰ 317 ਕਰੋੜ ਰੁਪਏ ਤੋਂ ਵੱਧ ਇਸ਼ਤਿਹਾਰ ਦਿੱਤੇ ਗਏ ਹਨ॥ ਪੰਜਾਬ ਦੀ ਤਤਕਾਲੀ ਕਾਂਗਰਸ ਸਰਕਾਰ ਨੇ ਪੰਜ ਸਾਲਾਂ ਦੌਰਾਨ ਇਸ਼ਤਿਹਾਰਬਾਜ਼ੀ ਉੱਤੇ 124 ਕਰੋੜ ਰੁਪਏ ਖਰਚ ਕੀਤੇ ਸਨ। ਜਦੋਂ ਕਿ ਭਗਵੰਤ ਮਾਨ ਦੀ ਸਰਕਾਰ ਨੇ ਪਿਛਲੇ ਇੱਕ ਸਾਲ ਦੌਰਾਨ ਹੀ 129.97 ਕਰੋੜ ਪਏ ਰੋੜ ਦਿੱਤੇ ਹਨ। ਕਾਂਗਰਸ ਸਰਕਾਰ ਨੇ ਆਪਣੇ ਕਾਰਜਕਾਲ ਦੇ ਪਹਿਲੇ ਸਾਲ ਦੌਰਾਨ ਕੇਵਲ ਪੰਜ ਕਰੋੜ ਦੇ ਹਥਿਆਰ ਦਿੱਤੇ ਸਨ ਜਦ ਕਿ ਵੋਟਾਂ ਤੋਂ ਪਹਿਲਾਂ ਵਾਲੇ ਸਾਲ ਨੂੰ ਇਸ਼ਤਿਆਰਾਂ ਉੱਤੇ 52 ਕਰੋੜ ਰੁਪਏ ਖ਼ਰਚ ਕੀਤੇ ਸਨ। ਦੂਜੇ ਬੰਨੇ ਆਮ ਆਦਮੀ ਪਾਰਟੀ ਦੀ ਸਰਕਾਰ ਹੈ ਜਿਸ ਨੇ ਸੱਤਾ ਵਿੱਚ ਆਉਂਦਿਆਂ ਹੀ ਪਹਿਲੇ ਸਾਲ ਦੌਰਾਨ 92.73 ਕਰੋੜ ਦੇ ਇਸ਼ਤਿਹਾਰ ਦਿੱਤੇ ਸਨ। ਪਿਛਲੇ ਸਾਲ ਇਹ ਰਕਮ 129 ਕਰੋੜ ਨੂੰ ਪਾਰ ਕਰ ਗਈ ਸੀ। ਮੌਜੂਦਾ ਵਿੱਤੀ ਸਾਲ ਦੌਰਾਨ 94.44 ਕਰੋੜ ਦੇ ਇਸ਼ਤਿਹਾਰ ਦਿੱਤੇ ਜਾ ਚੁੱਕੇ ਹਨ।

ਆਮ ਆਦਮੀ ਪਾਰਟੀ ਦੀ ਸਰਕਾਰ ਨੇ ਲੋਕਾਂ ਨੂੰ ਬਦਲਾਅ ਦਾ ਸੁਪਨਾ ਦਿਖਾਇਆ ਸੀ। ਹੁਣ ਪੰਜਾਬੀ ਇਸ ਬਦਲਾਅ ਤੋਂ ਅੱਕ ਚੁੱਕੇ ਲੱਗਦੇ ਹਨ। ਉਹ ਚੌਰਾਹੇ ਤੇ ਖੜੇ ਦਿਸ ਰਹੇ ਹਨ। ਪਰ ਪਤਾ ਨਹੀਂ ਕਦੋਂ ਉਹ ਲੀਕ ਖਿੱਚ ਕੇ ਤੁਰ ਪੈਣ। ਇਸ ਲਈ 2027 ਸਾਰੀਆਂ ਸਿਆਸੀ ਪਾਰਟੀਆਂ ਲਈ ਇੱਕ ਵੱਡਾ ਇਮਤਿਹਾਨ ਹੋਵੇਗਾ। ਕਾਂਗਰਸ ਪਾਰਟੀ ਅੰਦਰੂਨੀ ਲੜਾਈ ਦੀ ਮਾਰ ਝੱਲ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਦੀਆਂ ਜੜਾਂ ਖੋਖਲੀਆਂ ਹੋ ਚੁੱਕੀਆਂ ਹਨ। ਭਾਰਤੀ ਜਨਤਾ ਪਾਰਟੀ ਸ਼ੇਖ ਚਿਲੀ ਵਾਲੇ ਕਿਲੇ ਉਸਾਰ ਰਹੀ ਹੈ। ਆਮ ਆਦਮੀ ਪਾਰਟੀ ਨੇ ਪੰਜਾਬੀਆਂ ਨੂੰ ਨਿਰਾਸ਼ ਕੀਤਾ ਹੈ। ਪੰਜਾਬੀਆਂ ਨੂੰ ਸਾਰੀਆਂ ਸਿਆਸੀ ਪਾਰਟੀਆਂ ਹੁਣ ਆਪਣੀਆਂ ਨਹੀਂ ਲੱਗਦੀਆਂ ਹਨ। ਲੋਕਾਂ ਦਾ ਭਰੋਸਾ ਲੋਕਾਂ ਦਾ ਭਰੋਸਾ ਤਿੜਕਿਆ ਹੈ।

# ਪੰਜਾਬ ਦੀ ਅਗਲੀ ਪੀੜ੍ਹੀ ਲਈ ਪੰਜਾਬੀ ਕਿਉਂ ਜ਼ਰੂਰੀ ਹੈ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

- ਕਿੰਨੇ ਬੇਮੁੱਖ ਹਾਂ ਅਸੀਂ ਆਪਣੀ ਪੰਜਾਬੀ ਭਾਸ਼ਾ ਲਈ
- ਸਰਕਾਰੀ ਸਕੂਲਾਂ ਤੇ ਯੂਨੀਵਰਸਿਟੀਆਂ ਕਾਲਜਾਂ ਵਿੱਚ ਪੰਜਾਬੀ ਦੀ ਹਾਲਾਤ ਤਰਸਯੋਗ
- ਕਾਨਵੈਂਟ ਸਕੂਲ ਵੀ ਪੰਜਾਬੀ ਤੋਂ ਪਾਸਾ ਵਟਦੇ ਨੇ
- ਪੂਰੀ ਪੰਜਾਬੀ ਕੌਮ ਦਾ ਅਵੇਸਲਾਪਣ ਪੰਜਾਬੀ ਭਾਸ਼ਾ ਪੰਜਾਬੀਅਤ ਨੂੰ ਕਿੱਥੇ ਲੈ ਜਾਵੇਗਾ
- ਅਗਲੀ ਪੀੜ੍ਹੀ ਹੋ ਜਾਵੇਗੀ ਪੰਜਾਬੀ ਭਾਸ਼ਾ ਤੋਂ ਬੇਮੁੱਖ
- ਸ਼੍ਰੋਮਣੀ ਕਮੇਟੀ ਨੂੰ ਵੀ ਇਸ ਪਾਸੇ ਪਹਿਲ ਕਰਨੀ ਹੋਵੇਗੀ

ਇਕ ਪ੍ਰਸਿੱਧ ਦਾਰਸ਼ਨਿਕ ਕਹਾਵਤ ਹੈ ਕਿ ਆਪਣੀ ਬੋਲੀ ਤੋਂ ਬੇਮੁੱਖ ਹੋ ਜਾਵੋਗੇ ਤਾਂ ਕੱਖਾਂ ਵਾਂਗ ਰੁਲ ਜਾਓਗੇ । ਸ਼ਾਇਦ ਇਹ ਉਹਨਾਂ ਕੌਮਾਂ ਤੇ ਪੂਰੀ ਢੁੱਕਦੀ ਹੈ ਜਿਹੜੀਆਂ ਆਪਣੀ ਮਾਤ ਭਾਸ਼ਾ ਦੇ ਪ੍ਰਤੀ ਅਵੇਸਲੀਆਂ ਹੋ ਗਈਆਂ ਤੇ ਤਵਾਰੀਖ਼ ਦੱਸਦੀ ਹੈ ਕਿ ਹੁਣ ਪੂਰੀ ਦੁਨੀਆਂ ਦੇ ਵਿੱਚ ਉਹਨਾਂ ਦੀ ਕੋਈ ਪਹਿਚਾਣ ਬਾਕੀ ਨਹੀਂ ਬਚੀ ਹੈ ।ਹੁਣ ਅਸਲ ਵਿੱਚ ਭਾਸ਼ਾ ਤੁਹਾਨੂੰ , ਤੁਹਾਡੇ ਇਤਿਹਾਸ ਵਿਰਸੇ ਅਤੇ ਵਰਤਮਾਨ ਵਿੱਚੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਉਸ ਇਤਿਹਾਸ ਨੂੰ ਸੰਭਾਲ ਕੇ ਰੱਖਦੀ ਹੈ ਜੋ ਤੁਹਾਡੀ ਪਹਿਚਾਣ ਦੀ ਨਿਸ਼ਾਨੀ ਹੁੰਦੀ ਹੈ । ਸਾਡੀ ਕੌਮੀਅਤ ਅਤੇ ਇਤਿਹਾਸ ਪੁਰਖਿਆਂ ਦੀ ਵਿਰਾਸਤ ਭਾਸ਼ਾ ਤੋਂ ਹੀ ਅੱਗੇ ਚੱਲਦੀ ਹੈ ਤੇ ਜੇ ਅਸੀਂ ਇਸ ਨੂੰ ਹੀ ਖ਼ਤਮ ਕਰ ਲਿਆ ਤਾਂ ਫ਼ਿਰ ਅਸੀਂ ਕਿਸ ਭਵਿੱਖ ਦੀ ਕਾਮਨਾ ਕਰਦੇ ਹਾਂ ।ਅੱਜ ਪੰਜਾਬ ਵਿੱਚ ਪੰਜਾਬ ਪੰਜਾਬੀਅਤ ਦਾ ਢੰਡੋਰਾ ਤੇ ਸ਼ੋਰ ਐਨਾ ਪਾਇਆ ਜਾਂਦਾ ਹੈ ਪ੍ਰੰਤੂ ਜੇਕਰ ਪਿਛਲੇ 75 ਸਾਲਾਂ ਵਿੱਚ ਪੰਜਾਬੀ ਦੇ ਇਤਿਹਾਸ ਅਤੇ ਪੰਜਾਬੀ ਦੇ ਵਿਕਾਸ ਬਾਰੇ ਸੋਚ ਕੇ ਦੇਖੀਏ ਤਾਂ ਪਤਾ ਚਲਦਾ ਹੈ ਕਿ 1947 ਪੰਜਾਬ ਦੀ ਵੰਡ ਤੋਂ ਬਾਅਦ ਦੇਸ਼ ਦੀ ਆਜ਼ਾਦੀ ਤੋਂ ਬਾਅਦ ਵਿੱਚ 70 ਦੇ ਦਹਾਕੇ ਵਿੱਚ ਪੰਜਾਬੀ ਭਾਸ਼ਾ ਅਤੇ ਪੰਜਾਬੀ ਦਾ ਥੋੜਾ ਬੋਲਬਾਲਾ ਸੀ ਪਰ ਜਿਉਂ ਹੀ ਨਵੇਂ ਕਾਨਵੈਂਟ ਸਕੂਲ ਖੁੰਬਾਂ ਦੀ ਤਰ੍ਹਾਂ ਆਏ ਤੇ ਪਿਛਲੇ 50 ਸਾਲਾਂ ਦੇ ਵਿੱਚ ਜੋ ਪੰਜਾਬੀ ਦਾ ਹਾਲ ਪੰਜਾਬ ਅਤੇ ਇਸਦੇ ਆਸ ਪਾਸ ਦੇ ਸੂਬਿਆਂ ਵਿੱਚ ਹੋਇਆ ਹੈ ਉਹ ਐਨਾ ਤਰਸਯੋਗ ਅਤੇ ਐਨਾ ਹਾਸੋਹੀਣੀ ਸਥਿਤੀ ਦੇ ਵਿੱਚ ਹੈ ਪੰਜਾਬ ਚੋਂ ਨਿਕਲ ਕੇ ਬਣੇ ਹੋਏ ਹਿਮਾਚਲ ਅਤੇ ਰਾਜ ਹਰਿਆਣਾ ਵਿੱਚ ਵੀ ਪੰਜਾਬੀ ਨੂੰ ਤਰਸਯੋਗ ਹਾਲਤ ਵਿੱਚ ਦੇਖਿਆ ਜਾ ਸਕਦਾ ਹੈ ਅਤੇ ਨਾਮ ਨਿਸ਼ਾਨ ਹੀ ਖਤਮ ਹੁੰਦਾ ਜਾ ਰਿਹਾ ਹੈ। ਹੁਣ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਪੰਜਾਬ ਸਕੂਲ ਬੋਰਡ ਦੇ ਜੇ ਇਸ ਸਾਲ ਦੇ ਅੰਕੜੇ ਹੀ ਦੇਖੇ ਜਾਣ ਤਾਂ ਉਸ ਦੇ ਵਿੱਚੋਂ ਜਿਹੜੇ ਵਿਦਿਆਰਥੀ ਬਾਰਵੀਂ ਜਮਾਤ ਵਿੱਚੋਂ ਹੀ ਫੇਲ੍ਹ ਹੋਏ ਹਨ ਉਹਨਾਂ ਦੀ ਗਿਣਤੀ ਦਾ ਅੰਦਾਜਾ ਅਸੀਂ ਥੱਲੇ ਦੇ ਰਹੇ ਹਾਂ ਪਰੰਤੂ ਇਸ ਤੋਂ ਵੀ ਬੇਹੱਦ ਬੁਰੀ ਖ਼ਬਰ ਇਹ ਹੈ ਕਿ ਪੰਜਾਬ ਦੇ ਛੋਟੇ ਸਕੂਲਾਂ ਵਿੱਚ ਅਜੇ ਵੀ ਅਧਿਆਪਕਾਂ ਵੱਲੋਂ ਪੰਜਾਬੀ ਦੇ ਪ੍ਰਤੀ ਉਹ ਅਪਰੋਚ ਨਹੀਂ ਹੈ ਜਿਹੜੀ ਕਿ ਬੱਚੇ ਨੂੰ ਸਕੂਲ ਵਿੱਚ ਆਉਣ ਵਿੱਚ ਆਪਣੇ ਮਾਤ ਭਾਸ਼ਾ ਦੇ ਪਿਆਰ ਦੇ ਨਾਲ ਜਾਰੀ ਹੁੰਦੀ ਹੈ ਅਤੇ ਪੰਜਾਬ ਵਿਚ ਬੱਚਿਆਂ ਦਾ ਛੋਟੇ ਸਕੂਲਾਂ ਵਿੱਚ ਡਰਾਪ ਆਊਟ ਹੋਣਾ ਇੱਕ ਆਮ ਜਿਹੀ ਗੱਲ ਹੈ ।

ਇੱਥੇ ਅਧਿਆਪਕਾਂ ਨੂੰ ਭਾਵੇਂ ਤੁਸੀਂ ਫ਼ਿਨਲੈਂਡ ਤੋਂ ਲੈ ਕੇ ਸਵਿਟਜ਼ਰਲੈਂਡ ਸਿੰਘਾਪੁਰ ਤੱਕ ਦੀ ਸੈਰ ਕਰਾ ਦੇਵੋ ਪਰੰਤੂ ਜਿੰਨੀ ਦੇਰ ਤੱਕ ਆਪਣੀ ਪੰਜਾਬੀ ਭਾਸ਼ਾ ਆਪਣੀ ਜ਼ੁਬਾਨ ਬੋਲੀ ਸਾਹਿਤ ਸੱਭਿਆਚਾਰ ਦੇ ਪ੍ਰਤੀ ਅਧਿਆਪਕਾਂ ਨੂੰ ਆਪਣੀ ਸਮਝ ਅਤੇ ਉਸ ਕੌਮ ਤੇ ਉਸ ਨਸਲ ਦੀ ਨਵੀਂ ਪੀੜ੍ਹੀ ਲਈ ਕੋਈ ਦਿਲ ਵਿੱਚ ਆਪਣੀ ਵਿਰਾਸਤ ਨੂੰ ਸੰਭਾਲਣ ਦੀ ਗੱਲ ਤੇ ਮਾਨਸਿਕਤਾ ਨਹੀਂ ਹੋਏਗੀ ਉਨੀ ਦੇਰ ਤੱਕ ਉਹ ਭਾਸ਼ਾ ਨਾਲ ਖੁਦ ਵੀ ਨਹੀਂ ਜੁੜ ਸਕਦੇ ਅਤੇ ਪੜ੍ਹਾਉਣ ਵਾਲੀ ਗੱਲ ਤੇ ਦੂਸਰੀ ਹੈ ।

ਪੰਜਾਬ ਦੇ ਵਿੱਚ ਹੁਣ ਪੰਜਾਬੀ ਦਾ ਕੀ ਹਾਲ ਹੈ । ਬਹੁਤੇ ਕਾਨਵੈਂਟ ਸਕੂਲਾਂ ਨੇ ਇਕ ਦਮ ਨਾ ਕਰ ਦਿੱਤੀ ਹੈ। ਜ਼ਬਰਦਸਤੀ ਕਈਆਂ ਥਾਵਾਂ ਤੇ ਪੰਜਾਬੀ ਨੂੰ ਪੜ੍ਹਾਇਆ ਜਾ ਰਿਹਾ ਹੈ ਅਤੇ ਪਲਸ ਟੂ ਦੀਆਂ ਕਲਾਸਾਂ ਵਿੱਚ ਪੰਜਾਬੀ ਵਿੱਚ ਸਭ ਤੋਂ ਘੱਟ ਪ੍ਰਤੀਸ਼ਤ ਬੱਚਿਆਂ ਦੀਆਂ ਕਲਾਸਾਂ ਵਿੱਚ ਵਿਦਿਆਰਥੀ ਸ਼ਾਇਦ ਪੰਜਾਬੀ ਦੇ ਹਨ । ਪੰਜਾਬ ਦੇ ਵਿੱਚ ਮਨਿਓਰਟੀ ਨਾਲ ਜੁੜੀਆਂ ਹੋਈਆਂ ਸੰਸਥਾਵਾਂ ਜਿਨਾਂ ਵਿੱਚ ਅਲੱਗ ਅਲੱਗ ਖਿੱਤਿਆਂ ਵਿੱਚ ਬਣੇ ਹੋਏ ਉਹ ਸਕੂਲ ਹਨ ਜਿੱਥੇ ਕਾਨਵੈਂਟ ਅਤੇ ਅੰਗਰੇਜ਼ੀਅਤ ਦਾ ਇੱਕ ਐਸਾ ਸੰਸਾਰ ਹੈ ਜਿਸ ਦੇ ਮਾਇਆਜਾਲ ਵਿੱਚ ਪੰਜਾਬੀ ਬੱਚੇ ਅੱਜ ਟਿਊਸ਼ਨ ਪੜ$ ਕੇ ਪੰਜਾਬੀ ਦਾ ਪੇਪਰ ਪਾਸ ਕਰਦੇ ਹਨ ਤੇ ਜਿਉਂ ਹੀ ਪਲਸ ਟੂ ਪਲਸ ਵਨ ਪਾਸ ਹੋ ਜਾਂਦੀ ਹੈ ਤਾਂ ਉਹ ਪੰਜਾਬੀ ਨੂੰ ਛੱਡਣ ਵਿੱਚ ਕਤਈ ਦੇਰ ਨਹੀਂ ਕਰਦੇ ।ਇੱਕ ਨਵਾਂ ਰਿਵਾਜ ਪੰਜਾਬ ਵਿੱਚ ਪੰਜਾਬੀ ਤੋਂ ਅਵੇਸਲੇਪਣ ਦਾ ਹੈ ਕਿ ਪੰਜਾਬ ਦੀ ਨਵੀਂ ਪੀੜ੍ਹੀ ਦੇ ਵਿੱਚੋਂ ਬਹੁਤ ਵੱਡਾ ਪ੍ਰਤੀਸ਼ਤ ਅੱਜ ਰੋਮਨ ਵਿੱਚ ਪੰਜਾਬੀ ਲਿਖਣ ਲੱਗ ਪਿਆ ਹੈ ਅਤੇ ਹੋਰ ਬਹੁਤ ਸਾਰੇ ਸਕੂਲਾਂ ਵਿੱਚ ਹੁਣ ਲਿਪਯੰਤਰ ਹੋ ਕੇ ਦੇਵਨਾਗਰੀ ਲਿਪੀ ਵਿੱਚ ਪੰਜਾਬੀ ਨੂੰ ਲਿਖਿਆ ਜਾਣਾ ਇੱਕ ਵੱਡਾ ਸੰਕਟ ਹੈ। ਪੰਜਾਬ ਤੋਂ ਬਾਹਰ ਦੂਜੇ ਰਾਜਾਂ ਵਿੱਚ ਦੇਵਨਾਗਰੀ ਵਿੱਚ ਪੰਜਾਬੀ ਨੂੰ ਲਿਖਣਾ ਆਮ ਜਿਹੀ ਗੱਲ ਹੈ ।

ਪੂਰੇ ਹਿੰਦੁਸਤਾਨ ਵਿੱਚ ਘੁੰਮਦਿਆਂ ਹੋਇਆਂ ਮੈਂ ਬਹੁਤ ਸਾਰੇ ਗੁਰਦੁਆਰਿਆਂ ਵਿੱਚ ਵੀ ਮੁੱਖਵਾਕ ਦੇਵਨਾਗਰੀ ਲਿਪੀ ਵਿੱਚ ਲਿਖਣ ਦੀ ਗੱਲ ਸਾਹਮਣੇ ਆਈ ਹੈ ਤੇ ਇਹ ਅੱਖੀ ਦੇਖਿਆ ਅਸੀਂ ਛੱਡਦੇ ਜਾ ਰਹੇ ਹਾਂ । ਇਹ ਇਕ ਜਿਹਾ ਸਵਾਲ ਹੈ ਜਿਸ ਬਾਰੇ ਕੋਈ ਗੱਲ ਨਹੀਂ ਕਰਨਾ ਚਾਹੁੰਦਾ ਕੋਈ ਆਂਕੜੇ ਨਹੀਂ ਦੇਣਾ ਚਾਹੁੰਦਾ। ਕੋਈ ਖੋਜ ਤੇ ਕੋਈ ਇਤਿਹਾਸ ਵਿੱਚ ਨਵੀਂ ਪੀੜ੍ਹੀ ਵਾਸਤੇ ਇਸਨੂੰ ਸੁਰੱਖਿਅਤ ਰਹਿਣਾ ਨਹੀਂ ਚਾਹੁੰਦਾ ਤੇ ਫ਼ਿਰ ਕਿਸ ਪੰਜਾਬੀ ਦੀ ਗੱਲ ਕਰੀਏ ।ਹੁਣ ਸਵਾਲ ਇਹ ਹੈ ਕਿ ਪੰਜਾਬ ਵਿੱਚ ਪੰਜਾਬੀ ਨੂੰ ਪੜ੍ਹਨਾ ਕੌਣ ਚਾਹੁੰਦਾ ਹੈ । ਪੁਰਾਣੀ ਪੀੜ੍ਹੀ ਵੀ ਰਵਾਇਤੀ ਪੀੜ੍ਹੀ ਸੀ ਜਿਹਨਾਂ ਨੂੰ ਥੋੜਾ ਬਹੁਤ ਉਰਦੂ ਨੁਮਾ ਪੰਜਾਬੀ ਨਾਲ ਆਪਣੇ ਮਨਾਂ ਵਿੱਚ ਮੋਹ ਸੀ ।ਘਰਾਂ ਵਿੱਚ ਪੰਜਾਬੀ ਜਿਹੜੀ ਬੋਲੀ ਜਾਂਦੀ ਹੈ ਉਹਦੇ ਵਿੱਚ 90% ਹਿੰਦੀ ਅੰਗਰੇਜ਼ੀ ਵਿੱਚ ਮਿਸ਼ਰਤ ਖਿਚੜੀ ਭਾਸ਼ਾ ਵਿੱਚ ਬੋਲਣਾ ਹੁਣ ਪੰਜਾਬ ਦੇ ਘਰਾਂ ਦੀ ਇੱਜਤ ਸਮਝਿਆ ਜਾਂਦਾਂ ਹੈ।

ਤੁਸੀਂ ਇਸ ਗੱਲ ਤੋਂ ਹੈਰਾਨ ਹੋਵੋਗੇ ਕਿ ਪੰਜਾਬ ਵਿੱਚ ਸਭ ਤੋਂ ਜ਼ਿਆਦਾ ਵਿਕਣ ਵਾਲੀਆਂ ਅਖ਼ਬਾਰਾਂ ਦੇ ਵਿੱਚ ਹੁਣ ਪੰਜਾਬੀ ਨਾਲੋਂ ਜ਼ਿਆਦਾ ਗਿਣਤੀ ਹਿੰਦੀ ਅਖ਼ਬਾਰਾਂ ਦੀ ਗਿਣਤੀ ਹੈ । ਉਹ ਕਿਹੜੇ ਘਰਾਂ ਵਿੱਚ ਪੜ੍ਹੀਆਂ ਜਾਂਦੀਆਂ ਹਨ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਪੰਜਾਬੀ ਅਖਬਾਰ ਨੂੰ ਕੌਣ ਪੜ੍ਹਦਾ ਹੈ । ਇਹ ਇੱਕ ਅੰਦਾਜ਼ਾ ਹੈ ਵੱਖਰੀ ਤਰ੍ਹਾਂ ਦੀ ਸ਼ੋਧ ਹੈ ਪਰੰਤੂ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਦਾ ਇਸ ਸਾਲ ਦੇ ਨਤੀਜੇ ਤੇ ਜ਼ਰਾ ਨਜ਼ਰ ਮਾਰੀਏ ਤਾਂ ਪਤਾ ਚੱਲਦਾ ਹੈ ਕਿ ਇਸ ਵਾਰੀ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ 12ਵੀਂ ਜਮਾਤ ਦੇ ਨਤੀਜਿਆਂ ਨੇ ਇੱਕ ਵਾਰ ਫ਼ਿਰ ਹੈਰਾਨ ਕਰ ਦਿੱਤਾ ਹੈ। ਸਾਲ 2025 ਦੇ ਨਤੀਜਿਆਂ ਵਿੱਚ, ਇਸ ਵਾਰ ਵੀ 2,913 ਵਿਦਿਆਰਥੀ ਜਨਰਲ ਪੰਜਾਬੀ ਵਿਸ਼ੇ ਵਿੱਚ ਫੇਲ੍ਹ ਹੋਏ। ਇਹੀ ਸਥਿਤੀ ਵਿਕਲਪਿਕ ਪੰਜਾਬੀ ਵਿਸ਼ੇ ਦੇ ਸਬੰਧ ਵਿੱਚ ਸੀ, ਜਿਸ ਵਿੱਚ 2,077 ਵਿਦਿਆਰਥੀ ਪਾਸ ਨਹੀਂ ਹੋ ਸਕੇ। ਭਾਵੇਂ ਇਹ ਅਸਫਲਤਾ ਦਰ ਬਹੁਤ ਘੱਟ ਹੈ, ਪਰ ਮਾਤ ਭਾਸ਼ਾ ਵਿੱਚ ਅਸਫਲਤਾ ਮੌਜੂਦਾ ਸਿੱਖਿਆ ਪ੍ਰਣਾਲੀ ਤੇ ਸਵਾਲ ਖੜ੍ਹੇ ਕਰਦੀ ਹੈ।

ਜੇ ਉਹਨਾਂ ਨੇ ਵਿਦੇਸ਼ ਵਿੱਚ ਰਹਿਣਾ ਹੈ ਤੇ ਉਹਨਾਂ ਵਾਸਤੇ ਸਹੀ ਹੈ ਕਿ ਉਹ ਅੰਗਰੇਜ਼ੀ ਨੂੰ ਇੱਕ ਸੇਤੂ ਭਾਸ਼ਾ ਤੇ ਇੱਕ ਓਫਿਸ਼ਅਲ ਭਾਸ਼ਾ ਦੇ ਵਿੱਚ ਉਸਨੂੰ ਅਪਨਾਉਣਗੇ ਪਰੰਤੂ ਪੰਜਾਬੀ ਦਾ ਹਾਲ ਪੰਜਾਬ ਵਿੱਚ ਹੀ ਐਨਾ ਖ਼ਰਾਬ ਹੈ ਕਿ ਪੰਜਾਬ ਦੇ ਕਾਲਜ਼ਾਂ ਵਿੱਚ ਪੰਜਾਬੀ ਦੇ ਸ਼ਬਦਜੋੜ ਸਕੂਲਾਂ ਵਿੱਚ ਪੰਜਾਬੀ ਦੀਆਂ ਕਲਾਸਾਂ ਅਤੇ ਯੂਨੀਵਰਸਿਟੀਆਂ ਵਿੱਚ ਪੰਜਾਬੀ ਡਿਪਾਰਟਮੈਂਟ ਦੇ ਵਿੱਚ ਜੇ ਆਤਮ ਗਿਲਾਨੀ ਤੇ ਆਤਮ ਨਿਰੀਖਣ ਕਰਨਾ ਹੋਵੇ ਤਾਂ ਕਿਸੇ ਯੂਨੀਵਰਸਿਟੀ ਦੇ ਪੰਜਾਬੀ ਡਿਪਾਰਟਮੈਂਟ ਵਿੱਚ ਜਾ ਕੇ ਦੇਖ ਲਓ ।

ਲੱਗਦਾ ਕਿ ਸਾਡੀ ਆਉਣ ਵਾਲੀ ਪੀੜ੍ਹੀ ਪੰਜਾਬ ਪੰਜਾਬੀਅਤ ਦੇ ਨਾਲ ਨਾਲ ਸਾਡੀਆਂ ਵਿਰਾਸਤੀ ਥਾਵਾਂ ਅਤੇ ਇਤਿਹਾਸ ਸਭਿਆਚਾਰ ਤੋਂ ਵੀ ਬੇਮੁਖ ਹੁੰਦੀ ਜਾਏਗੀ । ਜੇ ਇੱਥੇ ਗੱਲ ਕੀਤੀ ਜਾਏ ਕਿ ਪੰਜਾਬ ਦਾ ਕਿਹੜਾ ਅਦਾਰਾ ਪੰਜਾਬੀ ਵਾਸਤੇ ਸੁਰਖਿਅਤ ਹੈ ਤੇ ਮੈਂ ਕਹਾਂਗਾ ਕਿ ਸ਼੍ਰੋਮਣੀ ਗੁਰਦੁਆਰਾ ਕਮੇਟੀ ਨੂੰ ਹੁਣ ਪੰਜਾਬੀ ਬਾਰੇ ਵੀ ਸੋਚਣਾ ਪਵੇਗਾ ਤੇ ਸਾਹਮਣੇ ਆਉਣਾ ਪਵੇਗਾ ਕਿ ਆਉਣ ਵਾਲੇ ਦਿਨਾਂ ਦੇ ਵਿੱਚ ਸਕੂਲਾਂ ਵਿੱਚ ਜੇ ਪੰਜਾਬੀ ਹੌਲੀ ਹੌਲੀ ਪ੍ਰਤੀਸ਼ਤ ਬੱਚਿਆਂ ਤੋਂ ਖਾਲੀ ਹੁੰਦੇ ਸਕੂਲ ਤੇ ਘਰਾਂ ਵਿੱਚੋਂ ਆਮ ਬੋਲੀ ਤੇ ਬੋਲਚਾਲ ਦੀ ਭਾਸ਼ਾ ਚੋਂ ਮਾਈਨਸ ਹੁੰਦੀ ਪੰਜਾਬੀ ਤੇ ਫ਼ਿਰ ਤੁਸੀਂ ਕਿਸ ਪੰਜਾਬ ਦੀ ਗੱਲ ਕਰਦੇ ਹੋ ।

ਉਹ ਪੰਜਾਬ ਜਿਹੜਾ ਅਲੱਗ ਅਲੱਗ ਤਰ੍ਹਾਂ ਦੀਆਂ ਜਾਤਾਂ ਗੋਤਾਂ ਅਤੇ ਹੁਣ ਛੋਟੇ ਛੋਟੇ ਰੀਤੀ ਰਿਵਾਜਾਂ ਵਿੱਚ ਜਠੇਰਿਆਂ ਦੇ ਮੇਲਿਆਂ ਦੇ ਉੱਤੇ ਸਾਈਆਂ ਦੇ ਡੇਰਿਆਂ ਤੇ ਲੱਗਣ ਵਾਲੀਆਂ ਮਹਿਫ਼ਲਾਂ ਵਿੱਚ ਲੱਚਰ ਪੰਜਾਬੀ ਦਾ ਪ੍ਰਦਰਸ਼ਨ ਕਿੰਨੀ ਦੇਰ ਹੋਵੇਗਾ । ਕੀ ਕਦੀ ਕੋਈ ਅਦਾਰਾ ਕਦੀ ਕੋਈ ਧਿਰ ਜਾਗੇਗੀ ।

ਸਭ ਤੋਂ ਵੱਡੀ ਖੂਬਸੂਰਤ ਗੱਲ ਹੋਏਗੀ ਕਿ ਜੇ ਅਸੀਂ ਪੰਜਾਬੀ ਦੇ ਪ੍ਰਤੀ ਆਪਣੀ ਲਿਪੀ ਨੂੰ ਗੁਰਮੁਖੀ ਨਾਲ ਮੋਹ ਰੱਖ ਕੇ ਪੰਜਾਬ ਨੂੰ ਅੱਗੇ ਵਧਾਉਣਾ ਹੈ ਤਾਂ ਤੁਹਾਨੂੰ ਆਪਣੀ ਸਭ ਤੋਂ ਪਹਿਲਾਂ ਘਰਾਂ ਦੀ ਮਾਨਸਿਕਤਾ ਬਦਲਣੀ ਹੋਏਗੀ ਤੇ ਫ਼ਿਰ ਸਿਵਿਲ ਸੁਸਾਇਟੀ ਤੋਂ ਲੈ ਕੇ ਉਹਨਾਂ ਅਦਾਰਿਆਂ ਦੀ ਜ਼ਿੰਮੇਦਾਰੀ ਆਏਗੀ ਅਤੇ ਉਹਨਾਂ ਉਹਨਾਂ ਦੀ ਜ਼ਿੰਮੇਦਾਰੀ ਬਣਾਈ ਜਾਏਗੀ ਕਿ ਉਹ ਬੀਏ ਤੱਕ ਪੰਜਾਬੀ ਦੀ ਪੜ੍ਹਾਈ ਨੂੰ ਲਾਜਮੀ ਕਰ ਦੇਣ ।

ਕਾਸ਼ ਅਜਿਹਾ ਹੋ ਜਾਏ ਤਾਂ ਕਿ ਆਉਣ ਵਾਲੇ ਦਿਨਾਂ ਦੇ ਵਿੱਚ ਪੰਜਾਬੀ ਪੜ੍ਹੇ ਹੋਏ ਬੱਚੇ ਮਿਲ ਸਕਣ ਉਸ ਦੇ ਨਾਲ ਯੂਪੀਐਸਸੀ ਦੀਆਂ ਇਮਤਿਹਾਨਾਂ ਵਿੱਚ ਵੀ ਪੰਜਾਬੀ ਦਾ ਪ੍ਰਤੀਸ਼ਤ ਵਧੇਗਾ ਪ੍ਰੰਤੂ ਇਸ ਲਈ ਸਮਾਜ ਦੀ ਇੱਕ ਨਵੀਂ ਪੀੜ੍ਹੀ ਨੂੰ ਅਤੇ ਸਾਡੇ ਵਲ ਨੂੰ ਅੱਗੇ ਆਉਣਾ ਪਵੇਗਾ ।

ਸ਼੍ਰੋਮਣੀ ਕਮੇਟੀ ਤੇ ਹੋਰ ਪੰਜਾਬ ਨਾਲ ਜੁੜੇ ਹੋਏ ਮਾਨਯੋਗ ਅਦਾਰਿਆਂ ਨੂੰ ਇਸ ਦੀ ਸਰਪਰਸਤੀ ਕਰਨੀ ਪਵੇਗੀ ਨਹੀਂ ਤਾਂ ਆਉਣ ਵਾਲੇ ਦਿਨਾਂ ਦੇ ਵਿੱਚ ਜਿਸ ਤਰ੍ਹਾਂ ਦੀ ਖਿਚੜੀ ਭਾਸ਼ਾ ਪੰਜਾਬੀ ਅਸੀਂ ਘਰਾਂ ਵਿੱਚ ਦੇਖ ਰਹੇ ਹਾਂ ਉਹ ਵੀ ਸਾਡੀ ਸਟੈਂਡਰਾਈਜ ਲੈਂਗੁਏਜ ਅਕਸਰ ਟਕਸਾਲੀ ਭਾਸ਼ਾ ਬਣ ਜਾਵੇਗੀ ਤੇ ਜੇ ਭਾਸ਼ਾ ਦਾ ਇਹ ਇਸ ਤਰ੍ਹਾਂ ਦਾ ਮਾਹੌਲ ਅਤੇ ਵਰਤਮਾਨ ਭਵਿੱਖ ਇਸ ਤਰ੍ਹਾਂ ਹੀ ਰਿਹਾ ਤਾਂ ਫਿਰ ਪੰਜਾਬੀ ਦਾ ਵਾਲੀ ਵਾਰਿਸ ਕੌਣ ਹੋਵੇਗਾ ।ਇਹ ਸਵਾਲ ਇਸ ਲੇਖ ਦੇ ਖ਼ਤਮ ਕਰਨ ਨਾਲ ਮੈਂ ਤੁਹਾਡੇ ਸਭ ਤੇ ਨਾਲ ਸਾਂਝਾ ਕਰਦਾ ਹਾਂ। ਤੁਸੀਂ ਅਸੀਂ ਸਭ ਜ਼ਿੰਮੇਵਾਰ ਹਾਂ ਜੇ ਭਾਸ਼ਾ ਨੇ ਹੀ ਬਚੇਗੀ ਜੇ ਪੰਜਾਬੀ ਨਹੀਂ ਬਚੇਗੀ ਤਾਂ ਫ਼ਿਰ ਕਿਸ ਪੰਜਾਬ ਤੇ ਪੰਜਾਬੀਅਤ ਦੀ ਗੱਲ ਤੇ ਅਸੀਂ ਮਾਣ ਕਰਾਂਗੇ ।


ਜ਼ਰਾ ਵਿਚਾਰ ਕੇ ਦੇਖੋ
ਅਜੇ ਵੀ ਜਾਗਣ ਦਾ ਵੇਲਾ ਹੈ॥

ਬਘੇਲ ਸਿੰਘ ਧਾਲੀਵਾਲ
99142-58142



# ਚੰਦਰੇ ਨਸ਼ਿਆਂ 'ਚ ਰੁੜ੍ਹਿਆ ਪੰਜਾਬ, ਜ਼ਿੰਮੇਵਾਰ ਕੌਣ ?

ਇੱਕ ਪੰਜਾਬੀ ਲੋਕ ਗੀਤ ਜਿਹੜਾ ਭਾਵੇਂ ਹੈ ਪੁਰਾਣਾ ਪਰ ਮੌਜੂਦਾ ਸਮੇ ਦੀ ਤਰਜਮਾਨੀ ਵੀ ਕਰਦਾ ਰਿਹਾ ਹੈ, 'ਚੰਦਰੇ ਨੋਟਾਂ ਨੇ ਮੇਰਾ ਚੰਨ ਪਰਦੇਸੀ ਕੀਤਾ', ਇਹ ਗੀਤ ਸਿਰਫ ਘਰੋਂ ਬਾਹਰ ਰਹਿਕੇ ਕਮਾਈਆਂ ਕਰਨ ਗਏ ਨੌਜਵਾਨਾਂ ਦੀਆਂ ਤਰੀਮਤਾਂ ਦੇ ਵਿਛੋੜੇ ਨੂੰ ਦਰਸਾਉਂਦਾ ਹੈ ਪਰ ਉਸ ਤੋ ਬਾਅਦ ਮੌਜੂਦਾ ਸਮੇ ਤੱਕ ਪੁੱਜਦਿਆਂ ਪੁੱਜਦਿਆਂ ਹਾਲਾਤ ਹੋਰ ਦੇ ਹੋਰ ਬਣ ਗਏ।ਕਿਉਂਕਿ ਹੁਣ ਘਰਦਾ ਇੱਕ ਮੁਖੀ ਆਪਣੇ ਪਰਿਵਾਰ ਪੂਰਤੀ ਲਈ ਪਰਦੇਸ਼ੀ ਨਹੀ ਹੁੰਦਾ ਬਲਕਿ ਪਰਿਵਾਰ ਵਿੱਚ ਜਿੰਨੇ ਵੀ ਜੀਅ ਹਨ,ਉਹਨਾਂ ਦੀ ਗਿਣਤੀ ਇੱਕ ਇੱਕ ਹੋਵੇ, ਦੋ ਦੋ ਜਾਂ ਕਿੱਧਰੇ ਤਿੰਨ ਵੀ ਹੋ ਸਕਦੇ ਹਨ, ਉਹ ਸਾਰੇ ਹੀ ਪਰਦੇਸੀ ਕੂਚ ਕਰ ਗਏ ਹਨ,ਪਿੱਛੇ ਬੁੱਢੜੇ ਮਾਪੇ ਉਹਨਾਂ ਦੀ ਬਾਹਰਲੇ ਮੁਲਕਾਂ ਵਿੱਚ ਤਰੱਕੀ ਦੀ ਝੂਠੀ ਖੁਸ਼ੀ ਦੇ ਹੇਠਾਂ ਆਪਣੇ ਵਿਛੋੜੇ ਦੇ ਦੁੱਖ ਦਰਦਾਂ ਨੂੰ ਛੁਪਾਉਣ ਦਾ ਯਤਨ ਕਰਦੇ ਇਸ ਦੁਨੀਆਂ ਤੋ ਕੂਚ ਕਰ ਰਹੇ ਹਨ,ਕੁੱਝ ਮੰਜੇ ਨਾਲ ਮੰਜਾ ਹੋ ਗਏ ਪਰ ਪਾਣੀ ਦੀ ਘੁੱਟ ਪੁੱਛਣ ਵਾਲਾ ਕੋਈ ਨਾਂ ਬਚਿਆ,ਇਹਦਾ ਮਤਲਬ ਇਹ ਹਰਗਿਜ ਨਹੀ ਕਿ ਬਾਹਰ ਗਿਆਂ ਦਾ ਖ਼ੂੰਨ ਸਫੈਦ ਹੋ ਗਿਆ,ਉਹ ਮਾਪਿਆਂ ਨੂੰ ਭੁੱਲ ਭੁਲਾ ਗਏ ਹਨ,ਉਹ ਹੁਣ ਇੱਧਰ ਆਉਣਾ ਹੀ ਨਹੀ ਚਾਹੁੰਦੇ, ਪਰ ਸੱਚ ਇਹ ਹੈ ਕਿ ਇੱਥੋਂ ਦੇ ਖਤਰਨਾਕ ਹੱਦ ਪਾਰ ਕਰ ਚੁੱਕੇ ਹਾਲਾਤਾਂ ਤੋ ਡਰਦੇ ਮਾਪੇ ਨਹੀ ਚਾਹੁੰਦੇ ਕਿ ਉਹਨਾਂ ਦੇ ਬੱਚੇ ਚੰਗੀ ਭਲੀ ਜਿੰਦਗੀ ਛੱਡ ਕੇ ਮੁੜ ਨਸ਼ਿਆਂ ਦੀ ਮੰਡੀ ਬਣੇ ਪੰਜਾਬ ਵਿੱਚ ਆਉਣ ਦਾ ਜੋਖਮ ਝੱਲਣ।ਉਹ ਆਪਣੇ ਚਾਵਾਂ ਨੂੰ ਔਲਾਦ ਦੀਆਂ ਖੁਸ਼ੀਆਂ ਤੋ ਕੁਰਬਾਨ ਕਰ ਰਹੇ ਹਨ।ਵੀਹਵੀ ਸਦੀ ਦੇ ਅੰਤਲੇ ਦਹਾਕਿਆਂ ਤੋ ਲੈ ਕੇ ਮੌਜੂਦਾ ਸਮੇ ਤੱਕ ਪੁੱਜਦਿਆਂ ਪੰਜਾਬ ਦਾ ਨਕਸ਼ਾ ਅਸਲੋਂ ਹੀ ਬਦਲ ਗਿਆ ਹੈ।ਕਮਾਈਆਂ ਕਰਨ ਗਏ ਢੋਲ ਦੇ ਵਿਛੋੜੇ ਦੇ ਗੀਤਾਂ ਦੇ ਅਰਥ ਬੇ-ਅਰਥੇ ਹੋ ਗਏ ਹਨ। ਉਹਨਾਂ ਲੋਕ ਗੀਤਾਂ ਦੀ ਸਾਰਥਿਕਤਾ ਪੇਤਲੀ ਪੈਂਦੀ ਦਿਖਾਈ ਦੇਣ ਲੱਗੀ ਹੈ,ਜਾਂ ਕਹਿ ਲਵੋ ਇਹ ਹੁਣ ਪੁਰਾਣੇ ਸਮਿਆਂ ਦੇ ਯਾਦਗਾਰੀ ਗੀਤ ਬਣ ਕੇ ਰਹਿ ਗਏ ਹਨ। ਤਰੱਕੀਆਂ ਲਈ ਬਾਹਰਲੇ ਮੁਲਕਾਂ ਵਿੱਚ ਜਾ ਕੇ ਮੱਲਾਂ ਮਾਰਨ ਵਾਲਿਆਂ ਦੀ ਰੀਸ ਕਰਦੇ ਕਰਦੇ ਹਜਾਰਾਂ ਸੈਲ ਸਬੀਲੇ ਗੱਭਰੂ ਨਸ਼ਿਆਂ ਦੇ ਸੌਦਾਗਰਾਂ ਦੇ ਹੱਥੀ ਜਾ ਚੜ੍ਹੇ ਤੇ ਜਹਾਜ਼ੇ ਚੜਨ ਦਾ ਸੁਪਨਾ ਮਾਰਕੇ ਸਿਵਿਆਂ ਦੇ ਰਾਹਾਂ ਨੂੰ ਆਪਣੀ ਆਖਰੀ ਮੰਜਲ ਮੰਨ ਬੈਠੇ।ਇਹ ਪਤਾ ਹੀ ਨਹੀ ਲੱਗਾ ਕਿ ਕਦੋ ਹੱਸਦਾ ਵੱਸਦਾ ਪੰਜਾਬ ਮੁੜ ਉਜਾੜੇ ਦੀ ਕਾਗਾਰ ਤੇ ਪੁੱਜ ਗਿਆ।ਕਹਿੰਦੇ ਹਨ ਕਿ ਪੰਜਾਬ ਦੇ ਜਾਏ ਨੂੰ ਨਿੱਤ ਮੁਹਿੰਮਾਂ,ਪਰ ਹੁਣ ਚਲਾਕ ਸਕਤੇ ਸਮਝ ਚੁੱਕੇ ਹਨ ਕਿ ਪੰਜਾਬ ਦੀ ਮਿੱਟੀ ਨੂੰ ਮਾਰਿਆਂ ਨਹੀ ਭੋਰਿਆ ਜਾਣਾ ਬਲਕਿ ਇਹਦੀ ਜਣਨ ਸਕਤੀ ਨੂੰ ਜਹਿਰੀਲੇ ਤੱਤਾਂ ਨਾਲ ਵਾਂਝ ਬਣਾਉਣਾ ਹੋਵੇਗਾ।ਇੱਥੋਂ ਦੇ ਗਭਰੇਟਾਂ ਨੂੰ ਭੁੱਕੀ ਅਫੀਮ ਵਰਗੇ ਕੁਦਰਤੀ ਨਸ਼ਿਆਂ ਤੋ ਹਟਾ ਕੇ ਰਸਾਇਣਕ ਨਸ਼ਿਆਂ ਦੀ ਤਤਪਰਤਾ ਦੇ ਆਦੀ ਬਣਾਉਣਾ ਹੋਵੇਗਾ।ਇਹਨਾਂ ਦੀ ਗੈਰਤ ਅਤੇ ਮਰਦਾਨਗੀ ਨੂੰ ਮਾਰਨਾ ਹੋਵੇਗਾ।ਸਕਤੀਆਂ ਦੇ ਇਹੋ ਜਿਹੇ ਰੁਝਾਨ ਦੀ ਬਦੌਲਤ ਇਹ ਅਖਾਣ ਵੀ ਬਦਲ ਗਈ ਪੰਜਾਬ ਦੇ ਜਾਇਆਂ ਨੂੰ ਨਿੱਤ ਮੁਹਿੰਮਾਂ , ਕਿਉਕਿ ਮੁਹਿੰਮਾਂ ਦਾ ਨਾ ਸੁਣਕੇ ਤਾਂ ਪੰਜਾਬੀ ਜੁਆਨੀ ਨੂੰ ਚਾਅ ਚੜ੍ਹਦਾ ਹੈ, ਡੌਲ਼ੇ ਫਰਕਣ ਲੱਗਦੇ ਹਨ ਅਤੇ ਮਰ ਮਿਟਣ ਦੀ ਤਾਂਘ ਵਿਆਕੁਲ ਕਰਨ ਲੱਗਦੀ ਹੈ, ਸੋ ਇਸ ਜਜ਼ਬੇ ਨੂੰ ਖਤਮ ਕਰਨ ਲਈ ਅਜਿਹੇ ਤੀਰ ਚਲਾਏ ਗਏ ਜਿਹੜੇ ਸਿੱਧੇ ਨਿਸ਼ਾਨੇ ਤੇ ਆਣ ਵੱਜੇ।ਪੋਸਤ ਭੁੱਕੀ ਅਤੇ ਅਫੀਮ ਦਾ ਨਸ਼ਾ ਕਰਕੇ ਦਿਨ ਰਾਤ ਮਿੱਟੀ ਨਾਲ ਮਿੱਟੀ ਹੋਕੇ ਕਮਾਈਆਂ ਕਰਨ ਵਾਲੇ ਪੰਜਾਬੀ, ਚਿੱਟਿਆਂ ਸਮੈਕਾਂ,ਗੋਲੀਆਂ, ਕੈਪਸੂਲਾਂ ਅਤੇ ਜਹਿਰੀਲੀਆਂ ਸ਼ਰਾਬਾਂ ਦੇ ਸੈਦਾਈ ਹੋ ਕੇ ਆਪਣੇ ਵਿਰਸੇ ਨੂੰ ਹੀ ਵਿਸਾਰ ਗਏ।ਕੰਮ ਕਾਰ ਨੂੰ ਅਸਲੋਂ ਹੀ ਭੁੱਲ ਕੇ ਜਮੀਨਾਂ ਵੇਚ ਵੇਚ ਮਾਰੂ ਨਸ਼ਿਆਂ ਦੀ ਭੇਂਟ ਚੜਨ ਲੱਗੇ। ਜਿਹੜੇ ਕਦੀ ਹਕੂਮਤਾਂ ਨੂੰ ਵਖਤ ਪਾਉਣ ਵਾਲਿਆਂ ਵਿੱਚ ਮੋਹਰੀ ਹੁੰਦੇ ਸਨ,ਉਹ ਗਲ਼ੀਆਂ ਦੇ ਕੱਖ ਬਣ ਕੇ ਰਹਿ ਗਏ। ਪਿੰਡਾਂ,ਸਹਿਰਾਂ ਕਸਬਿਆਂ ਦੀ ਹਰ ਸੁੰਨੀ ਥਾਂ ਨਸ਼ਿਆਂ ਦੇ ਅੱਡੇ ਬਣ ਗਈ।ਗਲ਼ੀਆਂ,ਰਾਹਾਂ ਅਤੇ ਸੜਕਾਂ ਤੇ ਗੈਰਤ ਵਿਹੂਣੀ ਜੁਆਨੀ ਦੀਆਂ ਲਾਸਾਂ ਸੜਨ ਲੱਗ ਪਈਆਂ।ਇਹ ਸਮੇ ਦਾ ਦੁਖਾਂਤ ਹੈ ਨਸ਼ਿਆਂ ਨਾਲ ਮਰਨ ਵਾਲੇ ਅਭਾਗਿਆਂ ਦੀ ਗਿਣਤੀ ਨਾ ਕੁਦਰਤੀ ਮੌਤ ਵਿੱਚ ਆਉਂਦੀ ਹੈ ਅਤੇ ਨਾ ਹੀ ਸਰਕਾਰੀ ਤੰਤਰ ਆਪਣੀ ਬਦਨਾਮੀ ਦੇ ਡਰੋਂ ਉਹਨਾਂ ਨੂੰ ਨਸ਼ਿਆਂ ਨਾਲ ਮਰ ਚੁੱਕੇ ਸਵੀਕਾਰ ਕਰਦਾ ਹੈ,ਜਦੋਂਕਿ ਇਹ ਸੱਚ ਨੂੰ ਝੁਠਲਾਇਆ ਹੀ ਨਹੀ ਜਾ ਸਕਦਾ ਕਿ ਮੈਲ਼ੇ ਕੁਚੈਲ਼ੇ ਕਪੜਿਆਂ ਚ ਸੁਦਾਈਆਂ ਵਾਂਗ ਨਸ਼ਿਆਂ ਦੀ ਭਾਲ ਚ ਭਟਕਦੇ ਫਿਰਦੇ ਪੰਜਾਬੀ ਨੌਜਵਾਨਾਂ ਦੇ ਪਿੱਛੇ ਪਿੱਛੇ ਮੌਤ ਦਾ ਅਟੱਲ ਪਹਿਰਾ ਹੈ।ਇਹ ਕੋਈ ਝੂਠੀ ਕਹਾਣੀ ਨਹੀ ਅਤੇ ਨਾ ਹੀ ਕਿਸੇ ਨਾਵਲ ਦੀ ਭੂਮਿਕਾ,ਸਗੋਂ ਇਹ ਪੰਜਾਬ ਦੇ ਫਿਕਰਮੰਦ ਸਾਹਿਤਕਾਰ ਮਰਹੂਮ ਜਸਵੰਤ ਸਿੰਘ ਕੰਵਲ ਦੇ ਸਬਦਾਂ ਵਿੱਚ ਰੁੜ ਚੱਲੇ ਪੰਜਾਬ ਦਾ ਦਰਦ ਹੈ,ਜਿਸ ਤੋ ਕੋਈ ਵੀ ਮੁਨਕਰ ਨਹੀ ਹੋ ਸਕਦਾ। ਇਹ ਨਾ ਹਜਮ ਹੋਣ ਵਾਲਾ ਸੱਚ ਹੈ ਕਿ ਸਰਕਾਰਾਂ ਦੇ ਦਾਅਵੇ ਅਤੇ ਪੁਲਿਸ ਦੇ ਪੈਤੜੇ ਸਭ ਗੁਮਰਾਹ ਕਰਨ ਵਾਲਾ ਵਰਤਾਰਾ ਹੈ।ਕੀ ਸਰਕਾਰ ਅਤੇ ਪੁਲਿਸ ਇਹ ਸੱਚਮੁੱਚ ਇਮਾਨਦਾਰੀ ਨਾਲ ਦਾਅਵਾ ਕਰ ਸਕਦੀ ਹੈ ਕਿ ਨਸ਼ਿਆਂ ਨੂੰ ਖਤਮ ਕਰਨ ਲਈ ਸੁਹਿਰਤਾ ਨਾਲ ਯਤਨ ਹੋ ਰਹੇ ਹਨ ? ਜੇ ਜਵਾਬ ਹਾਂ ਵਿੱਚ ਹੈ,ਤਾਂ ਸਵਾਲ ਉੱਠਦਾ ਹੈ ਫਿਰ ਪਿੰਡਾਂ ਵਿੱਚ ਰਸ਼ਾਇਣਕ ਨਸ਼ਿਆਂ ਦੀ ਓਵਰਡੋਜ ਨਾਲ ਮਰਨ ਵਾਲੇ ਕੌਣ ਹਨ,ਕਿਹੜੀ ਦੁਨੀਆਂ ਦੇ ਲੋਕ ਹਨ ? ਮੈਨੂੰ ਪਿਛਲੇ ਦਿਨੀ ਬਰਨਾਲਾ ਜਿਲ਼ੇ ਦੇ ਇੱਕ ਪਿੰਡ ਬਾਲੀਆਂ ਦੇ ਇੱਕ ਵਿਅਕਤੀ ਨੇ ਆਪਣਾ ਨਾਮ ਨਾ ਛਾਪਣ ਦੀ ਸ਼ਰਤ ਤੇ ਦੱਸਿਆ ਕਿ ਸਾਡੇ ਪਿੰਡ ਵਿੱਚ ਹਰ ਮਹੀਨੇ ਚਾਰ ਪੰਜ ਨੌਜਵਾਨ ਨਸ਼ਿਆਂ ਨਾਲ ਜਾਨ ਗਵਾ ਰਹੇ ਹਨ,ਜੇਕਰ ਇਹਨੂੰ ਸੱਚ ਨਾ ਵੀ ਮੰਨਿਆ ਜਾਵੇ,ਤਾਂ ਵੀ ਇਸ ਗੱਲ ਤੋ ਵੀ ਮੁਨਕਰ ਨਹੀ ਹੋਇਆ ਜਾ ਸਕਦਾ ਕਿ ਓਥੇ ਕੋਈ ਮਰ ਹੀ ਨਹੀ ਰਿਹਾ।ਕਿਉਂਕਿ ਗੱਲਾਂ ਵੀ ਫਿਰ ਹੀ ਬਣਦੀਆਂ ਹਨ ਜੇਕਰ ਕਿਸੇ ਗਲ਼ ਦਾ ਮੂਲ ਸਰੂਪ ਹੋਵੇ,ਅਜਿਹਾ ਕਦੇ ਵੀ ਨਹੀ ਸੁਣਿਆ ਕਿ ਗੱਲ ਕੋਈ ਹੋਵੇ ਹੀ ਨਾਂ ਫਿਰ ਵੀ ਗੱਲਾਂ ਵੱਡੀਆਂ ਬਣ ਜਾਣ।ਉਪਰੋਕਤ ਵਿਅਕਤੀ ਨੇ ਤਾਂ ਇੱਥੋਂ ਤੱਕ ਦੱਸਿਆ ਹੈ ਕਿ ਨਸ਼ਿਆਂ ਚ ਗ੍ਰਸਤ ਹੋਣ ਵਾਲਿਆਂ ਵਿੱਚ 10 ਸਾਲ ਤੋ ਲੈ ਕੇ 15 ਸਾਲ ਤੱਕ ਦੇ ਬੇ-ਸਮਝ ਬੱਚੇ ਵੀ ਸ਼ਾਮਲ ਹਨ। ਇਹ ਇੱਕ ਪਿੰਡ ਦੀ ਕਹਾਣੀ ਨਹੀ ਬਲਕਿ ਪੰਜਾਬ ਦੇ ਹਰ ਜਿਲੇ ਦੇ ਹਰ ਪਿੰਡ ਦੀ ਸਟੀਕ ਅਤੇ ਦੁਖਦ ਗਾਥਾ ਹੈ।ਪੁਲਿਸ ਦੀ ਕਾਰਗੁਜਾਰੀ ਤੇ ਹਾਸਾ ਨਹੀ ਆਉਂਦਾ ਹੈ ਬਲਕਿ ਰੋਣਾ ਆਉਂਦਾ ਹੈ, ਆਵੇ ਵੀ ਕਿਉਂ ਨਾ,ਪੁਲਿਸ ਅਫੀਮ ਭੁੱਕੀ ਫੜਨ ਤੇ ਸਾਰੀ ਤਾਕਤ ਝੋਕ ਰਹੀ ਹੈ ਜਦੋਕਿ ਨੌਜਵਾਨਾਂ ਦੀ ਮੌਤ ਰਸ਼ਾਇਣਕ ਨਸ਼ਿਆਂ ਨਾਲ ਹੋ ਰਹੀ ਹੈ।ਕੀ ਇਹ ਹੈਰਾਨੀ ਵਾਲੀ ਗੱਲ ਨਹੀ ਹੈ ਕਿ ਦਿੱਲੀ ਤੋ ਆਉਣ ਵਾਲੇ ਨਸ਼ੇ ਹਰਿਆਣਾ ਪਾਰ ਕਰਕੇ ਪੰਜਾਬ ਚ ਹੀ ਕਿਉਂ ਆਕੇ ਵੇਚੇ ਜਾ ਰਹੇ ਹਨ,ਹਰਿਆਣੇ ਵਿੱਚ ਕਿਉਂ ਨਹੀ ? ਜੇਕਰ ਪਾਕਿਸਤਾਨ ਤੋ ਆਉਣ ਵਾਲੇ ਨਸ਼ਿਆਂ ਦੀ ਗੱਲ ਕੀਤੀ ਜਾਵੇ,ਤਾਂ ਵੀ ਇਹ ਸਵਾਲ ਉੱਠਦਾ ਹੈ ਕਿ ਮਹਿਜ਼ ਪੰਜਾਬ ਦੀ 547 ਕਿਲੋਮੀਟਰ ਤੱਕ ਦੇ ਕਰੀਬ ਪਾਕਿਸਤਾਨ ਦੇ ਨਾਲ ਲੱਗਦੀ ਹੱਦ ਤੋ ਹੀ ਮਣਾਂ ਮੂਹੀ ਨਸ਼ਾ ਕਿਵੇਂ ਆ ਰਿਹਾ ਹੈ,ਜਦੋ ਕਿ ਰਾਜਸਥਾਨ ਦੀ 1,035 ਕਿਲੋਮੀਟਰ ਅਤੇ ਗੁਜਰਾਤ ਦੀ 512 ਕਿਲੋਮੀਟਰ ਦੀ ਹੱਦ ਪਾਕਿਸਤਾਨ ਦੇ ਨਾਲ ਲੱਗਣ ਦੇ ਬਾਵਜੂਦ ਵੀ ਰਾਜਸਥਾਨ ਅਤੇ ਗੁਜਰਾਤ ਵਿੱਚ ਨਸ਼ਿਆਂ ਦੀ ਸਪਲਾਈ ਦਾ ਨਾਮੋ ਨਿਸ਼ਾਨ ਵੀ ਸੁਣਿਆ ਨਹੀ ਜਾ ਰਿਹਾ। ਉਪਰੋਕਤ ਦਾ ਸਾਰ ਅੰਸ ਇਹ ਹੈ ਕਿ ਪੰਜਾਬ ਸਰਕਾਰ ਅਤੇ ਪੰਜਾਬ ਦੀ ਪੁਲਿਸ ਨੂੰ ਇਮਾਨਦਾਰੀ ਨਾਲ ਸਖਤ ਕਦਮ ਚੁੱਕਣ ਦੀ ਲੋੜ ਹੈ,ਹਾਥੀ ਲੰਘਾ ਕੇ ਪੂਛ ਫੜਨ ਦਾ ਕੋਈ ਫਾਇਦਾ ਨਹੀ ਹੋਣਾ। ,ਅਜਿਹਾ ਤੁਜਰਬਿਆਂ ਚੋ ਦੇਖਿਆ ਜਾ ਚੁੱਕਾ ਹੈ।ਭਾਵੇਂ ਪੁਲਿਸ ਹੋਵੇ ਜਾ ਰਾਜਨੀਤਕ ਲੋਕ ਇਹ ਸਭ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਕੇਂਦਰੀ ਤਾਕਤਾਂ ਪੰਜਾਬ ਨੂੰ ਹੱਸਦਾ ਵੱਸਦਾ ਨਹੀ ਦੇਖਣਾ ਚਾਹੁੰਦੀਆਂ,ਇਸ ਲਈ ਦੂਜੇ ਦੇ ਘਰ ਲੱਗੀ ਅੱਗ ਨੂੰ ਵਸੰਤਰ ਨਾ ਸਮਝਿਆ ਜਾਵੇ,ਕਿਉਂਕਿ ਇਹਦਾ ਸੇਕ ਸਾਡੇ, ਤੁਹਾਡੇ ਸਭਨਾਂ ਦੇ ਘਰਾਂ ਤੱਕ ਆਉਣਾ ਹੀ ਆਉਣਾ ਹੈ।ਜਿੰਨੀ ਦੇਰ ਸ਼ਾਸ਼ਨ ,ਪ੍ਰਸ਼ਾਸ਼ਨ ਅਤੇ ਲੋਕ ਇੱਕ ਸੁਰਤਾ ਨਾਲ ਸੁਹਿਰਦ ਸਮਝ ਨਹੀ ਅਪਨਾਉਣਗੇ, ਓਨੀ ਦੇਰ ਜੁਆਨੀ ਮਰਦੀ ਰਹੇਗੀ, ਸਿਵੇ ਬਲ਼ਦੇ ਰਹਿਣਗੇ ਅਤੇ ਪੰਜਾਬ ਉੱਜੜਦਾ ਰਹੇਗਾ। ਇਸ ਜ਼ਮੀਨੀ ਹਕੀਕਤ ਨੂੰ ਕੋਈ ਮੰਨੇ ਭਾਵੇ ਨਾ ਮੰਨੇ ਪਰ ਅਸਲ ਸੱਚ ਇਹੋ ਹੈ।



# ਮਾਝਾ-ਦੁਆਬਾ
ਆਸ ਪਾਸ



## ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਪਿੰਡਾਂ ਵਿੱਚ ਲੋਕਾਂ ਦਾ ਮਿਲ ਰਿਹੈ ਭਾਰੀ ਸਮਰਥਨ



ਅੰਮ੍ਰਿਤਸਰ, 27 ਮਈ, (ਗੁਰਦਿਆਲ ਸਿੰਘ): ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਪਿੰਡਾਂ ਵਿੱਚ ਲੋਕਾਂ ਵੱਲੋਂ ਭਾਰੀ ਸਮਰਥਨ ਮਿਲ ਰਿਹਾ ਹੈ ਅਤੇ ਲੋਕ ਆਪਣੇ ਸੂਬੇ ਨੂੰ ਨਸ਼ਾ ਮੁਕਤ ਬਣਾਉਣ ਲਈ ਇੱਕਜੁੱਟ ਹੋ ਰਹੇ ਹਨ।

ਇਨਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਅਟਾਰੀ ਦੇ ਵਿਧਾਇਕ ਸ: ਜਸਵਿੰਦਰ ਸਿੰਘ ਰਮਦਾਸ ਨੇ ਪਿੰਡ ਓਠੀਆਂ, ਨੱਬੀਪੁਰ ਅਤੇ ਪਿੰਡ ਫਤਿਹਗੜ੍ਹ ਸ਼ੁੱਕਰਚੱਕ ਵਿਖੇ ਨਸ਼ਾ ਮੁਕਤੀ ਯਾਤਰਾ ਦੌਰਾਨ ਲੋਕਾਂ ਨੂੰ ਸੰਬੋਧਨ ਕਰਦਿਆਂ ਕੀਤਾ। ਉਹਨਾਂ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਨੂੰ ਨਸ਼ੇ ਦੀ ਗ੍ਰਿਫ਼ਤ ਵਿੱਚ ਜਕੜਨ ਵਾਲੇ ਅਕ੍ਰਿਤਘਣ ਨਸ਼ਿਆਂ ਦੇ ਸੌਦਾਗਰ ਜੇਲ੍ਹਾਂ ਵਿਚ ਡੱਕਣਾ ਬਹੁਤ ਜ਼ਰੂਰੀ ਹੈ। ਇਸ ਲਈ ਪੰਜਾਬ ਸਰਕਾਰ ਨੇ ਇੱਕ ਵਿਆਪਕ ਅਭਿਆਨ ਸ਼ੁਰੂ ਕੀਤਾ ਗਿਆ ਹੈ, ਜਿਸ ਸਾਰਥਿਕ ਨਤੀਜੇ ਸਾਹਮਣੇ ਆ ਰਹੇ ਹਨ। ਉਹਨਾਂ ਕਿਹਾ ਕਿ ਫਿਰ ਵੀ ਨਸ਼ੇ ਦੇ ਕੋੜ੍ਹ ਨੂੰ ਜੜ੍ਹ ਤੋਂ ਖ਼ਤਮ ਕਰਨ ਲਈ ਆਮ ਲੋਕਾਂ ਦੇ ਸਹਿਯੋਗ ਦੀ ਅਹਿਮ ਲੋੜ ਹੈ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਵਿਆਪਕ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਨਸ਼ਿਆਂ ਦੇ ਕਾਰੋਬਾਰ ਨਾਲ ਹੋਈ ਆਮਦਨ ਤੋਂ ਜਾਇਦਾਦਾਂ ਖੜੀਆਂ ਕਰਨ ਵਾਲਿਆਂ ਵਿਰੁੱਧ ਸਖਤ ਕਾਰਵਾਈ ਚੱਲ ਰਹੀ ਹੈ। ਉਨਾਂ ਕਿਹਾ ਕਿ ਕਿਸੇ ਵੀ ਨਸ਼ਾ ਤਸਕਰ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਉਨਾਂ ਸਖ਼ਤ ਸਬ੍ਹਦਾਂ ਵਿੱਚ ਚਿਤਾਵਨੀ ਦਿੰਦਿਆਂ ਕਿਹਾ ਕਿ ਨਸ਼ਾ ਤਸਕਰ ਜਾਂ ਤਾਂ ਨਸ਼ਾ ਵੇਚਣਾ ਬੰਦ ਕਰ ਦੇਣ ਜਾਂ ਪੰਜਾਬ ਛੱਡ ਜਾਣ।

ਉਨ੍ਹਾਂ ਕਿਹਾ ਕਿ ਨਸ਼ਿਆਂ ਦੀ ਜਕੜਨ ਵਿਚ ਆਏ ਭੋਲੇ ਭਾਲੇ ਲੋਕਾਂ ਨਾਲ ਹਮਦਰਦੀ ਨਾਲ ਨਜਿੱਠਿਆ ਜਾਵੇਗਾ। ਉਹਨਾਂ ਕਿਹਾ ਕਿ ਨਸ਼ੇ ਦੀ ਭੈੜੀ ਬਿਮਾਰੀ ਤੋਂ ਪੀੜ੍ਹਤ ਵਿਅਕਤੀਆਂ ਦੇ ਇਲਾਜ ਲਈ ਸਰਕਾਰ ਸੰਜੀਦਗੀ ਨਾਲ ਕੰਮ ਕਰ ਰਹੀ ਹੈ ਅਤੇ ਉਹਨਾਂ ਨੂੰ ਨਸ਼ਾ ਛੁਡਾਊ ਤੇ ਮੁੜ ਵਸੇਬਾ ਕੇਂਦਰਾਂ ਵਿੱਚ ਦਾਖਲ ਕਰਕੇ ਮੁਫ਼ਤ ਇਲਾਜ ਕੀਤਾ ਜਾ ਰਿਹਾ ਹੈ।ਉਹਨਾਂ ਕਿਹਾ ਕਿ ਇਹ ਮਿਸ਼ਨ ਸਿਰਫ਼ ਸਰਕਾਰ ਅਤੇ ਪੁਲਿਸ ਵਿਭਾਗ ਰਾਹੀਂ ਸਫਲ ਨਹੀਂ ਬਣਾਇਆ ਜਾ ਸਕਦਾ, ਇਸ ਲਈ ਹਰ ਇੱਕ ਨਾਗਰਿਕ ਦਾ ਸਹਿਯੋਗ ਬਹੁਤ ਜ਼ਰੂਰੀ ਹੈ।

ਇਸ ਮੌਕੇ ਵੱਡੀ ਗਿਣਤੀ ਵਿੱਚ ਪਿੰਡਾਂ ਦੇ ਲੋਕ ਹਾਜ਼ਰ ਸਨ।

## ਥਾਣਾ ਮੁੱਖੀ ਬਿਆਸ ਵੱਲੋਂ ਨਸ਼ਾ ਤਸਕਰਾਂ ਨੂੰ ਦਿੱਤੀ ਚੇਤਾਵਨੀ

### ਨਸ਼ਾ ਕਰਨ ਵਾਲਿਆਂ ਨੂੰ ਨਸ਼ਾ ਛਡਾਓ ਸੈਂਟਰ ਭੇਜਣਾ ਕੀਤਾ ਸ਼ੁਰੂ

ਬਿਆਸ, 27 ਮਈ, (ਰਾਕੇਸ਼ ਸਲਵਾਨ): ਨਵੇਂ ਆਏ ਥਾਣਾ ਬਿਆਸ ਦੇ ਮੁਖੀ ਸ਼ਮਸ਼ੇਰ ਸਿੰਘ ਵੱਲੋ ਯੁੱਧ ਨਸ਼ਿਆਂ ਵਿਰੁੱਧ ਚਲਦਿਆਂ ਨਸ਼ਾ ਤਸਕਰਾ ਨੂੰ ਚਿਤਾਵਾਨੀ ਦੇਂਦਿਆਂ ਹੋਇਆ ਆਖਿਆ ਕਿ ਜਾ ਤਾਂ ਇਲਾਕਾ ਛੱਡ ਜਾਓ ਨਹੀਂ ਤਾਂ ਆਪਣੇ ਨਸ਼ੇ ਦੇ ਧੰਦੇ ਨੂੰ ਛੱਡ ਦੇਵੋ ਕਿਸੇ ਵੀ ਕੀਮਤ 'ਤੇ ਤਸਕਰਾ ਨੂੰ ਬਖਸਿਆ ਨਹੀਂ ਜਾਵੇਗਾ। ਸ਼ਮਸ਼ੇਰ ਸਿੰਘ ਨੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਪੁਲਿਸ ਦਾ ਸਾਥ ਦਿਤਾ ਜਾਵੇ ਤਾਂ ਜੋ ਅਸੀਂ ਰਲ ਕੇ ਨਸ਼ੇ ਦੇ ਕੋਹੜ ਨੂੰ ਜੜਾ ਤੋਂ ਖ਼ਤਮ ਕੀਤਾ ਜਾਵੇ। ਸ਼ਮਸ਼ੇਰ ਸਿੰਘ ਵੱਲੋਂ ਪਿੰਡ ਦੀਆਂ ਪੰਚਾਇਤਾਂ ਨੂੰ ਵੀ ਆਖਿਆ ਕਿ ਜੇ ਕੋਈ ਤੁਹਾਡੇ ਪਿੰਡ ਵਿੱਚ ਨਸ਼ਾ ਕਰਦਾ ਤਾਂ ਸਾਨੂੰ ਦੱਸਿਆ ਜਾਵੇ ਤਾ ਜੋ ਅਸੀਂ ਉਸ ਨੂੰ ਸਰਕਾਰ ਵੱਲੋ ਜਗ੍ਹਾ ਜਗ੍ਹਾ ਤੇ ਨਸ਼ਾ ਛਡਾਓ ਕੇਂਦਰ ਜੋ ਖੋਲ੍ਹੇ ਗਏ ਨੇ ਉਹਨਾਂ ਨੂੰ ਉੱਥੇ ਭਰਤੀ ਕਰਵਾ ਕੇ ਉਹਨਾਂ ਦਾ ਨਸ਼ਾ ਛਡਾਇਆ ਜਾਵੇ ਤਾਂ ਜੋ ਉਹ ਇੱਕ ਵਾਰ ਫਿਰ ਤੋਂ ਸਮਾਜ ਵਿੱਚ ਆਪਣੀ ਇੱਕ ਵਧੀਆ ਜਿੰਦਗੀ ਜੀ ਸਕਣ ਆਖਿਰ ਵਿੱਚ ਸ਼ਮਸ਼ੇਰ ਸਿੰਘ ਵੱਲੋਂ ਆਖਿਆ ਕਿ ਮੇਰੀ ਸਾਰੀ ਟੀਮ ਲੋਕਾਂ ਦੀ ਸੇਵਾ ਵਿੱਚ ਹਰ ਸਮੇਂ ਹਾਜਰ ਹੈ ਸਬ ਇੰਸਪੈਕਟਰ ਸਰਦੂਲ ਸਿੰਘ ਏ.ਐਸ.ਆਈ. ਅੰਮ੍ਰਿਤ ਸਿੰਘ ਰਾਜਬੀਰ ਸਿੰਘ ਮੁਨਸ਼ੀ ਥਾਣਾ ਬਿਆਸ ਏ.ਐਸ.ਆਈ. ਸ਼ਮਸ਼ੇਰ ਸਿੰਘ ਬਲਜਿੰਦਰ ਸਿੰਘ ਗੁਰਮੇਲ ਸਿੰਘ ਆਦਿ ਹਾਜਰ ਸਨ।

## ਪੰਜਾਬ ਸਿੱਖਿਆ ਕ੍ਰਾਂਤੀ ਸੂਬੇ ਦੇ ਭਵਿੱਖ ਦਾ ਨੀਂਹ ਪੱਥਰ ਨੂੰ ਮਜ਼ਬੂਤ ਕਰਨ ਵਾਲਾ ਕਦਮ : ਧਾਲੀਵਾਲ



ਅਜਨਾਲਾ, 27 ਮਈ, (ਸੁਖਦੇਵ ਸਿੰਘ ਖਾਲਸਾ): ਅੱਜ ਪ੍ਰਵਾਸੀ ਭਾਰਤੀ ਮਾਮਲਿਆਂ ਬਾਰੇ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਹੁਣ ਤੱਕ ਦੇ ਪੰਜਾਬ ਦੇ ਇਤਿਹਾਸ ਵਿੱਚ ਸਿੱਖਿਆ ਕ੍ਰਾਂਤੀ ਪੰਜਾਬ ਤਹਿਤ ਪਹਿਲੀ ਅਜਿਹੀ ਪਹਿਲਕਦਮੀ ਹੋਈ ਹੈ ਕਿ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਹੌਸਲਾ ਅਫਜਾਈ ਕਰਨ ਅਤੇ ਸਕੂਲਾਂ ਦੀਆਂ ਜਰੂਰਤਾਂ ਨੂੰ ਤਰਜੀਹ ਦੇ ਅਧਾਰ ਤੇ ਪੂਰਾ ਕਰਨ ਲਈ ਯਕੀਨੀ ਬਣਾਉਣ ਹਿੱਤ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਸਰਕਾਰ ਦੇ ਹਰ ਸੰਭਵ ਉਪਰਾਲੇ ਕਰ ਰਹੀ ਹੈ ਅਤੇ ਪੰਜਾਬ ਸਿੱਖਿਆ ਕ੍ਰਾਂਤੀ ਸੂਬੇ ਦੇ ਭਵਿੱਖ ਦੀ ਨੀਹ ਪੱਥਰ ਨੂੰ ਮਜ਼ਬੂਤ ਕਰਨ ਵਾਲਾ ਕਦਮ ਹੋਵੇਗਾ।

ਇੰਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਨੇ ਸਰਕਾਰੀ ਐਲੀਮੈਂਟਰੀ ਸਕੂਲ ਰਮਦਾਸ -1 ਵਿਖੇ 19.74 ਲੱਖ ਰੁਪਏ ਦੀ ਲਾਗਤ ਨਾਲ , ਸਰਕਾਰੀ ਐਲੀਮੈਂਟਰੀ ਸਕੂਲ ਰਮਦਾਸ -2 ਵਿਖੇ 15.32 ਲੱਖ ਰੁਪਏ ਦੀ ਲਾਗਤ ਨਾਲ ਅਤੇ ਸਰਕਾਰੀ ਅਲੀਮੈਂਟਰੀ ਸਕੂਲ ਕਤਲੇ ਵਿਖੇ 8.89 ਲੱਖ ਰੁਪਏ ਦੀ ਲਾਗਤ ਨਾਲ ਨੇਪਰੇ ਚੜੇ ਨਵ ਨਿਰਮਾਣ ਬੁਨਿਆਦੀ ਢਾਂਚੇ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਸਮੇਂ ਵੱਖ ਵੱਖ ਉਦਘਾਟਨੀ ਸਮਾਰੋਹਾਂ ਨੂੰ ਸੰਬੋਧਨ ਕਰਦਿਆਂ ਕੀਤਾ। ਕੈਬਨਿਟ ਮੰਤਰੀ ਪੰਜਾਬ ਸ: ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਪੰਜਾਬ ਦੇ ਸਰਕਾਰੀ ਸਿੱਖਿਆਂ ਢਾਂਚੇ ਤੇ ਸਰਕਾਰੀ ਸਕੂਲਾਂ ਦੇ ਬੁਨਿਆਦੀ ਵਿਕਾਸ ਨੂੰ ਕ੍ਰਾਂਤੀਕਾਰੀ ਛੋਹਾਂ ਦਿੰਦਿਆਂ ਹੋਇਆਂ ਸਰਕਾਰੀ ਸਕੂਲਾਂ ਨੂੰ ਪ੍ਰਾਈਵੇਟ ਸਕੂਲਾਂ ਤੋ ਵਧੀਆ ਬਣਾ ਕੇ ਸਿੱਖਿਆ ਕ੍ਰਾਂਤੀ ਲਿਆਂਦੀ ਹੈ। ਜਿਸ ਦੇ ਨਤੀਜੇ ਵਜੋਂ ਸਰਕਾਰੀ ਸਕੂਲਾਂ ਦੇ ਹੋਣਹਾਰ ਵਿਦਿਆਰਥੀ ਆਪਣੀ ਮਿਹਨਤ ਤੇ ਦ੍ਰਿੜ ਇਰਾਦੇ ਨਾਲ ਸਲਾਨਾ ਬੋਰਡ ਪ੍ਰੀਖਿਆਵਾਂ ਵਿੱਚੋਂ ਮੋਹਰੀ ਸਥਾਨ ਤੇ ਰਹੇ ਹਨ। ਕੈਬਨਿਟ ਮੰਤਰੀ ਧਾਲੀਵਾਲ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਕਿ ਉਹ ਪੜਾਈ ਵੱਲ ਹੋਰ ਦਿਲਚਸਪੀ ਨਾਲ ਅੱਗੇ ਆਉਣ , ਤਾਂ ਕਿ ਸਕੂਲੀ ਪ੍ਰੀਖਿਆਵਾਂ ਵਾਂਗ ਵੱਖ ਵੱਖ ਉੱਚ ਤਕਨੀਕੀ ਮੈਡੀਕਲ ਤੇ ਨਾਨ ਮੈਡੀਕਲ ਮੁਕਾਬਲੇ ਦੀਆਂ ਪ੍ਰਖਿਆਵਾਂ ਵਿੱਚੋਂ ਵੀ ਵੱਧੀਆ ਮੱਲਾਂ ਮਾਰੀਆਂ ਜਾਣ। ਕੈਬਨਿਟ ਮੰਤਰੀ ਧਾਲੀਵਾਲ ਨੇ ਸਕੂਲਾਂ ਚ ਹੋਏ ਵਿਕਾਸ ਕਾਰਜਾਂ ਦਾ ਨਰੀਖਣ ਕੀਤਾ ਅਤੇ ਵਾਤਾਵਰਨ ਦੀ ਸ਼ੁੱਧਤਾ ਦੀ ਮੁਹਿੰਮ ਨੂੰ ਹੁਲਾਰਾ ਦਿੰਦਿਆਂ ਸਕੂਲ ਚ ਰੁੱਖ ਲਗਾਉਣ ਮੁਹਿੰਮ ਦਾ ਆਗਾਜ਼ ਕੀਤਾ। ਸਮਾਗਮਾਂ 'ਚ ਮੁੱਖ ਮਹਿਮਾਨ ਕੁਲਦੀਪ ਸਿੰਘ ਧਾਲੀਵਾਲ ਸਮੇਤ ਹੋਰ ਪ੍ਰਮੁੱਖ ਸ਼ਖਸ਼ੀਅਤਾਂ ਨੂੰ ਸਨਮਾਨਿਤ ਕੀਤਾ ਗਿਆ । ਜਦੋਂਕਿ ਮੰਤਰੀ ਧਾਲੀਵਾਲ ਨੇ ਸਕੂਲ ਸਟਾਫ ਦੀ ਮਿਹਨਤ ਦੀ ਪ੍ਰਸੰਸਾ ਕਰਦਿਆਂ ਅਧਿਆਪਕਾਂ ਤੇ ਹੋਨਹਾਰ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ।

ਇਸ ਮੌਕੇ ਤੇ ਖੁਸ਼ਪਾਲ ਸਿੰਘ ਧਾਲੀਵਾਲ, ਹਲਕਾ ਪੱਧਰੀ ਸਿੱਖਿਆ ਕੋਆਰਡੀਨੇਟਰ ਅਮਨਦੀਪ ਕੌਰ ਧਾਲੀਵਾਲ, ਮਾਰਕੀਟ ਕਮੇਟੀ ਚੇਅਰਮੈਨ ਬਲਦੇਵ ਸਿੰਘ ਬੱਬੂ ਚੇਤਨਪੁਰਾ ਸਮੇਤ ਇਨ੍ਹਾਂ ਸਕੂਲਾਂ ਦਾ ਸਮੂਹ ਸਟਾਫ, ਵਿਦਿਆਰਥੀ ਤੇ ਉਨ੍ਹਾਂ ਦੇ ਮਾਪੇ , ਸਕੂਲ ਮੈਨਜਮੈਂਟ ਕਮੇਟੀਆਂ ਦੇ ਆਹੁਦੇਦਾਰ, ਗ੍ਰਾਮ ਪੰਚਾਇਤਾਂ, ਕੌਂਸਲਰ ਤੇ ਪਤਵੰਤੇ ਸੱਜਣ ਵੱਡੀ ਗਿਣਤੀ 'ਚ ਮੌਜੂਦ ਸਨ।

## ਜੂਨ '84 ਦੇ ਸਮੂੰਹ ਸ਼ਹੀਦਾਂ ਦੀ ਯਾਦ 'ਚ ਪਾਠ ਦਾ ਭੋਗ 1 ਜੂਨ ਨੂੰ : ਜਥੇਦਾਰ ਹਵਾਰਾ ਕਮੇਟੀ



ਅੰਮ੍ਰਿਤਸਰ, 27 ਮਈ, (ਬਬਲੂ ਮਹਾਜਨ) : ਜਥੇਦਾਰ ਜਗਤਾਰ ਸਿੰਘ ਹਵਾਰਾ ਕਮੇਟੀ ਦੇ ਬੁਲਾਰੇ ਪ੍ਰੋ. ਬਲਜਿੰਦਰ ਸਿੰਘ ਨੇ ਕਿਹਾ ਕਿ ਸਮੁੱਚੀ ਮਨੁੱਖਤਾ ਨੂੰ ਰੂਹਾਨੀਅਤ ਦਾ ਸੰਦੇਸ਼ ਦੇਣ ਵਾਲੇ ਸਿੱਖੀ ਦੇ ਕੇਂਦਰੀ ਸਥਾਨ ਸ੍ਰੀ ਦਰਬਾਰ ਸਾਹਿਬ 'ਤੇ ਭਾਰਤੀ ਫੌਜ ਵਲੋਂ ਕੀਤੇ ਹਮਲੇ ਨੂੰ ਅੱਜ ਇਕਤਾਲੀ ਸਾਲ ਹੋ ਗਏ ਹਨ ਪਰ ਡੂੰਗੇ ਜ਼ਖ਼ਮਾਂ ਦੀ ਚੀਸ ਅੱਜ ਵੀ ਸੁਣੀ ਜਾ ਸਕਦੀ ਹੈ। ਇੱਥੋ ਤੱਕ ਨਵੀਂ ਪੀੜ੍ਹੀ ਵੀ ਇਸ ਦਰਦਨਾਕ ਹਮਲੇ ਦਾ ਦਰਦ ਮਹਿਸੂਸ ਕਰ ਰਹੀ ਹੈ । ਦੇਸ਼ ਵਿਦੇਸ਼ ਦੀਆਂ ਸਿੱਖ ਸੰਗਤਾਂ ਅਜ ਵੀ ਸਿੱਖ ਪ੍ਰੰਪਰਾਵਾਂ ਅਨੁਸਾਰ ਘੱਲੂਘਾਰੇ ਨੂੰ ਮਨਾਉਂਦੀਆਂ ਹਨ। ਜਿਸਦੇ ਚੱਲਦਿਆਂ ਜੂਨ 84 ਦੇ ਫ਼ੌਜੀ ਹਮਲੇ ਦੇ ਪਹਿਲੇ ਸ਼ਹੀਦ ਭਾਈ ਮਹਿੰਗਾ ਸਿੰਘ ਬੱਬਰ, ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ, ਜਨਰਲ ਸ਼ਬੇਗ ਸਿੰਘ, ਸ਼ਹੀਦ ਭਾਈ ਅਮਰੀਕ ਸਿੰਘ ਅਤੇ ਸਮੂਹ ਸ਼ਹੀਦਾਂ ਦੀ ਮਿੱਠੀ ਯਾਦ'ਚ ਸ੍ਰੀ ਅੰਖਡ ਪਾਠ ਸਾਹਿਬ ਦੀ ਅੰਰਭਤਾ 30 ਮਈ ਨੂੰ ਗੁ.ਬਾਬਾ ਅਟੱਲ ਰਾਏ ਸਾਹਿਬ ਅੰਮ੍ਰਿਤਸਰ ਵਿੱਖੇ ਸਵੇਰੇ 9 ਵਜੇ ਹੋਵੇਗੀ ਅਤੇ ਭੋਗ 1ਜੂਨ ਐਤਵਾਰ ਸਵੇਰੇ 7 ਵਜੇ ਪਾਏ ਜਾਣਗੇ। ਕੀਰਤਨ ਉਪਰੰਤ ਸੰਗਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਵਿੱਖੇ ਨਤਮਸਤਕ ਹੋਣਗੀਆਂ। ਨੀਮ ਫ਼ੌਜੀ ਬਲਾਂ ਵੱਲੋਂ ਯੋਜਨਾਬੱਧ ਹੋ ਕੇ 1 ਜੂਨ ਨੂੰ ਗੁ.ਬਾਬਾ ਅਟੱਲ ਰਾਏ ਸਾਹਿਬ ਅਤੇ ਸ੍ਰੀ ਦਰਬਾਰ ਸਾਹਿਬ ਤੇ ਭਾਰੀ ਗੋਲੀ ਬਾਰੀ ਕੀਤੀ ਗਈ ਸੀ। ਗੁਰੂ ਘਰ ਦੀ ਪਵਿੱਤਰਤਾ ਦੇ ਮੱਦੇਨਜ਼ਰ ਜਥੇਦਾਰ ਸੁਖਦੇਵ ਸਿੰਘ ਬੱਬਰ ਦੀ ਅਗਵਾਈ 'ਚ ਸਰਕਾਰੀ ਗੋਲੀਆਂ ਦਾ ਜਵਾਬ ਦਿੰਦਿਆਂ ਭਾਈ ਮਹਿੰਗਾ ਸਿੰਘ ਬੱਬਰ ਗੁ.ਬਾਬਾ ਅਟੱਲ ਰਾਏ ਸਾਹਿਬ ਦੇ ਮੋਰਚੇ 'ਤੇ ਸ਼ਹੀਦ ਹੋ ਗਏ ਸਨ ਅਤੇ ਉਨ੍ਹਾਂ ਨੂੰ ਘੱਲੂਘਾਰੇ ਦੇ ਪਹਿਲੇ ਸ਼ਹੀਦ ਹੋਣ ਦਾ ਮਾਣ ਹਾਸਲ ਹੋਇਆ।

ਹਵਾਰਾ ਕਮੇਟੀ ਦੇ ਪ੍ਰੋਫੈਸਰ ਬਲਜਿੰਦਰ ਸਿੰਘ, ਮਹਾਂਬੀਰ ਸਿੰਘ ਸੁਲਤਾਨਵਿੰਡ, ਬਲਦੇਵ ਸਿੰਘ ਨਵਾਂਪਿੰਡ ਡਾ ਸੁਖਦੇਵ ਸਿੰਘ ਬਾਬਾ, ਰਘਬੀਰ ਸਿੰਘ ਭੁੱਚਰ, ਸਤਜੋਤ ਸਿੰਘ ਮੁਧਲ ਅਤੇ ਰਾਜ ਸਿੰਘ ਨੇ ਸਮੂਹ ਪੰਥਕ ਜਥੇਬੰਦੀਆਂ ਅਤੇ ਨਾਨਕ ਨਾਮ ਲੇਵਾ ਸੰਗਤਾ ਨੂੰ ਬੇਨਤੀ ਕੀਤੀ ਕਿ ਸ਼ਹੀਦਾਂ ਨਮਿਤ 1 ਜੂਨ ਦੇ ਪ੍ਰੋਗਰਾਮ ਵਿੱਚ ਸਾਥੀਆਂ ਸਮੇਤ ਹਾਜ਼ਰੀਆਂ ਭਰਨ।

## 85 ਹੋਣਹਾਰ ਲੜਕੀਆਂ ਨੂੰ ਮਿਲੇਗਾ 'ਮਾਣ ਧੀਆਂ 'ਤੇ' ਐਵਾਰਡ



ਭਿੱਖੀਵਿੰਡ, 27 ਮਈ, (ਸਵਿੰਦਰ ਬਲੇਹਰ) : ਸਟਾਲਵਰਟਸ ਵਰਲਡ ਸਕੂਲ (ਵੇਰਕਾ ਬਾਈਪਾਸ) ਵਿਖ਼ੇ ਹੋਈ ਮੀਟਿੰਗ ਦੌਰਾਨ ਪ੍ਰਿੰਸੀਪਲ ਪ੍ਰਿੰਸੀਪਲ ਮਨੀਸ਼ਾ ਧਾਨੁਕਾ, ਹੈੱਡ ਮਿਸਟ੍ਰੈਸ ਵਸੂੰਧਰਾ ਬਾਂਸਲ (ਬ੍ਰਾਂਡ ਅੰਬੈਸਡਰ) ਅਤੇ ਸੰਸਥਾ ਦੇ ਪ੍ਰਧਾਨ ਗੁਰਿੰਦਰ ਸਿੰਘ ਮੱਟੂ (ਇੰਡੀਆ ਬੁੱਕ ਰਿਕਾਰਡ ਹੋਲਡਰ) ਨੇ ਸਾਂਝੇ ਤੌਰ ਤੇ ਜਾਣਕਾਰੀ ਦਿੰਦਿਆਂ ਕਿਹਾ ਕਿ ਭਰੂਣ ਹੱਤਿਆ ਖ਼ਿਲਾਫ਼, ਬੇਟੀ ਬਚਾਓ, ਬੇਟੀ ਪੜ੍ਹਾਓ ਮੁਹਿੰਮ ਤਹਿਤ ਹੋਣ ਵਾਲੇ '15ਵੇਂ ਮਾਣ ਧੀਆਂ 'ਤੇ ਐਵਾਰਡ ਸਮਾਰੋਹ' ਵਿੱਚ ਸਟਾਲਵਰਟਸ ਵਰਲਡ ਸਕੂਲ ਦੇ ਹਾਲ ਵਿੱਚ 85 ਦੇ ਕਰੀਬ ਵੱਖ-ਵੱਖ ਸਕੂਲਾਂ ਅਤੇ ਕਾਲਜਾਂ ਦੀਆਂ ਆਈਸੀਐਸਈ, ਸੀਬੀਐਸ ਈ ਅਤੇ ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਲਈ ਗਈ 10 ਵੀਂ ਅਤੇ 12 ਵੀਂ ਪ੍ਰੀਖਿਆ ਦੇ ਨਤੀਜੇ ਵਿੱਚੋ ਮੈਰਿਟ ਹੋਲਡਰ ਅਤੇ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ 'ਚੋਂ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੀਆ ਹੋਣਹਾਰ ਬੇਟੀਆਂ ਨੂੰ 'ਮਾਣ ਧੀਆਂ 'ਤੇ ਐਵਾਰਡ' ਨਾਲ ਸਨਮਾਨਿਤ ਕੀਤਾ ਜਾਵੇਗਾ । ਅਖੀਰ ਵਿੱਚ ਪ੍ਰਧਾਨ ਗੁਰਿੰਦਰ ਸਿੰਘ ਮੱਟੂ ਨੇ ਕਿਹਾ ਕੇ ਇਸ ਸਮਾਰੋਹ ਵਿੱਚ ਮੁੱਖ ਮਹਿਮਾਨ ਡਾਕਟਰ ਹਰਨੂਰ ਕੌਰ ਢਿੱਲੋਂ (ਐਸਡੀਐਮ ਮਜੀਠਾ) ਵਾਧੂ ਚਾਰਜ ਸਹਾਇਕ ਕਮਿਸ਼ਨਰ (ਜਨਰਲ) ਅੰਮ੍ਰਿਤਸਰ ਹੋਣਗੇ । ਇਸ ਸਮਾਰੋਹ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਲੈਕਚਰਾਰ ਕੰਵਲਜੀਤ ਕੌਰ ਟੀਨਾ, ਕਰਮਜੀਤ ਕੌਰ ਜੱਸਲ, ਸੀਮਾ ਚੋਪੜਾ, ਗੁਰਮੀਤ ਸਿੰਘ ਸੰਧੂ, ਬਲਜਿੰਦਰ ਸਿੰਘ ਮੱਟੂ, ਦਮਨਪ੍ਰੀਤ ਕੌਰ,ਕੰਵਲਜੀਤ ਸਿੰਘ ਵਾਲੀਆ ਅਤੇ ਅਮਨਦੀਪ ਸਿੰਘ ਦਾ ਵਿਸ਼ੇਸ ਸਹਿਯੋਗ ਰਹੇਗਾ।

## ਰਾਜੋਆਣਾ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜੱਥੇਦਾਰ ਬਣਾਉਣਾ ਅਕਾਲੀ ਦਲ ਦੀ ਕੋਝੀ ਚਾਲ : ਸਖੀਰਾ, ਜ਼ਫਰਵਾਲ

ਅੰਮ੍ਰਿਤਸਰ, 27 ਮਈ, (ਬਬਲੂ ਮਹਾਜਨ) : ਸੰਨ 2015 ਦੇ ਸਰਬੱਤ ਖ਼ਾਲਸਾ ਸੰਮੇਲਨ ਨੂੰ ਸਫਲਤਾਪੂਰਵਕ ਸਿਰੇ ਚੜ੍ਹਾਉਣ ਵਾਲੀ ਟੀਮ ਦੇ ਸਰਕਦਾ ਅਹੁੱਦੇਦਾਰ ਭਾਈ ਜਰਨੈਲ ਸਿੰਘ ਸਖੀਰਾ, ਭਾਈ ਮੋਹਕਮ ਸਿੰਘ, ਭਾਈ ਵੱਸਣ ਸਿੰਘ ਜ਼ਫ਼ਰਵਾਲ ਤੇ ਭਾਈ ਸਤਨਾਮ ਸਿੰਘ ਮਨਾਵਾ ਨੇ ਸਾਂਝੇ ਤੌਰ 'ਤੇ ਨਜ਼ਰਬੰਦ ਕੌਮੀ ਨਾਇਕ ਭਾਈ ਬਲਵੰਤ ਸਿੰਘ ਰਾਜੋਆਣਾ ਨੂੰ ਸ਼੍ਰੋਮਣੀ ਅਕਾਲੀ ਦਲ (ਬ) ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦਾ ਜੱਥੇਦਾਰ ਬਣਾਉਣ ਦੀਆਂ ਵਿਊਂਤਾਂ ਨੂੰ ਇੱਕ ਕੋਝੀ ਚਾਲ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਦੋਵੇਂ ਧਿਰਾਂ ਭਾਈ ਰਾਜੋਆਣਾ ਦੇ ਨਾਮ ਦੀ ਗਹਿਰੀ ਚਾਲ ਚੱਲ ਕੇ ਕੌਮ ਤੇ ਪੰਥ ਨੂੰ ਗੁੰਮਰਾਹ ਕਰਨ ਲਈ ਤਰਲੋ ਮੱਛੀ ਹੋ ਰਹੀਆਂ ਹਨ। ਜਿੰਨ੍ਹਾਂ ਨੂੰ ਉਨ੍ਹਾਂ ਦੇ ਮਨਸੂਬਿਆਂ ਵਿੱਚ ਪੰਥ ਅਤੇ ਕੌਮ ਕਦੇ ਵੀ ਸਫ਼ਲ ਨਹੀਂ ਹੋਣ ਦੇਵੇਗੀ। ਉਨ੍ਹਾਂ ਕਿਹਾ ਕਿ ਸੰਨ 2015 ਦੇ ਸਰਬੱਤ ਖ਼ਾਲਸਾ ਸੰਮੇਲਨ ਦੇ ਦੌਰਾਨ ਸਮੁੱਚੀ ਕੌਮ ਤੇ ਪੰਥ ਦੀ ਇੱਕਸੁਰਤਾ ਦੇ ਮੱਦੇਨਜ਼ਰ ਭਾਈ ਜਗਤਾਰ ਸਿੰਘ ਹਵਾਰਾ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦਾ ਜੱਥੇਦਾਰ ਥਾਪਿਆ ਜਾ ਚੁੱਕਾ ਹੈ। ਅਜਿਹੇ ਵਿੱਚ ਉਨ੍ਹਾਂ ਨੂੰ ਬਦਲਣ ਦਾ ਕਿਸੇ ਕੋਲ ਕੋਈ ਅਧਿਕਾਰ ਨਹੀਂ ਹੈ ਤੇ ਨਾ ਹੀ ਭਾਈ ਹਵਾਰਾ ਦੇ ਮਾਨ-ਸਨਮਾਨ ਨੂੰ ਠੇਸ ਪਹੁੰਚਾਈ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਸੱਤਾ ਵਿੱਚ ਰਹਿੰਦਿਆਂ ਬਾਦਲਕੀਆਂ ਨੇ ਕਦੇ ਵੀ ਭਾਈ ਰਾਜੋਆਣਾ ਸਮੇਤ ਕਈ ਕੌਮੀ ਨਾਇਕਾਂ ਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਕੋਈ ਚਾਰਾਜੋਈ ਨਹੀਂ ਕੀਤੀ। ਸਗੋਂ ਉਨ੍ਹਾਂ ਨੂੰ ਫਾਂਸੀ ਤੇ ਚੜ੍ਹਵਾਉਣ ਦੇ ਲਈ ਬਾਗੀਆਂ ਤੇ ਗੱਦਾਰਾਂ ਦੇ ਨਾਲ-ਨਾਲ ਮੌਕਾ ਪ੍ਰਸਤ ਕੇਂਦਰ ਸਰਕਾਰਾਂ ਨੂੰ ਸਹਿਯੋਗ ਦਿੱਤਾ। ਜਦੋਂ ਕਿ ਕੌਮ ਅਤੇ ਪੰਥ ਨੇ ਅਜਿਹੀਆਂ ਸਜਾਵਾਂ ਦੀ ਵਿਰੋਧਤਾ ਹੀ ਨਹੀਂ ਕੀਤੀ। ਸਗੋਂ ਇਸ ਦੇ ਖਿਲਾਫ ਮੋਢੇ ਨਾਲ ਮੋਢਾ ਜੋੜ ਕੇ ਤਾਕਤ ਅਤੇ ਲਿਆਕਤ ਦਾ ਮੁਜ਼ਾਹਰਾ ਕੀਤਾ। ਭਾਈ ਜਰਨੈਲ ਸਿੰਘ ਸਖੀਰਾ, ਭਾਈ ਮੋਹਕਮ ਸਿੰਘ, ਭਾਈ ਵੱਸਣ ਸਿੰਘ ਜ਼ਫਰਵਾਲ ਤੇ ਭਾਈ ਸਤਨਾਮ ਸਿੰਘ ਮਨਾਵਾ ਨੇ ਭਾਈ ਰਾਜੋਆਣਾ ਨੂੰ ਅਪੀਲ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਇੰਨ੍ਹਾਂ ਦੋਵਾਂ ਧਿਰਾਂ ਦੇ ਝਾਸੇ ਵਿੱਚ ਨਹੀਂ ਆਉਣਾ ਚਾਹੀਦਾ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਹੋਣ ਨਾਲ ਕੌਮ ਤੇ ਪੰਥ ਵਿੱਚ ਦੁਚਿੱਤੀ ਤਾਂ ਪੈਦਾ ਹੋਵੇਗੀ ਹੀ ਸਗੋਂ ਇੱਕੋ ਮੰਤਵ ਨੂੰ ਲੈ ਕੇ ਕੁਰਬਾਨੀਆਂ ਦੇਣ ਵਾਲੇ ਕੌਮੀ ਯੋਧਿਆਂ ਦੇ ਵਿੱਚ ਵੀ ਇੱਕ ਵੱਖਰੇਵਾਂ ਤੇ ਖਿੱਚੋਂਤਾਣ ਪੈਦਾ ਹੋਵੇਗੀ।

## ਵਿਗੜਦੀ ਕਾਨੂੰਨ ਵਿਵਸਥਾ ਲਈ ਸਰਕਾਰ ਜ਼ਿੰਮੇਵਾਰ : ਔਜਲਾ

ਅੰਮ੍ਰਿਤਸਰ, 27 ਮਈ, (ਗੁਰਦਿਆਲ ਸਿੰਘ) : ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਅੱਜ ਅੰਮ੍ਰਿਤਸਰ ਵਿੱਚ ਹੋਏ ਧਮਾਕੇ ਦੀ ਸਖ਼ਤ ਨਿੰਦਾ ਕੀਤੀ ਅਤੇ ਕਿਹਾ ਕਿ ਪੰਜਾਬ ਸਰਕਾਰ ਵਿਗੜਦੀ ਕਾਨੂੰਨ ਵਿਵਸਥਾ ਲਈ ਪੂਰੀ ਤਰ੍ਹਾਂ ਜ਼ਿੰਮੇਵਾਰ ਹੈ। ਕਿਉਂਕਿ ਪੰਜਾਬ ਦੇ ਅਧਿਕਾਰੀ ਦਿੱਲੀ ਦੇ ਲੋਕਾਂ ਦੀ ਮੇਜ਼ਬਾਨੀ ਕਰਨ ਵਿੱਚ ਰੁੱਝੇ ਹੋਏ ਹਨ ਅਤੇ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਵਿੱਚ ਅਸਮਰੱਥ ਹਨ।

ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਕਿਹਾ ਕਿ ਅੰਮ੍ਰਿਤਸਰ ਤਿੰਨ ਦਿਨਾਂ ਤੋਂ ਸਦਮੇ ਵਿੱਚ ਹੈ। ਪਹਿਲਾਂ ਕੌਂਸਲਰ ਦਾ ਕਤਲ, ਫਿਰ ਨੋਟ ਬਦਲਣ ਵਾਲੇ ਦਾ ਕਤਲ ਅਤੇ ਅੱਜ ਗ੍ਰਨੇਡ ਧਮਾਕਾ। ਉਨ੍ਹਾਂ ਕਿਹਾ ਕਿ ਪੁਲਿਸ ਮੁਲਜ਼ਮਾਂ ਨੂੰ ਬਾਅਦ ਵਿੱਚ ਫੜਦੀ ਹੈ ਪਰ ਪਹਿਲਾਂ ਕਿਉਂ ਨਹੀਂ ਫੜ ਸਕਦੀ। ਕਿੱਥੇ ਹਨ ਪੰਜਾਬ ਦੀਆਂ ਕਾਊਂਟਰ ਇੰਟੈਲੀਜੈਂਸ ਅਤੇ ਖੁਫੀਆ ਏਜੰਸੀਆਂ ਜੋ ਪਹਿਲਾਂ ਹੀ ਅਪਰਾਧ ਨੂੰ ਰੋਕਣ ਵਿੱਚ ਅਸਫਲ ਰਹੀਆਂ ਹਨ ? ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੂੰ ਜ਼ਿੰਮੇਵਾਰ ਅਧਿਕਾਰੀਆਂ ਨੂੰ ਮੁਅੱਤਲ ਕਰਨਾ ਚਾਹੀਦਾ ਹੈ ਨਹੀਂ ਤਾਂ ਉਨ੍ਹਾਂ ਨੂੰ ਇਸ ਵਿਗੜਦੇ ਸਿਸਟਮ ਦੀ ਜ਼ਿੰਮੇਵਾਰੀ ਖੁਦ ਲੈਣੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਸਰਕਾਰ ਪੰਜਾਬ ਦੇ ਸਿਸਟਮ ਨੂੰ ਆਪਣੇ ਫਾਇਦੇ ਲਈ ਵਰਤ ਰਹੀ ਹੈ। ਪੰਜਾਬ ਸਰਕਾਰ ਲੋਕਾਂ ਦੀ ਸੁਰੱਖਿਆ ਵੱਲ ਧਿਆਨ ਦੇਣ ਦੀ ਬਜਾਏ ਸਿਰਫ਼ ਚੋਣਾਂ ਤੇ ਧਿਆਨ ਕੇਂਦਰਿਤ ਕਰ ਰਹੀ ਹੈ। ਜੇਕਰ ਅੱਜ ਦਾ ਧਮਾਕਾ ਉੱਥੇ ਨਾ ਵੀ ਹੋਇਆ ਹੁੰਦਾ, ਤਾਂ ਵੀ ਇਹ ਪਤਾ ਨਹੀਂ ਕਿ ਇਸਦਾ ਨਿਸ਼ਾਨਾ ਕੀ ਸੀ ਅਤੇ ਕੀ ਨੁਕਸਾਨ ਹੋਇਆ ਹੋਣਾ ਸੀ, ਪਰ ਸਰਕਾਰ ਨੂੰ ਇਸ ਦੀ ਬਿਲਕੁਲ ਵੀ ਚਿੰਤਾ ਨਹੀਂ ਹੈ।

ਐਮਪੀ ਔਜਲਾ ਨੇ ਕਿਹਾ ਕਿ ਅੰਮ੍ਰਿਤਸਰ ਇੱਕ ਸਰਹੱਦੀ ਇਲਾਕਾ ਹੈ। ਇੱਥੇ ਪਹਿਲਾਂ ਵੀ ਧਮਾਕੇ ਹੋ ਚੁੱਕੇ ਹਨ ਅਤੇ ਹੁਣ ਫਿਰ ਤੋਂ ਧਮਾਕੇ ਦਾ ਸਿੱਧਾ ਅਸਰ ਸੈਲਾਨੀਆਂ ਦੇ ਆਉਣ 'ਤੇ ਪੈਂਦਾ ਹੈ। ਇਸੇ ਲਈ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪੰਜਾਬ ਵੱਲ ਧਿਆਨ ਦੇਣ ਦੀ ਅਪੀਲ ਕਰਦੇ ਹਨ ਕਿਉਂਕਿ ਪੰਜਾਬ ਦੇ ਹਾਲਾਤ ਲਗਾਤਾਰ ਵਿਗੜਦੇ ਜਾ ਰਹੇ ਹਨ। ਉਨ੍ਹਾਂ 'ਆਪ' ਦੇ ਦਿੱਲੀ ਦੇ ਮੰਤਰੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਪੰਜਾਬ ਦੀ ਮਸ਼ੀਨਰੀ ਦੀ ਵਰਤੋਂ ਬੰਦ ਕਰਨ ਤਾਂ ਜੋ ਪੰਜਾਬ ਦੀਆਂ ਏਜੰਸੀਆਂ ਇੱਥੋਂ ਦੇ ਲੋਕਾਂ ਦੀ ਸੁਰੱਖਿਆ ਲਈ ਕੰਮ ਕਰ ਸਕਣ।

## ਸ੍ਰੀ ਗੁਰੂ ਰਾਮ ਦਾਸ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ ਐਂਡ ਰੀਸਰਚ ਵਿਖੇ 'ਵਿਸ਼ਵ ਥੈਲੇਸੀਮੀਆ' ਸਮਰਪਿਤ ਜਾਗਰੂਕਤਾ ਪ੍ਰੋਗਰਾਮ

ਅੰਮ੍ਰਿਤਸਰ, 27 ਮਈ, (ਬਬਲੂ ਮਹਾਜਨ) : ਸ੍ਰੀ ਗੁਰੂ ਰਾਮ ਦਾਸ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ ਐਂਡ ਰੀਸਰਚ, ਵੱਲ੍ਹਾ, ਸ੍ਰੀ ਅੰਮ੍ਰਿਤਸਰ ਵਿਖੇ 'ਐਸ.ਜੀ.ਆਰ.ਡੀ. ਥੈਲੇਸੀਮੀਆ ਵੈਲਫੇਅਰ ਸੋਸਾਇਟ ਅਤੇ ਅੰਮ੍ਰਿਤਸਰ ਐਕੇਡੈਮਿਕ ਆਫ਼ ਪੀਡੀਐਟ੍ਰਿਕਸ' ਵੱਲੋਂ ਵਿਸ਼ਵ ਥੈਲਾਸੀਮੀਆ ਦਿਨ ਨੂੰ ਸਮਰਪਿਤ ਇੱਕ ਵਿਸ਼ਾਲ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿੱਚ ਵਿਦਿਆਰਥੀਆਂ, ਲੋੜਵੰਦ ਮਰੀਜਾਂ ਦੇ ਵਾਰਸਾਂ ਅਤੇ ਸਵੈ-ਇੱਛਕ ਖ਼ੂਨਦਾਨੀਆਂ ਨੇ ਭਾਗ ਲੈ ਕੇ 100 ਤੋ ਜਿਆਦਾ ਯੂਨਿਟ ਖ਼ੂਨ ਦਾਨ ਕੀਤਾ।





ਇਸ ਤੋਂ ਇਲਾਵਾ ਉਕਤ ਸੰਸਥਾ ਵੱਲੋਂ ਬੱਚਿਆ ਦਾ ਮਨੋਬਲ ਵਧਾਉਣ ਲਈ ਰੰਗਾਰੰਗ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਦੌਰਾਨ ਬੱਚਿਆਂ ਦਾ ਮਨੋਬਲ ਵਧਾਉਣ ਲਈ ਉਨ੍ਹਾਂ ਨੇ ਟੈਲੰਟ ਸ਼ੋਅ, ਰੋਲ ਪਲੇਅ, ਪੋਸਟਰ ਮੇਕਿੰਗ, ਸਟੋਰੀ ਨਰੇਸ਼ਨ ਆਦਿ ਮੁਕਾਬਲਿਆ ਵਿੱਚ ਹਿੱਸਾ ਲਿਆ।

ਇਸ ਮੌਕੇ ਐਸਜੀਆਰਡੀ ਥੈਲੇਸੀਮੀਆ ਵੈਲਫੇਅਰ ਸੋਸਾਇਟੀ ਦੇ ਜਨਰਲ ਸਕੱਤਰ ਡਾ. ਗੁਰਸ਼ਰਨ ਸਿੰਘ ਨਾਰੰਗ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸੰਸਥਾ ਨਾਲ ਜਿਲ੍ਹਾ ਅੰਮ੍ਰਿਤਸਰ, ਤਰਨਤਾਰਨ ਅਤੇ ਗੁਰਦਾਸਪੁਰ ਤੋਂ ਲਗਭਗ 180 ਦੇ ਕਰੀਬ ਅਜਿਹੇ ਬੱਚੇ ਜੁੜੇ ਹੋਏ ਹਨ, ਜਿੰਨ੍ਹਾਂ ਦਾ ਜਨਮ ਤੋ ਹੀ ਆਪਣਾ ਖ਼ੂਨ ਨਹੀ ਬਣਦਾ ਅਤੇ ਇੰਨ੍ਹਾਂ ਨੂੰ ਮਹੀਨੇ ਵਿੱਚ ਇੱਕ-ਦੋ ਵਾਰ ਖ਼ੂਨ ਚੜ੍ਹਾਇਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਜਿੰਨ੍ਹਾਂ ਬੱਚਿਆਂ ਨੂੰ ਬੋਨਮੈਰੋ ਟਰਾਂਸਪਲਾਂਟ ਦੀ ਜਰੂਰਤ ਹੁੰਦੀ ਹੈ, ਉਨ੍ਹਾਂ ਨੂੰ ਐੱਚ.ਐੱਲ.ਏ. ਮੈਚਿੰਗ ਕਰਵਾ ਕੇ ਅੱਗੇ ਵਾਸਤੇ ਮਾਰਗ ਦਰਸ਼ਨ ਕੀਤਾ ਜਾਂਦਾ ਹੈ। ਵਧੇਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਐਸਜੀਆਰਡੀ ਥੈਲੇਸੀਮੀਆ ਵੈਲਫੇਅਰ ਸੋਸਾਇਟੀ ਵੱਲੋ ਸ੍ਰੀ ਗੁਰੂ ਰਾਮ ਦਾਸ ਚੈਰੀਟੇਬਲ ਹਸਪਤਾਲ, ਵੱਲ੍ਹਾ, ਸ੍ਰੀ ਅੰਮ੍ਰਿਤਸਰ ਵਿਖੇ ਅਜਿਹੇ ਸਮਾਗਮਾਂ ਦਾ ਆਯੋਜਨ ਕਰਕੇ ਖ਼ੂਨ ਦੀਆਂ ਬਿਮਾਰੀਆਂ ਦੇ ਮਾਹਿਰ ਡਾਕਟਰ ਡਾ. ਸ਼ਰੂਤੀ ਕੱਕੜ, ਡਾ. ਪ੍ਰੀਤੀ ਮਲਹੋਤਰਾ ਦੀ ਦੇਖ-ਰੇਖ ਹੇਠ ਥੈਲੇਸੀਮੀਆਂ ਨਾਲ ਪੀੜ੍ਹਤ ਮਰੀਜ਼ਾਂ ਲਈ ਇਲਾਜ ਦੀਆਂ ਸਹੂਲਤਾਂ, ਲੋੜੀਦੀਆਂ ਦਵਾਈਆਂ, ਖ਼ੂਨ ਦਾ ਪ੍ਰਬੰਧ ਅਤੇ ਫਿਲਟਰ ਆਦਿ ਮੁਫ਼ਤ ਦਿੱਤੇ ਜਾਂਦੇ ਹਨ ਤਾਂ ਕਿ ਇੰਨ੍ਹਾਂ ਬੱਚਿਆਂ ਦੇ ਵਾਰਸਾਂ ਨੂੰ ਕੋਈ ਮੁਸ਼ਕਲ ਪੇਸ਼ ਨਾ ਆਵੇ।

ਇਸ ਮੌਕੇ ਸ੍ਰ. ਅਜੀਤ ਸਿੰਘ, ਸਾਬਕਾ ਪ੍ਰਿੰਸੀਪਲ ਅਤੇ ਮਸ਼ਹੂਰ ਪੰਜਾਬੀ ਗਾਇਕ ਅਤੇ ਲਿਖਾਰੀ ਬੀਰ ਸਿੰਘ ਨੇ ਥੈਲੇਸੀਮੀਆਂ ਨਾਲ ਪੀੜ੍ਹਤ ਬੱਚਿਆਂ ਦਾ ਮਨੋਬਲ ਵਧਾਉਣ ਲਈ ਖਾਸ ਤੌਰ ਤੇ ਸੰਸਥਾ ਵਿਖੇ ਸ਼ਿਰਕਤ ਕੀਤੀ।

ਇਸ ਮੌਕੇ ਹੋਰਨਾ ਤੋ ਇਲਾਵਾ ਐ.ਜੀ.ਆਰ.ਡੀ. ਯੂਨੀਵਰਸਿਟੀ ਤੋਂ ਡਾ. ਮਨਜੀਤ ਸਿੰਘ ਉੱਪਲ, ਵਾਈਸ ਚਾਂਸਲਰ ਅਤੇ ਅਮਨਦੀਪ ਸਿੰਘ, ਡਿਪਟੀ ਰਜਿਸ਼ਟਰਾਰ, ਦਲਬੀਰ ਸਿੰਘ, ਪ੍ਰਧਾਨ, ਮਾਤਾ ਗੰਗਾ ਜੀ ਚੈਰੀਟੇਬਲ ਸੋਸਾਇਟੀ, ਬਾਬਾ ਬਕਾਲਾ, ਅੰਗਰੇਜ਼ ਸਿੰਘ, ਪ੍ਰਧਾਨ, ਰੈਵੀਨਿਊ ਪਟਵਾਰੀ ਯੂਨੀਅਨ, ਬਾਬਾ ਬਕਾਲਾ, ਪ੍ਰਸ਼ਾਂਤ, ਸੰਚਾਲਕ, ਲਾਇਨ ਕਲੱਬ ਰਈਆ ਬਿਆਸ ਨਾਈਟ, ਪਲਵਿੰਦਰ ਸਿੰਘ, ਜਾਇੰਟ ਸਕੱਤਰ, ਐਸ.ਜੀ.ਆਰ.ਡੀ. ਥੈਲੇਸੀਮੀਆ ਸੋਸਾਇਟੀ, ਬੱਚਿਆਂ ਦੇ ਵਿਭਾਗ ਤੋਂ ਡਾ. ਗੁਰਪ੍ਰੀਤ ਸਿੰਘ ਛਾਬੜਾ, ਪ੍ਰੋਫੈਸਰ, ਡਾ. ਗੁਰਮੀਤ ਸਿੰਘ, ਪ੍ਰੋਫੈਸਰ, ਡਾ. ਮਨਦੀਪ ਸਿੰਘ ਖੁਰਾਣਾ, ਪ੍ਰੋਫੈਸਰ, ਡਾ. ਕਰਮਜੀਤ ਸਿੰਘ ਗਿੱਲ, ਪ੍ਰੋਫੈਸਰ ਤੇ ਮੁੱਖੀ, ਪੈਥੋਲੋਜੀ ਵਿਭਾਗ, ਡਾ. ਹਰਜੋਤ ਕੌਰ, ਇੰਚਾਰਜ ਬਲੱਡ ਬੈਂਕ ਅਤੇ ਪ੍ਰੋਫੈਸਰ ਪੈਥੋਲੋਜੀ ਵਿਭਾਗ, ਬਲਵਿੰਦਰ ਸਿੰਘ ਬੱਲ ਅਤੇ ਹੋਰ ਪ੍ਰਮੁੱਖ ਸਖਸ਼ੀਅਤਾਂ ਹਾਜ਼ਰ ਸਨ।

## ਲਾਇਲਪੁਰ ਖ਼ਾਲਸਾ ਕਾਲਜ ਦੇ ਐਮ.ਐਸਸੀ ਫਿਜਿਕਸ ਤੀਜਾ ਸਮੈਸਟਰ ਦਾ ਨਤੀਜਾ ਰਿਹਾ ਸ਼ਾਨਦਾਰ



ਜਲੰਧਰ, 27 ਮਈ, (ਸੰਦੀਪ ਕੌਲ) : ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਦੇ ਐਮ.ਐਸ.ਸੀ. ਫਿਜਿਕਸ ਤੀਜਾ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ। ਐਮ.ਐਸ.ਸੀ. ਫਿਜਿਕਸ ਤੀਜਾ ਸਮੈਸਟਰ ਦੀ ਵਿਦਿਆਰਥਣ ਨਵਜੋਤ ਕੌਰ ਨੇ 10 ਵਿਚੋਂ 8.23 ਐਸ.ਜੀ.ਪੀ.ਏ. ਪ੍ਰਾਪਤ ਕਰਕੇ ਯੂਨੀਵਰਸਿਟੀ ਮੈਰਿਟ ਵਿਚੋਂ ਦੂਜਾ ਅਤੇ ਅਦਿਤੀ ਨੇ 8.00 ਐਸ.ਜੀ.ਪੀ.ਏ. ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ। ਸਰਦਾਰਨੀ ਬਲਬੀਰ ਕੌਰ ਪ੍ਰਧਾਨ ਗਵਰਨਿੰਗ ਕੌਂਸਲ ਨੇ ਵਿਦਿਆਰਥਣਾਂ, ਅਧਿਆਪਕ ਸਾਹਿਬਾਨ ਅਤੇ ਮਾਪਿਆਂ ਨੂੰ ਵਿਸ਼ੇਸ਼ ਤੌਰ 'ਤੇ ਵਧਾਈ ਦਿੱਤੀ। ਪ੍ਰਿੰਸੀਪਲ ਡਾ. ਸੁਮਨ ਚੋਪੜਾ ਨੇ ਇਸ ਮੌਕੇ ਵਧਾਈ ਦਿੰਦੇ ਹੋਏ ਵਿਦਿਆਰਥੀਆਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ ਅਤੇ ਦੱਸਿਆ ਕਿ ਮੈਰਿਟ ਵਾਲੇ ਲੋੜਵੰਦ ਵਿਦਿਆਰਥੀਆਂ ਨੂੰ ਕਾਲਜ ਵਲੋਂ ਹਰ ਤਰ੍ਹਾਂ ਦੀ ਸਹੂਲਤ ਤੋਂ ਇਲਾਵਾ ਫੀਸਾਂ ਵਿਚ ਵੀ ਭਾਰੀ ਰਿਆਇਤ ਦਿੱਤੀ ਜਾ ਰਹੀ ਹੈ। ਵਿਦਿਆਰਥਣਾਂ ਨੇ ਆਪਣੀ ਇਸ ਉਪਲਬਧੀ ਦਾ ਸਿਹਰਾ ਅਧਿਆਪਕਾਂ ਨੂੰ ਅਤੇ ਕਾਲਜ ਦੇ ਵਧੀਆ ਪੜ੍ਹਾਈ ਦੇ ਵਾਤਾਵਰਨ ਨੂੰ ਦਿੱਤਾ। ਇਸ ਮੌਕੇ ਡਾ. ਨਰਵੀਰ ਸਿੰਘ ਮੁਖੀ ਫਿਜਿਕਸ ਵਿਭਾਗ, ਡਾ. ਅਮਨਪ੍ਰੀਤ ਕੌਰ ਸੰਧੂ, ਡਾ. ਅੰਮ੍ਰਿਤਪਾਲ ਸਿੰਘ ਨਿੰਦਰਾਯੋਗ, ਡਾ. ਰੰਜੂ ਮਹਾਜਨ, ਡਾ. ਨਵਨੀਤ ਅਰੋੜਾ ਅਤੇ ਡਾ. ਰਵਨੀਤ ਕੌਰ ਵੀ ਹਾਜ਼ਰ ਸਨ।

## ਗੁਰਦੁਆਰਾ ਬੀਬੀ ਕੌਲਾਂ ਜੀ ਕੌਲਸਰ ਸਾਹਿਬ ਵਿਖੇ 40 ਦਿਨਾਂ ਅੰਮ੍ਰਿਤ ਵੇਲਾ ਸਮਾਗਮ ਸ਼ੁਰੂ





ਅੰਮ੍ਰਿਤਸਰ, 27 ਮਈ, (ਬਬਲੂ ਮਹਾਜਨ) : ਬਾਬਾ ਦੀਪ ਸਿੰਘ ਚੈਰੀਟੇਬਲ ਟਰੱਸਟ, ਭਾਈ ਗੁਰਇਕਬਾਲ ਸਿੰਘ ਅਤੇ ਭਾਈ ਅਮਨਦੀਪ ਸਿੰਘ ਵੱਲੋਂ ਚੁਪਹਿਰਾ ਜਪ ਤੱਕ ਸਮਾਗਮ ਦਾ ਆਯੋਜਨ ਕੀਤਾ ਗਿਆ ਇਸ ਮੌਕੇ ਉਹਨਾਂ ਨੇ ਕੀਰਤਨ ਕਰਕੇ ਸੰਗਤਾਂ ਨੇ ਨਿਹਾਲ ਕੀਤਾ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਭਾਈ ਅਮਨਦੀਪ ਸਿੰਘ ਨੇ ਦੱਸਿਆ ਕਿ 40 ਦਿਨਾ 'ਅੰਮ੍ਰਿਤ ਵੇਲਾ' ਸਮਾਗਮ ਮਿਤੀ 28 ਮਈ ਤੋਂ 6 ਜੁਲਾਈ ਤੱਕ ਦਿਨ ਬੁੱਧਵਾਰ ਸਮਾਂ ਸਵੇਰੇ 3.30 ਤੋਂ 5.30 ਵਜੇ 40 ਦਿਨ ਰੋਜ਼ਾਨਾ ਗੁਰਦੁਆਰਾ ਬੀਬੀ ਕੌਲਾਂ ਜੀ ਕੌਲਸਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਕਰਵਾਏ ਜਾ ਰਹੇ ਹਨ। ਇਹ ਅਸਥਾਨ ਸੱਚਖੰਡ ਸ਼੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੇ ਨਜ਼ਦੀਕ ਹੈ।ਉਨ੍ਹਾਂ ਦੱਸਿਆ ਦੂਰ ਦੁਰਾਡੇ ਤੋਂ ਆਉਣ ਵਾਲੀਆਂ ਸੰਗਤਾਂ ਲਈ ਬੱਸਾਂ ਰੋਜ਼ਾਨਾ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ, ਤਰਨ ਤਾਰਨ ਰੋਡ, ਅੰਮ੍ਰਿਤਸਰ ਅਤੇ ਦਾਤਾ ਬੰਦੀ ਛੋੜ ਪਬਲਿਕ ਸਕੂਲ, ਅੱਡਾ ਬਾਉਲੀ, ਰਾਮ ਤੀਰਥ ਤੋਂ ਸਵੇਰੇ 3 ਵਜੇ ਚੱਲਣਗੀਆਂ। ਉਨ੍ਹਾਂ ਨੇ ਸੰਗਤਾਂ ਨੂੰ ਬੇਨਤੀ ਕੀਤੀ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ। ਗੁਰੂ ਕੇ ਲੰਗਰ ਅਤੁੱਟ ਵਰਤਣਗੇ। ਇਸ ਮੌਕੇ ਭਾਈ ਅਮਤੇਸ਼ਵਰ ਸਿੰਘ, ਭਾਈ ਰੋਬਿਨ ਸਿੰਘ, ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ, ਭਾਈ ਜਸਵਿੰਦਰ ਸਿੰਘ, ਗੁਰਪ੍ਰੀਤ ਸਿੰਘ ਪੀ ਆਰ ਓ ਭਾਈ ਸਿਮਰਨਜੀਤ ਸਿੰਘ ਆਦਿ ਹਾਜ਼ਰ ਸਨ।

## ਜੀ.ਐਨ.ਡੀ.ਯੂ. ਵੱਲੋਂ ਡਾ. ਰਤਨ ਸਿੰਘ ਜੱਗੀ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ

ਅੰਮ੍ਰਿਤਸਰ, 27 ਮਈ, (ਗੁਰਦਿਆਲ ਸਿੰਘ) : ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ-ਕੁਲਪਤੀ ਪ੍ਰੋ. (ਡਾ.) ਕਰਮਜੀਤ ਸਿੰਘ ਵੱਲੋਂ ਪੰਜਾਬੀ ਸਾਹਿਤ ਜਗਤ ਦੇ ਉੱਘੇ ਵਿਦਵਾਨ ਡਾ. ਰਤਨ ਸਿੰਘ ਜੱਗੀ ਦੇ ਅਕਾਲ ਚਲਾਣੇ 'ਤੇ ਅਫਸੋਸ ਪ੍ਰਗਟ ਕੀਤਾ ਹੈ। ਉਨ੍ਹਾਂ ਨੇ ਡਾ. ਜੱਗੀ ਦੇ ਚਲਾਣੇ ਨੂੰ ਜਿਥੇ ਉਨ੍ਹਾਂ ਦੇ ਪਰਿਵਾਰ ਅਤੇ ਹੋਰ ਸਾਕ ਸੰਬੰਧੀਆਂ ਨੂੰ ਪਿਆ ਵੱਡਾ ਘਾਟਾ ਹੈ ਉਥੇ ਉਨ੍ਹਾਂ ਨੇ ਪੰਜਾਬੀ ਸਾਹਿਤ ਜਗਤ ਨੂੰ ਨਾ ਪੂਰਿਆ ਜਾਣ ਵਾਲਾ ਖਲਾਅ ਵੀ ਦੱਸਿਆ।

ਡਾ. ਮਨਜਿੰਦਰ ਸਿੰਘ, ਮੁਖੀ, ਪੰਜਾਬੀ ਅਧਿਐਨ ਸਕੂਲ ਅਤੇ ਵਿਭਾਗ ਦੇ ਸਮੂਹ ਸਟਾਫ਼ ਵੱਲੋਂ ਪੰਜਾਬੀ ਸਾਹਿਤ ਜਗਤ ਦੇ ਉੱਘੇ ਵਿਦਵਾਨ ਡਾ. ਰਤਨ ਸਿੰਘ ਜੱਗੀ ਦੇ ਅਕਾਲ ਚਲਾਣੇ ਉੱਤੇ ਡੂੰਘਾ ਦੁੱਖ ਪ੍ਰਗਟ ਕੀਤਾ ਗਿਆ। ਇਸ ਸ਼ੋਕ ਸਭਾ ਵਿਚ ਡਾ. ਮਨਜਿੰਦਰ ਸਿੰਘ ਨੇ ਅਫ਼ਸੋਸ ਪ੍ਰਗਟ ਕਰਦਿਆਂ ਕਿਹਾ ਕਿ ਡਾ. ਰਤਨ ਸਿੰਘ ਜੱਗੀ ਦਾ ਸ਼ੁਮਾਰ ਉਹਨਾਂ ਚਿੰਤਕਾਂ ਵਿਚ ਹੁੰਦਾ ਹੈ, ਜਿਨ੍ਹਾਂ ਨੇ ਪੰਜਾਬੀ ਸਾਹਿਤ ਦੀ ਖੋਜ ਦੇ ਖੇਤਰ ਵਿਚ ਸੰਸਥਾਗਤ ਭੂਮਿਕਾ ਨਿਭਾਈ। ਇਸ ਲਈ ਉਹਨਾਂ ਦੇ ਇਸ ਦੁਨੀਆ ਤੋਂ ਤੁਰ ਜਾਣ ਨਾਲ ਪੰਜਾਬੀ ਸਾਹਿਤ ਜਗਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਬਾਅਦ ਵਿਚ ਵਿਭਾਗ ਦੇ ਸਹਾਇਕ ਪ੍ਰੋਫ਼ੈਸਰ ਡਾ. ਬਲਜੀਤ ਕੌਰ ਰਿਆੜ ਨੇ ਕਿਹਾ ਕਿ ਡਾ. ਜੱਗੀ ਦਾ ਅਕਾਦਮਿਕ ਪਹੁੰਚ ਦਾ ਦਾਇਰਾ ਏਨਾ ਵਿਸ਼ਾਲ ਸੀ ਕਿ ਉਹ ਵਿਦਿਆਰਥੀਆਂ ਤੋਂ ਲੈ ਕੇ ਪ੍ਰਬੁੱਧ ਚਿੰਤਕਾਂ ਤੱਕ ਇੱਕੋ ਜਿਹੇ ਹਰਮਨ ਪਿਆਰੇ ਸਨ। ਇਸ ਸਮੇਂ ਸਮੂਹ ਹਾਜ਼ਰੀਨ ਵੱਲੋਂ ਡਾ. ਜੱਗੀ ਦੀ ਆਤਮਿਕ ਸ਼ਾਂਤੀ ਲਈ ਦੋ ਮਿੰਟ ਦਾ ਮੌਨ ਵੀ ਰੱਖਿਆ ਗਿਆ। ਇਸ ਮੌਕੇ ਉੱਤੇ ਡਾ. ਮੇਘਾ ਸਲਵਾਨ ਡਾ.ਹਰਿੰਦਰ ਕੌਰ ਸੋਹਲ, ਡਾ.ਰਾਜਵਿੰਦਰ ਕੌਰ ਡਾ. ਕੰਵਲਜੀਤ ਕੌਰ, ਡਾ. ਜਸਪਾਲ ਸਿੰਘ, ਡਾ. ਅਸ਼ੋਕ ਭਗਤ, ਡਾ. ਕੰਵਲਦੀਪ ਕੌਰ, ਡਾ. ਹਰਿੰਦਰ ਸਿੰਘ ਤੁੜ ਅਤੇ ਡਾ. ਚੰਦਨਪ੍ਰੀਤ ਸਿੰਘ ਤੋਂ ਇਲਾਵਾ ਵਿਭਾਗ ਦੇ ਖੋਜ-ਵਿਦਿਆਰਥੀ ਵੀ ਇਸ ਸ਼ੋਕ ਸਭਾ ਵਿਚ ਸ਼ਾਮਿਲ ਹੋਏ।

## ਪੀ.ਸੀ.ਐਮ.ਐਸ.ਡੀ. ਕਾਲਜ ਫਾਰ ਵੂਮੈਨ ਵਿਖੇ 'ਸ੍ਰੀਜਨ - ਰਚਨਾਤਮਕ ਪ੍ਰਗਟਾਵੇ ਲਈ ਫਾਈਨ ਇੱਕ ਆਰਟਸ ਵਰਕਸ਼ਾਪ' ਕਰਵਾਈ

ਜਲੰਧਰ, 27 ਮਈ, (ਸੰਦੀਪ ਕੌਲ) : ਪੀ.ਸੀ.ਐਮ.ਐਸ.ਡੀ. ਕਾਲਜ ਫਾਰ ਵੂਮੈਨ, ਜਲੰਧਰ ਦੇ ਸਮਾਨ ਅਵਸਰ ਸੈੱਲ ਨੇ ਫਾਈਨ ਆਰਟਸ ਵਿਭਾਗ ਦੇ ਸਹਿਯੋਗ ਨਾਲ, ਰੈੱਡ ਕਰਾਸ ਸਕੂਲ ਫਾਰ ਡੈਫ ਐਂਡ ਡੰਬ, ਮਕਸੂਦਨ, ਜਲੰਧਰ ਦੇ ਵਿਦਿਆਰਥੀਆਂ ਲਈ 'ਸ੍ਰੀਜਨ - ਰਚਨਾਤਮਕ ਪ੍ਰਗਟਾਵੇ ਲਈ ਇੱਕ ਫਾਈਨ ਆਰਟਸ ਸ੍ਰੀਜਨਵਰਕਸ਼ਾਪ' ਦਾ ਸਫਲਤਾਪੂਰਵਕ ਆਯੋਜਨ ਕੀਤਾ।





ਇਹ ਪ੍ਰੋਗਰਾਮ ਰੈੱਡ ਕਰਾਸ ਸਕੂਲ ਵਿੱਚ ਆਯੋਜਿਤ ਕੀਤਾ ਗਿਆ ਸੀ, ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਅਪਾਹਜ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਕਲਾਤਮਕ ਪ੍ਰਤਿਭਾ ਨੂੰ ਨਿਖਾਰਨ ਲਈ ਇੱਕ ਜੀਵੰਤ ਅਤੇ ਸਮਾਵੇਸ਼ੀ ਪਲੇਟਫਾਰਮ ਪ੍ਰਦਾਨ ਕੀਤਾ ਗਿਆ ਸੀ।

ਇਹ ਵਰਕਸ਼ਾਪ ਪੇਂਟਿੰਗ ਦੀਆਂ ਮੂਲ ਗੱਲਾਂ ਸਿਖਾਉਣ, ਭਾਗੀਦਾਰਾਂ ਨੂੰ ਕਲਾਤਮਕ ਪ੍ਰਗਟਾਵੇ ਦੀਆਂ ਵੱਖ-ਵੱਖ ਤਕਨੀਕਾਂ ਅਤੇ ਸਾਧਨਾਂ ਨਾਲ ਜਾਣੂ ਕਰਵਾਉਣ 'ਤੇ ਕੇਂਦ੍ਰਿਤ ਸੀ। ਵਿਦਿਆਰਥੀਆਂ ਨੇ ਪੂਰੇ ਸੈਸ਼ਨ ਦੌਰਾਨ ਬਹੁਤ ਉਤਸ਼ਾਹ ਅਤੇ ਸਿਰਜਣਾਤਮਕਤਾ ਦਿਖਾਈ। ਸਮਾਨ ਅਵਸਰ ਸੈੱਲ ਦੇ ਫੈਕਲਟੀ ਅਤੇ ਵਿਦਿਆਰਥੀ ਵਲੰਟੀਅਰਾਂ ਨੇ ਹੱਥੀਂ ਮਾਰਗਦਰਸ਼ਨ ਅਤੇ ਸਹਾਇਤਾ ਪ੍ਰਦਾਨ ਕੀਤੀ, ਇੱਕ ਇੰਟਰਐਕਟਿਵ ਅਤੇ ਉਤਸ਼ਾਹਜਨਕ ਸਿੱਖਣ ਵਾਤਾਵਰਣ ਨੂੰ ਯਕੀਨੀ ਬਣਾਇਆ।

ਇਸ ਪਹਿਲਕਦਮੀ ਦਾ ਉਦੇਸ਼ ਭਾਗੀਦਾਰਾਂ ਦੀ ਸਿਰਜਣਾਤਮਕ ਸਮਰੱਥਾ ਨੂੰ ਵਰਤਣਾ ਸੀ ਜਦੋਂ ਕਿ ਉਨ੍ਹਾਂ ਦੇ ਸਵੈ-ਮਾਣ ਅਤੇ ਵਿਸ਼ਵਾਸ ਨੂੰ ਵਧਾਇਆ ਗਿਆ ਸੀ। ਵਰਕਸ਼ਾਪ ਨੇ ਵਿਦਿਆਰਥੀਆਂ ਨੂੰ ਕਲਾਤਮਕ ਸਹਿਯੋਗ ਅਤੇ ਸਾਂਝੇ ਅਨੁਭਵਾਂ ਰਾਹੀਂ ਆਪਣੇ ਮੁੱਖ ਧਾਰਾ ਦੇ ਸਾਥੀਆਂ ਨਾਲ ਵਧੇਰੇ ਆਰਾਮ ਨਾਲ ਜੁੜਨ ਲਈ ਤਿਆਰ ਕਰਕੇ ਸਮਾਜਿਕ ਏਕੀਕਰਨ ਦੇ ਵੱਡੇ ਦ੍ਰਿਸ਼ਟੀਕੋਣ ਦਾ ਵੀ ਸਮਰਥਨ ਕੀਤਾ।

ਕੁੱਲ 16 ਵਿਦਿਆਰਥੀਆਂ ਨੇ ਬਹੁਤ ਉਤਸ਼ਾਹ ਨਾਲ ਹਿੱਸਾ ਲਿਆ, ਆਪਣੇ ਵਿਚਾਰਾਂ ਅਤੇ ਕਲਪਨਾਵਾਂ ਦੇ ਸਪਸ਼ਟ ਪ੍ਰਤੀਬਿੰਬ ਚਿੱਤਰਦੇ ਹੋਏ। ਜਸਵੀਰ ਅਤੇ ਵਿਕਰਮ ਨੂੰ ਉਨ੍ਹਾਂ ਦੀ ਸ਼ਾਨਦਾਰ ਕਲਾਕ੍ਰਿਤੀ ਲਈ ਪਹਿਲਾ ਇਨਾਮ ਦਿੱਤਾ ਗਿਆ, ਜਦੋਂ ਕਿ ਅੰਸ਼ ਮਿਸ਼ਰਾ ਅਤੇ ਅਮਰਜੀਤ ਨੂੰ ਉਨ੍ਹਾਂ ਦੇ ਸ਼ਲਾਘਾਯੋਗ ਯਤਨਾਂ ਲਈ ਦਿਲਾਸਾ ਇਨਾਮ ਪ੍ਰਾਪਤ ਹੋਏ।

ਇਸ ਮੌਕੇ ਤੇ ਪ੍ਰਧਾਨ ਸ਼੍ਰੀ ਨਰੇਸ਼ ਬੁਧੀਆ ਜੀ, ਸੀਨੀਅਰ ਉਪ ਪ੍ਰਧਾਨ ਸ਼੍ਰੀ ਵਿਨੋਦ ਦਾਦਾ ਜੀ, ਪ੍ਰਬੰਧਕੀ ਕਮੇਟੀ ਦੇ ਹੋਰ ਸਤਿਕਾਰਯੋਗ ਮੈਂਬਰ, ਅਤੇ ਪ੍ਰਿੰਸੀਪਲ ਡਾ. ਪੂਜਾ ਪਰਾਸ਼ਰ ਜੀ ਨੇ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਪ੍ਰਬੰਧਕਾਂ ਦੇ ਸੁਹਿਰਦ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਸਾਰਿਆਂ ਲਈ ਇੱਕ ਸਮਾਵੇਸ਼ੀ ਅਤੇ ਹਮਦਰਦੀ ਭਰਿਆ ਵਿਦਿਅਕ ਵਾਤਾਵਰਣ ਬਣਾਉਣ ਲਈ ਕਾਲਜ ਦੀ ਮਜ਼ਬੂਤ ਵਚਨਬੱਧਤਾ ਨੂੰ ਸਵੀਕਾਰ ਕੀਤਾ।

# ਐਮ.ਪੀ. ਅਰੋੜਾ ਵੱਲੋਂ ਪੀ.ਏ.ਯੂ. ਦੇ ਸਾਬਕਾ ਵਾਈਸ ਚਾਂਸਲਰ ਡਾ. ਕੇ. ਐਸ. ਔਲਖ ਨਾਲ ਮੁਲਾਕਾਤ



ਲੁਧਿਆਣਾ, 27 ਮਈ (ਵਿਸ਼ਾਲ ਸ਼ਰਮਾ) : ਰਾਜ ਸਭਾ ਮੈਂਬਰ ਸੰਜੀਵ ਅਰੋੜਾ ਜੋ ਕਿ ਲੁਧਿਆਣਾ (ਪੱਛਮੀ) ਵਿਧਾਨ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਵੀ ਹਨ, ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀਏਯੂ) ਦੇ ਸਾਬਕਾ ਵਾਈਸ ਚਾਂਸਲਰ ਡਾ. ਕੇ ਐਸ ਔਲਖ ਨਾਲ ਉਨ੍ਹਾਂ ਦੇ ਨਿਵਾਸ ਸਥਾਨ 'ਤੇ ਮੁਲਾਕਾਤ ਕੀਤੀ। ਇਹ ਮੀਟਿੰਗ ਅਰੋੜਾ ਦੀ ਉੱਘੀਆਂ ਸ਼ਖਸੀਅਤਾਂ ਤੱਕ ਪਹੁੰਚਣ ਅਤੇ ਖੇਤਰ ਦੇ ਵਿਕਾਸ ਲਈ ਉਨ੍ਹਾਂ ਦਾ ਮਾਰਗਦਰਸ਼ਨ ਲੈਣ ਦੀ ਪਹਿਲਕਦਮੀ ਦਾ ਹਿੱਸਾ ਸੀ। ਡਾ.ਔਲਖ ਜਿਨ੍ਹਾਂ ਨੂੰ ਪੰਜਾਬ ਵਿੱਚ ਖੇਤੀਬਾੜੀ ਸਿੱਖਿਆ ਅਤੇ ਖੋਜ ਵਿੱਚ ਆਪਣੇ ਯੋਗਦਾਨ ਲਈ ਵਿਆਪਕ ਤੌਰ 'ਤੇ ਸਤਿਕਾਰਿਆ ਜਾਂਦਾ ਹੈ ਨੇ ਅਰੋੜਾ ਦਾ ਨਿੱਘਾ ਸਵਾਗਤ ਕੀਤਾ। ਆਪਣੀ ਗੱਲਬਾਤ ਦੌਰਾਨ ਉਨ੍ਹਾਂ ਨੇ ਲੁਧਿਆਣਾ ਨਾਲ ਸਬੰਧਤ ਮੁੱਖ ਮੁੱਦਿਆਂ 'ਤੇ ਚਰਚਾ ਕੀਤੀ ਜਿਸ ਵਿੱਚ ਸ਼ਹਿਰੀ ਬੁਨਿਆਦੀ ਢਾਂਚੇ ਦੇ ਵਿਕਾਸ ਅਤੇ ਪੰਜਾਬ ਦੇ ਭਵਿੱਖ ਨੂੰ ਆਕਾਰ ਦੇਣ ਵਿੱਚ ਖੇਤੀਬਾੜੀ ਨਵੀਨਤਾ ਦੀ ਮਹੱਤਤਾ ਸ਼ਾਮਲ ਹੈ। ਮੀਟਿੰਗ ਤੋਂ ਬਾਅਦ ਬੋਲਦਿਆਂ ਅਰੋੜਾ ਨੇ ਡਾ.ਔਲਖ ਦੀ ਵਿਰਾਸਤ ਅਤੇ ਸੂਝ-ਬੂਝ ਪ੍ਰਤੀ ਡੂੰਘਾ ਸਤਿਕਾਰ ਪ੍ਰਗਟ ਕੀਤਾ। ਅਰੋੜਾ ਨੇ ਕਿਹਾ ਡਾ.ਔਲਖ ਨੂੰ ਮਿਲਣਾ ਸੱਚਮੁੱਚ ਇੱਕ ਸਨਮਾਨ ਦੀ ਗੱਲ ਸੀ। ਉਨ੍ਹਾਂ ਦਾ ਆਸ਼ੀਰਵਾਦ ਅਤੇ ਮਾਰਗਦਰਸ਼ਨ ਮੇਰੇ ਅਤੇ ਮੇਰੀ ਪੂਰੀ ਟੀਮ ਲਈ ਪ੍ਰੇਰਨਾ ਸਰੋਤ ਹਨ। ਉਨ੍ਹਾਂ ਨੇ ਅਟੁੱਟ ਸਮਰਪਣ ਨਾਲ ਪੰਜਾਬ ਦੀ ਸੇਵਾ ਕੀਤੀ ਹੈ ਅਤੇ ਉਨ੍ਹਾਂ ਦੀ ਸਿਆਣਪ ਅਨਮੋਲ ਹੈ। ਉਨ੍ਹਾਂ ਲੁਧਿਆਣਾ ਦੇ ਸਮੁੱਚੇ ਵਿਕਾਸ ਲਈ ਆਪਣੀ ਵਚਨਬੱਧਤਾ ਦੁਹਰਾਈ ਅਤੇ ਕਿਹਾ ਕਿ ਉਹ ਵੱਖ-ਵੱਖ ਖੇਤਰਾਂ ਦੇ ਮਾਹਿਰਾਂ ਨਾਲ ਜੁੜਨਾ ਜਾਰੀ ਰੱਖਣਗੇ। ਉਨ੍ਹਾਂ ਕਿਹਾ ਮੈਂ ਸਮਾਵੇਸ਼ੀ ਵਿਕਾਸ ਅਤੇ ਭਾਈਚਾਰਕ-ਅਧਾਰਤ ਲੀਡਰਸ਼ਿਪ ਵਿੱਚ ਵਿਸ਼ਵਾਸ ਰੱਖਦਾ ਹਾਂ। ਲੁਧਿਆਣਾ ਲਈ ਮੇਰੇ ਦ੍ਰਿਸ਼ਟੀਕੋਣ ਵਿੱਚ ਬਿਹਤਰ ਬੁਨਿਆਦੀ ਢਾਂਚਾ ਸਾਫ਼-ਸੁਥਰਾ ਵਾਤਾਵਰਣ ਅਤੇ ਬਿਹਤਰ ਜਨਤਕ ਸੇਵਾਵਾਂ ਸ਼ਾਮਲ ਹਨ। ਇਹ ਸਿਰਫ਼ ਉਨ੍ਹਾਂ ਲੋਕਾਂ ਨੂੰ ਸ਼ਾਮਲ ਕਰਕੇ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ ਜਿਨ੍ਹਾਂ ਕੋਲ ਉੱਤਮਤਾ ਦਾ ਸਾਬਤ ਹੋਇਆ ਟਰੈਕ ਰਿਕਾਰਡ ਹੈ। ਅਰੋੜਾ ਨੇ ਡਾ.ਔਲਖ ਦਾ ਧੰਨਵਾਦ ਵੀ ਦੁਹਰਾਇਆ ਅਤੇ ਜ਼ਮੀਨੀ ਪੱਧਰ 'ਤੇ ਅਰਥਪੂਰਨ ਤਬਦੀਲੀ ਲਿਆਉਣ ਦੇ ਉਨ੍ਹਾਂ ਦੇ ਦ੍ਰਿੜ ਇਰਾਦੇ 'ਤੇ ਜ਼ੋਰ ਦਿੱਤਾ।

# ਲੁਧਿਆਣਾ ਜ਼ਿਮਨੀ ਚੋਣਾਂ 'ਚ ਵੋਟ ਪਾਉਣ ਲਈ 19 ਜੂਨ ਨੂੰ ਤਨਖ਼ਾਹ ਵਾਲੀ ਛੁੱਟੀ ਐਲਾਨੀ



ਲੁਧਿਆਣਾ, 27 ਮਈ (ਵਿਸ਼ਾਲ ਸ਼ਰਮਾ) : ਲੁਧਿਆਣਾ ਪੱਛਮੀ ਜ਼ਿਮਨੀ ਚੋਣਾਂ ਵਿੱਚ ਵੋਟ ਪਾਉਣ ਦੀ ਸਹੂਲਤ ਲਈ ਲੋਕ ਪ੍ਰਤੀਨਿਧਤਾ ਐਕਟ 1951 ਦੀ ਧਾਰਾ 135-ਬੀ (1) ਦੇ ਤਹਿਤ 19 ਜੂਨ,2025 ਨੂੰ ਤਨਖਾਹ ਵਾਲੀ ਛੁੱਟੀ ਘੋਸ਼ਿਤ ਕੀਤੀ ਗਈ ਹੈ। ਇਹ ਉਦਯੋਗਿਕ ਅਦਾਰਿਆਂ, ਕਾਰੋਬਾਰਾਂ, ਵਪਾਰਾਂ, ਦੁਕਾਨਾਂ ਜਾਂ ਹੋਰ ਅਦਾਰਿਆਂ ਵਿੱਚ ਕੰਮ ਕਰਨ ਵਾਲੇ ਸਾਰੇ ਕਰਮਚਾਰੀਆਂ 'ਤੇ ਲਾਗੂ ਹੁੰਦਾ ਹੈ, ਜਿਨ੍ਹਾਂ ਵਿੱਚ ਸ਼ਿਫਟ ਦੇ ਆਧਾਰ 'ਤੇ ਕੰਮ ਕਰਨ ਵਾਲੇ ਵੀ ਸ਼ਾਮਲ ਹਨ ਜੋ ਲੁਧਿਆਣਾ ਪੱਛਮੀ ਜ਼ਿਮਨੀ ਚੋਣ ਲਈ ਪੋਲਿੰਗ ਵਾਲੇ ਦਿਨ ਵੋਟ ਪਾਉਣ ਦੇ ਹੱਕਦਾਰ ਹਨ। ਲੁਧਿਆਣਾ ਪੱਛਮੀ ਹਲਕੇ ਵਿੱਚ ਵੋਟਰਾਂ ਵਜੋਂ ਰਜਿਸਟਰਡ ਕਰਮਚਾਰੀ, ਹਲਕੇ ਤੋਂ ਬਾਹਰ ਕੰਮ ਕਰਨ ਵਾਲੇ ਕਰਮਚਾਰੀ (ਜਿਵੇਂ ਕਿ ਉਦਯੋਗਿਕ ਜਾਂ ਹੋਰ ਅਦਾਰਿਆਂ ਵਿੱਚ) ਵੀ ਇਸ ਤਨਖਾਹ ਵਾਲੀ ਛੁੱਟੀ ਦੇ ਹੱਕਦਾਰ ਹਨ। ਇਹ ਵਿਵਸਥਾ ਰੋਜ਼ਾਨਾ ਮਜ਼ਦੂਰੀ ਅਤੇ ਆਮ ਕਾਮਿਆਂ 'ਤੇ ਵੀ ਲਾਗੂ ਹੁੰਦੀ ਹੈ ਜਿਵੇਂ ਕਿ ਲੋਕ ਪ੍ਰਤੀਨਿਧਤਾ ਐਕਟ 1951 ਦੀ ਧਾਰਾ 135ਬੀ ਦੁਆਰਾ ਲਾਜ਼ਮੀ ਕੀਤਾ ਗਿਆ ਹੈ।

# ਡੀ.ਸੀ. ਵੱਲੋਂ ਵਕੀਲਾਂ ਨੂੰ ਬਹੁ-ਮੰਜ਼ਲੀ ਪਾਰਕਿੰਗ 'ਚ ਇੱਕ ਮੰਜ਼ਿਲ ਦੇਣ ਦੇ ਆਰਡਰ ਜਾਰੀ

ਲੁਧਿਆਣਾ, 27 ਮਈ (ਵਿਸ਼ਾਲ ਸ਼ਰਮਾ) : ਜ਼ਿਲ੍ਹਾ ਬਾਰ ਐਸੋਸੀਏਸ਼ਨ (ਡੀ.ਬੀ.ਏ.) ਦੀ ਕਾਰਜਕਾਰੀ ਟੀਮ ਡੀ.ਸੀ. ਦਫ਼ਤਰ ਵਿਖੇ ਵਕੀਲਾਂ ਦੀ ਪਾਰਕਿੰਗ ਲਈ ਵਿਸ਼ੇਸ਼ ਤੌਰ 'ਤੇ ਬਹੁ-ਪੱਧਰੀ ਪਾਰਕਿੰਗ ਢਾਂਚੇ ਵਿੱਚ ਇੱਕ ਮੰਜ਼ਿਲ ਦੀ ਸਫਲਤਾਪੂਰਵਕ ਪ੍ਰਵਾਨਗੀ ਦਾ ਐਲਾਨ ਕਰਦੇ ਹੋਏ ਬਹੁਤ ਖੁਸ਼ ਹੈ ਜੋ ਕਿ ਇਸਦੇ ਸਮਰਪਿਤ ਮੈਂਬਰਾਂ ਦੇ ਸਮੂਹਿਕ ਯਤਨਾਂ ਦੁਆਰਾ ਸੰਭਵ ਹੋਈ ਇੱਕ ਮਹੱਤਵਪੂਰਨ ਪ੍ਰਾਪਤੀ ਹੈ। ਸਿਰਫ਼ ਤਿੰਨ ਦਿਨ ਪਹਿਲਾਂ ਡੀ.ਬੀ.ਏ. ਦਾ ਇੱਕ ਵਫ਼ਦ ਜਿਸ ਵਿੱਚ ਪ੍ਰਮੁੱਖ ਮੈਂਬਰ ਗਗਨਦੀਪ ਸਿੰਘ ਸੈਣੀ ਐਡਵੋਕੇਟ ਸਟੇਟ ਵਾਈਸ ਪ੍ਰੈਜ਼ੀਡੈਂਟ ਆਪ ਲੀਗਲ ਵਿੰਗ, ਗੁਰਪ੍ਰੀਤ ਸਿੰਘ ਸੈਣੀ ਜ਼ਿਲ੍ਹਾ ਪ੍ਰਧਾਨ ਆਪ ਲੀਗਲ ਵਿੰਗ, ਚੰਦਰ ਕਾਲੀਆ ਜ਼ਿਲ੍ਹਾ ਸਕੱਤਰ ਆਪ ਲੀਗਲ ਵਿੰਗ,ਪ੍ਰਭ ਕਰਨ ਅਤੇ ਅਮਰਜੋਤ ਸਿੰਘ ਗਿੱਲ ਸੂਬਾ ਸੰਯੁਕਤ ਸਕੱਤਰ ਆਪ ਲੀਗਲ ਵਿੰਗ,ਅਨੰਤ ਸਿੰਘ ਗਿੱਲ,ਸੰਦੀਪ ਕੌਰ, ਰਜਨੀਸ਼ ਕੌਰ ਅਤੇ ਸੁਮਿੰਦਰ ਕੌਰ ਆਪ ਲੀਗਲ ਵਿੰਗ,ਅਜੇ ਚੋਪੜਾ,ਮਯੰਕ ਚੋਪੜਾ ਵਿੱਤ ਸਕੱਤਰ ਡੀ.ਬੀ.ਏ. ਲੁਧਿਆਣਾ ਗੁਰਕਿਰਪਾਲ ਸਿੰਘ ਗਿੱਲ ਅਤੇ ਰਜਨੀਸ਼ ਗੁਪਤਾ ਸ਼ਾਮਲ ਸਨ ਨੇ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਨਾਲ ਮੁਲਾਕਾਤ ਕਰਕੇ ਆਪਣਾ ਕੇਸ ਅਤੇ ਪਾਰਕਿੰਗ ਸਹੂਲਤ ਦੀ ਘਾਟ ਕਾਰਨ ਵਕੀਲ ਭਾਈਚਾਰੇ ਨੂੰ ਦਰਪੇਸ਼ ਸਮੱਸਿਆਵਾਂ ਪੇਸ਼ ਕੀਤੀਆਂ। ਉਨ੍ਹਾਂ ਦੀ ਅਟੁੱਟ ਵਚਨਬੱਧਤਾ ਅਤੇ ਟੀਮ ਵਰਕ ਇਸ ਮਹੱਤਵਪੂਰਨ ਪ੍ਰਵਾਨਗੀ ਨੂੰ ਪ੍ਰਾਪਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਰਹੇ ਜੋ ਸਾਰੇ ਬਾਰ ਮੈਂਬਰਾਂ ਅਤੇ ਵੱਡੇ ਪੱਧਰ 'ਤੇ ਭਾਈਚਾਰੇ ਲਈ ਪਹੁੰਚਯੋਗਤਾ ਨੂੰ ਬਹੁਤ ਵਧਾਏਗਾ। ਕਾਰਜਕਾਰੀ ਟੀਮ ਨੇ ਸਾਰੇ ਡੀਬੀਏ ਮੈਂਬਰਾਂ ਦਾ ਉਨ੍ਹਾਂ ਦੇ ਸਮਰਥਨ ਲਈ ਡੂੰਘਾ ਧੰਨਵਾਦ ਕੀਤਾ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਹ ਪ੍ਰਾਪਤੀ ਏਕਤਾ ਅਤੇ ਸਹਿਯੋਗ ਦੀ ਸ਼ਕਤੀ ਦਾ ਪ੍ਰਮਾਣ ਹੈ।



# ਅੰਮ੍ਰਿਤਸਰ ਧਮਾਕੇ ਤੋਂ ਬਾਅਦ ਪੰਜਾਬ 'ਚ ਡਰ ਦਾ ਮਾਹੌਲ : ਆਸ਼ੂ



ਲੁਧਿਆਣਾ, 27 ਮਈ (ਰਵਿੰਦਰ ਸਿੰਘ ਨਿੱਝਰ) : ਪੰਜਾਬ ਕਾਂਗਰਸ ਦੇ ਕਾਰਜਕਾਰੀ ਪ੍ਰਧਾਨ ਅਤੇ ਲੁਧਿਆਣਾ ਪੱਛਮੀ ਵਿਧਾਨ ਸਭਾ ਹਲਕੇ ਤੋਂ ਪਾਰਟੀ ਉਮੀਦਵਾਰ ਭਾਰਤ ਭੂਸਨ ਆਸ਼ੂ ਨੇ ਕਿਹਾ ਕਿ ਪੰਜਾਬ ਵਿੱਚ ਡਰ ਦਾ ਮਾਹੌਲ ਹੈ । ਮੰਗਲਵਾਰ ਅੰਮ੍ਰਿਤਸਰ ਵਿੱਚ ਹੋਏ ਬੰਬ ਧਮਾਕੇ ਦਾ ਹਵਾਲਾ ਦਿੰਦੇ ਹੋਏ, ਭਾਰਤ ਭੂਸਨ ਆਸ਼ੂ ਨੇ ਕਿਹਾ ਕਿ ਇਹ ਅਜਿਹੀਆਂ ਘਟਨਾਵਾਂ ਦੀ ਲੜੀ ਵਿੱਚੋਂ ਸਿਰਫ ਇੱਕ ਸੀ। ਉਨ੍ਹਾਂ ਕਿਹਾ ਕਿ ਪਹਿਲਾਂ ਵੀ ਪੁਲਿਸ ਥਾਣਿਆਂ ਅਤੇ ਇੱਕ ਮੰਦਰ 'ਤੇ ਗ੍ਰਨੇਡ ਹਮਲੇ ਹੋਏ ਹਨ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਅਣਜਾਣ ਨਾ ਬਣੇ । ਆਸ਼ੂ ਨੇ ਕਿਹਾ ਕਿ 'ਆਪ' ਸਰਕਾਰ ਘੱਟੋ-ਘੱਟ ਜੋ ਕਰ ਸਕਦੀ ਸੀ ਉਹ ਸੂਬੇ ਦੇ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਸੀ ਅਤੇ ਇਹ ਇਸ ਮਾਮਲੇ ਵਿੱਚ ਵੀ ਅਸਫਲ ਰਹੀ ਹੈ।

ਉਨ੍ਹਾਂ ਕਿਹਾ ਕਿ ਬੰਬ ਧਮਾਕਿਆਂ ਵਰਗੀਆਂ ਘਟਨਾਵਾਂ ਨੇ ਆਮ ਲੋਕਾਂ ਦੇ ਵਿਸ਼ਵਾਸ ਨੂੰ ਹਿਲਾ ਦਿੱਤਾ ਹੈ ਅਤੇ ਉਨਾਂ ਨੂੰ ਪੰਜਾਬ ਵਿੱਚ ਅੱਤਵਾਦ ਦੇ ਕਾਲੇ ਦਿਨਾਂ ਦੀ ਵਾਪਸੀ ਦਾ ਡਰ ਸਤਾਉਣ ਲੱਗਾ ਹੈ । ਆਸ਼ੂ ਨੇ ਹਲਕਾ ਪੱਛਮੀ ਦੇ ਵੱਖ-ਵੱਖ ਵਰਗਾਂ ਦੇ ਲੋਕਾਂ ਨਾਲ ਕਈ ਮੀਟਿੰਗਾਂ ਕੀਤੀਆਂ। ਉਨ੍ਹਾਂ ਵਿਸ਼ਵਾਸ ਪ੍ਰਗਟ ਕੀਤਾ ਕਿ ਕਾਂਗਰਸ ਲੁਧਿਆਣਾ ਪੱਛਮੀ ਵਿਧਾਨ ਸਭਾ ਉਪ-ਚੋਣ ਰਿਕਾਰਡ ਫਰਕ ਨਾਲ ਜਿੱਤੇਗੀ। ਉਨ੍ਹਾਂ ਖੁਲਾਸਾ ਕੀਤਾ ਕਿ 'ਆਪ' ਸਰਕਾਰ ਵਿਰੁੱਧ ਲੋਕਾਂ ਵਿੱਚ ਬਹੁਤ ਗੁੱਸਾ, ਨਾਰਾਜਗੀ ਅਤੇ ਨਿਰਾਸ਼ਾ ਹੈ। ਉਨ੍ਹਾਂ ਕਿਹਾ ਕਿ ਔਰਤਾਂ ਖਾਸ ਤੌਰ 'ਤੇ ਠੱਗੀਆਂ ਮਹਿਸੂਸ ਕਰ ਰਹੀਆਂ ਹਨ ਕਿਉਂਕਿ ਉਨ੍ਹਾਂ ਨੂੰ ਹਰ ਮਹੀਨੇ 1000 ਰੁਪਏ ਦੇਣ ਦਾ ਵਾਅਦਾ ਕੀਤਾ ਗਿਆ ਸੀ। ਉਨ੍ਹਾਂ ਕਿਹਾ, "ਤਿੰਨ ਸਾਲ ਤੋਂ ਵੱਧ ਸਮਾਂ ਬੀਤ ਗਿਆ ਹੈ ਪਰ ਸਰਕਾਰ ਔਰਤਾਂ ਨੂੰ ਇਹ ਪੈਸੇ ਦੇਣ ਦੀ ਕਿਸੇ ਵੀ ਸਥਿਤੀ ਵਿੱਚ ਨਹੀਂ ਜਾਪਦੀ।

# ਮੋਹਿੰਦਰ ਭਗਤ ਨੇ ਵਾਰਡ ਨੰ. 72 ਦੇ ਅਧੀਨ ਆਉਂਦੇ ਜਵਾਹਰ ਕੈਂਪ ਦੇ ਇੰਚਾਰਜਾਂ ਨਾਲ ਮੀਟਿੰਗ ਕੀਤੀ



ਲੁਧਿਆਣਾ, 27 ਮਈ (ਰਵਿੰਦਰ ਸਿੰਘ ਨਿੱਝਰ) : ਲੁਧਿਆਣਾ ਪੱਛਮੀ ਉਪ ਚੁਣਾਅ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਦੇ ਚੋਣ ਪ੍ਰਚਾਰ ਨੂੰ ਹੋਰ ਤੇਜ਼ੀ ਦੇਣ ਲਈ ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਸ੍ਰੀ ਮੋਹਿੰਦਰ ਭਗਤ ਨੇ ਵਾਰਡ ਨੰਬਰ 72 ਦੇ ਜਵਾਹਰ ਕੈਂਪ ਦੇ ਇੰਚਾਰਜਾਂ ਨਾਲ ਮੀਟਿੰਗ ਕੀਤੀ ਅਤੇ ਉਨ੍ਹਾਂ ਨੂੰ ਨਾਲ ਲੈ ਕੇ ਇਲਾਕੇ ਵਿੱਚ ਘਰ-ਘਰ ਚੋਣ ਪ੍ਰਚਾਰ ਕੀਤਾ। ਸ੍ਰੀ ਭਗਤ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਨੀਤੀਆਂ ਤੋਂ ਲੋਕ ਕਾਫੀ ਪ੍ਰਭਾਵਿਤ ਹਨ ਅਤੇ ਚੋਣ ਪ੍ਰਚਾਰ ਦੌਰਾਨ ਲੋਕਾਂ ਵੱਲੋਂ ਭਰਪੂਰ ਪਿਆਰ ਅਤੇ ਸਮਰਥਨ ਮਿਲ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਭਗਵੰਤ ਮਾਨ ਸਰਕਾਰ ਵੱਲੋਂ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਚਲਾਏ ਜਾ ਰਹੇ ਯੁੱਧ ਪੱਧਰੀ ਮੁਹਿੰਮ ਵਿੱਚ ਲੋਕਾਂ ਦੀ ਭਾਗੀਦਾਰੀ ਕਾਰਨ ਇਹ ਮੁਹਿੰਮ ਕਾਮਯਾਬ ਹੋ ਰਹੀ ਹੈ। ਉਨ੍ਹਾਂ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਘਰ-ਘਰ ਜਾ ਕੇ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਦਾ ਪ੍ਰਚਾਰ ਕਰਨ ਤਾਂ ਜੋ ਲੋਕਾਂ ਨੂੰ ਭਗਵੰਤ ਮਾਨ ਸਰਕਾਰ ਵੱਲੋਂ ਕੀਤੇ ਗਏ ਕੰਮਾਂ ਬਾਰੇ ਜਾਣੂ ਕਰਵਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਦੇ ਉਪਰਾਲਿਆਂ ਨਾਲ ਲੋਕ ਕਾਫੀ ਉਤਸ਼ਾਹਿਤ ਹਨ। ਲੋਕਾਂ ਵੱਲੋਂ ਦਿੱਤੇ ਜਾ ਰਹੇ ਪਿਆਰ ਅਤੇ ਇੱਜ਼ਤ ਤੋਂ ਇਹ ਸਾਫ਼ ਹੈ ਕਿ ਲੋਕ ਆਮ ਆਦਮੀ ਪਾਰਟੀ ਦੇ ਉਮੀਦਵਾਰ ਨੂੰ ਹੀ ਆਪਣਾ ਨੁਮਾਇੰਦਾ ਚੁਣਨਗੇ। ਸ੍ਰੀ ਭਗਤ ਨੇ ਕਿਹਾ ਕਿ ਸੰਜੀਵ ਅਰੋੜਾ ਦੀ ਜਿੱਤ ਤਾਂ ਪਹਿਲਾਂ ਤੋਂ ਹੀ ਨਿਸ਼ਚਿਤ ਹੈ, ਹੁਣ ਦੇਖਣਾ ਇਹ ਹੈ ਕਿ ਉਹ ਇਹ ਸੀਟ ਕਿੰਨੇ ਵੱਡੇ ਮਾਰਜਨ ਨਾਲ ਜਿੱਤਦੇ ਹਨ।

# ਐਮ.ਪੀ. ਅਰੋੜਾ ਨੇ 3 ਸਾਲਾਂ ਦਾ ਰਿਪੋਰਟ ਕਾਰਡ ਦਿਖਾਇਆ ਲੁਧਿਆਣਾ 'ਪੱਛਮੀ' ਦੇ ਵੋਟਰਾਂ ਤੋਂ ਸਮਰਥਨ ਮੰਗਿਆ



ਲੁਧਿਆਣਾ,27 ਮਈ (ਵਿਸ਼ਾਲ ਸ਼ਰਮਾ) ਰਾਜ ਸਭਾ ਮੈਂਬਰ ਅਤੇ ਲੁਧਿਆਣਾ (ਪੱਛਮੀ) ਤੋਂ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਸੰਜੀਵ ਅਰੋੜਾ ਨੇ ਸ਼ਨੀਵਾਰ ਨੂੰ ਹਲਕੇ ਭਰ ਵਿੱਚ ਕਈ ਚੋਣ ਮੀਟਿੰਗਾਂ ਕੀਤੀਆਂ ਜਿਨ੍ਹਾਂ ਵਿੱਚ ਗੁਰੂ ਅਮਰਦਾਸ ਨਗਰ,ਮਾਲ ਰੋਡ,ਨਿਊ ਪ੍ਰੇਮ ਨਗਰ ਅਤੇ ਕਿਚਲੂ ਨਗਰ ਸ਼ਾਮਲ ਹਨ। ਇਕੱਠਾਂ ਨੂੰ ਸੰਬੋਧਨ ਕਰਦਿਆਂ ਅਰੋੜਾ ਨੇ ਪਿਛਲੇ ਤਿੰਨ ਸਾਲਾਂ ਦੌਰਾਨ ਹੋਏ ਵਿਕਾਸ ਕਾਰਜਾਂ ਨੂੰ ਉਜਾਗਰ ਕਰਦੇ ਹੋਏ ਆਪਣਾ ਰਿਪੋਰਟ ਕਾਰਡ ਪੇਸ਼ ਕੀਤਾ।

ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਦੇ ਯਤਨ ਲੁਧਿਆਣਾ ਦੀ ਸੇਵਾ ਕਰਨ ਅਤੇ ਇਸਦੇ ਵਸਨੀਕਾਂ ਦੇ ਜੀਵਨ ਪੱਧਰ ਨੂੰ ਬਿਹਤਰ ਬਣਾਉਣ ਦੀ ਤੀਬਰ ਇੱਛਾ ਦੁਆਰਾ ਪ੍ਰੇਰਿਤ ਸਨ। ਮੈਂ ਹਰ ਪ੍ਰੋਜੈਕਟ ਨੂੰ ਜੋਸ਼ ਅਤੇ ਵਚਨਬੱਧਤਾ ਨਾਲ ਸ਼ੁਰੂ ਕੀਤਾ ਹੈ ਉਸਨੇ ਕਿਹਾ ਵੋਟਰਾਂ ਨੂੰ ਅਪੀਲ ਕੀਤੀ ਕਿ ਜੇਕਰ ਉਹ ਲੁਧਿਆਣਾ ਵਿੱਚ ਨਿਰੰਤਰ ਤਰੱਕੀ ਚਾਹੁੰਦੇ ਹਨ ਤਾਂ ਉਸਦਾ ਸਮਰਥਨ ਕਰਨ। ਜੇਕਰ ਚੁਣੇ ਗਏ ਤਾਂ ਮੈਂ ਲੁਧਿਆਣਾ (ਪੱਛਮੀ) ਵਿੱਚ ਹੋਰ ਵਿਕਾਸ ਲਿਆਉਣ ਲਈ ਦਸ ਗੁਣਾ ਜ਼ਿਆਦਾ ਮਿਹਨਤ ਕਰਾਂਗਾ ਉਸਨੇ ਅੱਗੇ ਕਿਹਾ। ਵੱਖ-ਵੱਖ ਪਿਛੋਕੜਾਂ ਦੇ ਨਾਗਰਿਕਾਂ ਨੇ ਅਰੋੜਾ ਦੇ ਯੋਗਦਾਨ ਦੀ ਪ੍ਰਸ਼ੰਸਾ ਕੀਤੀ। ਗੁਰੂ ਅਮਰਦਾਸ ਨਗਰ ਮੀਟਿੰਗ ਵਿੱਚ ਲੁਧਿਆਣਾ ਸਮਾਰਟ ਸਿਟੀ ਲਿਮਟਿਡ ਦੇ ਸਾਬਕਾ ਡਾਇਰੈਕਟਰ, ਆਰ. ਸੰਜੇ ਗੋਇਲ ਨੇ ਅਰੋੜਾ ਦੇ ਕੰਮ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਅਰੋੜਾ ਦੀ ਅਗਵਾਈ ਹੇਠ ਪਿਛਲੇ ਤਿੰਨ ਸਾਲਾਂ ਵਿੱਚ ਹੋਇਆ ਵਿਕਾਸ ਪਿਛਲੇ ਤਿੰਨ ਦਹਾਕਿਆਂ ਵਿੱਚ ਕੀਤੇ ਗਏ ਵਿਕਾਸ ਤੋਂ ਕਿਤੇ ਵੱਧ ਹੈ।

# ਸੰਤ ਜਗੇੜਾ ਨੇ ਪੰਜਾਬ ਵੇਅਰ ਹਾਊਸਿੰਗ ਕਾਰਪੋਰੇਸ਼ਨ ਦੇ ਡਾਇਰੈਕਟਰ ਬਣਨ 'ਤੇ ਰਵਿੰਦਰਪਾਲ ਪਾਲੀ ਨੂੰ ਸਨਮਾਨਤ ਕੀਤਾ

ਲੁਧਿਆਣਾ, 27 ਮਈ (ਰਵਿੰਦਰ ਸਿੰਘ ਨਿੱਝਰ): ਇੰਟਰਨੈਸ਼ਨਲ ਸੰਤ ਸਮਾਜ ਦੇ ਪ੍ਰਧਾਨ ਸੰਤ ਸਮਸ਼ੇਰ ਸਿੰਘ ਜਗੇੜਾ ਨੇ ਪੰਜਾਬ ਕੰਟੇਨਰ ਐਂਡ ਵੇਅਰ ਹਾਊਸਿੰਗ ਕਾਰਪੋਰੇਸ਼ਨ ਪੰਜਾਬ ਸਰਕਾਰ ਦੇ ਡਾਇਰੈਕਟਰ ਬਣਨ 'ਤੇ ਰਵਿੰਦਰ ਪਾਲ ਸਿੰਘ ਪਾਲੀ ਨੂੰ ਵਿਸ਼ੇਸ਼ ਤੌਰ 'ਤੇ ਲੋਈ ਭੇਟ ਕਰਕੇ ਸਨਮਾਨਿਤ ਕੀਤਾ। ਇਸ ਮੌਕੇ ਸੰਬੋਧਨ ਕਰਦਿਆਂ ਸੰਤ ਜਗੇੜਾ ਨੇ ਆਖਿਆ ਕਿ ਸਰਦਾਰ ਪਾਲੀ ਬਹੁਤ ਹੀ ਨੇਕ, ਇਮਾਨਦਾਰ, ਬੁੱਧੀਜੀਵੀ ਅਤੇ ਸੁਚੱਜੀ ਸਖਸ਼ੀਅਤ ਦੇ ਮਾਲਕ ਹਨ। ਉਹਨਾਂ ਆਖਿਆ ਕਿ ਅਜਿਹੇ ਵਿਅਕਤੀਆਂ ਦਾ ਅੱਗੇ ਆਉਣਾ ਸਮੇਂ ਦੀ ਲੋੜ ਹੈ। ਉਹਨਾਂ ਕਿਹਾ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਜੇਕਰ ਅਜਿਹੇ ਵਿਅਕਤੀ ਨੂੰ ਅੱਗੇ ਲੈ ਆਂਦਾ ਜਾਵੇਗਾ ਤਾਂ ਪੰਜਾਬ ਨਿਰਸੰਦੇਹ ਵੱਡੀ ਤਰੱਕੀ ਕਰੇਗਾ। ਸ੍ਰੀ ਪਾਲੀ ਨੇ ਆਖਿਆ ਕਿ ਉਹ ਆਪਣੀ ਡਿਊਟੀ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਹੁਣ ਤੱਕ ਨਿਭਾਉਂਦੇ ਰਹੇ ਹਨ ਅਤੇ ਹੁਣ ਜਿਹੜੀ ਨਵੀਂ ਜ਼ਿੰਮੇਵਾਰੀ ਪਈ ਹੈ ਇਹ ਵੀ ਉਹ ਸਖਤ ਮਿਹਨਤ ਲਗਨ ਅਤੇ ਇਮਾਨਦਾਰੀ ਨਾਲ ਹੀ ਨਿਭਾਉਣਗੇ ਅਤੇ ਇੱਕ ਮਿਸਾਲ ਪੇਸ਼ ਕਰਨਗੇ। ਇਸ ਮੌਕੇ ਹੋਰ ਅਨੇਕਾਂ ਸਖਸ਼ੀਅਤਾਂ ਹਾਜਰ ਸਨ।

# ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਪੰਜ ਮੈਂਬਰੀ ਭਰਤੀ ਕਮੇਟੀ ਨੂੰ ਪੰਜਾਬ ਭਰ ਵਿੱਚ ਮਿਲ ਰਿਹੈ ਭਰਵਾਂ ਹੁੰਗਾਰਾ : ਬਰਾੜ, ਮਨੀਲਾ



ਜਗਰਾਓਂ, 27 ਮਈ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ): ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਬਣਾਈ ਪੰਜ ਮੈਂਬਰੀ ਕਮੇਟੀ ਨੂੰ ਪੰਜਾਬ ਭਰ ਵਿਚ ਹੀ ਨਹੀ ਦੇਸ਼ ਵਿਦੇਸ਼ ਵਿਚ ਵੀ ਵੱਡਾ ਹੁੰਗਾਰਾ ਮਿਲ ਰਿਹਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਿਹਤ ਵਿਭਾਗ ਦੇ ਸਾਬਕਾ ਚੇਅਰਮੈਨ ਐਡਵੋਕੇਟ ਬਲਜਿੰਦਰ ਸਿੰਘ ਮੱਖਣ ਨੇ ਜਗਰਾਉ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ। ਮੱਖਣ ਬਰਾੜ ਸਥਾਨਕ ਅਕਾਲੀ ਆਗੂ ਬਿੰਦਰ ਮਨੀਲਾ ਦੇ ਦਫ਼ਤਰ ਉਚੇਚੇ ਤੌਰ 'ਤੇ ਪੁੱਜੇ ਸਨ। ਬਰਾੜ ਨੇ ਕਿਹਾ ਕਿ ਦੇਸ਼ ਵਿਦੇਸ਼ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਮੁਹਿੰਮ ਆਨਲਾਈਨ ਵੀ ਸ਼ੁਰੂ ਹੋ ਗਈ ਹੈ, ਜੋ 28 ਜੂਨ ਤੱਕ ਮੁਕੰਮਲ ਹੋ ਜਾਵੇਗੀ। ਪੰਜਾਬ 'ਚ ਭਰਤੀ ਪ੍ਰਕਿਰਿਆ ਅੱਜ ਤੱਕ 28 ਲੱਖ ਦੀ ਸੀਮਾਂ ਨੂੰ ਪਾਰ ਕਰ ਚੁੱਕੀ ਹੈ ਜੋ ਕਿ ਆਪਣੇ ਆਪ ਵਿਚ ਮਿਸਾਲ ਹੈ।

ਐਡਵੋਕੇਟ ਬਰਾੜ ਨੇ ਇਹ ਵੀ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਕੁਝ ਕੁ ਵੱਡੇ ਆਗੂਆਂ ਦੀਆਂ ਨਾਕਾਮੀਆਂ ਸਦਕਾ ਹੀ ਸਿਰੋਮਣੀ ਅਕਾਲੀ ਦਲ ਦੀ ਹਾਲਤ ਪਤਲੀ ਹੋਈ ਹੈ। ਉਨ੍ਹਾਂ ਕਿਹਾ ਕਿ ਲੋਕ ਡੁੱਬਦੇ ਬੇੜੇ ਵਿਚ ਸ਼ੁਮਾਰ ਹੋਣ ਦੀ ਬਜਾਏ ਹੁਣ ਇਸ ਬੇੜੇ ਨੂੰ ਹੋਰ ਡੋਬਣ ਲਈ ਮੋਰੀਆਂ ਕਰਨਗੇ। ਉਨ੍ਹਾਂ ਕਿਹਾ ਕਿ ਖੇਤਰੀ ਪਾਰਟੀ ਦਾ ਮਜ਼ਬੂਤ ਹੋਣਾ ਲਾਜਮੀ ਹੈ ਤੇ ਖੇਤਰੀ ਪਾਰਟੀ ਹੀ ਲੋਕਾਂ ਦੇ ਜਾਇਜ ਮੁੱਦੇ ਉਠਾ ਸਕਦੀ ਹੈ। ਉਨ੍ਹਾਂ ਕਿਹਾ ਕਿ ਪੰਜ ਮੈਂਬਰੀ ਕਮੇਟੀ ਸ੍ਰੀ ਅਕਾਲ ਤਖਤ ਸਾਹਿਬ ਨੂੰ ਸਮਰਪਿਤ ਹੈ ਤੇ ਇਹ ਕਮੇਟੀ ਅਕਾਲੀ ਦਲ ਨੂੰ ਮਜਬੂਤ ਤੇ ਪੰਥਕ ਸੋਚ ਵਾਲੇ ਆਗੂ ਦੀ ਸਰਪ੍ਰਸਤੀ ਦੇਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਦਾ ਨੌਜਵਾਨ ਨਵੀਂ ਸੋਚ ਤੇ ਸ਼ਕਤੀ ਨਾਲ ਸ਼੍ਰੋਮਣੀ ਅਕਾਲੀ ਦਲ ਨਾਲ ਜੁੜੇਗਾ ਉਨ੍ਹਾਂ ਕਿਹਾ ਕਿ ਪੰਜਾਬ ਵਿਚ ਵੱਡੇ ਇਕੱਠ ਇਹ ਹਾਮੀ ਭਰਦੇ ਹਨ ਕਿ ਲੋਕਾਂ ਨੂੰ ਪੰਜ ਮੈਂਬਰੀ ਕਮੇਟੀ ਦੇ ਰੂਪ 'ਚ ਪੰਥਕ ਅਗਵਾਈ ਕਰਨ ਵਾਲੀ ਸਿਆਸੀ ਧਿਰ ਮਿਲ ਗਈ ਹੈ ਜੋ ਕਿ ਕੌਮੀ ਭਾਵਨਾਵਾਂ ਤੇ ਅਡੋਲ ਖਾਲਸੇ ਦੀ ਰਹਿਤ ਮਰਿਯਾਧਾ ਅਨੁਸਾਰ ਪੰਥਕ ਏਜੰਡੇ 'ਤੇ ਬੇਬਾਕ ਕੰਮ ਕਰੇਗੀ।

# ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ 'ਚ ਪੀੜਤ ਕਿਸਾਨਾਂ ਅਤੇ ਇਲਾਕਾ ਨਿਵਾਸੀਆਂ ਵੱਲੋਂ ਚੇਤਾਵਨੀ ਰੈਲੀ

ਲੁਧਿਆਣਾ, 27 ਮਈ (ਰਵਿੰਦਰ ਸਿੰਘ ਨਿੱਝਰ) : ਲੁਧਿਆਣਾ ਜ਼ਿਲ੍ਹੇ ਦੇ ਦਰਜਨਾਂ ਪਿੰਡਾਂ ਦੀ ਹਜ਼ਾਰਾਂ ਏਕੜ ਉਪਜਾਊ ਜ਼ਮੀਨ ਐਕੁਵਾਇਰ ਕਰਕੇ ਅਰਬਨ ਸਟੇਟ ਬਣਾਉਣ ਦੀ ਯੋਜਨਾ ਦਾ ਵਿਰੋਧ ਕਰਦਿਆਂ ਅੱਜ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਚ' ਪੀੜਤ ਕਿਸਾਨਾਂ ਅਤੇ ਇਲਾਕਾ ਨਿਵਾਸੀਆਂ ਵੱਲੋਂ ਵਿਸ਼ਾਲ ਚੇਤਾਵਨੀ ਰੈਲੀ ਗਲਾਡਾ ਦਫਤਰ ਲੁਧਿਆਣਾ ਦੇ ਸਾਹਮਣੇ ਕੀਤੀ ਗਈ। ਰੈਲੀ ਚ' ਸ਼ਾਮਿਲ ਹੋਏ ਪੀੜਤ ਕਿਸਾਨਾਂ ਅਤੇ ਇਲਾਕੇ ਦੇ ਪਿੰਡਾਂ ਵੱਲੋਂ ਮਤੇ ਪਾਸ ਕਰਕੇ ਆਖਿਆ ਗਿਆ ਕਿ ਪਿੰਡਾਂ ਦੀ ਉਪਜਾਊ ਜ਼ਮੀਨ ਕਿਸੇ ਵੀ ਕੀਮਤ ਤੇ ਸਰਕਾਰ ਨੂੰ ਨਹੀਂ ਦਿੱਤੀ ਜਾਵੇਗੀ। ਇਸ ਮੌਕੇ ਤੇ ਸੰਬੋਧਨ ਕਰਦਿਆਂ ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਿਲ ਜਥੇਬੰਦੀਆਂ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਚਰਨ ਸਿੰਘ ਨੂਰਪੁਰਾ, ਭਾਰਤੀ ਕਿਸਾਨ ਯੂਨੀਅਨ ਡਕੌਤਾ (ਧਨੇਰ) ਦੇ ਜਗਰੂਪ ਸਿੰਘ ਹਸਨਪੁਰ, ਜਮਹੂਰੀ ਕਿਸਾਨ ਸਭਾ ਪੰਜਾਬ ਦੇ ਰਘਵੀਰ ਸਿੰਘ ਬੈਨੀਪਾਲ, ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਮਨਪ੍ਰੀਤ ਸਿੰਘ, ਆਲ ਇੰਡੀਆ ਕਿਸਾਨ ਸਭਾ (ਹੰਨਨ ਮੁੱਲਾ) ਦੇ ਬਲਦੇਵ ਸਿੰਘ ਲਤਾਲਾ, ਆਲ ਇੰਡੀਆ ਕਿਸਾਨ ਸਭਾ (1936) ਦੇ ਜਸਵੀਰ ਸਿੰਘ ਝੱਜ, ਕਿਰਤੀ ਕਿਸਾਨ ਯੂਨੀਅਨ ਦੇ ਸਾਧੂ ਸਿੰਘ ਅੱਚਰਵਾਲ, ਭਾਰਤੀ ਕਿਸਾਨ ਯੂਨੀਅਨ ਡਕੌਤਾ ਦੇ ਮਹਿੰਦਰ ਸਿੰਘ ਕਮਾਲਪੁਰਾ, ਭਾਰਤੀ ਕਿਸਾਨ ਯੂਨੀਅਨ (ਕਾਦੀਆਂ) ਗੁਰਜੀਤ ਸਿੰਘ ਗਿੱਲ, ਆਲ ਇੰਡੀਆ ਕਿਸਾਨ ਫੈਡਰੇਸ਼ਨ ਦੇ ਕੁਲਦੀਪ ਸਿੰਘ ਗਰੇਵਾਲ, ਭਾਈ ਲਾਲੋਂ ਲੋਕ ਮੰਚ ਦੇ ਸਾਬਕਾ ਵਿਧਾਇਕ ਤਰਸੇਮ ਜੋਧਾਂ ਨੇ ਆਖਿਆ ਕਿ ਸੂਬਾ ਸਰਕਾਰ ਪਹਿਲਾਂ ਹੀ ਘਾਟੇ ਵਿੱਚ ਚੱਲ ਰਹੇ ਖੇਤੀ ਦੇ ਧੰਦੇ ਨੂੰ ਬਚਾਉਣ ਦੀ ਥਾਂ ਕਿਸਾਨਾਂ ਨੂੰ ਖੇਤੀ ਦੇ ਵਿੱਚੋਂ ਬਾਹਰ ਕਰਨ ਦੇ ਰਾਹ ਪਈ ਹੋਈ ਹੈ। ਕਾਰਪੋਰੇਟ ਵੱਡੀਆਂ ਕੰਪਨੀਆਂ ਦੇ ਦਬਾਅ ਅਧੀਨ ਇਲਾਕੇ ਦੀ ਹਜ਼ਾਰਾਂ ਏਕੜ ਉਪਜਾਊ ਜਮੀਨ ਐਕੁਵਾਇਰ ਕਰਕੇ ਜੋ ਅਰਬਨ ਸਟੇਟ ਬਣਾਉਣ ਦੀ ਯੋਜਨਾ ਸਰਕਾਰ ਨੇ ਬਣਾਈ ਹੈ, ਉਹ ਕਿਸੇ ਵੀ ਤਰ੍ਹਾਂ ਕਿਸਾਨਾਂ ਇਲਾਕੇ ਦੇ ਲੋਕਾਂ ਅਤੇ ਖੇਤੀ ਦੇ ਧੰਦੇ ਵਾਸਤੇ ਲਾਹੇ ਬੰਦ ਨਹੀਂ ਹੈ। ਉਨ੍ਹਾਂ ਆਖਿਆ ਕਿ ਉਹ ਕਿਸੇ ਵੀ ਕੀਮਤ ਤੇ ਆਪਣੀ ਜ਼ਮੀਨ ਨਹੀਂ ਛੱਡਣਗੇ।

# ਗੁਰਦੁਆਰਾ ਸ੍ਰੀ ਸੁਖਮਨੀ ਸਾਹਿਬ ਵਿਖੇ ਵਿਸ਼ੇਸ਼ ਸਮਾਗਮ ਕਰਵਾਏ



ਲੁਧਿਆਣਾ, 27 ਮਈ (ਰਵਿੰਦਰ ਸਿੰਘ ਨਿੱਝਰ) : ਸ਼ਹੀਦਾਂ ਦੇ ਸਿਰਤਾਜ ਪੰਜਵੇਂ ਪਾਤਸ਼ਾਹ ਧੰਨ-ਧੰਨ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ, ਦੁਗਰੀ ਫੇਸ 2 ਦੀਆਂ ਸਾਰੀਆਂ ਇਸਤਰੀ ਸਤਸੰਗ ਸਭਾਵਾਂ ਵਲੋਂ ਵਿਸ਼ੇਸ਼ ਸਮਾਗਮ ਗੁਰਦੁਆਰਾ ਸ੍ਰੀ ਸੁਖਮਨੀ ਸਾਹਿਬ ਫੇਸ 2 ਵਿਖੇ ਸਜਾਏ ਗਏ। ਇਸਤਰੀ ਸਤਸੰਗ ਸਭਾਵਾਂ ਵਾਲੀ ਸੁਖਮਨੀ ਸਾਹਿਬ ਦੇ ਪਾਠ 10.30 ਤੋਂ ਆਰੰਭ ਕੀਤੇ ਗਏ, ਉਪਰੰਤ ਭਾਈ ਅਮਨਦੀਪ ਸਿੰਘ ਜੀ (ਬੀਬੀ ਕੋਲਾਂ ਜੀ ਅੰਮ੍ਰਿਤਸਰ ਵਾਲੇ ) ਨੇ ਆਪਣੀ ਰਸਭਿੰਨੀ ਅਵਾਜ਼ ਨਾਲ ਕੀਰਤਨ ਅਤੇ ਗੁਰਮਤਿ ਵਿਚਾਰਾਂ ਨਾਲ ਸੰਗਤ ਨੂੰ ਨਿਹਾਲ ਕੀਤਾ। ਸ਼ਹਿਰ ਦੀਆਂ ਸਾਰੀਆਂ ਇਸਤਰੀ ਸਤਸੰਗ ਸਭਾਵਾਂ ਨੇ ਹਾਜ਼ਰੀ ਭਰ ਕੇ ਸਮਾਗਮ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਪੰਥ ਪ੍ਰਚਾਰਕ ਮਾਤਾ ਵਿਪਨਪ੍ਰੀਤ ਕੌਰ ਨੇ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ। ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਅਰਵਿੰਦਰ ਸਿੰਘ ਨੇ ਭਾਈ ਸਾਹਿਬ ਅਤੇ ਆਈ ਸੰਗਤ ਦਾ ਧੰਨਵਾਦ ਕੀਤਾ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਿਰਭੈ ਸਿੰਘ, ਮਹਿੰਦਰ ਸਿੰਘ, ਰਾਮ ਸਿੰਘ, ਗੁਰਚਰਨ ਸਿੰਘ ਸਿੱਧੂ, ਸੁਖਵਿੰਦਰ ਸਿੰਘ, ਨਰਿੰਦਰ ਸਿੰਘ, ਅਵਨਿੰਦਰ ਸਿੰਘ ਮਾਨ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ।


# ਮਮਤਾ ਆਸ਼ੂ ਨੇ ਵਿਧਾਨ ਸਭਾ ਪੱਛਮੀ 'ਚ ਆਸ਼ੂ ਦੇ ਮੋਢੇ ਨਾਲ ਮੋਢਾ ਜੋੜ ਕੇ ਸੰਭਾਲੀ ਚੋਣ ਪ੍ਰਚਾਰ ਦੀ ਕਮਾਨ



ਲੁਧਿਆਣਾ, 27 ਮਈ (ਰਵਿੰਦਰ ਸਿੰਘ ਨਿੱਝਰ) : ਵਿਧਾਨ ਸਭਾ ਪੱਛਮੀ ਤੋਂ ਕਾਂਗਰਸ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਦੀ ਪਤਨੀ ਮਮਤਾ ਆਸ਼ੂ ਨੇ ਚੋਣ ਪ੍ਰਚਾਰ ਦੀ ਕਮਾਨ ਸੰਭਾਲੀ ਅਤੇ ਸਰਗੋਧਾ ਕਲੋਨੀ ਦੇ ਸਰਾਭਾ ਨਗਰ ਵਿੱਚ ਚੋਣ ਪ੍ਰਚਾਰ ਕਰਕੇ ਆਮ ਆਦਮੀ ਪਾਰਟੀ ਦੇ ਝੂਠੇ ਵਾਅਦਿਆਂ ਦਾ ਪਰਦਾਫਾਸ਼ ਕੀਤਾ। ਉਨ੍ਹਾਂ ਸਥਾਨਕ ਲੋਕਾਂ ਨੂੰ ਆਪਣੇ ਬੱਚਿਆਂ ਦੇ ਉੱਜਵਲ ਭਵਿੱਖ ਲਈ ਕਾਂਗਰਸ ਦੇ ਹੱਕ ਵਿੱਚ ਵੋਟ ਪਾਉਣ ਦੀ ਅਪੀਲ ਵੀ ਕੀਤੀ। ਦੂਜੇ ਪਾਸੇ, ਭਾਰਤ ਭੂਸ਼ਣ ਆਸ਼ੂ ਨੇ ਵੱਖ-ਵੱਖ ਖੇਤਰਾਂ ਵਿੱਚ ਚੋਣ ਪ੍ਰਚਾਰ ਦੌਰਾਨ ਵਿਧਾਨ ਸਭਾ ਹਲਕਾ ਪੱਛਮੀ ਦੇ ਵਿਕਾਸ ਲਈ ਅਪਨੀਆਂ ਭਵਿੱਖ ਦੀਆਂ ਯੋਜਨਾਵਾਂ ਦਾ ਖੁਲਾਸਾ ਵੀ ਕੀਤਾ। ਮਹਿਲਾ ਸ਼ਕਤੀ ਨੇ ਮਮਤਾ ਆਸ਼ੂ ਦਾ ਨਿੱਘਾ ਸਵਾਗਤ ਕਰਦੇ ਹੋਏ ਕਾਂਗਰਸ ਸਰਕਾਰ ਦੇ ਕਾਰਜਕਾਲ ਦੌਰਾਨ ਆਸ਼ੂ ਵਲੋਂ ਕਰਵਾਏ ਗਏ ਵਿਕਾਸ ਕਾਰਜਾਂ ਨੂੰ ਯਾਦ ਕੀਤਾ। ਆਮ ਆਦਮੀ ਪਾਰਟੀ ਦੇ ਰਾਜ ਬਾਰੇ ਗੱਲ ਕਰਦਿਆਂ ਮਮਤਾ ਆਸ਼ੂ ਨੇ ਕਿਹਾ ਕਿ ਪਿਛਲੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੇ ਮਹਿਲਾ ਸ਼ਕਤੀ ਨੂੰ ਹਰ ਮਹੀਨੇ ਇੱਕ ਹਜ਼ਾਰ ਰੁਪਏ ਦੇਣ ਦਾ ਵਾਅਦਾ ਕੀਤਾ ਸੀ। ਪਰ ਸਰਕਾਰ ਬਣਨ ਤੋਂ ਬਾਅਦ, ਉਹ ਅਪਣਾ ਵਾਅਦਾ ਭੁੱਲ ਗਿਆ। ਬਿਜਲੀ ਦੇ ਲਗਾਤਾਰ ਲੱਗ ਰਹੇ ਕੱਟਾਂ ਨੇ ਚੌਵੀ ਘੰਟੇ ਮੁਫ਼ਤ ਬਿਜਲੀ ਦੇ ਵਾਅਦਿਆਂ ਦੀ ਪੋਲ ਖੋਲ੍ਹ ਦਿੱਤੀ। ਜੀਐਸਟੀ ਵਿਭਾਗ ਨੇ ਹਰ ਵਰਗ 'ਤੇ ਛਾਪੇਮਾਰੀ ਕਰਕੇ ਕੇਜਰੀਵਾਲ ਦੇ ਵਪਾਰਕ ਹਿੱਤਾਂ ਦੀ ਰਾਖੀ ਦੇ ਵਾਅਦੇ ਦੀ ਕਮਰ ਤੋੜ ਦਿੱਤੀ। ਹਰ ਸੜਕ, ਹਰ ਗਲੀ ਅਤੇ ਹਰ ਮੁਹੱਲੇ ਵਿੱਚ ਔਰਤਾਂ ਨਾਲ ਖੁੱਲ੍ਹੇਆਮ ਹੋ ਰਹੀ ਲੁੱਟਾ ਖੋਹਾਂ ਦੀਆਂ ਘਟਨਾਵਾਂ ਨੇ ਕਾਨੂੰਨ ਵਿਵਸਥਾ ਨੂੰ ਠੱਪ ਕਰ ਦਿੱਤਾ। ਲੁਧਿਆਣਾ ਵਿੱਚ ਗਰੀਬ ਪਰਿਵਾਰਾਂ ਦੇ ਤਿੰਨ ਪੁੱਤਰਾਂ ਦੀ ਸ਼ਰਾਬ ਪੀਣ ਕਾਰਨ ਮੌਤ ਨਾਲ ਨਸ਼ਿਆਂ ਵਿਰੁੱਧ ਜੰਗ ਵੀ ਖੋਖਲੀ ਸਾਬਿਤ ਹੋਈ।

# ਬਲੌਜ਼ਮਜ਼ ਕਾਨਵੈਂਟ ਸਕੂਲ ਵਿਖੇ ਸੀ.ਬੀ.ਐਸ.ਈ. ਦੇ ਭਾਰਤੀਯ ਭਾਸ਼ਾ ਸਮਰ ਕੈਂਪ ਦੀ ਪਹਿਲੇ ਦਿਨ ਦੀ ਸ਼ੁਰੂਆਤ

ਜਗਰਾਓਂ, 27 ਮਈ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਬਲੌਜ਼ਮਜ਼ ਕਾਨਵੈਂਟ ਸਕੂਲ ਵਿਖੇ ਅੱਜ ਸੀ.ਬੀ.ਐਸ.ਈ



ਵੱਲੋਂ ਦਿੱਤੀਆਂ ਗਈਆਂ ਹਦਾਇਤਾਂ ਅਨੁਸਾਰ ਸਮਰ ਕੈਂਪ ਦੀ ਸ਼ੁਰੂਆਤ ਕਰਦੇ ਹੋਏ ਪਹਿਲੇ ਦਿਨ ਹਰਿਆਣਵੀਂ ਭਾਸ਼ਾ ਵਿੱਚ ਸਲੋਗਨ, ਗਰੀਟਿੰਗ ਅਤੇ ਇਸੇ ਭਾਸ਼ਾ ਵਿੱਚ ਵਿਦਿਆਰਥੀ ਦੇ ਕੁਝ ਸਵਾਲਾਂ ਦੇ ਜਵਾਬ ਸਕੂਲ ਦੇ ਅਧਿਆਪਕ ਮਿ.ਸ਼ੇਰ ਸਿੰਘ ਤੋਂ ਸਿੱਖੇ ਅਤੇ ਪੁੱਛੇ ਗਏ। ਇਹ ਗਤੀਵਿਧੀ ਬਹੁਤ ਪ੍ਰਭਾਵਸ਼ਾਲੀ ਰਹੀ। ਵਿਦਿਆਰਥੀਆਂ ਵੱਲੋਂ ਇਸ ਦਾ ਖੂਬ ਅਨੰਦ ਮਾਣਿਆ ਗਿਆ ਅਤੇ ਇਸ ਭਾਸ਼ਾ ਨੂੰ ਨੇੜਿਓਂ ਜਾਣਿਆ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ.ਨਵਨੀਤ ਕੌਰ ਨੇ ਇਸ ਗੱਲ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਹਰਿਆਣਵੀਂ ਭਾਸ਼ਾ ਬਹੁਤ ਮਿੱਠੀ ਭਾਸ਼ਾ ਹੈ। ਜੋ ਵਿਦਿਆਰਥੀ ਜੀਵਨ ਵਿੱਚ ਬਾਕੀ ਭਾਸ਼ਾਵਾਂ ਪ੍ਰਤੀ ਸਤਿਕਾਰ ਦੀ ਭਾਵਨਾ ਪੈਦਾ ਕਰਦੀ ਹੈ। ਅਸੀਂ ਸੀ.ਬੀ.ਐਸ.ਈ ਦੇ ਇਸ ਹਫਤਾਵਾਰ ਕੈਂਪ ਦਾ ਹਰ ਪੱਖੋਂ ਸਨਮਾਨ ਕਰਦੇ ਹਾਂ ਤੇ ਇਹ ਪੂਰਾ ਹਫਤਾ ਇਸ ਭਾਸ਼ਾ ਦੇ ਹੋਰ ਵੀ ਪੱਖਾਂ ਤੋ ਵਿਦਿਆਰਥੀਆਂ ਨੂੰ ਜਾਣੂੰ ਕਰਵਾਵਾਂਗੇ। ਇਸ ਮੌਕੇ ਸਕੂਲ ਦੇ ਪ੍ਰੈਜ਼ੀਡੈਂਟ ਸ. ਮਨਪ੍ਰੀਤ ਸਿੰਘ ਬਰਾੜ ਨੇ ਇਸ ਦੀ ਸ਼ਲਾਘਾ ਕੀਤੀ।

# ਸ਼੍ਰੋਮਣੀ ਅਕਾਲੀ ਦਲ ਵੱਲੋਂ ਧਰਨਾ ਅੱਜ : ਐਡਵੋਕੇਟ ਘੁੰਮਣ

ਲੁਧਿਆਣਾ, 27 ਮਈ (ਰਵਿੰਦਰ ਸਿੰਘ ਨਿੱਝਰ) : ਸੂਬੇ ਦੀ 'ਆਪ' ਸਰਕਾਰ ਵੱਲੋਂ ਅਰਬਨ ਅਸਟੇਟ ਬਣਾਉਣ ਲਈ 32 ਪਿੰਡਾਂ ਦੀ ਉਪਜਾਊ 24311 ਏਕੜ ਜ਼ਮੀਨ ਐਕਵਾਇਰ ਕਰਨ ਦੇ ਫੈਸਲੇ ਨਾਲ ਜਿੱਥੇ ਕਿਸਾਨਾਂ ਨੂੰ ਵੱਡਾ ਨੁਕਸਾਨ ਹੋਵੇਗਾ ਉੱਥੇ ਆਮ ਅਤੇ ਸ਼ਹਿਰੀ ਲੋਕਾ ਨੂੰ ਵੀ ਵੱਡਾ ਨੁਕਸਾਨ ਝੱਲਣਾ ਪੈ ਸਕਦਾ ਹੈ। ਇਨ੍ਹਾ ਸ਼ਬਦਾ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਪੱਛਮੀ ਤੋਂ ਉੱਪ ਚੋਣ ਲਈ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਡਵੋਕੇਟ ਪ੍ਰਉਪਕਾਰ ਸਿੰਘ ਘੁੰਮਣ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਕੀਤਾ। ਐਡਵੋਕੇਟ ਘੁੰਮਣ ਨੇ ਕਿਹਾ ਕਿ ਸਰਕਾਰ ਦੇ 24311 ਏਕੜ ਜ਼ਮੀਨ ਐਕਵਾਇਰ ਕਰਨ ਦੇ ਮਾਰੂ ਫੈਸਲੇ ਵਿਰੁੱਧ 28 ਮਈ ਬੁੱਧਵਾਰ ਨੂੰ ਸਵੇਰੇ 9.30 ਵਜੇ ਜਿੱਥੇ ਇੱਕ ਵਿਸ਼ਾਲ ਰੋਸ਼ ਧਰਨਾ ਗਲਾਡਾ ਦਫਤਰ ਫਿਰੋਜਪੁਰ ਰੋਡ ਦੇ ਬਾਹਰ ਲਗਾਇਆ ਜਾਵੇਗਾ ਉੱਥੇ ਇੱਕ ਮੰਗ ਪੱਤਰ ਵੀ ਦਿੱਤਾ ਜਾਵੇਗਾ। ਇਸ ਮੌਕੇ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਮੇਤ ਕਈ ਆਗੂ ਹਾਜਰ ਹੋਣਗੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਕਦੇ ਵੀ ਕਿਸਾਨਾਂ ਅਤੇ ਸ਼ਹਿਰ ਵਾਸੀਆਂ ਨਾਲ ਧੱਕਾ ਨਹੀਂ ਹੋਣ ਦੇਵੇਗੀ। ਉਨ੍ਹਾ ਕਿਹਾ ਕਿ 2017 ਵੇਲੇ ਪੰਜਾਬ ਦੀ ਆਰਥਿਕਤਾ ਜੋ ਦੂਜੇ ਨੰ: ਤੇ ਸੀ ਉਹ ਅੱਜ 26ਵੇਂ ਨੰ: ਤੇ ਹੈ।



ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ, ਜੀ.ਕੇ. ਇਸਟੇਟ, ਭਾਮੀਆ ਖੁਰਦ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ ਦੇ ਸੰਬੰਧ ਵਿੱਚ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੀ ਚੱਲ ਰਹੀ ਲੜੀ ਅਤੇ ਚੁਪਹਿਰਾ ਸਾਹਿਬ ਨੂੰ ਸਮਰਪਿਤ ਸਮਾਗਮ ਵਿੱਚ ਅੱਜ ਡਾਕਟਰ ਅੰਮ੍ਰਿਤਪਾਲ ਸਿੰਘ ਚੇਅਰਮੈਨ ਅਤੇ ਪਰਵਿੰਦਰ ਕੌਰ ਦੇ ਪਰਿਵਾਰ ਦੀ ਵਾਰੀ ਸੀ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਸੈਕਟਰੀ ਸ੍ਰ: ਭੁਪਿੰਦਰ ਸਿੰਘ ਅਤੇ ਸ੍ਰ: ਹਰਵਿੰਦਰ ਸਿੰਘ ਨੇ ਸਿਰੋਪਾਉ ਪਾ ਕੇ ਸਨਮਾਨਿਤ ਕੀਤਾ।

*(ਫੋਟੋ ਤੇ ਵੇਰਵਾ : ਕਰਨੈਲ ਸਿੰਘ ਐੱਮ ਏ, ਲੁਧਿਆਣਾ)*

# ਕਾਂਗਰਸ ਇੱਕਜੁੱਟ ਹੋ ਕੇ ਉਪ ਚੋਣਾਂ 'ਚ ਕਰੇਗੀ ਸਰਕਾਰ ਦੇ ਹਰ ਜ਼ਬਰ ਜ਼ੁਲਮ ਤੇ ਧੱਕੇਸ਼ਾਹੀ ਦਾ ਮੁਕਾਬਲਾ : ਰਾਣਾ ਗੁਰਜੀਤ, ਪ੍ਰਗਟ ਸਿੰਘ

ਲੁਧਿਆਣਾ, 27 ਮਈ (ਰਵਿੰਦਰ ਸਿੰਘ ਨਿੱਝਰ) : ਲੁਧਿਆਣਾ ਪੱਛਮੀ ਤੋਂ ਕਾਂਗਰਸੀ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਦੇ ਹੱਕ'ਚ ਪ੍ਰਚਾਰ ਕਰਨ ਆਏ ਕਾਂਗਰਸੀ ਵਿਧਾਇਕ ਰਾਣਾ ਗੁਰਜੀਤ ਸਿੰਘ ਅਤੇ ਪ੍ਰਗਟ ਸਿੰਘ ਨੇ ਬਦਲਾਅ ਦੇ ਨਾਮ 'ਤੇ ਸੱਤਾ ਵਿੱਚ ਆਏ ਝਾੜੂ ਵਾਲਿਆਂ ਨੂੰ 'ਬਦਲੇ ਦੀ ਸਰਕਾਰ' ਦਾ ਖਿਤਾਬ ਦਿੱਤਾ। ਉਨ੍ਹਾਂ ਕਿਹਾ ਕਿ ਕਾਂਗਰਸ ਉਪ ਚੋਣਾਂ ਵਿੱਚ ਇੱਕਜੁੱਟ ਹੋ ਕੇ ਸਰਕਾਰ ਦੇ ਹਰ ਜਬਰ-ਜ਼ੁਲਮ ਤੇ ਧੱਕੇਸ਼ਾਹੀ ਵਿਰੁੱਧ ਲੜੇਗੀ। ਇਸ ਮੌਕੇ ਕਾਂਗਰਸ ਉਮੀਦਵਾਰ ਭਾਰਤ ਭੂਸ਼ਣ ਆਸ਼ੂ, ਸਾਬਕਾ ਮੰਤਰੀ ਸੁੰਦਰ ਸ਼ਾਮ ਅਰੋੜਾ, ਡਾ. ਰਾਜ ਕੁਮਾਰ ਵੇਰਕਾ, ਮੁਹੰਮਦ ਸੱਦੀਕ, ਬਰਿੰਦਰ ਢਿੱਲੋਂ, ਇਸ਼ਪ੍ਰੀਤ ਸਿੰਘ, ਈਸ਼ਵਰਜੋਤ ਚੀਮਾ , ਨਗਰ ਨਿਗਮ ਵਿੱਚ ਵਿਰੋਧੀ ਧਿਰ ਦੇ ਨੇਤਾ ਸ਼ਾਮ ਸੁੰਦਰ ਮਲਹੋਤਰਾ ਸਮੇਤ ਹੋਰ ਵੀ ਮੌਜੂਦ ਸਨ। ਰਾਣਾ ਗੁਰਜੀਤ ਅਤੇ ਪ੍ਰਗਟ ਸਿੰਘ ਨੇ ਜਲੰਧਰ ਵਿੱਚ 'ਆਪ' ਵਿਧਾਇਕ ਦੀ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਗ੍ਰਿਫ਼ਤਾਰੀ ਨੂੰ ਦਿੱਲੀ ਵਾਲੀਆ ਦਾ ਚੋਣ ਕੰਟੈਂਟ ਦੱਸਿਆ। ਇਸਦਾ ਉਦਾਹਰਣ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਸੰਗਰੂਰ ਚੋਣਾਂ ਤੋਂ ਪਹਿਲਾਂ ਵੀ ਮੁੱਖ ਮੰਤਰੀ ਭਗਵੰਤ ਮਾਨ ਨੇ 'ਆਪ' ਦੇ ਮੰਤਰੀ ਵਿਜੇ ਸਿੰਗਲਾ ਗ੍ਰਿਫਤਾਰ ਕਰਵਾ ਕੇ ਚੋਣ ਕੰਟੈਂਟ ਤਿਆਰ ਕੀਤਾ ਸੀ। ਪਰ 17-3-2025 ਨੂੰ ਸਰਕਾਰ ਨੇ ਖੁਦ ਹਾਈ ਕੋਰਟ ਵਿੱਚ ਕੈਂਸਲੇਸ਼ਨ ਰਿਪੋਰਟ ਦਾਇਰ ਕਰਕੇ ਵਿਜੇ ਸਿੰਗਲਾ ਨੂੰ ਕਲੀਨ ਚਿੱਟ ਦੇ ਦਿੱਤੀ। ਇਸੇ ਤਰਜ਼ 'ਤੇ ਹੀ ਲੁਧਿਆਣਾ ਪੱਛਮੀ ਦੀ ਉਪ ਚੋਣ ਤੋਂ ਠੀਕ ਪਹਿਲਾਂ ਵਿਧਾਇਕ ਅਮਨ ਅਰੋੜਾ ਦੀ ਗ੍ਰਿਫ਼ਤਾਰੀ ਲਈ ਕੰਟੈਂਟ ਤਿਆਰ ਕੀਤੀ ਗਿਆ ਹੈ। ਪੰਜਾਬ ਵਿੱਚ ਬਦਲਾਅ ਦੇ ਨਾਮ 'ਤੇ ਸਤਾਸੀਨ ਬਦਲੇ ਦੀ ਸਰਕਾਰ ਦੇ ਅਪਣੇ ਵਲੋਂ ਲਗਾਏ ਗਏ ਦੋਸ਼ਾਂ ਦੀ ਵਿਆਖਿਆ ਕਰਦਿਆਂ ਉਨ੍ਹਾਂ ਕਿਹਾ ਕਿ ਭਾਰਤ ਭੂਸ਼ਣ ਆਸ਼ੂ 'ਤੇ ਲਗਾਏ ਗਏ ਭ੍ਰਿਸ਼ਟਾਚਾਰ ਦੇ ਦੋਸ਼ ਸਰਕਾਰ ਵੱਲੋਂ ਵਕੀਲਾਂ 'ਤੇ ਕਰੋੜਾਂ ਰੁਪਏ ਖਰਚ ਕਰਨ ਦੇ ਬਾਵਜੂਦ ਹਾਈਕੋਰਟ ਵਿੱਚ ਟਿਕ ਨਹੀਂ ਸਕੇ।

# ਸੰਤ ਈਸ਼ਰ ਸਿੰਘ ਜੀ ਮੈਮੋਰੀਅਲ ਪਬਲਿਕ ਸਕੂਲ ਵਿਖੇ ਐੱਨ.ਸੀ.ਸੀ. ਕੈਡਿਟਾਂ ਦੀ ਭਰਤੀ



ਰਾੜਾ ਸਾਹਿਬ, 27 ਮਈ (ਬਲਵਿੰਦਰ ਸਿੰਘ ਮਹਿਮੀ) : ਸੰਤ ਈਸ਼ਰ ਸਿੰਘ ਜੀ ਮੈਮੋਰੀਅਲ ਪਬਲਿਕ ਸਕੂਲ ਕਰਮਸਰ ਰਾੜਾ ਸਾਹਿਬ ਵਿਖੇ ਵਿਦਿਆਰਥੀਆਂ ਵਿੱਚ ਦੇਸ਼ ਸੇਵਾ ਅਤੇ ਅਨੁਸ਼ਾਸਨ ਦੀ ਭਾਵਨਾ ਨੂੰ ਉਤਸ਼ਾਹਿਤ ਕਰਨ ਲਈ 3 ਪੰਜਾਬ ਬਟਾਲੀਅਨ ਐੱਨ.ਸੀ.ਸੀ. ਸਕੂਲ ਕੈਡਿਟਾਂ ਦੀ ਚੋਣ ਪ੍ਰਕਿਰਿਆ ਸਫ਼ਲਤਾਪੂਰਵਕ ਸੰਪੰਨ ਹੋਈ। ਬਟਾਲੀਅਨ ਦੇ ਕਮਾਂਡਿੰਗ ਅਫ਼ਸਰ ਕਰਨਲ ਰੋਹਿਤ ਖੰਨਾ (ਸੈਨਾ ਮੈਡਲ) ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੂਬੇਦਾਰ ਰਣਜੋਧ ਸਿੰਘ ਅਤੇ ਹੌਲਦਾਰ ਗੁਰਤੇਜ ਸਿੰਘ ਦੀ ਅਗਵਾਈ ਹੇਠ 25 ਹੋਣਹਾਰ ਵਿਦਿਆਰਥੀਆਂ ਨੂੰ ਐੱਨ.ਸੀ.ਸੀ. ਕੈਡਿਟ ਵਜੋਂ ਚੁਣਿਆ ਗਿਆ।

ਐੱਨ.ਸੀ.ਸੀ. ਭਰਤੀ ਦੀ ਪ੍ਰਕਿਰਿਆ ਵਿੱਚ ਸ਼ਾਮਲ ਵਿਦਿਆਰਥੀਆਂ ਨੇ ਸਰੀਰਕ ਟੈਸਟ, ਮਾਨਸਿਕ ਚੁਣੌਤੀ ਅਤੇ ਟੀਮ ਵਰਕ ਗਤੀਵਿਧੀਆਂ ਵਿੱਚ ਹਿੱਸਾ ਲਿਆ। ਪ੍ਰੀਖਿਆ ਤੋਂ ਬਾਅਦ ਸਫ਼ਲ ਉਮੀਦਵਾਰਾਂ ਦੀ ਚੋਣ ਕੀਤੀ ਗਈ। ਕੁੱਲ 25 ਕੈਡਿਟਾਂ ਦੀ ਚੋਣ ਕੀਤੀ ਗਈ, ਇਨ੍ਹਾਂ ਵਿੱਚ 15 ਸੀਨੀਅਰ ਡਿਵੀਜ਼ਨ (ਛ4) ਕੈਡਿਟ ਅਤੇ 10 ਸੀਨੀਅਰ ਵਿੰਗ (ਛਉ) ਕੈਡਿਟ ਸ਼ਾਮਲ ਹਨ। ਚੋਣ ਪ੍ਰਕਿਰਿਆ ਦੌਰਾਨ, ਐੱਨ.ਸੀ.ਸੀ. ਦੇ ਅਧਿਕਾਰੀਆਂ ਨੇ ਵਿਦਿਆਰਥੀਆਂ ਨੂੰ ਐੱਨ.ਸੀ.ਸੀ.ਵਿੱਚ ਸ਼ਾਮਲ ਹੋਣ ਦੇ ਬਹੁਪੱਖੀ ਲਾਭਾਂ ਬਾਰੇ ਵਿਸਤ੍ਰਿਤ ਜਾਣਕਾਰੀ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਐੱਨ.ਸੀ.ਸੀ.ਸਿਰਫ਼ ਫੌਜੀ ਸਿਖਲਾਈ ਨਹੀਂ ਦਿੰਦਾ, ਬਲਕਿ ਇਹ ਲੀਡਰਸ਼ਿਪ, ਚਰਿੱਤਰ ਨਿਰਮਾਣ, ਸਮਾਜ ਸੇਵਾ ਅਤੇ ਰਾਸ਼ਟਰੀ ਏਕਤਾ ਵਰਗੇ ਗੁਣਾਂ ਨੂੰ ਵੀ ਵਿਕਸਤ ਕਰਦਾ ਹੈ।ਇਸ ਮੌਕੇ 'ਤੇ ਸਕੂਲ ਦੇ ਪ੍ਰਿੰਸੀਪਲ ਡਾ. ਧੀਰਜ ਕੁਮਾਰ ਥਪਲਿਆਲ ਅਤੇ ਅਸਟੇਟ ਅਫ਼ਸਰ ਕੈਪਟਨ ਰਣਜੀਤ ਸਿੰਘ ਵੀ ਮੌਜੂਦ ਸਨ, ਉਹਨਾਂ ਨੇ ਚੁਣੇ ਗਏ ਕੈਡਿਟਾਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਆਪਣੇ ਭਵਿੱਖ ਦੇ ਯਤਨਾਂ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਕਿਹਾ ਕਿ ਐੱਨ.ਸੀ.ਸੀ. ਦੀ ਸਿਖਲਾਈ ਉਨ੍ਹਾਂ ਨੂੰ ਜ਼ਿੰਦਗੀ ਵਿੱਚ ਹਰ ਪੜਾਅ 'ਤੇ ਸਫ਼ਲ ਹੋਣ ਵਿੱਚ ਮਦਦ ਕਰੇਗੀ। ਸਕੂਲ ਦੀ ਮੈਨੇਜਮੈਂਟ ਕਮੇਟੀ ਦੇ ਮੈਂਬਰ ਸਰਦਾਰ ਮਨਿੰਦਰਜੀਤ ਸਿੰਘ ਬੈਨੀਪਾਲ ਨੇ ਵੀ ਕੈਡਿਟਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕਰਦੇ ਹੋਏ ਉਨ੍ਹਾਂ ਨੂੰ ਲਗਨ ਅਤੇ ਸਮਰਪਣ ਨਾਲ ਸਿਖਲਾਈ ਪ੍ਰਾਪਤ ਕਰਨ ਲਈ ਉਤਸ਼ਾਹਿਤ ਕੀਤਾ।

# ਪੰਡੋਰੀ ਅਤੇ ਠੱਕਰਵਾਲ ਸਕੂਲ ਵੱਲੋਂ ਤਿਰੰਗਾ ਯਾਤਰਾ



ਮੁੱਲਾਂਪੁਰ ਦਾਖਾ, 27 ਮਈ (ਦਵਿੰਦਰ ਸਿੰਘ ਲੰਮੇਂ) : ਗੋਲਡਨ ਅਰਥ ਕਾਨਵੈਂਟ ਸਕੂਲ ਪੰਡੋਰੀ ਅਤੇ ਸ਼੍ਰੀ ਗੁਰੂ ਹਰਗੋਬਿੰਦ ਸੀਨੀਅਰ ਸੈਕੰਡਰੀ ਸਕੂਲ ਠੱਕਰਵਾਲ ਵੱਲੋਂ ਸਾਂਝੇ ਤੌਰ 'ਤੇ ਤਿਰੰਗਾ ਯਾਤਰਾ ਦਾ ਆਯੋਜਨ ਕੀਤਾ ਗਿਆ, ਜਿਸ ਨੂੰ ਉਪ ਪੁਲਿਸ ਕਪਤਾਨ ਵਰਿੰਦਰ ਸਿੰਘ ਖੋਸਾ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਇਸ ਯਾਤਰਾ ਵਿੱਚ ਦੋਵਾਂ ਸਕੂਲਾਂ ਦੇ 400 ਵਿਦਿਆਰਥੀਆ ਅਤੇ ਐਨ. ਸੀ. ਸੀ. ਕੈਡਿਟਾਂ ਨੇ ਹਿੱਸਾ ਲੈਂਦਿਆਂ ਜੈ ਹਿੰਦ, ਇਨਕਲਾਬ ਜ਼ਿੰਦਾਬਾਦ,ਅਤੇ ਵੰਦੇ ਮਾਤਰਮਦੇਸ਼ ਭਗਤੀ ਦੇ ਨਾਅਰ ਲਗਾਏ ਅਤੇ ਭਾਰਤੀ ਫੌਜ ਵੱਲੋਂ ਕੀਤੇ ਗਏ ਆਪਰੇਸ਼ਨ ਸਿੰਧੂਰ ਦੀ ਸ਼ਲਾਘਾ ਕੀਤੀ । ਇਸ ਮੌਕੇ ਡੀ.ਐਸ.ਪੀ ਖੋਸਾ ਨੇ ਕਿਹਾ ਕਿ ਆਪਰੇਸ਼ਨ ਸਿੰਧੂਰ ਵਿੱਚ ਸ਼ਾਮਲ ਉਹਨਾਂ ਸਾਰੇ ਅਫਸਰਾਂ ਅਤੇ ਫੌਜੀ ਜਵਾਨਾਂ ਨਾਲ ਪੂਰਾ ਦੇਸ਼ ਖੜਾ ਰਿਹਾ ਅਤੇ ਉਹਨਾਂ ਦੀ ਹੌਂਸਲਾ ਅਫਜ਼ਾਈ ਵੀ ਕਰਦਾ ਰਿਹਾ, ਜਿਸ ਵਿੱਚ ਦੇਸ਼ ਦੇ ਜਵਾਨਾ ਨੇ ਪਹਿਲਗਾਮ ਦੀ ਧਰਤੀ 'ਤੇ ਮਾਰੇ ਗਏ ਆਮ ਨਾਗਰਿਕਾਂ ਦਾ ਬਦਲਾ ਲਿਆ । ਉਹਨਾਂ ਉੱਕਤ ਦੋਵੇਂ ਸਕੂਲ ਪ੍ਰਬੰਧਕਾਂ ਵੱਲੋਂ ਕੱਢੀ ਗਈ ਇਸ ਤਿਰੰਗਾ ਯਾਤਰਾ ਦੀ ਸ਼ਲਾਘਾ ਕੀਤੀ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਚੇਅਰਮੈਨ ਬਲਦੇਵ ਕ੍ਰਿਸ਼ਨ ਅਰੋੜਾ ਨੇ ਕਿਹਾ ਕਿ ਇਸ ਯਾਤਰਾ ਦਾ ਮਕਸਦ ਵਿਦਿਆਰਥੀਆਂ ਅੰਦਰ ਦੇਸ਼ ਦੇ ਫੌਜੀ ਜਵਾਨਾ ਵਾਂਗ ਦੇਸ਼ ਭਾਵਨਾ ਪ੍ਰਤੀ ਪਿਆਰ ਜਗਾਉਣਾ ਸੀ ।

ਇਸ ਮੌਕੇ ਵਾਈਸ ਚੇਅਰਮੈਨ ਗੁਲਸ਼ਨ ਲੂਥਰਾ, ਪ੍ਰਧਾਨ ਡਾ: ਮਨਿੰਦਰਪਾਲ ਅਰੋੜਾ, ਪ੍ਰਿੰਸੀਪਲ ਗੁਰਪ੍ਰੀਤ ਕੌਰ, ਹਰਪ੍ਰੀਤ ਕੌਰ ਵਿਰਕ, ਚੇਅਰਮੈਨ ਕੁਲਵਿੰਦਰ ਸਿੰਘ, ਮੈਨੇਜਰ ਹਰਗੁਨ ਸਿੰਘ, ਸੁਖਦੀਪ ਕੌਰ, ਜਤਿੰਦਰ ਕੁਮਾਰ, ਲਖਵੀਰ ਸਿੰਘ ਅਤੇ ਰਾਕੇਸ਼ ਕੁਮਾਰ ਆਦਿ ਸ਼ਾਮਲ ਸਨ।

# ਹਰਜਿੰਦਰ ਸਿੰਘ ਸੰਧੂ ਨੇ ਡੇਹਲੋਂ ਦੇ ਬੀ.ਡੀ.ਪੀ.ਓ. ਦਾ ਚਾਰਜ ਸੰਭਾਲਿਆ



ਡੇਹਲੋਂ, 27 ਮਈ (ਅਮਰਜੀਤ ਸਿੰਘ ਸੰਧੂ/ਰਣਬੀਰ ਸਿੰਘ ਮਹਿਮੀ) : ਪੰਜਾਬ ਸਰਕਾਰ ਵੱਲੋਂ ਕੀਤੇ ਤਬਾਦਲਿਆਂ ਤਹਿਤ ਬਦਲ ਕੇ ਆਏ ਬਲਾਕ ਡੇਹਲੋਂ ਦੇ ਨਵੇਂ ਬੀ.ਡੀ.ਪੀ.ਓ ਹਰਜਿੰਦਰ ਸਿੰਘ ਸੰਧੂ ਨੇ ਆਪਣਾ ਚਾਰਜ ਸੰਭਾਲ ਲਿਆ।ਇਸ ਮੌਕੇ ਪੰਚਾਇਤ ਸਕੱਤਰਾਂ ਸਮੇਤ ਸਮੂਹ ਦਫ਼ਤਰੀ ਸਟਾਫ ਨੇ ਗੁਲਦਸਤਾ ਭੇਂਟ ਕਰਕੇ ਉਨ੍ਹਾਂ ਦਾ ਸਵਾਗਤ ਕੀਤਾ। ਇਸ ਮੌਕੇ ਗੱਲਬਾਤ ਕਰਦਿਆ ਬੀ.ਡੀ.ਪੀ.ਓ ਹਰਜਿੰਦਰ ਸਿੰਘ ਸੰਧੂ ਨੇ ਕਿਹਾ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਵਿਭਾਗੀ ਕੰਮ ਨੂੰ ਪਾਰਦਰਸ਼ੀ ਢੰਗ ਨਾਲ ਕੀਤਾ ਜਾਵੇਗਾ ਤੇ ਪੰਚਾਂ-ਸਰਪੰਚਾਂ ਨੂੰ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ, ਉਥੇ ਹੀ ਬਲਾਕ ਅਧੀਨ ਪਿੰਡਾਂ ਦੀ ਬਿਹਤਰੀ ਲਈ ਵਿਸ਼ੇਸ਼ ਯਤਨ ਕੀਤੇ ਜਾਣਗੇ।

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੱਖੋ-ਗੱਦੋਵਾਲ ਨੂੰ ਵਾਟਰ ਕੂਲਰ ਤੇ ਆਰਓ ਦਾਨ ਕੀਤਾ



ਸਾਹਨੇਵਾਲ ਕੁਹਾੜਾ, 27 ਮਈ (ਕੁਲਦੀਪ ਸਿੰਘ ਕੁਹਾੜਾ) : ਬੀਤੇ ਦਿਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੱਖੋ- ਗੱਦੋਵਾਲ ਦੇ ਬੱਚਿਆਂ ਨੂੰ ਅੱਤ ਦੀ ਗਰਮੀ ਵਿੱਚ ਠੰਡਾ ਪਾਣੀ ਵਾਸਤੇ ਸਮਾਜ ਸੇਵੀ ਅਤੇ ਦਾਨੀ ਸੱਜਣ ਸ. ਰੁੜ ਸਿੰਘ ਜੀ ਵੱਲੋਂ ਸਕੂਲ ਲਈ ਤਕਰੀਬਨ 50 ਹਜ਼ਾਰ ਦੀ ਲਾਗਤ ਨਾਲ ਵਾਟਰ ਕੂਲਰ ਅਤੇ ਆਰਓ ਸਿਸਟਮ ਦਾਨ ਕੀਤਾ ਗਿਆ। ਇਸ ਮੌਕੇ ਸਕੂਲ ਪ੍ਰਿੰਸੀਪਲ ਸ. ਗੁਰਦੀਪ ਸਿੰਘ ਅਤੇ ਸਮੂਹ ਸਟਾਫ ਤੇ ਵਿਦਿਆਰਥੀਆਂ ਵੱਲੋਂ ਉਹਨਾਂ ਦਾ ਨਿੱਘਾ ਸਵਾਗਤ ਕਰਕੇ ਧੰਨਵਾਦ ਕੀਤਾ ਗਿਆ। ਸਮੂਹ ਸਟਾਫ ਵੱਲੋਂ ਉਹਨਾਂ ਨੂੰ ਇਸ ਨੇਕ ਕੰਮ ਲਈ ਟਰੋਫੀ ਨਾਲ ਸਨਮਾਨ ਕੀਤਾ ਗਿਆ ਤੇ ਉਹਨਾਂ ਦੀ ਲੰਮੀ ਉਮਰ ਦੀ ਅਰਦਾਸ ਵੀ ਕੀਤੀ। ਇਸ ਮੌਕੇ ਸਰਦਾਰ ਜਸਵਿੰਦਰ ਸਿੰਘ ਅਭਿਸ਼ੇਕ ਮਨੋਚਾ ਰਾਜਕੁਮਾਰ ,ਗੁਰਪ੍ਰੀਤ ਸਿੰਘ, ਨਿਸ਼ਕਾਮ ਮੈਡਮ ਗੁਰਸ਼ਰਨਜੀਤ ਕੌਰ, ਮਨਜਿੰਦਰ ਕੌਰ ਜਸਵੀਰ ਕੌਰ ਸੁਖਵਿੰਦਰ ਕੌਰ ਕੁਲਦੀਪ ਕੌਰ ਰਬੀਨਾ, ਕਮਲਜੋਤ ਕੌਰ ਆਦਿ ਹਾਜ਼ਰ ਸਨ।

# ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਸ਼ਰਧਾ ਨਾਲ ਮਨਾਇਆ ਜਾਵੇਗਾ



ਲੁਧਿਆਣਾ, 27 ਮਈ (ਕਰਨੈਲ ਸਿੰਘ ਐੱਮ.ਏ.) : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਗੁਰੂ ਤੇਗ਼ ਬਹਾਦਰ ਨਗਰ, ਗਲੀ ਨੰਬਰ 2, ਚੰਡੀਗੜ੍ਹ ਰੋਡ ਵਿਖੇ ਪੰਜਵੇਂ ਪਾਤਸ਼ਾਹ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ । ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ੍ਰ: ਗੁਰਮੀਤ ਸਿੰਘ ਸਿੰਘ ਤੇ ਖ਼ਜ਼ਾਨਚੀ ਸ੍ਰ: ਸੁਰਜੀਤ ਸਿੰਘ ਖੁਰਾਣਾ ਨੇ ਦੱਸਿਆ ਕਿ ਅੱਜ 28 ਮਈ ਨੂੰ ਸਵੇਰੇ 10 ਵਜੇ ਅਖੰਡ-ਪਾਠ ਸਾਹਿਬ ਆਰੰਭ ਹੋਵੇਗਾ। ਜਿਸ ਦੀ ਸਮਾਪਤੀ 30 ਮਈ ਨੂੰ ਸਵੇਰੇ 9 ਵਜੇ ਹੋਵੇਗੀ, ਉਪਰੰਤ ਵਿਸ਼ੇਸ਼ ਦੀਵਾਨ ਸਜੇਗਾ ਜਿਸ ਵਿੱਚ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਦੀਆਂ ਬੀਬੀਆਂ ਵੱਲੋਂ ਸੁੱਖਾਂ ਦੀ ਮਨੀ ਸੁਖਮਨੀ ਸਾਹਿਬ ਦਾ ਪਾਠ ਕੀਤਾ ਜਾਵੇਗਾ ਅਤੇ ਗੁਰਬਾਣੀ ਦੇ ਰਸ-ਭਿੰਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਅਰਵਿੰਦਰ ਸਿੰਘ ਜੀ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਜੀਵਨ ਅਤੇ ਇਤਿਹਾਸ ਬਾਰੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਨਗੇ । ਇਸ ਮੌਕੇ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਜਾਵੇਗੀ ਅਤੇ ਸਮਾਪਤੀ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

# ਪੁਲਿਸ ਤਸ਼ੱਦਦ ਕਾਰਨ ਹੋਈ ਨਰਿੰਦਰਜੀਤ ਦੀ ਮੌਤ ਕਾਲੇ ਦੌਰ ਦੀ ਸ਼ੁਰੂਆਤ ਦੀ ਨਿਸ਼ਾਨੀ : ਕਾਮਰੇਡ ਸੇਖੋਂ

ਮੁੱਲਾਂਪੁਰ ਦਾਖਾ, 27 ਮਈ (ਦਵਿੰਦਰ ਸਿੰਘ ਲੰਮੇਂ) : ਵਿੱਦਿਅਕ ਖੇਤਰ ਵਿੱਚ ਨਿਪੁੰਨ ਨਰਿੰਦਰਜੀਤ ਸਿੰਘ ਦੀ ਕੱਥਿਤ ਤੌਰ 'ਤੇ ਪੁਲਿਸ ਤਸ਼ੱਦਦ ਨਾਲ ਹੋਈ ਮੌਤ ਨੇ ਕਈ ਤਰ੍ਹਾਂ ਦੇ ਸੁਆਲ ਖੜ੍ਹੇ ਕਰ ਦਿੱਤੇ ਹਨ, ਆਮ ਲੋਕ ਇਸ ਮੌਤ ਨੂੰ ਅੱਤਵਾਦ ਸਮੇਂ ਹੁੰਦੇ ਰਹੇ ਪੁਲਿਸ ਦੇ ਵਹਿਸ਼ੀ ਤਸ਼ੱਦਦ ਨਾਲ ਜੋੜ ਕੇ ਵੇਖ ਰਹੇ ਹਨ। ਮਾਮਲਾ ਭੱਖਣ 'ਤੇ ਬਠਿੰਡਾ ਪੁਲਿਸ ਵੱਲੋਂ ਹੁਣ ਇਸ ਮਾਮਲੇ ਸਬੰਧੀ ਤਿੰਨ ਪੁਲਿਸ ਮੁਲਾਜਮਾਂ ਸਮੇਤ ਪੰਜ ਵਿਅਕਤੀਆਂ 'ਤੇ ਮੁਕੱਦਮਾ ਦਰਜ ਕਰ ਲਿਆ ਹੈ। ਉੱਕਤ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਸੀ.ਪੀ. ਆਈ.ਐੱਮ. ਪੰਜਾਬ ਦੇ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਵੱਲੋਂ ਥਾਣਿਆਂ 'ਚ ਤਸ਼ੱਦਦ ਅਤੇ ਪੁਲਸੀਆ ਕਾਰਵਾਈ ਦੀ ਸਖ਼ਤ ਨਿੰਦਾ ਕਰਦਿਆਂ ਕਾਲੇ ਦੌਰ ਦੀ ਸ਼ੁਰੂਆਤ ਦੀ ਨਿਸ਼ਾਨੀ ਦੱਸਿਆ ਗਿਆ ਹੈ। ਸੇਖੋਂ ਨੇ ਕਿਹਾ ਕਿ ਪੁਲਿਸ ਦਾ ਕੰਮ ਮੁਲਜਮ ਨੂੰ ਗ੍ਰਿਫਤਾਰ ਕਰਕੇ ਅਦਾਲਤ ਵਿੱਚ ਪੇਸ਼ ਕਰਨਾ ਹੈ, ਇਨਸਾਫ ਦੇਣਾ ਅਦਾਲਤਾਂ ਦਾ ਕੰਮ ਹੈ। ਪੁਲਿਸ ਵੱਲੋਂ ਅਣਮਨੁੱਖੀ ਤਸ਼ੱਦਦ ਕਰਨਾ ਪੰਜਾਬ ਦੇ ਅੱਤਵਾਦ ਦੇ ਦਿਨਾਂ ਦੀ ਯਾਦ ਦਿਵਾਉਂਦਾ ਹੈ ਅਤੇ ਅਜਿਹੀਆਂ ਕਾਰਵਾਈਆਂ ਕਾਲੇ ਦੌਰ ਦੀ ਸ਼ੁਰੂਆਤ ਮੰਨੀਆਂ ਜਾ ਸਕਦੀਆਂ ਹਨ। ਉਹਨਾਂ ਕਿਹਾ ਥਾਣਿਆਂ ਵਿੱਚ ਤਸ਼ੱਦਦ ਕਰਨਾ ਜਾਂ ਲੱਤਾਂ ਵਿੱਚ ਗੋਲੀਆਂ ਮਾਰ ਕੇ ਫੱਟੜ ਕਰਨਾ ਪੁਲਿਸ ਦੀ ਵਹਿਸ਼ੀ ਕਾਰਵਾਈ ਹੈ।

## ਜਹਾਨਖੇਲਾਂ 'ਚ ਟ੍ਰੇਨਿੰਗ ਲੈਣ ਆਏ ਰੰਗਰੂਟਾਂ ਦਾ ਡੋਪ ਟੈਸਟ ਪਾਜ਼ੀਟਿਵ

☛ਸਾਰੇ ਰੰਗਰੂਟ 'ਮੁੱਢਲੀ ਟ੍ਰੇਨਿੰਗ ਪੂਰੀ ਕੀਤੇ ਬਿਨਾਂ' ਜੱਦੀ ਜ਼ਿਲ੍ਹਿਆਂ 'ਚ ਭੇਜੇ

ਚੰਡੀਗੜ੍ਹ, 27 ਮਈ (ਚ.ਨ.ਸ.): ਪੁਲਿਸ ਰਿਕਰੂਟ ਟਰੇਨਿੰਗ ਸੈਂਟਰ (ਪੀਆਰਟੀਸੀ) ਜਹਾਨਖੇਲਾਂ ਵਿੱਚ ਬੇਸਿਕ ਟਰੇਨਿੰਗ ਲਈ ਆਏ ਬੈਚ ਨੰਬਰ-270 ਦੇ ਰੰਗਰੂਟ ਸਿਪਾਹੀਆਂ ਵਿੱਚੋਂ ਛੇ ਦੇ ਡੋਪ ਟੈਸਟ ਪਾਜ਼ੇਟਿਵ ਪਾਏ ਗਏ ਹਨ। ਇਹ ਮਾਮਲਾ ਪੰਜਾਬ ਦੇ ਡੀਜੀਪੀ ਗੌਰਵ ਯਾਦਵ ਵੱਲੋਂ 'ਮਿਸ਼ਨ ਨਸ਼ਾ ਮੁਕਤ ਪੰਜਾਬ' ਤਹਿਤ ਪੰਜਾਬ ਨੂੰ 31 ਮਈ ਤੱਕ ਨਸ਼ਾ ਮੁਕਤ ਬਣਾਉਣ ਦੇ ਦਾਅਵੇ ਦੌਰਾਨ ਸਾਹਮਣੇ ਆਇਆ ਹੈ। ਸਾਰੇ ਛੇ ਰੰਗਰੂਟਾਂ ਨੂੰ 'ਮੁੱਢਲੀ ਟਰੇਨਿੰਗ ਪੂਰੀ ਕੀਤੇ ਬਿਨਾਂ' ਹੀ ਉਨ੍ਹਾਂ ਨੂੰ ਜੱਦੀ ਜ਼ਿਲ੍ਹਿਆਂ 'ਚ ਭੇਜ ਦਿੱਤਾ ਗਿਆ ਹੈ, ਜਿਨ੍ਹਾਂ ਨੂੰ ਆਪਣੀ ਟਰੇਨਿੰਗ ਪੂਰੀ ਕਰਨ ਅਤੇ ਪੁਲਿਸ 'ਚ ਸੇਵਾ ਦਾ ਮੌਕਾ ਦੇਣ ਤੋਂ ਪਹਿਲਾਂ ਲਾਜ਼ਮੀ ਨਸ਼ਾ ਮੁਕਤੀ ਜਾਂ ਮੁੜ ਵਸੇਬੇ ਵਿੱਚੋਂ ਨਹੀਂ ਗੁਜ਼ਰਨਾ ਪਵੇਗਾ। ਇਨ੍ਹਾਂ ਵਿੱਚ ਅਰਸ਼ਦੀਪ ਸਿੰਘ, ਮਨੀਸ਼ ਅਤੇ ਸੁਮਿਤ ਮਲਹੋਤਰਾ ਜ਼ਿਲ੍ਹਾ ਪਟਿਆਲਾ, ਤੇਜ ਵਿਕਰਮਜੀਤ ਸਿੰਘ ਅਤੇ ਆਦੇਸ਼ ਪ੍ਰਤਾਪ ਸਿੰਘ ਜ਼ਿਲ੍ਹਾ ਤਰਨ ਤਾਰਨ ਅਤੇ ਅਮਰਜੀਤ ਸਿੰਘ ਜ਼ਿਲ੍ਹਾ ਲੁਧਿਆਣਾ ਸ਼ਾਮਲ ਹਨ। ਟਰੇਨਿੰਗ ਸੈਂਟਰ ਦੇ ਉਪ-ਪੁਲਿਸ ਕਪਤਾਨ ਕੁਲਦੀਪ ਸਿੰਘ ਮੁਤਾਬਕ ਇਨ੍ਹਾਂ ਸਿਪਾਹੀਆਂ 'ਤੇ ਸ਼ੱਕ ਹੋਣ ਕਾਰਨ ਇਨ੍ਹਾਂ ਨੂੰ ਸਿਵਲ ਹਸਪਤਾਲ ਹੁਸ਼ਿਆਰਪੁਰ ਵਿੱਚ ਡੋਪ ਟੈਸਟ ਲਈ ਭੇਜਿਆ ਗਿਆ ਸੀ। ਟੈਸਟ ਰਿਪੋਰਟ ਪਾਜ਼ੇਟਿਵ ਆਉਣ 'ਤੇ ਇਨ੍ਹਾਂ ਨੂੰ ਬਿਨਾਂ ਬੇਸਿਕ ਟਰੇਨਿੰਗ ਪਾਸ ਕੀਤੇ ਫ਼ਾਰਗ ਕਰਨ ਲਈ ਉੱਚ ਅਧਿਕਾਰੀਆਂ ਨੂੰ ਲਿਖ ਦਿੱਤਾ ਗਿਆ ਹੈ। ਸੂਤਰਾਂ ਮੁਤਾਬਕ ਛੇ ਰੰਗਰੂਟਾਂ ਦੇ ਇਸ ਮਾਮਲੇ ਨੇ ਪੀਆਰਟੀਸੀ ਜਹਾਨਖੇਲਾਂ ਦੇ ਅਧਿਕਾਰੀਆਂ ਨੂੰ ਹੈਰਾਨ ਕਰ ਦਿੱਤਾ ਹੈ, ਜਿੱਥੇ ਸੈਂਕੜੇ ਹੋਰ ਰੰਗਰੂਟ ਟਰੇਨਿੰਗ ਲੈ ਰਹੇ ਹਨ। ਉਨ੍ਹਾਂ ਕਿਹਾ, "ਇਹ ਛੇ ਰੰਗਰੂਟ ਸ਼ੱਕੀ ਤੌਰ 'ਤੇ ਕਿਸੇ ਨਸ਼ੀਲੇ ਪਦਾਰਥ ਦੇ ਅਸਰ ਹੇਠ ਸਨ ਅਤੇ ਇਸ ਗੱਲ ਦੀ ਜਾਂਚ ਦੀ ਵੀ ਲੋੜ ਹੈ ਕਿ ਉਨ੍ਹਾਂ ਨੂੰ ਟਰੇਨਿੰਗ ਸੈਂਟਰ 'ਚ ਨਸ਼ੀਲਾ ਪਦਾਰਥ ਕਿਵੇਂ ਮਿਲਿਆ।"

## ਏਮਜ਼ ਦੀ ਪਹਿਲੀ ਮਹਿਲਾ ਡਾਇਰੈਕਟਰ ਸਨੇਹ ਭਾਰਗਵ ਨੇ ਪੁਸਤਕ 'ਦਿ ਵਿਮੈਨ ਹੂ ਰਨ ਏਮਜ਼' 'ਚ ਇੰਦਰਾ ਗਾਂਧੀ ਬਾਰੇ ਜਾਣਕਾਰੀ ਕੀਤੀ ਸਾਂਝੀ

ਨਵੀਂ ਦਿੱਲੀ, 27 ਮਈ (ਚ.ਨ.ਸ.): ਸਾਬਕਾ ਪ੍ਰਧਾਨ ਮੰਤਰੀ ਮਰਹੂਮ ਇੰਦਰਾ ਗਾਂਧੀ ਹੱਤਿਆ ਤੋਂ ਬਾਅਦ ਪਹਿਲੀ ਵਾਰ 31 ਅਕਤੂਬਰ 1984 ਦੇ ਘਟਨਾਕ੍ਰਮ ਦਾ ਵਿਸਤਾਰ ਨਾਲ ਵੇਰਵਾ ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸ, ਨਵੀਂ ਦਿੱਲੀ ਦੀ ਪਹਿਲੀ ਤੇ ਇੱਕੋ-ਇੱਕ ਮਹਿਲਾ ਡਾਇਰੈਕਟਰ ਸਨੇਹ ਭਾਰਗਵ ਨੇ ਆਪਣੀ ਹਾਲ ਹੀ ਵਿੱਚ ਪ੍ਰਕਾਸ਼ਿਤ ਪੁਸਤਕ 'ਚ ਸਾਂਝਾ ਕੀਤਾ ਹੈ। ਜਗਰਨੌਟ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਿਤ 'ਦਿ ਵਿਮੈਨ ਹੂ ਰਨ ਏਮਜ਼' ਇਸ ਕਰਕੇ ਵੀ ਅਹਿਮ ਹੈ, ਕਿਉਂਕਿ ਇਸ ਵਿੱਚ ਹੁਣ ਤੱਕ ਲੁਕੀ ਜਾਣਕਾਰੀ ਸਾਹਮਣੇ ਲਿਆਂਦੀ ਗਈ ਹੈ ਕਿ 31 ਅਕਤੂਬਰ, 1984 ਨੂੰ ਜਦੋਂ ਇੰਦਰਾ ਗਾਂਧੀ ਨੂੰ ਗੋਲੀ ਮਾਰੀ ਗਈ ਸੀ ਅਤੇ ਉਨ੍ਹਾਂ ਨੂੰ ਏਮਸ ਲਿਆਂਦਾ ਗਿਆ ਸੀ ਤਾਂ ਉਸ ਸਮੇਂ ਤੋਂ ਲੈ ਕੇ ਉਨ੍ਹਾਂ ਦੀ ਦੇਹ ਨੂੰ ਸ਼ਰਧਾਂਜਲੀਆਂ ਲਈ ਤੀਨ ਮੂਰਤੀ ਭਵਨ ਲਿਜਾਣ ਤੱਕ ਕੀ-ਕੀ ਹੋਇਆ ਸੀ। 31 ਅਕਤੂਬਰ 1984 ਨੂੰ ਹੀ ਸਨੇਹ ਭਾਰਗਵ ਦਾ ਏਮਸ ਦੇ ਡਾਇਰੈਕਟਰ ਵਜੋਂ ਪਹਿਲਾ ਦਿਨ ਸੀ। ਇੰਦਰਾ ਗਾਂਧੀ ਨੇ ਹੀ ਉਨ੍ਹਾਂ ਨੂੰ ਇਸ ਅਹੁਦੇ 'ਤੇ ਨਿਯੁਕਤ ਕੀਤਾ ਸੀ। ਫਿਰੋਜ਼ਪੁਰ 'ਚ ਜਨਮੀ ਭਾਰਗਵ ਉਸ ਦਿਨ ਨੂੰ ਯਾਦ ਕਰਦੇ ਹਨ, 'ਮੈਂ ਅਧਿਕਾਰਤ ਤੌਰ 'ਤੇ ਕਾਰਜਭਾਰ ਵੀ ਨਹੀਂ ਸੰਭਾਲਿਆ ਸੀ। ਉਸ ਦਿਨ ਸਵੇਰੇ 9 ਵਜੇ ਮੇਰੀ ਨਿਯੁਕਤੀ ਦੀ ਪੁਸ਼ਟੀ ਲਈ ਪ੍ਰੋਫਾਰਮਾ ਮੀਟਿੰਗ ਚੱਲ ਰਹੀ ਸੀ ਕਿ ਰੇਡੀਓਗ੍ਰਾਫਰ ਦਰਵਾਜ਼ੇ ਅੰਦਰ ਦਾਖਲ ਹੋਇਆ ਤੇ ਉਸ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਗੰਭੀਰ ਜ਼ਖ਼ਮੀ ਹੋ ਗਏ ਹਨ। ਸਾਰੇ ਪਾਸੇ ਭਗਦੜ ਮਚ ਗਈ। ਇੰਦਰਾ ਗਾਂਧੀ ਨੇ ਜਦੋਂ ਕਈ ਪੁਰਸ਼ ਦਾਅਵੇਦਾਰਾਂ ਨੂੰ ਦਰਕਿਨਾਰ ਕਰਦਿਆਂ ਉਨ੍ਹਾਂ ਨੂੰ ਸੰਸਥਾ ਦਾ ਡਾਇਰੈਕਟਰ ਨਿਯੁਕਤ ਕੀਤਾ ਸੀ ਤਾਂ ਉਸ ਸਮੇਂ ਉਹ ਏਮਸ 'ਚ ਰੇਡੀਓਲੋਜੀ ਵਿਭਾਗ ਦੇ ਮੁਖੀ ਸਨ। ਸਨੇਹ ਭਾਰਗਵ, ਜੋ ਹੁਣ 94 ਸਾਲਾਂ ਦੇ ਹੋ ਚੁੱਕੇ ਹਨ ਨੇ ਪੱਤਰਕਾਰ' ਨੂੰ ਦੱਸਿਆ 31 ਅਕਤੂਬਰ 1984 ਦੀਆਂ ਯਾਦਾਂ ਅੱਜ ਵੀ ਉਨ੍ਹਾਂ ਨੂੰ ਪ੍ਰੇਸ਼ਾਨ ਕਰਦੀਆਂ ਹਨ, ਜਦੋਂ ਉਨ੍ਹਾਂ ਪਹਿਲੀ ਵਾਰ ਇੰਦਰਾ ਗਾਂਧੀ ਦੀ ਲਾਸ਼ ਏਮਸ ਦੇ ਐਮਰਜੈਂਸੀ ਵਿਭਾਗ ਦੇ ਸਟਰੈਚਰ 'ਤੇ ਦੇਖੀ। ਉਨ੍ਹਾਂ ਇਸ ਪੱਤਰਕਾਰ ਨੂੰ ਦੱਸਿਆ, 'ਮੈਂ ਦੇਖਿਆ ਕਿ ਸਟਰੈਚਰ 'ਤੇ ਚਾਦਰ ਵੀ ਨਹੀਂ ਸੀ। ਇੰਦਰਾ ਗਾਂਧੀ ਦੇ ਨਿੱਜੀ ਸਕੱਤਰ ਆਰਕੇ ਧਵਨ ਤੇ ਸਲਾਹਕਾਰ ਐੱਮਐੱਲ ਫੋਤੇਦਾਰ ਰੋ ਰਹੇ ਸਨ।' ਉਨ੍ਹਾਂ ਯਾਦ ਕੀਤਾ ਕਿ ਕਿਸ ਤਰ੍ਹਾਂ ਇੰਦਰਾ ਗਾਂਧੀ ਨੂੰ ਅੱਠਵੀਂ ਮੰਜ਼ਿਲ 'ਤੇ ਅਪਰੇਸ਼ਨ ਥੀਏਟਰ ਲਿਜਾਇਆ ਗਿਆ ਅਤੇ ਉਨ੍ਹਾਂ ਦੀ ਨੂੰਹ ਸੋਨੀਆ ਗਾਂਧੀ ਲਈ ਸੱਤਵੀਂ ਮੰਜ਼ਿਲ 'ਤੇ ਪ੍ਰਬੰਧ ਕੀਤੇ ਗਏ। ਕਿਤਾਬ 'ਚ ਅੱਗੇ ਦੱਸਿਆ ਗਿਆ ਹੈ ਕਿ, 'ਸਾਨੂੰ ਦੱਸਿਆ ਗਿਆ ਕਿ ਸਾਨੂੰ ਉਨ੍ਹਾਂ ਦੀ ਮੌਤ ਦਾ ਐਲਾਨ ਉਦੋਂ ਤੱਕ ਟਾਲਣਾ ਪਵੇਗਾ ਜਦੋਂ ਤੱਕ ਕਿ ਉਨ੍ਹਾਂ ਦੇ ਪੁੱਤਰ ਰਾਜੀਵ ਗਾਂਧੀ, ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਤੇ ਹੋਰ ਲੋਕ ਦਿੱਲੀ ਨਹੀਂ ਆ ਜਾਂਦੇ। ਰਾਜੀਵ ਗਾਂਧੀ ਚੋਣ ਦੌਰੇ 'ਤੇ ਪੱਛਮੀ ਬੰਗਾਲ 'ਚ ਸਨ ਤੇ ਉਨ੍ਹਾਂ ਵਾਪਸ ਆਉਂਦੇ ਹੀ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕਣੀ ਸੀ। ਅਗਲੇ ਚਾਰ ਘੰਟਿਆਂ ਤੱਕ ਅਸੀਂ ਦਿਖਾਵਾ ਕਰਨਾ ਸੀ ਕਿ ਅਸੀਂ ਇੰਦਰਾ ਗਾਂਧੀ ਦੀ ਜਾਨ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਾਂ।'



**ਏਮਸ ਦੇ ਸਿੱਖ ਅਮਲੇ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਬਚਾਇਆ**: ਸਨੇਹ ਭਾਰਗਵ ਨੇ ਦੱਸਿਆ ਕਿ ਉਨ੍ਹਾਂ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕੀਤੀ ਕਿ ਏਮਸ ਦੇ ਦੋ ਸਿੱਖ ਮੁਲਾਜ਼ਮ ਤੇ ਇੱਕ ਤਕਨੀਸ਼ੀਅਨ ਤੇ ਉਨ੍ਹਾਂ ਦੇ ਪਰਿਵਾਰ ਖ਼ੂਨੀ ਦੰਗਿਆਂ ਦੌਰਾਨ ਸੁਰੱਖਿਅਤ ਰਹਿਣ। ਉਨ੍ਹਾਂ ਕਿਹਾ ਕਿ 'ਮੈਂ ਦਿੱਲੀ ਪੁਲਿਸ ਦੇ ਮੁਖੀ ਨਾਲ ਗੱਲ ਕੀਤੀ ਅਤੇ ਏਮਸ 'ਚ ਪੁਲਿਸ ਮੁਲਾਜ਼ਮ ਤਾਇਨਾਤ ਕੀਤੇ। ਉਨ੍ਹਾਂ ਨੂੰ ਏਮਸ ਦੇ ਗੈਸਟ ਹਾਊਸ 'ਚ ਰੱਖਿਆ ਗਿਆ। ਇਸ ਨਾਲ ਇਹ ਯਕੀਨੀ ਹੋਇਆ ਕਿ ਸਾਡੇ ਸਾਰੇ ਸਿੱਖ ਮੈਂਬਰ ਤੇ ਉਨ੍ਹਾਂ ਦੇ ਪਰਿਵਾਰ ਸੁਰੱਖਿਅਤ ਹਨ।' ਉਨ੍ਹਾਂ ਕਿਹਾ ਕਿ 'ਮੈਂ ਉਦੋਂ ਖੁਦ ਨੂੰ ਪੁੱਛਿਆ ਤੇ ਅੱਜ ਵੀ ਪੁੱਛਦੀ ਹਾਂ, ਅਸੀਂ ਧਰਮ ਦੇ ਆਧਾਰ 'ਤੇ ਕਿਉਂ ਲੜ ਰਹੇ ਹਾਂ? ਕੀ ਅਸੀਂ ਇਕੱਠੇ ਨਹੀਂ ਰਹਿ ਸਕਦੇ?'

## ਨਿਊਜ਼ੀਲੈਂਡ ਪੁਲਿਸ ਕੋਲ ਅਜਿਹੇ ਕੁੱਤੇ ਨੇ ਜੋ ਨਕਲੀ ਨੋਟਾਂ ਦੀ ਵੀ ਕਰਦੇ ਨੇ ਪਛਾਣ

ਨਿਊਜ਼ੀਲੈਂਡ, 27 ਮਈ (ਚ.ਨ.ਸ): ਵਿਕਾਸਸ਼ੀਲ ਦੇਸ਼ਾਂ ਦੇ ਵਿਚ ਕੁੱਤਿਆਂ ਦੀ ਮਹੱਤਤਾ ਭਾਵੇਂ ਉਸ ਪੱਧਰ ਦੀ ਨਾ ਹੋਵੇ ਜਿਸ ਪੱਧਰ ਦੀ ਵਿਕਸਤ ਦੇਸ਼ਾਂ ਦੇ ਵਿਚ ਪਾਈ ਜਾਂਦੀ ਹੈ। ਵਧੀਆ ਨਸਲ ਦੇ ਕੁੱਤੇ ਜਿੱਥੇ ਘਰਾਂ ਦਾ ਸ਼ਿੰਗਾਰ ਬਣਦੇ ਹਨ ਉਤੇ ਮਨੁੱਖੀ ਜਾਤੀ ਦੇ ਬਹੁਤ ਸਾਰੇ ਕੰਮਾਂ ਵਿਚ ਵੀ ਸਹਾਇਤਾ ਕਰਦੇ ਹਨ। ਕੁਝ ਲੋਕਾਂ ਨੂੰ ਕੁੱਤੇ ਬਿੱਲੀਆਂ ਰੱਖਣ ਦੇ ਨਾਲ ਸੁੱਖ ਮਿਲਦਾ ਹੈ ਅਤੇ ਉਹ ਸ਼ਾਂਤੀ ਭਰਿਆ ਜੀਵਨ ਬਤੀਤ ਕਰਦੇ ਹਨ। ਪੁਲਿਸ ਅਤੇ ਹੋਰ ਸੁਰੱਖਿਆ ਏਜੰਸੀਆਂ ਵਧੀਆ ਨਸਲ ਦੇ ਕੁੱਤਿਆਂ ਨੂੰ ਸਿਖਲਾਈ ਦੇ ਕੇ ਉਨ੍ਹਾਂ ਤੋਂ ਕੰਮ ਲੈਂਦੀਆਂ ਹਨ, ਜਿਨ੍ਹਾਂ ਨੂੰ ਮਨੁੱਖ ਦੇ ਲਈ ਕਰਨਾ ਔਖਾ ਹੁੰਦਾ ਹੈ। ਨਿਊਜ਼ੀਲੈਂਡ ਪੁਲਿਸ ਦੇ ਕੋਲ ਅਜਿਹੇ ਕੁੱਤੇ ਹਨ, ਜੋ ਕਿ ਨਕਲੀ ਨੋਟਾਂ ਦੀ ਵੀ ਪਛਾਣ ਕਰ ਲੈਂਦੇ ਹਨ। ਇਨ੍ਹਾਂ ਵਿਸ਼ੇਸ਼ ਨਸਲ ਦੇ ਕੁੱਤਿਆਂ ਨੂੰ ਸੁਗੰਧ ਦੇ ਨਾਲ ਅਜਿਹਾ ਸਿਖਾਇਆ ਜਾਂਦਾ ਹੈ ਕਿ ਉਹ ਨਕਲੀ ਅਤੇ ਅਸਲੀ ਨੋਟਾਂ ਦੀ ਪਛਾਣ ਕਰ ਲੈਂਦੇ ਹਨ। ਇਹ ਕੁੱਤੇ ਹਵਾਈ ਅੱਡਿਆਂ, ਬੰਦਰਗਾਹਾਂ, ਜਹਾਜ਼ਾਂ ਅਤੇ ਗੋਦਾਮਾਂ ਵਿਚ ਕੰਮ ਕਰਦੇ ਵੇਖੇ ਜਾ ਸਕਦੇ ਹਨ। ਹੁਣ ਇਹ ਕੁੱਤੇ ਵੱਡੀ ਮਾਤਰਾ ਵਿੱਚ ਅਣ-ਐਲਾਨੀ ਨਕਦੀ ਲੱਭਣ ਵਿਚ ਮਦਦ ਕਰ ਸਕਦੇ ਹਨ ਜੋ ਦੇਸ਼ ਨੂੰ ਮਨੀ ਲਾਂਡਰਿੰਗ ਅਤੇ ਅਤਿਵਾਦ ਫ਼ੰਡਿੰਗ ਵਰਗੀਆਂ ਸੰਭਾਵੀ ਅਪਰਾਧਕ ਗਤੀਵਿਧੀਆਂ ਤੋਂ ਬਚਾਉਣ ਵਿਚ ਮਦਦ ਕਰਦੇ ਹਨ। ਇਹ ਨਿਊਜ਼ੀਲੈਂਡ ਦੇ ਐਂਟੀ-ਮਨੀ ਲਾਂਡਰਿੰਗ ਅਤੇ ਕਾਊਂਟਰਿੰਗ ਫ਼ਾਈਨੈਂਸਿੰਗ ਆਫ਼ ਟੈਰੋਰਿਜ਼ਮ ਐਕਟ ਦੇ ਤਹਿਤ ਕੀਤਾ ਜਾਂਦਾ ਹੈ। ਨਕਲੀ ਨੋਟਾਂ ਦੇ ਨਾਲ-ਨਾਲ, ਕੁੱਤਿਆਂ ਨੂੰ ਨਸ਼ੀਲੇ ਪਦਾਰਥਾਂ ਅਤੇ ਹਥਿਆਰਾਂ ਦਾ ਪਤਾ ਲਗਾਉਣ ਲਈ ਸਿਖਲਾਈ ਦਿੱਤੀ ਜਾਂਦੀ ਹੈ।



## ਝੋਨੇ ਦੀ ਸਿੱਧੀ ਬਿਜਾਈ ਨੂੰ ਨਹੀਂ ਮਿਲਿਆ ਭਰਵਾਂ ਹੁੰਗਾਰਾ

ਚੰਡੀਗੜ੍ਹ, 27 ਮਈ (ਚ.ਨ.ਸ.): ਪੰਜਾਬ 'ਚ ਐਤਕੀਂ ਝੋਨੇ ਦੀ ਸਿੱਧੀ ਬਿਜਾਈ ਨੂੰ ਕਿਸਾਨਾਂ ਨੇ ਮੱਠਾ ਹੁੰਗਾਰਾ ਦਿੱਤਾ ਹੈ। ਪੰਜਾਬ ਸਰਕਾਰ ਨੇ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ 1500 ਰੁਪਏ ਪ੍ਰਤੀ ਏਕੜ ਦੀ ਵਿੱਤੀ ਮਦਦ ਵੀ ਐਲਾਨੀ ਹੋਈ ਹੈ। ਵਿੱਤੀ ਮਦਦ ਦੇ ਬਾਵਜੂਦ ਕਿਸਾਨ ਪਹਿਲਾਂ ਦੀ ਤਰ੍ਹਾਂ ਸਿੱਧੀ ਬਿਜਾਈ ਵੱਲ ਰੁਚਿਤ ਨਹੀਂ ਹੋ ਰਹੇ ਹਨ। ਸੂਬੇ ਵਿੱਚ 15 ਮਈ ਤੋਂ ਝੋਨੇ ਦੀ ਸਿੱਧੀ ਬਿਜਾਈ ਸ਼ੁਰੂ ਹੋਈ ਹੈ ਅਤੇ ਹੁਣ ਤੱਕ ਸਿੱਧੀ ਬਿਜਾਈ ਹੇਠ 15 ਹਜ਼ਾਰ ਏਕੜ ਰਕਬਾ ਹੀ ਆਇਆ ਹੈ। ਹਾਲੇ ਤੱਕ ਪੰਜਾਬ ਦੇ 1400 ਕਿਸਾਨਾਂ ਨੇ ਸਿੱਧੀ ਬਿਜਾਈ ਕੀਤੀ ਹੈ। ਪੰਜਾਬ ਸਰਕਾਰ ਨੇ ਇਸ ਵਾਰ 5 ਲੱਖ ਏਕੜ ਰਕਬੇ 'ਚ ਝੋਨੇ ਦੀ ਸਿੱਧੀ ਬਿਜਾਈ ਦਾ ਟੀਚਾ ਰੱਖਿਆ ਹੈ ਪਰ ਹਾਲੇ ਤੱਕ ਸਿੱਧੀ ਬਿਜਾਈ ਨੇ ਰਫ਼ਤਾਰ ਨਹੀਂ ਫੜੀ ਹੈ। ਸੂਬਾ ਸਰਕਾਰ ਜ਼ਮੀਨੀ ਪਾਣੀ ਬਚਾਉਣ ਲਈ ਅਤੇ ਲੇਬਰ ਆਦਿ ਦੇ ਖ਼ਰਚਿਆਂ 'ਚ ਕਮੀ ਕਰਨ ਲਈ ਝੋਨੇ ਦੀ ਸਿੱਧੀ ਬਿਜਾਈ ਨੂੰ ਉਤਸ਼ਾਹਿਤ ਕਰ ਰਹੀ ਹੈ। ਇਸ ਨਾਲ ਪਾਣੀ ਦੀ ਕਰੀਬ 15 ਤੋਂ 20 ਫ਼ੀਸਦੀ ਬੱਚਤ ਹੁੰਦੀ ਹੈ। ਪਿਛਲੇ ਸਾਲ 2.53 ਲੱਖ ਏਕੜ ਰਕਬੇ ਵਿੱਚ ਸਿੱਧੀ ਬਿਜਾਈ ਹੋਈ ਸੀ। ਕਈ ਕਿਸਾਨਾਂ ਨੇ



ਦੱਸਿਆ ਕਿ ਇਸ ਵਾਰ ਬਿਜਲੀ ਅਤੇ ਲੇਬਰ ਦੀ ਕੋਈ ਕਮੀ ਨਹੀਂ ਹੈ, ਜਿਸ ਕਰਕੇ ਕਿਸਾਨ ਸਿੱਧੀ ਬਿਜਾਈ ਦੀ ਥਾਂ ਰਵਾਇਤੀ ਤਰੀਕੇ ਨਾਲ ਹੀ ਝੋਨਾ ਲਾਉਣ ਨੂੰ ਤਰਜੀਹ ਦੇ ਰਹੇ ਹਨ। ਪ੍ਰਾਪਤ ਵੇਰਵਿਆਂ ਅਨੁਸਾਰ ਸੂਬਾ ਸਰਕਾਰ ਨੇ ਸਾਲ 2022-23 ਵਿੱਚ ਝੋਨੇ ਦੀ ਸਿੱਧੀ ਬਿਜਾਈ ਤਹਿਤ ਵਿੱਤੀ ਮਦਦ ਦੀ ਸ਼ੁਰੂਆਤ ਕੀਤੀ ਸੀ। ਸਾਲ 2022-23 ਵਿੱਚ ਕਰੀਬ 35 ਹਜ਼ਾਰ ਕਿਸਾਨਾਂ ਜਦਕਿ ਸਾਲ 2023-24 'ਚ ਕਰੀਬ 19 ਹਜ਼ਾਰ ਕਿਸਾਨਾਂ ਨੇ ਝੋਨੇ ਦੀ ਸਿੱਧੀ ਬਿਜਾਈ ਨੂੰ ਤਰਜੀਹ ਦਿੱਤੀ ਸੀ। ਲੰਘੇ ਸਾਲ ਕਰੀਬ 24 ਹਜ਼ਾਰ ਕਿਸਾਨਾਂ ਨੇ ਝੋਨੇ ਦੀ ਸਿੱਧੀ ਬਿਜਾਈ ਕੀਤੀ ਸੀ। ਰਾਜ ਸਰਕਾਰ ਤਿੰਨ ਵਰ੍ਹਿਆਂ ਦੌਰਾਨ ਸਿੱਧੀ ਬਿਜਾਈ ਵਾਲੇ ਕਿਸਾਨਾਂ ਨੂੰ ਕਰੀਬ 55 ਕਰੋੜ ਰੁਪਏ ਦੀ ਵਿੱਤੀ ਮਦਦ ਦੇ ਚੁੱਕੀ ਹੈ। ਪਿਛਲੇ ਵਰ੍ਹੇ ਸੂਬੇ ਵਿੱਚ 32.43 ਲੱਖ ਹੈਕਟੇਅਰ ਰਕਬੇ ਵਿੱਚ ਝੋਨੇ ਦੀ ਬਿਜਾਂਦ ਸੀ ਜਿਸ 'ਚੋਂ 6.80 ਲੱਖ ਹੈਕਟੇਅਰ ਬਾਸਮਤੀ ਹੇਠ ਸੀ। ਮਾਹਿਰ ਆਖਦੇ ਹਨ ਕਿ ਇਸ ਸਾਲ ਬਾਸਮਤੀ ਹੇਠ ਰਕਬਾ ਵਧ ਸਕਦਾ ਹੈ, ਕਿਉਂਕਿ ਸਰਕਾਰ ਨੇ ਪੂਸਾ 44 ਤੇ ਹਾਈਬ੍ਰਿਡ ਕਿਸਮਾਂ 'ਤੇ ਪਾਬੰਦੀ ਲਗਾ ਦਿੱਤੀ ਹੈ। ਦੂਸਰੇ ਪਾਸੇ ਨਰਮੇ ਹੇਠ ਰਕਬੇ ਵਿੱਚ ਥੋੜ੍ਹਾ ਵਾਧਾ ਹੋਇਆ ਹੈ। ਇਸ ਸਾਲ ਹੁਣ ਤੱਕ 1.09 ਲੱਖ ਹੈਕਟੇਅਰ ਰਕਬੇ ਵਿੱਚ ਨਰਮੇ ਦੀ ਬਿਜਾਈ ਹੋ ਚੁੱਕੀ ਹੈ ਜਦਕਿ ਪਿਛਲੇ ਸਾਲ 99 ਹਜ਼ਾਰ ਹੈਕਟੇਅਰ ਰਕਬੇ 'ਚ ਹੀ ਨਰਮੇ ਦੀ ਬਿਜਾਂਦ ਸੀ। ਕਰੀਬ 10 ਹਜ਼ਾਰ ਹੈਕਟੇਅਰ ਰਕਬਾ ਵਧਿਆ ਹੈ।

## ਪੰਜਾਬ 'ਚ ਤੇਲਗੂ ਪੜ੍ਹਾਉਣ ਦੇ ਫ਼ੈਸਲੇ ਦੀ 'ਕੇਂਦਰੀ ਪੰਜਾਬੀ ਲੇਖਕ ਸਭਾ' ਵੱਲੋਂ ਆਲੋਚਨਾ

ਚੰਡੀਗੜ੍ਹ, 27 ਮਈ (ਚ.ਨ.ਸ.): ਕੇਂਦਰੀ ਪੰਜਾਬੀ ਲੇਖਕ ਸਭਾ ਨੇ ਪੰਜਾਬ ਸਰਕਾਰ ਦੇ ਸਕੂਲਾਂ 'ਚ ਤੇਲਗੂ ਭਾਸ਼ਾ ਪੜ੍ਹਾਉਣ ਦੇ ਪ੍ਰਸਤਾਵਿਤ ਫ਼ੈਸਲੇ 'ਤੇ ਇਤਰਾਜ਼ ਜ਼ਾਹਿਰ ਕੀਤਾ ਹੈ। ਸਭਾ ਨੇ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਅਜਿਹੇ ਕਿਸੇ ਵੀ ਕਦਮ ਤੋਂ ਪਹਿਲਾਂ ਪੰਜਾਬੀ ਭਾਸ਼ਾ ਅਤੇ ਪੰਜਾਬੀਅਤ ਦੀ ਸੰਭਾਲ ਅਤੇ ਸਮਰੱਥਾ ਲਈ ਠੋਸ ਉਪਰਾਲੇ ਕੀਤੇ ਜਾਣ। ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਜਨਰਲ ਸਕੱਤਰ ਸੁਸ਼ੀਲ ਦੁਸਾਂਝ, ਸੀਨੀਅਰ ਮੀਤ ਪ੍ਰਧਾਨ ਪਵਨ ਸਿੰਘ ਗੁਰਜ ਅਤੇ ਦਫ਼ਤਰ ਸਕੱਤਰ ਦੀਪ ਦੇਵਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਭਾਸ਼ਾਈ ਆਧਾਰ 'ਤੇ ਸਥਾਪਿਤ ਸੂਬਾ ਹੈ। ਇਸ ਨੂੰ ਛੇ ਦਹਾਕਿਆਂ ਬਾਅਦ ਵੀ ਨਾ ਤਾਂ ਆਪਣੀ ਰਾਜਧਾਨੀ ਮਿਲੀ ਹੈ ਅਤੇ ਨਾ ਹੀ ਪਾਣੀ ਦੇ ਕੰਟਰੋਲ ਮਿਲੇ ਹਨ। ਉਨ੍ਹਾਂ ਨੇ ਭਾਸ਼ਾ ਐਕਟ ਵਿੱਚ ਮੌਜੂਦ ਨੁਕਸਾਂ ਦੀ ਨਿਖੇਧੀ ਕਰਦਿਆਂ ਕਿਹਾ ਕਿ ਅਫ਼ਸਰਸ਼ਾਹੀ ਸਰਕਾਰੀ ਹੁਕਮਾਂ ਦੀ ਪਾਲਣਾ ਕਰਨ ਦੀ ਬਜਾਇ ਪੰਜਾਬੀ 'ਚ ਦਫ਼ਤਰੀ ਕੰਮ ਕਰਨ ਤੋਂ ਬਚਦੀ ਹੈ। ਭਾਸ਼ਾ ਵਿਗਿਆਨੀ ਡਾ. ਜੋਗਿੰਦਰਪਾਲ ਸਿੰਘ ਤੇ ਡਾ. ਜੋਗਾ ਸਿੰਘ ਨੇ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਦੱਸਿਆ ਕਿ ਹੋਰ ਭਾਸ਼ਾਵਾਂ ਸਿੱਖਣਾ ਸਕਾਰਾਤਮਕ ਹੈ, ਪਰ ਪੰਜਾਬੀ ਦੇ ਨੇੜਲੇ ਸੱਭਿਆਚਾਰਕ ਅਤੇ ਭਾਸ਼ਾਈ ਸਬੰਧ ਉਰਦੂ, ਸ਼ਾਹਮੁਖੀ, ਰਾਜਸਥਾਨੀ ਅਤੇ ਪਹਾੜੀ ਬੋਲੀਆਂ ਨਾਲ ਹਨ, ਤੇਲਗੂ ਨਾਲ ਨਹੀਂ। ਲੇਖਕ ਸਭਾ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਪੰਜਾਬੀ ਵਿੱਚ ਵਿਗਿਆਨ, ਕਾਨੂੰਨ ਅਤੇ ਤਕਨੀਕੀ ਵਿਦਿਆ ਸਣੇ ਉੱਚੇਰੀ ਸਿੱਖਿਆ ਦੀ ਸਮੱਗਰੀ ਤਿਆਰ ਕੀਤੀ ਜਾਵੇ ਤੇ ਸਕੂਲਾਂ-ਕਾਲਜਾਂ ਵਿੱਚ ਪੰਜਾਬੀ ਅਧਿਆਪਕਾਂ ਦੀਆਂ ਅਸਾਮੀਆਂ ਭਰੀਆਂ ਜਾਣ। ਸਭਾ ਨੇ ਐਲਾਨ ਕੀਤਾ ਹੈ ਕਿ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਦੀ ਸੁਰੱਖਿਆ ਲਈ ਜਨ-ਜਾਗਰੂਕਤਾ ਮੁਹਿੰਮ ਸ਼ੁਰੂ ਕੀਤੀ ਜਾਵੇਗੀ।

## 75 ਸਾਲਾਂ 'ਚ ਸਭ ਤੋਂ ਪਹਿਲਾਂ ਪੁੱਜੇ ਮਾਨਸੂਨ ਨਾਲ ਮੁੰਬਈ ਹੋਈ ਜਲਥਲ

☛ਕਈ ਥਾਵਾਂ 'ਤੇ ਰੇਲ ਸੇਵਾ ਠੱਪ, ਆਂਧਰਾ ਪ੍ਰਦੇਸ਼ 'ਚ ਮੌਨਸੂਨ ਦੀ ਦਸਤਕ

ਮੁੰਬਈ, 27 ਮਈ (ਚ.ਨ.ਸ.): ਮੌਨਸੂਨ ਨੇ ਪਿਛਲੇ 75 ਸਾਲਾਂ 'ਚ ਸਭ ਤੋਂ ਪਹਿਲਾਂ ਦੇਸ਼ ਦੀ ਆਰਥਿਕ ਰਾਜਧਾਨੀ 'ਚ ਅੱਜ ਜ਼ੋਰਦਾਰ ਢੰਗ ਨਾਲ ਦਸਤਕ ਦਿੱਤੀ। ਭਾਰੀ ਮੀਂਹ ਕਾਰਨ ਮੱਧ ਰੇਲਵੇ ਦੀ ਹਾਰਬਰ ਲਾਈਨ 'ਤੇ ਨੀਮ ਸ਼ਹਿਰੀ ਰੇਲ ਸੇਵਾਵਾਂ ਮੁਲਤਵੀ ਕਰ ਦਿੱਤੀਆਂ ਗਈਆਂ ਹਨ ਜਦਕਿ ਮਹਾਨਗਰ ਦੇ ਕਈ ਇਲਾਕਿਆਂ 'ਚ ਪਾਣੀ ਭਰਨ ਦੀਆਂ ਖ਼ਬਰਾਂ ਸਾਹਮਣੇ ਆਈਆਂ ਹਨ। ਪੱਛਮੀ ਮਹਾਰਾਸ਼ਟਰ ਦੇ ਸਾਹਿਲੀ ਕੋਂਕਣ ਖੇਤਰ ਦੇ ਕੁਝ ਹਿੱਸਿਆਂ 'ਚ ਵੀ ਭਾਰੀ ਮੀਂਹ ਪੈਣ ਦੀ ਖ਼ਬਰ ਹੈ। ਇੱਕ ਅਧਿਕਾਰੀ ਨੇ ਦੱਸਿਆ ਕਿ ਰਾਏਗੜ੍ਹ ਜ਼ਿਲ੍ਹੇ 'ਚ ਬਿਜਲੀ ਡਿੱਗਣ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ ਹੈ। ਭਾਰੀ ਮੀਂਹ ਕਾਰਨ ਜ਼ਮੀਨਦੋਜ਼ ਸਟੇਸ਼ਨ 'ਚ ਪਾਣੀ ਭਰਨ ਮਗਰੋਂ ਅੱਜ ਅਚਾਰੀਆ ਅਤਰੇ ਚੌਂਕ ਤੇ ਵਰਲੀ ਵਿਚਾਲੇ ਮੈਟਰੋ ਲਾਈਨ 3 'ਤੇ ਵੀ ਰੇਲ ਸੇਵਾ ਮੁਲਤਵੀ ਕਰ ਦਿੱਤੀ ਗਈ ਹੈ।



ਮੌਸਮ ਵਿਭਾਗ ਦੀ ਵਿਗਿਆਨੀ ਸੁਸ਼ਮਾ ਨਾਇਰ ਨੇ ਦੱਸਿਆ, 'ਦੱਖਣ-ਪੱਛਮੀ ਮੌਨਸੂਨ ਨੇ 26 ਮਈ ਨੂੰ ਮੁੰਬਈ 'ਚ ਦਸਤਕ ਦਿੱਤੀ ਹੈ। ਪਿਛਲੇ 75 ਸਾਲਾਂ 'ਚ ਮੌਨਸੂਨ ਇੰਨੀ ਜਲਦੀ ਮੁੰਬਈ ਪਹੁੰਚਿਆ ਹੈ।' ਨਾਇਰ ਨੇ ਕਿਹਾ ਕਿ ਦੱਖਣ-ਪੱਛਮੀ ਮੌਨਸੂਨ 1956 'ਚ 29 ਮਈ ਨੂੰ ਮੁੰਬਈ ਪਹੁੰਚਿਆ ਸੀ। ਇਹ 1962 ਤੇ 1971 'ਚ ਵੀ ਇਸੇ ਤਰੀਕ ਨੂੰ ਪੁੱਜਾ ਸੀ। ਮੁੰਬਈ 'ਚ ਮੌਨਸੂਨ ਪੁੱਜਣ ਦੀ ਆਮ ਤਰੀਕ 11 ਜੂਨ ਹੈ। ਉੱਧਰ ਆਂਧਰਾ ਪ੍ਰਦੇਸ਼ ਰਾਜ ਆਫ਼ਤ ਪ੍ਰਬੰਧਨ ਅਥਾਰਿਟੀ ਨੇ ਅੱਜ ਦੱਸਿਆ ਕਿ ਦੱਖਣ-ਪੱਛਮੀ ਮੌਨਸੂਨ ਸੂਬੇ ਦੇ ਰਾਇਲਸੀਮਾ ਖੇਤਰ ਅੰਦਰ ਦਾਖ਼ਲ ਹੋ ਗਿਆ ਹੈ। ਅਥਾਰਿਟੀ ਨੇ ਕਿਹਾ ਕਿ ਮੌਨਸੂਨ ਦੇ ਆਂਧਰਾ ਪ੍ਰਦੇਸ਼ ਦੇ ਹੋਰ ਖੇਤਰਾਂ ਵੱਲ ਵਧਣ ਲਈ ਹਾਲਾਤ ਢੁੱਕਵੇਂ ਬਣੇ ਹੋਏ ਹਨ। ਇਸ ਤਰ੍ਹਾਂ ਪੱਛਮੀ ਬੰਗਾਲ ਦੇ ਕੋਲਕਾਤਾ ਸ਼ਹਿਰ ਤੇ ਦੱਖਣੀ ਬੰਗਾਲ ਦੇ ਕੁਝ ਹਿੱਸਿਆਂ 'ਚ ਅੱਜ ਹਲਕੇ ਤੋਂ ਦਰਮਿਆਨਾ ਮੀਂਹ ਪਿਆ ਹੈ। ਮੌਸਮ ਵਿਭਾਗ ਨੇ ਇਸ ਨੂੰ ਦੱਖਣੀ-ਪੱਛਮੀ ਮੌਨਸੂਨ ਤੋਂ ਪਹਿਲਾਂ ਦਾ ਮੀਂਹ ਦੱਸਿਆ ਹੈ। ਵਿਭਾਗ ਨੇ 27 ਤੋਂ 28 ਮਈ ਨੂੰ ਸੂਬੇ ਦੇ ਕੁਝ ਜ਼ਿਲ੍ਹਿਆਂ 'ਚ ਭਾਰੀ ਮੀਂਹ ਪੈਣ ਦੀ ਸੰਭਾਵਨਾ ਜ਼ਾਹਿਰ ਕੀਤੀ ਹੈ।

## ਡਾਇਰੈਕਟਰ ਪਨਬੱਸ ਪੰਜਾਬ ਨੇ ਵੱਖ-ਵੱਖ ਸਕੂਲਾਂ 'ਚ ਕੀਤੇ ਉਦਘਾਟਨ



ਭੋਗਪੁਰ, 27 ਮਈ (ਅਮਰਜੀਤ ਸਿੰਘ ਸੈਣੀ): ਪੰਜਾਬ ਸਿੱਖਿਆ ਕ੍ਰਾਂਤੀ ਹਲਕਾ ਆਦਮਪੁਰ ਦੇ ਸਰਕਾਰੀ ਪ੍ਰਾਇਮਰੀ ਸਕੂਲ ਹਰੀਪੁਰ, ਉਦੇਸੀਆ ਤੇ ਚੂਹੜਵਾਲੀ ਵਿਖੇ ਸਮਾਰਟ ਕਲਾਸਰੂਮਾ, ਚਾਰਦੀਵਾਰੀ ਦਾ ਉਦਘਾਟਨ ਜੀਤ ਲਾਲ ਭੱਟੀ ਹਲਕਾ ਇੰਚਾਰਜ/ਡਾਇਰੈਕਟਰ ਪਨਬਸ ਪੰਜਾਬ ਵੱਲੋਂ ਕੀਤਾ ਗਿਆ। ਹਲਕਾ ਇੰਚਾਰਜ ਜੀਤ ਲਾਲ ਭੱਟੀ ਨੇ ਇਕੱਤਰ ਹੋਏ ਇਲਾਕੇ ਦੇ ਪੰਚ ਸਰਪੰਚ ਅਤੇ ਹੋਰ ਮੌਜੂਦ ਲੋਕਾਂ ਨਾਲ ਗੱਲਬਾਤ ਕੀਤੀ, ਲੋਕਾਂ ਦੀਆਂ ਮੁਸ਼ਕਿਲਾਂ ਨੂੰ ਵੀ ਸੁਣਿਆ ਅਤੇ ਹਲਕੇ ਵਿੱਚ ਰਹਿੰਦੇ ਹੋਏ ਕੁਝ ਅਧੂਰੇ ਕੰਮਾਂ ਨੂੰ ਪੂਰਾ ਕਰ ਲਈ ਕਿਹਾ। ਇਸ ਮੌਕੇ 'ਤੇ ਅਸ਼ੋਕ ਕੁਮਾਰ ਸਟੇਟ ਜੁਆਇਟ ਸਕੱਤਰ ਐਸ.ਸੀ ਵਿੰਗ, ਬਲਾਕ ਕਰਮਜੀਤ ਹੈਪੀ, ਪ੍ਰਧਾਨ ਬਲਬੀਰ ਮਹਿਮੀ, ਬਲਾਕ ਪ੍ਰਧਾਨ ਹਨਿੰਦਰ ਸਿੰਘ, ਕੁਲਵਿੰਦਰ, ਪ੍ਰਿੰਸੀਪਲ ਸਹਿਬਾਨ, ਅਧਿਆਪਕ ਸਹਿਬਾਨ, ਸਰਪੰਚ ਸਹਿਬਾਨ, ਪਾਰਟੀ ਦੇ ਵਲੰਟੀਅਰ ਆਦਿ ਹਾਜ਼ਰ ਸਨ।

## ਪਾਕਿਸਤਾਨ ਲਈ ਜਾਸੂਸੀ ਕਰਨ ਦੇ ਦੋਸ਼ ਹੇਠ ਸੀਆਰਪੀਐੱਫ ਜਵਾਨ ਗ੍ਰਿਫ਼ਤਾਰ

ਨਵੀਂ ਦਿੱਲੀ, 27 ਮਈ (ਚ.ਨ.ਸ.): ਕੌਮੀ ਜਾਂਚ ਏਜੰਸੀ (ਐੱਨਆਈਏ) ਨੇ ਪਾਕਿਸਤਾਨੀ ਖੁਫੀਆ ਅਧਿਕਾਰੀਆਂ ਨਾਲ ਸੰਵੇਦਨਸ਼ੀਲ ਜਾਣਕਾਰੀ ਸਾਂਝੀ ਕਰਨ ਦੇ ਦੋਸ਼ ਵਿੱਚ ਇੱਕ ਸੀਆਰਪੀਐੱਫ ਜਵਾਨ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਢਲੀ ਜਾਣਕਾਰੀ ਅਨੁਸਾਰ ਮੋਤੀ ਰਾਮ ਜਾਟ ਜਾਸੂਸੀ ਗਤੀਵਿਧੀਆਂ ਵਿੱਚ ਸ਼ਾਮਲ ਸੀ ਅਤੇ 2023 ਤੋਂ ਪਾਕਿਸਤਾਨ ਖੁਫੀਆ ਅਧਿਕਾਰੀਆਂ (ਪੀਆਈਓ) ਨਾਲ ਕੌਮੀ ਸੁਰੱਖਿਆ ਨਾਲ ਸਬੰਧਤ ਜਾਣਕਾਰੀ ਸਾਂਝੀ ਕਰ ਰਿਹਾ ਸੀ। ਇਸ ਸਬੰਧੀ ਜਾਂਚ ਦੌਰਾਨ ਐੱਨਆਈਏ ਨੇ ਪਾਇਆ ਕਿ ਉਹ ਪੀਆਈਓ ਤੋਂ ਵੱਖ-ਵੱਖ ਸਾਧਨਾਂ ਰਾਹੀਂ ਫੰਡ ਪ੍ਰਾਪਤ ਕਰ ਰਿਹਾ ਸੀ। ਗ੍ਰਿਫਤਾਰੀ ਤੋਂ ਬਾਅਦ ਉਸ ਨੂੰ ਵਿਸ਼ੇਸ਼ ਐੱਨਆਈਏ ਅਦਾਲਤ ਪਟਿਆਲਾ ਹਾਊਸ ਅੱਗੇ ਪੇਸ਼ ਕੀਤਾ ਗਿਆ ਅਤੇ ਅਦਾਲਤ ਨੇ ਉਸਨੂੰ 6 ਜੂਨ ਤੱਕ ਏਜੰਸੀ ਦੀ ਹਿਰਾਸਤ ਵਿੱਚ ਭੇਜ ਦਿੱਤਾ ਹੈ। ਜ਼ਿਕਰਯੋਗ ਹੈ ਕਿ ਮੋਤੀ ਰਾਮ ਨੂੰ ਦਿੱਲੀ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਐੱਨਆਈਏ ਵੱਲੋਂ ਉਸ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

## ਪਿਓ-ਪੁੱਤ 'ਤੇ ਹਮਲਾ ਕਰਕੇ ਨਗਦੀ ਲੁੱਟੀ

ਅੰਮ੍ਰਿਤਸਰ, 27 ਮਈ (ਚ.ਨ.ਸ.): ਸ਼ਹਿਰ ਦੇ ਹਾਲ ਗੇਟ ਇਲਾਕੇ ਵਿੱਚ ਫਟੇ ਪੁਰਾਣੇ ਨੋਟ ਬਦਲਣ ਦਾ ਕੰਮ ਕਰਨ ਵਾਲੇ ਪਿਓ-ਪੁੱਤਰ ਨੂੰ ਅੱਜ ਦੁਪਹਿਰ ਵੇਲੇ ਇਕ ਵਿਅਕਤੀ ਵੱਲੋਂ ਤੇਜ਼ਧਾਰ ਹਥਿਆਰ ਨਾਲ ਜ਼ਖ਼ਮੀ ਕਰ ਦਿੱਤਾ ਗਿਆ ਹੈ। ਹਮਲਾਵਰ 10.5 ਲੱਖ ਦੀ ਨਗਦੀ ਲੁੱਟ ਕੇ ਲੈ ਗਿਆ। ਬਾਅਦ ਵਿੱਚ ਜ਼ਖ਼ਮੀਆਂ ਵਿੱਚੋਂ ਇੱਕ ਦੀ ਮੌਤ ਹੋ ਗਈ ਹੈ। ਮ੍ਰਿਤਕ ਦੀ ਸ਼ਨਾਖਤ ਕੁਲਦੀਪ ਬਾਂਸਲ ਤੇ ਜ਼ਖ਼ਮੀ ਦੀ ਦਿਨੇਸ਼ ਬਾਂਸਲ ਵਜੋਂ ਹੋਈ ਹੈ। ਇਹ ਦੋਵੇਂ ਹਾਲਗੇਟ ਦੇ ਅੰਦਰ ਲੰਬੇ ਸਮੇਂ ਤੋਂ ਇਹ ਕਾਰੋਬਾਰ ਕਰ ਰਹੇ ਹਨ। ਪੁਲਿਸ ਨੇ ਹਮਲਾਵਰ ਰਵਨੀਤ ਸਿੰਘ ਵਾਸੀ ਚਮਰੰਗ ਰੋਡ ਨੂੰ ਸ਼ਾਮ ਸਮੇਂ ਗ੍ਰਿਫ਼ਤਾਰ ਕਰ ਲਿਆ। ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਦੁਪਹਿਰ ਵੇਲੇ ਪੀੜਤਾਂ ਦਾ ਪੁਰਾਣਾ ਗਾਹਕ ਨੋਟ ਲੈਣ ਲਈ ਆਇਆ ਸੀ। ਉਸ ਨੇ ਤੇਜ਼ਧਾਰ ਹਥਿਆਰ ਨਾਲ ਹਮਲਾ ਕਰ ਦਿੱਤਾ।

## ਕਿਸਾਨੀ ਨੂੰ ਮਜ਼ਬੂਤ ਕਰਨ ਲਈ ਆਰਥਿਕ ਪੱਖੋਂ ਬਣਦਾ ਮੁਆਵਜ਼ਾ ਦੇਣਾ ਜ਼ਰੂਰੀ: ਡਾ. ਹਰਬੰਸ ਲਾਲ

ਮੰਡੀ ਗੋਬਿੰਦਗੜ੍ਹ, 27 ਮਈ (ਸੂਦ): ਹਾਅ ਦਾ ਨਾਅਰਾ ਚੇਤਨਾ ਮੰਚ ਪੰਜਾਬ ਦੇ ਸਰਪ੍ਰਸਤ ਅਤੇ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਡਾ. ਹਰਬੰਸ ਲਾਲ ਨੇ ਪਿੰਡ ਭੈਣੀ ਕਲਾਂ ਵਿਖੇ ਨਰਿੰਦਰ ਸਿੰਘ ਦੇ ਘਰ ਜਾ ਕੇ ਉਸ ਦੀ ਸੜ੍ਹੀ ਤੂੜੀ ਦਾ ਜਾਇਜ਼ਾ ਲੈਣ ਮੌਕੇ ਹਮਦਰਦੀ ਪ੍ਰਗਟ ਕੀਤੀ ਅਤੇ ਸਰਕਾਰ ਤੋਂ ਮੰਗ ਕੀਤੀ ਕਿ ਇਸ ਪੀੜਤ ਕਿਸਾਨ ਨੂੰ ਬਣਦਾ ਮੁਆਵਜਾ ਦਿੱਤਾ ਜਾਵੇ। ਉਹਨਾਂ ਕਿਹਾ ਕਿ ਕਿਸਾਨੀ ਨੂੰ ਮਜ਼ਬੂਤ ਕਰਨ ਲਈ ਸਰਕਾਰ ਨੂੰ ਆਰਥਿਕ ਪੱਖੋ ਬਣਦਾ ਮੁਆਵਜਾ ਦੇਣਾ ਚਾਹੀਦਾ ਹੈ। ਸ੍ਰੀ ਨਰਿੰਦਰ ਸਿੰਘ ਨੇ ਦੱਸਿਆ ਕਿ ਬੀਤੇ ਦਿਨੀ ਹਨੇਰੀ ਕਾਰਨ ਬਿਜਲੀ ਦੀਆਂ ਆਪਸ ਵਿੱਚ ਤਾਰਾਂ ਭਿੜਨ ਕਾਰਨ ਉਨਾਂ ਦੇ ਤੂੜੀ ਵਾਲੇ ਸ਼ੈਡ ਨੂੰ ਅੱਗ ਲੱਗ ਗਈ ਜਿਸ ਕਰਕੇ ਉਹਨਾਂ ਦੀ 1200



ਕੁਇੰਟਲ ਦੇ ਕਰੀਬ ਤੂੜੀ ਸੜ ਗਈ ਅਤੇ ਨਾਲ ਹੀ ਕਮਰੇ ਵਾਲੇ ਸ਼ੈਡ ਵੀ ਸੜ ਗਏ। ਡਾ. ਲਾਲ ਨੇ ਕਿਹਾ ਕਿ ਨਰਿੰਦਰ ਸਿੰਘ ਸਹਿਕਾਰੀ ਸਭਾ ਰਾਜਿੰਦਰਗੜ੍ਹ ਵਿਖੇ ਈਮਾਨਦਾਰੀ ਨਾਲ ਸਕੱਤਰ ਵਜੋਂ ਸੇਵਾ ਨਿਭਾਅ ਚੁੱਕੇ ਹਨ ਅਤੇ ਸਾਰਾ ਪ੍ਰੀਵਾਰ ਮਿਹਨਤੀ ਹੈ। ਇਸ ਪ੍ਰੀਵਾਰ ਦਾ ਹੁਣ ਗੁਜਾਰਾ ਪਸ਼ੂਆਂ ਦੇ ਡਾਇਰੀ ਨਾਲ ਹੀ ਚਲਦਾ ਹੈ। ਉਹਨਾਂ ਪੀੜਤ ਕਿਸਾਨ ਨੂੰ ਮੁਆਵਜ਼ਾ ਦੇਣ ਦੀ ਮੰਗ ਕੀਤੀ ਅਤੇ ਕਿਹਾ ਕਿ ਜੇਕਰ ਲੋੜ ਪਈ ਤਾਂ ਉਹ ਡਿਪਟੀ ਕਮਿਸਨਰ ਅਤੇ ਗਵਰਨਰ ਪੰਜਾਬ ਨੂੰ ਵੀ ਮੰਗ ਪੱਤਰ ਦੇਣਗੇ। ਇਸ ਮੌਕੇ ਬਲਦੇਵ ਸਿੰਘ ਚੋਰਵਾਲਾ, ਰਣਧੀਰ ਸਿੰਘ ਧੀਰਾ ਸਰਹਿੰਦ, ਡਾ. ਗੁਰਵਿੰਦਰ ਸਿੰਘ ਪਤਾਰਸ਼ੀ ਖੁਰਦ, ਮੁਖਤਿਆਰ ਸਿੰਘ ਭੈਣੀ ਕਲਾਂ, ਹਰਗੁਰਪਾਲ ਸਿੰਘ, ਗੁਰਸੇਵਕ ਸਿੰਘ, ਅਮਰਅਪਾਰ ਸਿੰਘ, ਲਖਵੀਰ ਸਿੰਘ, ਗੁਰਦੇਵ ਸਿੰਘ ਆਦਮਪੁਰ, ਨੈਬ ਸਿੰਘ ਕੁਲਦੀਪ ਸਿੰਘ ਅਤੇ ਸੂਬਾ ਪ੍ਰੈਸ ਸਕੱਤਰ ਗੁਰਦੀਪ ਸਿੰਘ ਭਾਗਨਪੁਰ ਆਦਿ ਹਾਜ਼ਰ ਸਨ।

## ਸਪਾਂਸਰਸ਼ਿਪ ਸਕੀਮ ਦਾ ਲਾਭ ਦੇਣ 'ਚ ਫ਼ਤਹਿਗੜ੍ਹ ਸਾਹਿਬ ਪੰਜਾਬ 'ਚੋਂ ਦੂਜੇ ਸਥਾਨ 'ਤੇ: ਡਾ. ਥਿੰਦ



ਫ਼ਤਹਿਗੜ੍ਹ ਸਾਹਿਬ, 27 ਮਈ (ਸੂਦ): ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਦੀ ਅਗਵਾਈ ਹੇਠ ਸਪਾਂਸਰਸ਼ਿਪ ਅਤੇ ਫੋਸਟਰ ਕੇਅਰ ਅਪਰੂਵਲ ਕਮੇਟੀ ਨੇ ਪ੍ਰਾਪਤ ਹੋਈਆਂ ਪ੍ਰਤੀ ਬੇਨਤੀਆਂ ਵਿੱਚੋਂ ਯੋਗ ਪਾਏ ਗਏ 89 ਕੇਸਾਂ ਵਿੱਚ ਮਾਸਿਕ 4 ਹਜ਼ਾਰ ਰੁਪਏ ਦੀ ਵਿੱਤੀ ਸਹਾਇਤਾ ਲਗਾਉਣ ਨੂੰ ਪ੍ਰਵਾਨਗੀ ਦਿੱਤੀ ਹੈ। ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਦੱਸਿਆ ਕਿ ਪ੍ਰਵਾਨ ਹੋਏ ਇਨ੍ਹਾਂ ਨਵੇਂ ਕੇਸਾਂ ਨਾਲ ਜ਼ਿਲ੍ਹੇ ਵਿੱਚ ਇਹ ਲਾਭ ਪ੍ਰਾਪਤ ਕਰਨ ਵਾਲਿਆਂ ਦੀ ਕੁਲ ਗਿਣਤੀ 585 ਹੋ ਗਈ ਹੈ ਅਤੇ ਪੂਰੇ ਸੂਬੇ ਵਿੱਚ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਇਸ ਪੱਖੋਂ ਦੂਜੇ ਸਥਾਨ ਉੱਤੇ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਸਕੀਮ ਦਾ ਲਾਭ 18 ਸਾਲ ਤੱਕ ਦੀ ਉਮਰ ਦੇ ਉਨ੍ਹਾਂ ਬੱਚਿਆਂ ਨੂੰ ਮਿਲਦਾ ਹੈ ਜਿਨ੍ਹਾਂ ਦੀ ਮਾਤਾ ਵਿਧਵਾ ਜਾਂ ਤਲਾਕਸ਼ੁਦਾ ਹੋਵੇ, ਜਿਨ੍ਹਾਂ ਦੇ ਮਾਤਾ-ਪਿਤਾ ਜਾਨਲੇਵਾ ਜਾਂ ਖਤਰਨਾਕ ਬਿਮਾਰੀ ਦਾ ਸ਼ਿਕਾਰ ਹੋਣ ਜਾਂ ਮਾਤਾ-ਪਿਤਾ ਸਰੀਰਕ ਤੌਰ 'ਤੇ ਬੱਚੇ ਦੀ ਦੇਖਭਾਲ ਕਰਨ ਵਿੱਚ ਅਸਮੱਰਥ ਹੋਣ ਜਾਂ ਫਿਰ ਮਾਤਾ-ਪਿਤਾ ਜੇਲ੍ਹ ਵਿੱਚ ਹੋਣ ਜਾਂ ਜੇ.ਜੇ.ਐਕਟ 2015 ਦੇ ਅਨੁਸਾਰ ਦੇਖਭਾਲ ਅਤੇ ਸੁਰੱਖਿਆ ਦੀ ਲੋੜ ਵਾਲੇ ਬੱਚੇ ਜਿਵੇਂਕਿ ਬੇਘਰ, ਕੁਦਰਤੀ ਆਫਤ ਦਾ ਸ਼ਿਕਾਰ, ਬਾਲ ਮਜ਼ਦੂਰੀ, ਭਿੱਖਿਆ, ਬਾਲ ਵਿਆਹ ਦਾ ਸ਼ਿਕਾਰ ਜਾਂ ਉਹ ਬੱਚੇ, ਜੋ ਸੜਕ 'ਤੇ ਰਹਿ ਰਹੇ ਹੋਣ। ਉਹਨਾਂ ਨੇ ਦੱਸਿਆ ਕਿ ਕਿਸੇ ਵੀ ਤਰ੍ਹਾਂ ਸੋਸ਼ਣ ਦਾ ਸ਼ਿਕਾਰ ਹੋਣ ਵਾਲੇ ਬੱਚੇ, ਐਚ.ਆਈ.ਵੀ ਏਡਜ਼ ਨਾਲ ਪ੍ਰਭਾਵਿਤ ਬੱਚੇ, ਪੀ.ਐਮ. ਕੇਅਰਜ਼ ਫਾਰ ਚਿਲਡਰਨ ਸਕੀਮ ਅਧੀਨ ਕਵਰ ਕੀਤੇ ਬੱਚੇ ਇਸ ਸਕੀਮ ਦਾ ਲਾਭ ਲੈ ਸਕਦੇ ਹਨ। ਮੀਟਿੰਗ ਦੌਰਾਨ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਹਰਭਜਨ ਸਿੰਘ ਮਹਿਮੀ ਨੇ ਦੱਸਿਆ ਕਿ ਸਪਾਂਸਰਸ਼ਿਪ ਸਕੀਮ ਦੀ ਗਾਈਡਲਾਈਨਜ਼ ਅਨੁਸਾਰ ਪਰਿਵਾਰ ਦੀ ਸਾਲਾਨਾ ਆਮਦਨ ਪੇਂਡੂ ਖੇਤਰ ਵਿੱਚ 72000 ਰੁਪਏ ਤੋ ਘੱਟ ਅਤੇ ਸ਼ਹਿਰੀ ਖੇਤਰ ਵਿੱਚ 96000 ਰੁਪਏ ਤੋਂ ਘੱਟ ਹੋਣੀ ਚਾਹਿਦੀ ਹੈ। ਇਸ ਮੌਕੇ ਚੇਅਰਮੈਨ ਬਾਲ ਭਲਾਈ ਕਮੇਟੀ ਅਨਿਲ ਗੁਪਤਾ, ਸੁਰੱਖਿਆ ਅਫਸਰ ਨੇਹਾ ਸਿੰਗਲਾ, ਸਮਾਜ ਸੇਵਿਕਾ ਰਜਨੀ ਬਾਲਾ ਵੀ ਮੌਜੂਦ ਸਨ।

## ਅਕਾਲੀ ਦਲ ਹੀ ਪੰਜਾਬ ਦੇ ਹਿੱਤਾਂ ਦੀ ਪਹਿਰੇਦਾਰ ਪਾਰਟੀ: ਰਾਜੂ ਖੰਨਾ

ਅਮਲੋਹ, 27 ਮਈ (ਜਸਵੰਤ ਸਿੰਘ): ਭਾਵੇਂ ਪੰਜਾਬ ਦੀ ਧਰਤੀ ਤੇ ਵੱਖੋ ਵੱਖ ਪਾਰਟੀਆਂ ਨੇ ਰਾਜ ਕੀਤਾ ਪਰ ਸੂਬੇ ਦੇ ਹਿੱਤਾ ਦੀ ਰਖਵਾਲੀ ਅਤੇ ਪਹਿਰੇਦਾਰੀ



ਸਿਰਫ ਤੇ ਸਿਰਫ ਸ਼੍ਰੋਮਣੀ ਅਕਾਲੀ ਦਲ ਨੇ ਹੀ ਕੀਤੀ ਅਤੇ ਧੱਕੇਸ਼ਾਹੀਆਂ ਖਿਲਾਫ਼ ਡੱਟ ਕੇ ਮੁਕਾਬਲਾ ਕੀਤਾ। ਇਸ ਗੱਲ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਅਤੇ ਹਲਕਾ ਅਮਲੋਹ ਦੇ ਮੁੱਖ ਸੇਵਾਦਾਰ ਗੁਰਪ੍ਰੀਤ ਸਿੰਘ ਰਾਜੂ ਖੰਨਾ ਨੇ ਪਿੰਡ ਭੱਦਲਥੂਹਾ ਵਿਖੇ ਸੀਨੀਅਰ ਲੀਡਰਸ਼ਿਪ ਨਾਲ ਵਿਸ਼ੇਸ਼ ਮੀਟਿੰਗ ਕਰਨ ਸਮੇਂ ਕੀਤਾ। ਇਸ ਮੀਟਿੰਗ ਨੂੰ ਸਰਕਲ ਜਥੇਦਾਰ ਹਰਬੰਸ ਸਿੰਘ ਬਡਾਲੀ, ਐਨਆਰਆਈ ਅਤੇ ਸਾਬਕਾ ਸਰਪੰਚ ਜਸਵੀਰ ਸਿੰਘ ਸੀਟਾ ਨੇ ਵੀ ਸੰਬੋਧਨ ਕੀਤਾ। ਸ੍ਰੀ ਰਾਜੂ ਖੰਨਾ ਨੇ ਕਿਹਾ ਅੱਜ ਸਮੇਂ ਦੀ ਲੋੜ ਨੂੰ ਦੇਖਦੇ ਹੋਏ ਸੂਬੇ ਨੂੰ ਡੁੱਬਣ ਤੋਂ ਬਚਾਉਣ ਲਈ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਕਰਨਾ ਜ਼ਰੂਰੀ ਹੈ ਕਿਉਂ ਕਿ ਹਰ ਵਰਗ ਆਪ ਸਰਕਾਰ ਤੋਂ ਦੁਖੀ ਹੈ ਜਿਸ ਨੇ ਚੋਣਾਂ ਤੋਂ ਪਹਿਲਾ ਲੋਕਾਂ ਨਾਲ ਝੂਠੇ ਵਾਹਦੇ ਕਰਕੇ ਪੂਰੇ ਨਹੀਂ ਕੀਤੇ। ਉਹਨਾਂ ਕਿਹਾ ਕਿ ਵਿਕਾਸ ਤਾਂ ਕੀ ਹੋਣਾ ਸੀ ਸੂਬੇ 'ਤੇ ਕਰੋੜਾਂ ਰੁਪਏ ਦਾ ਕਰਜੇ ਦਾ ਭਾਰ ਚੜ੍ਹਾਇਆ ਜਾ ਰਿਹਾ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਸਮੇਂ ਮਿਲਦੀਆਂ ਸਹੂਲਤਾਂ ਵਿਚ ਵੀ ਕਟੌਤੀ ਕੀਤੀ ਜਾ ਰਹੀ ਹੈ। ਉਨ੍ਹਾਂ ਲੋਕਾਂ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਡੱਟ ਕੇ ਸਾਥ ਦੇਣ ਦੀ ਅਪੀਲ ਕੀਤੀ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਲੋਕ ਹਿਤੈਸ਼ੀ ਸਰਕਾਰ ਦਾ ਗਠਨ ਕੀਤਾ ਜਾ ਸਕੇ। ਮੀਟਿੰਗ ਵਿੱਚ ਯੂਥ ਆਗੂ ਅਮਨਦੀਪ ਸਿੰਘ ਅਮਨ, ਜਥੇਦਾਰ ਮਹਿੰਦਰ ਸਿੰਘ ਭੱਦਲਥੂਹਾ, ਜੌਨੀ ਭੱਦਲਥੂਹਾ, ਪ੍ਰੀਤਮ ਸਿੰਘ, ਕਿਸਾਨ ਆਗੂ ਜਸਵੀਰ ਸਿੰਘ, ਗੁਰਮੁਖ ਸਿੰਘ, ਸਾਬਕਾ ਸਰਪੰਚ ਅਵਤਾਰ ਸਿੰਘ, ਕੁਲਦੀਪ ਸਿੰਘ ਕੀਪਾ, ਗੁਰਦੀਪ ਸਿੰਘ ਦੀਪਾ, ਅਵਤਾਰ ਸਿੰਘ ਤਾਰੀ, ਬਲਕਾਰ ਸਿੰਘ, ਜਸਵੀਰ ਸਿੰਘ ਚੀਨਾ, ਅਵਤਾਰ ਸਿੰਘ ਰੋਡਾ, ਸੁਖਦੇਵ ਸਿੰਘ, ਕਾਲਾ ਭੱਦਲਥੂਹਾ, ਦੇਵ ਰਾਜ, ਮੇਜਰ ਸਿੰਘ, ਬਿੱਲੂ ਭੱਦਲਥੂਹਾ, ਹਰਚਰਨ ਸਿੰਘ, ਨਿੰਦਰ ਸਿੰਘ, ਬੰਤ ਸਿੰਘ, ਨਾਜ਼ਰ ਖਾਂ ਅਤੇ ਪ੍ਰਗਟ ਸਿੰਘ ਆਦਿ ਹਾਜ਼ਰ ਸਨ।

## ਗਰਮੀ 'ਚ ਬੇਸਹਾਰਾ ਗਊਵੰਸ਼ ਦੀ ਪਿਆਸ ਬੁਝਾਉਣ ਲਈ ਵੱਖ-ਵੱਖ ਥਾਵਾਂ 'ਤੇ ਪਾਣੀ ਦੇ ਕੁੰਡ ਲਗਾਏ

ਫਾਜ਼ਿਲਕਾ, 27 ਮਈ (ਬਖਸ਼ੀਸ਼ ਸਿੰਘ/ ਜਸਪ੍ਰੀਤ ਸਿੰਘ) : ਸਾਲ 2006 ਤੋਂ ਫਾਜ਼ਿਲਕਾ ਖੇਤਰ ਵਿੱਚ ਬੇਸਹਾਰਾ ਗਊਆਂ ਦੀ ਸੇਵਾ 'ਚ ਲੱਗੀ ਹੋਈ 'ਸ੍ਰੀ ਨਾਰਾਇਣ ਵੈਲਫੇਅਰ ਸੋਸਾਇਟੀ' ਜੋ ਕਿ ਸ਼ਹਿਰ 'ਚ ਘੁੰਮਦੀਆਂ ਬੇਸਹਾਰਾ ਗਊ ਮਾਤਾਵਾਂ ਨੂੰ ਗਊਸ਼ਾਲਾ ਵਿਚ ਲੈ ਜਾ ਕੇ ਉਨ੍ਹਾਂ ਦੀ ਸੇਵਾ ਕਰਦੀ ਹੈ, ਹੁਣ ਭਿਆਨਕ ਗਰਮੀ ਨੂੰ ਵੇਖਦਿਆਂ ਸ਼ਹਿਰ ਦੇ ਵੱਖ-ਵੱਖ ਥਾਵਾਂ 'ਤੇ ਗਊਧਨ ਦੀ ਪਿਆਸ ਬੁਝਾਉਣ ਲਈ ਸੀਮੈਂਟ ਦੇ ਬਣੇ ਹੋਏ ਪਾਣੀ ਦੇ ਕੁੰਡ ਵੀ ਰੱਖ ਰਹੀ ਹੈ। ਸੋਸਾਇਟੀ ਇੰਚਾਰਜ ਅਸ਼ੋਕ ਕੁਮਾਰ ਕੁੱਕੜ ਸੋਨੂ ਨੇ ਦੱਸਿਆ ਕਿ ਇਨ੍ਹਾਂ ਕੁੰਡਾਂ ਵਿਚ ਸਵੇਰੇ ਤੇ ਸ਼ਾਮ ਕੰਟਰ ਰਾਹੀਂ ਪਾਣੀ ਭਰਿਆ ਜਾਂਦਾ ਹੈ। ਸਮਾਜ ਸੇਵਕ ਲੀਲਾਧਰ ਸ਼ਰਮਾ ਨੇ ਬੇਸਹਾਰਾ ਗਊ ਮਾਤਾਵਾਂ ਨੂੰ ਹਰਾ ਚਾਰਾ ਤੇ ਹੋਰ ਖੁਰਾਕੀ ਸਮੱਗਰੀ ਖਵਾਉਣ ਵਾਲੇ ਭਗਤਾਂ ਨੂੰ ਅਪੀਲ ਕੀਤੀ ਹੈ ਕਿ



ਉਹ ਗਊਆਂ ਲਈ ਛਾਂ ਵਾਲੀਆਂ ਥਾਵਾਂ ਅਤੇ ਪੀਣ ਵਾਲੇ ਪਾਣੀ ਦੇ ਪ੍ਰਬੰਧ ਵਿਚ ਵੀ ਹਿੱਸਾ ਲੈਣ।

## ਮੋਹਨ ਲਾਲ ਝਾਂਬ ਨੂੰ ਹੰਝੂਆਂ ਭਰੀ ਵਿਦਾਇਗੀ

ਫਾਜ਼ਿਲਕਾ, 27 ਮਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਸਥਾਨਕ ਝਾਂਬ ਮੈਡੀਕੋਜ ਦੇ ਸੰਚਾਲਕ ਰਾਹੁਲ ਝਾਂਬ ਅਤੇ ਸੁਸ਼ੇਨ ਝਾਂਬ ਦੇ ਪਿਤਾ, ਕ੍ਰਾਂਤੀ ਮੈਡੀਕੋਜ਼ ਦੇ ਸੰਚਾਲਕ ਸੰਜੀਵ ਝਾਂਬ (ਸੀਨੀਅਰ ਪੱਤਰਕਾਰ) ਅਤੇ ਕ੍ਰਾਂਤੀ ਝਾਂਬ ਦੇ ਚਾਚਾ ਤੇ ਲੋਕਤੰਤਰ ਸੈਨਾਨੀ ਜਨਕ ਰਾਜ ਝਾਂਬ ਦੇ ਛੋਟੇ ਭਰਾ ਮੋਹਨ ਲਾਲ ਝਾਂਬ ਬੀਤੇ ਦਿਨੀਂ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਕੇ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਦਾ ਅੰਤਿਮ ਸਸਕਾਰ ਸੋਮਵਾਰ ਨੂੰ ਸਥਾਨਕ ਸ਼ਿਵਪੁਰੀ ਵਿਖੇ ਗ਼ਮਗੀਨ ਮਾਹੌਲ ਵਿੱਚ ਕੀਤਾ ਗਿਆ, ਜਿੱਥੇ ਵੱਡੀ ਗਿਣਤੀ ਵਿੱਚ ਲੋਕਾਂ ਨੇ ਉਨ੍ਹਾਂ ਨੂੰ ਹੰਝੂਆਂ ਭਰੀ ਵਿਦਾਇਗੀ ਦਿੱਤੀ। ਉਨ੍ਹਾਂ ਦੀ ਰਸਮ ਚੌਥਾ ਬੁੱਧਵਾਰ, 28 ਮਈ ਨੂੰ ਸਵੇਰੇ 8 ਵਜੇ ਹੋਵੇਗਾ ਅਤੇ ਰਸਮ ਦਹਾਕਾ ਦੁਪਹਿਰ 12 ਤੋਂ 1 ਵਜੇ ਤੱਕ ਦੁਰਗਿਆਨਾ ਮੰਦਰ, ਨੇੜੇ ਸ਼ਾਸਤਰੀ ਚੌਂਕ ਵਿਖੇ ਹੋਵੇਗਾ। ਇਸ ਦੁੱਖ ਦੀ ਘੜੀ ਵਿਚ ਅਦਾਰਾ ਚੜ੍ਹਦੀਕਲਾ ਟਾਈਮ ਟੀ. ਵੀ. ਦੇ ਜ਼ਿਲ੍ਹਾ ਫ਼ਾਜ਼ਿਲਕਾ ਤੋਂ ਉਪ ਦਫ਼ਤਰ ਦੇ ਸਟਾਫ਼ ਵੱਲੋਂ ਸ਼ਰਧਾ ਦੇ ਫੁੱਲ ਭੇਟ ਕੀਤੇ ਜਾਂਦੇ ਹਨ ਅਤੇ ਜ਼ਿਲ੍ਹਾ ਇਲੈਕਟ੍ਰੋਨਿਕ ਅਤੇ ਪ੍ਰਿੰਟ ਮੀਡੀਆ ਐਸੋਸੀਏਸ਼ਨ ਫ਼ਾਜ਼ਿਲਕਾ ਦੇ ਸਮੂਹ ਪੱਤਰਕਾਰ ਭਾਈਚਾਰੇ ਵੱਲੋਂ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਜਾਂਦੀ ਹੈ ਕਿ ਇਸ ਵਿੱਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ੇ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ।



## ਵਾਰਿਸ ਪੰਜਾਬ ਜਥੇਬੰਦੀ ਨੇ ਭਾਈ ਅੰਮ੍ਰਿਤਪਾਲ ਸਿੰਘ 'ਤੇ ਲੱਗੀ ਐੱਨ.ਐੱਸ.ਏ. ਖ਼ਿਲਾਫ਼ ਕੱਢਿਆ ਰੋਸ ਮਾਰਚ

ਫਤਹਿਗੜ੍ਹ ਸਾਹਿਬ, 27 ਮਈ (ਨਰਿੰਦਰ ਸਿੰਘ): ਵਾਰਿਸ ਪੰਜਾਬ ਦੀ ਜਥੇਬੰਦੀ ਵੱਲੋਂ ਫਤਿਹਗੜ੍ਹ ਸਾਹਿਬ ਵਿਖੇ ਸ੍ਰੀ ਖਡੂਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ 'ਤੇ ਲਗਾਈ ਗਈ ਐਨ.ਐਸ.ਏ ਨੂੰ ਰੱਦ ਕਰਵਾਉਣ ਲਈ ਰੋਸ ਮਾਰਚ ਕੱਢਿਆ ਗਿਆ। ਵਾਰਿਸ ਪੰਜਾਬ ਦੀ ਜਥੇਬੰਦੀ ਵੱਲੋਂ ਭਾਈ ਅੰਮ੍ਰਿਤਪਾਲ ਸਿੰਘ 'ਤੇ ਤੀਸਰੀ ਵਾਰ ਐਨਐਸਏ ਲਗਾਉਣ ਨੂੰ ਲੈ ਕੇ ਪੰਜਾਬ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਵੀ ਕੀਤੀ ਗਈ। ਰੋਸ ਮਾਰਚ ਕਰਨ ਨੂੰ ਉਪਰੰਤ ਡਿਪਟੀ ਕਮਿਸ਼ਨਰ ਫਤਿਹਗੜ੍ਹ ਸਾਹਿਬ ਰਾਹੀਂ ਪੰਜਾਬ ਸਰਕਾਰ ਦੇ ਨਾਮ ਮੰਗ ਪੱਤਰ ਵੀ ਸੌਂਪਿਆ ਗਿਆ। ਇਸ ਮੌਕੇ ਬੋਲਦਿਆਂ ਅਕਾਲੀ ਦਲ ਵਾਰਸ ਪੰਜਾਬ ਦੇ ਕਮੇਟੀ ਮੈਂਬਰ ਪੰਜਾਬ ਅਤੇ ਅਬਜਰਵਰ ਸ੍ਰੀ ਫਤਿਹਗੜ੍ਹ ਸਾਹਿਬ ਸੰਦੀਪ ਸਿੰਘ ਰੁਪਾਲੋ ਨੇ ਪੰਜਾਬ ਸਰਕਾਰ ਵੱਲੋਂ ਜਾਨ ਬੁਝ ਕੇ ਭਾਈ ਅੰਮ੍ਰਿਤਪਾਲ ਸਿੰਘ ਤੇ ਐਨਐਸਏ ਲਗਾ ਕੇ ਵਾਧਾ ਕੀਤਾ ਜਾ ਰਿਹਾ ਹੈ, ਜਦੋਂ ਕਿ ਉਹਨਾਂ



ਨੂੰ ਰਿਹਾ ਕਰਕੇ ਆਪਣੇ ਹਲਕੇ ਦੀ ਲੋਕਾਂ ਦੀ ਸੇਵਾ ਕਰਨ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਜੇਕਰ ਆਮ ਆਦਮੀ ਪਾਰਟੀ ਦੀ ਸਰਕਾਰ ਲੋਕ ਹਿਤੈਸ਼ੀ ਹੈ ਤਾਂ ਲੰਮੇ ਸਮੇਂ ਤੋਂ ਵੱਖ-ਵੱਖ ਜੇਲਾਂ ਵਿੱਚ ਬੰਦ ਆਪਣੀਆਂ ਸਜ਼ਾਵਾਂ ਭੁਗਤ ਚੁੱਕੇ ਬੰਦੀ ਸਿੰਘਾਂ ਨੂੰ ਰਿਹਾਅ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਉੱਤੇ ਲੱਗੀ ਐਨ ਐਸ ਏ ਕੇਵਲ ਗਲਤ ਹੀ ਨਹੀਂ, ਬਲਕਿ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ। ਇਸ ਮੌਕੇ ਮਲਕੀਤ ਸਿੰਘ ਅੰਬੇਮਾਜਰਾ, ਬੀਬੀ ਗੁਰਜੋਤ ਕੌਰ ਮਾਂਗਟ, ਅਮਰਿੰਦਰ, ਇੰਦਰਜੀਤ ਸਿੰਘ, ਵਰਿੰਦਰ ਸਿੰਘ ਚੜੀ, ਰਾਜਦੀਪ ਸਿੰਘ ਖਮਾਣੋ, ਦੀਨਾ ਬਰਵਾਲੀ, ਧਰਮਪਾਲ ਸਿੰਘ ਅਤਾਪੁਰ, ਜਸਪਾਲ ਸਿੰਘ ਫੌਜੀ, ਜਗਜੀਵਨ ਸਿੰਘ ਮਹਿਤਾ, ਨਾਹਰ ਸਿੰਘ ਸੁਰਜੀਤ ਸਿੰਘ ਬੈਣੀ, ਹਰਵਿੰਦਰ ਸਿੰਘ ਬਲਾਕ ਖੇੜਾ, ਹਰਸ਼ਬੀਰ ਸਿੰਘ ਬਸੀ, ਜਗਮੋਹਣ ਸਿੰਘ ਬਸੀ, ਜਸਕਰਨ ਸਿੰਘ ਰਾਏਪੁਰ, ਅਮਨਦੀਪ ਸਿੰਘ ਮੰਡੀ ਗੋਬਿੰਦਗੜ੍ਹ, ਬਵਨਪ੍ਰੀਤ ਸਿੰਘ, ਗੁਰਵਿੰਦਰ ਸਿੰਘ ਲਾਟਪੁਰ, ਅਵਤਾਰ ਸਿੰਘ ਗੜ੍ਹੌਲੀਆਂ ਹਾਜ਼ਰ ਸਨ। ਡੀ.ਸੀ. ਸ੍ਰੀ ਫਤਿਹਗੜ੍ਹ ਸਾਹਿਬ ਵੱਲੋਂ ਆਪਣੇ ਨੁਮਾਇਦੇ ਰਾਹੀਂ ਆਗੂਆਂ ਤੋਂ ਮੰਗ ਪੱਤਰ ਪ੍ਰਾਪਤ ਕੀਤਾ ਗਿਆ।

## ਸੰਤ ਬਾਬਾ ਸੁੱਧ ਸਿੰਘ 'ਟੂਸੇ' ਦੀ ਅਗਵਾਈ ਹੇਠ ਚਾਰ ਧਾਮਾਂ 'ਤੇ ਹੇਮਕੁੰਟ ਸਾਹਿਬ ਲੰਗਰ ਲਈ ਰਾਸ਼ਨ ਭੇਜਿਆ

ਅਮਲੋਹ, 27 ਮਈ (ਜਸਵੰਤ ਸਿੰਘ): ਸੰਤ ਬਾਬਾ ਸੁੱਧ ਸਿੰਘ ਜੀ 'ਟੂਸੇ' ਗੁਰਦੁਆਰਾ ਕਿਲ੍ਹਾ ਸਾਹਿਬ ਪਾਤਸ਼ਾਹੀ ਤੀਜੀ ਪਿੰਡ ਠੱਗੜ੍ਹ ਜ਼ਿਲ੍ਹਾ ਸ੍ਰੀ ਤਰਨ ਤਾਰਨ ਜੋ ਮੌਜੂਦਾ ਸਮੇਂ ਬੈਂਕ ਕਲੋਨੀ, ਸ੍ਰੀ ਮਾਛੀਵਾੜਾ ਸਾਹਿਬ ਵਿਖੇ ਬਿਰਾਜਮਾਨ ਹਨ ਵੱਲੋਂ ਹਰ ਸਾਲ ਦੀ ਤਰ੍ਹਾਂ ਚਾਰ ਧਾਮ ਅਤੇ ਸ੍ਰੀ ਹੇਮਕੁੰਟ ਸਾਹਿਬ ਜਾਣ ਲਈ ਯਾਤਰੀਆਂ ਦੀ ਸਹੂਲਤ ਲਈ ਰਸਤੇ ਵਿਚ ਲੰਗਰ ਲਗਾਇਆ ਜਾਂਦਾ ਹੈ ਵੱਲੋਂ ਰਵਾਨਾ ਹੋਣ ਤੋਂ ਪਹਿਲਾਂ ਅਮਲੋਹ ਪਹੁੰਚੇ ਜਿਥੇ ਮਾਨਵ ਭਲਾਈ ਮੰਚ ਰਜਿ. ਅਮਲੋਹ ਦੇ ਪ੍ਰਧਾਨ ਮਨੋਹਰ ਲਾਲ ਵਰਮਾ ਦੀ ਅਗਵਾਈ ਹੇਠ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ ਗਿਆ ਅਤੇ ਰਾਸ਼ਨ ਲਈ ਦੋ ਟੀਨ ਰਿਫਾਇੰਡ, ਸਵਾ ਕੁਇੰਟਲ ਚੀਨੀ, 3 ਕੁਇੰਟਲ 80 ਕਿਲੋ ਆਟਾ, 2 ਪੈਕਟ ਬਿਸਕੁੱਟ, 400 ਬੋਤਲ ਪਾਣੀ,



ਹਲਦੀ, ਮਿਰਚ, ਮਸਾਲਾ, ਦਾਲਾਂ, ਚਾਹ ਪੱਤੀ, ਡੇਢ ਕੁਇੰਟਲ ਚਾਵਲ, 1 ਬੈਗ ਵੱਡਾ ਨਮਕ, 100 ਪੀਸ ਬਰੈਡ, 35 ਕਿਲੋ ਬੈਸਣ, 10 ਝਾੜੂ ਅਤੇ 1500 ਰੁਪਏ ਨਕਦ ਆਦਿ ਦਿੱਤਾ ਗਿਆ। ਬਾਬਾ ਸੁੱਧ ਸਿੰਘ ਨੇ ਮੰਚ ਦੇ ਸਮੂਹ ਅਹੁੱਦੇਦਾਰਾਂ ਦਾ ਧੰਨਵਾਦ ਕਰਦਿਆ ਉਨ੍ਹਾਂ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਪ੍ਰਧਾਨ ਮਨੋਹਰ ਲਾਲ ਵਰਮਾ, ਜਗਦੀਸ਼ ਚੰਦ ਵਰਮਾ, ਮਦਨ ਮੋਹਨ ਅਬਰੋਲ, ਪ੍ਰੇਮ ਚੰਦ ਸ਼ਰਮਾ, ਰਜਿੰਦਰਪਾਲ ਸਿੰਘ ਢਿਲੋਂ, ਰਛਪਾਲ ਸਿੰਘ ਪਾਲ, ਕੁਲਵਿੰਦਰ ਸਿੰਘ ਮਹਿਮੀ, ਐਡਵੋਕੇਟ ਸੰਜੀਵ ਅਬਰੋਲ, ਭਾਜਪਾ ਦੇ ਸੀਨੀਅਰ ਆਗੂ ਵਿਨੋਦ ਮਿੱਤਲ, ਪ੍ਰਵੇਸ਼ ਕੁਮਾਰ, ਬਲਦੇਵ ਸਿੰਘ, ਗੁਰਦੁਆਰਾ ਸਿੰਘ ਸਭਾ ਅਮਲੋਹ ਦੇ ਪ੍ਰਧਾਨ ਮਨਜਿੰਦਰ ਸਿੰਘ, ਬੀਰੂ ਰਾਮ, ਕਮਲ ਭੂਸ਼ਨ, ਹੀਰੋ ਟਰਾਂਸਪੋਰਟ ਮੰਡੀ ਗੋਬਿੰਦਗੜ੍ਹ ਦੇ ਮਾਲਕ ਰਜ਼ਨੀਸ਼ ਧੀਰ, ਰਾਣਾ ਅਜ਼ਾਦ, ਨਰੈਣ ਹਰੀ ਧੀਰ ਅਤੇ ਰਾਜਵੀਰ ਸਿੰਘ ਸੌਂਟੀ ਆਦਿ ਸਾਮਲ ਸਨ। ਬਾਬਾ ਸੁੱਧ ਸਿੰਘ ਨੇ ਦੱਸਿਆ ਕਿ ਇਹ ਲੰਗਰ ਹਰ ਸਾਲ ਲਗਾਇਆ ਜਾਦਾ ਹੈ ਜੋਂ 10 ਅਕਤੂਬਰ ਤੱਕ ਜਾਰੀ ਰਹੇਗਾ।

# ਅੰਮ੍ਰਿਤਸਰ ਹਵਾਈ ਅੱਡੇ ਤੋਂ ਵਿੱਤੀ ਸਾਲ 2024-25 ਦੌਰਾਨ 35,42,880 ਯਾਤਰੀਆਂ ਨੇ ਹਵਾਈ ਸਫ਼ਰ ਕੀਤਾ

ਅੰਮ੍ਰਿਤਸਰ, 27 ਮਈ (ਚ.ਨ.ਸ.) : ਸਥਾਨਕ ਗੁਰੂ ਨਗਰੀ ਦੇ ਸ੍ਰੀ ਗੁਰੂ ਰਾਮ ਦਾਸ ਜੀ ਕੌਮਾਂਤਰੀ ਹਵਾਈ ਅੱਡਾ



ਰਾਜਾਸਾਂਸੀ ਨੇ 31 ਮਾਰਚ ਨੂੰ ਖ਼ਤਮ ਹੋਏ ਵਿੱਤੀ ਵਰ੍ਹੇ 2024-25 ਦੌਰਾਨ 35 ਲੱਖ ਯਾਤਰੀਆਂ ਦੀ ਗਿਣਤੀ ਨੂੰ ਪਾਰ ਕਰਕੇ ਨਵਾਂ ਰਿਕਾਰਡ ਕਾਇਮ ਕੀਤਾ ਹੈ। ਇਸ ਹਵਾਈ ਅੱਡੇ ਦੇ ਹਵਾਈ ਸੰਪਰਕ ਨੂੰ ਵਧਾਉਣ ਤੇ ਉਤਸ਼ਾਹਿਤ ਕਰਨ ਲਈ ਯਤਨਸ਼ੀਲ ਗਲੋਬਲ ਐਡਵੋਕੇਸੀ ਗਰੁੱਪ ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਦੇ ਗਲੋਬਲ ਕਨਵੀਨਰ ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਕਿ ਮਾਰਚ 2025 ਲਈ ਏਅਰਪੋਰਟ ਅਥਾਰਟੀ ਆਫ਼ ਇੰਡੀਆ ਦੁਆਰਾ ਜਾਰੀ ਕੀਤੇ ਗਏ ਅੰਕੜਿਆਂ ਦੇ ਵਿਸ਼ਲੇਸ਼ਣ ਤੋਂ ਇਹ ਤੱਥ ਸਾਹਮਣੇ ਆਏ ਹਨ ਕਿ ਅੰਮ੍ਰਿਤਸਰ ਹਵਾਈ ਅੱਡੇ ਤੋਂ ਵਿੱਤੀ ਸਾਲ 2024-25 (1 ਅਪ੍ਰੈਲ 2024 ਤੋਂ 31 ਮਾਰਚ 2025) ਦੌਰਾਨ 35,42,880 ਯਾਤਰੀਆਂ ਨੇ ਹਵਾਈ ਸਫ਼ਰ ਕੀਤਾ। ਇਸ ਵਿੱਚ 11,53,461 ਅੰਤਰਰਾਸ਼ਟਰੀ ਤੇ 23,89,419 ਘਰੇਲੂ ਯਾਤਰੀ ਸ਼ਾਮਲ ਹਨ। ਇਹ ਅੰਕੜੇ ਪਿਛਲੇ ਵਿੱਤੀ ਸਾਲ ਦੇ ਮੁਕਾਬਲੇ 14.8 ਪ੍ਰਤੀਸ਼ਤ ਵੱਧ ਹਨ, ਜਦੋਂ ਇੱਥੋਂ ਕੁੱਲ 30.86 ਲੱਖ ਯਾਤਰੀਆਂ ਨੇ ਉਡਾਣ ਭਰੀ ਸੀ। ਉਨ੍ਹਾਂ ਕਿਹਾ ਕਿ ਪਿਛਲੇ ਵਿੱਤੀ ਸਾਲ ਦੇ ਮੁਕਾਬਲੇ ਅੰਤਰਰਾਸ਼ਟਰੀ ਯਾਤਰੀਆਂ ਦੀ ਗਿਣਤੀ ਵਿੱਚ ਇਸ ਸਾਲ 17.5 ਫ਼ੀਸਦੀ ਤੇ ਘਰੇਲੂ ਯਾਤਰੀਆਂ ਵਿੱਚ 13.6 ਫ਼ੀਸਦੀ ਦਾ ਵਾਧਾ ਹੋਇਆ ਹੈ। ਉਨ੍ਹਾਂ ਦੱਸਿਆ ਕਿ ਮਾਰਚ 2025 ਵਿੱਚ ਕਿਸੇ ਵੀ ਮਹੀਨੇ ਵਿੱਚ ਹੁਣ ਤੱਕ ਦੀ ਸਭ ਤੋਂ ਵੱਧ 3.43 ਲੱਖ ਯਾਤਰੀਆਂ ਦੀ ਆਵਾਜਾਈ ਦਰਜ ਕੀਤੀ ਗਈ, ਜਿਸ ਨੇ ਦਸੰਬਰ 2024 ਵਿੱਚ ਦਰਜ ਕੀਤੀ ਗਈ 3.40 ਲੱਖ ਦੀ ਸਭ ਤੋਂ ਵੱਧ ਦੀ ਗਿਣਤੀ ਨੂੰ ਮਾਤ ਦੇ ਦਿੱਤੀ ਹੈ। ਇਸ ਵਿੱਚ 2,31,756 ਘਰੇਲੂ ਤੇ 1,11,628 ਅੰਤਰਰਾਸ਼ਟਰੀ ਯਾਤਰੀ ਸਨ। ਗੁਮਟਾਲਾ ਨੇ ਗਿਲਾ ਪ੍ਰਗਟ ਕੀਤਾ ਕਿ ਪੰਜਾਬ ਦੀ 'ਆਪ' ਸਰਕਾਰ ਨੇ ਹਵਾਈ ਅੱਡੇ ਤੋਂ ਪੰਜਾਬ ਦੇ ਹੋਰ ਸ਼ਹਿਰਾਂ ਨਾਲ ਬੱਸ ਸੇਵਾ ਸ਼ੁਰੂ ਕਰਨ ਦੀ ਲੰਮੇ ਸਮੇਂ ਤੋਂ ਮੰਗ ਨੂੰ ਅਜੇ ਤੱਕ ਪੂਰਾ ਨਹੀਂ ਕੀਤਾ।

# ਕੈਨੇਡਾ ਦੇ ਪ੍ਰਧਾਨ ਮੰਤਰੀ ਦੇ ਵਿਸ਼ੇਸ਼ ਸੱਦੇ 'ਤੇ ਚਾਰਲਸ-III ਤੇ ਰਾਣੀ ਕੈਮਿਲਾ ਪਹੁੰਚੇ ਓਟਾਵਾ



ਟੋਰਾਂਟੋ, 27 ਮਈ (ਚ.ਨ.ਸ.) : ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੇ ਵਿਸ਼ੇਸ਼ ਸੱਦੇ 'ਤੇ ਬਰਤਾਨਵੀ ਮਹਾਰਾਜਾ ਤੇ ਕੈਨੇਡਾ ਦੇ ਸੰਵਿਧਾਨਕ ਮੁਖੀ ਚਾਰਲਸ-ਤੀਸਰੇ ਤੇ ਉਨ੍ਹਾਂ ਦੀ ਪਤਨੀ ਰਾਣੀ ਕੈਮਿਲਾ (ਪਾਰਕਰ) ਰਾਜਧਾਨੀ ਓਟਾਵਾ ਪੁੱਜੇ ਹਨ, ਜਿੱਥੇ ਕੈਨੇਡਾ ਦੀ ਗਵਰਨਰ ਜਨਰਲ ਮੈਰੀ ਸਾਈਮਨ ਵੱਲੋਂ ਉਨ੍ਹਾਂ ਦਾ ਸਵਾਗਤ ਕੀਤਾ ਗਿਆ। ਕੈਨੇਡਾ ਦੇ ਅਮਰੀਕਾ ਨਾਲ ਪ੍ਰਭੂਸੱਤਾ ਦੇਸ਼ਤਨਾਅ ਸਬੰਧ ਘਟਾਈ ਵਿੱਚ ਪਏ ਹੋਣ ਕਰਕੇ ਮਹਾਰਾਜਾ ਚਾਰਲਸ ਦੀ ਫੇਰੀ ਨੂੰ ਵੱਡਾ ਮਹੱਤਵ ਦਿੱਤਾ ਜਾ ਰਿਹਾ ਹੈ ਤੇ ਕਿ ਅਮਰੀਕਾ ਦੇ ਟਰੰਪ ਪ੍ਰਸ਼ਾਸਨ ਨੂੰ ਸੰਕੇਤ ਦਿੱਤਾ ਜਾ ਸਕੇ ਕਿ ਕੈਨੇਡਾ ਕੋਲ ਆਪਦੇ ਹਮਦਰਦ ਭਾਈਵਾਲਾਂ ਦੀ ਕਮੀ ਨਹੀਂ ਹੈ। ਇਸੇ ਕੜੀ ਵਿੱਚ ਉਹ 45ਵੀਂ ਕੈਨੇਡੀਅਨ ਸੰਸਦ ਦੇ ਪਹਿਲੇ ਸਾਂਝੇ ਇਜਲਾਸ ਨੂੰ ਸੰਬੋਧਨ ਕਰਨਗੇ। ਬੀਤੇ ਸਾਲਾਂ ਤੋਂ ਦੇਸ਼ ਵਿੱਚ ਰਾਜਨੀਤਿਕ ਅਸਥਿਰਤਾ ਤੇ ਚੋਣਾਂ ਕਾਰਨ ਕੈਨੇਡਾ ਦੀ ਸੰਸਦ ਦਸੰਬਰ 2024 ਤੋਂ ਬੰਦ ਸੀ, ਜਿਸ ਦਾ ਪਹਿਲਾ ਸੈਸ਼ਨ 26 ਮਈ 2025 ਨੂੰ ਸਪੀਕਰ ਦੀ ਚੋਣ ਨਾਲ ਆਰੰਭ ਹੋਇਆ। ਇਸੇ ਦੌਰਾਨ ਕਾਰਨੀ ਸਰਕਾਰ ਨੇ ਆਪਣੀ ਸਾਰੀ ਸ਼ਕਤੀ ਮਹਾਰਾਜਾ ਚਾਰਲਸ ਦੀ ਫੇਰੀ ਤੇ ਉਨ੍ਹਾਂ ਦੀ ਆਓ-ਭਗਤ ਕਰਨ ਉੱਪਰ ਲਗਾਈ ਹੋਈ ਹੈ। 1867 ਤੋਂ 2025 ਤੱਕ ਦੇ ਕੈਨੇਡਾ ਦੇ ਇਤਿਹਾਸ ਵਿੱਚ ਬਰਤਾਨਵੀ ਮਹਾਰਾਜਾ ਜਾਂ ਰਾਜਾਣੀ ਤੀਜੀ ਵਾਰੀ ਸੰਸਦ ਨੂੰ ਸੰਬੋਧਨ ਕਰਨ ਲਈ ਪੁੱਜੇ ਹਨ।

# ਲੰਡਨ ਸਿੱਖ ਸੁਸਾਇਟੀ ਨੇ ਵਿਸਾਖੀ ਤੇ ਖ਼ਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਨਗਰ ਕੀਤਰਨ ਸਜਾਇਆ

ਟੋਰਾਂਟੋ, 27 ਮਈ (ਚ.ਨ.ਸ.) : ਟੋਰਾਂਟੋ ਦੇ ਉਪ-ਸ਼ਹਿਰ ਲੰਡਨ (ਓਂਟਾਰੀਓ) ਵਿਖੇ ਲੰਡਨ ਸਿੱਖ ਸੁਸਾਇਟੀ ਗੁਰਦੁਆਰਾ ਸਾਹਿਬ ਕਮੇਟੀ ਲੰਡਨ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਵਿਸਾਖੀ ਤੇ ਖ਼ਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਨਗਰ ਕੀਰਤਨ ਬੀਤੇ ਦਿਨੀਂ ਸ਼ਰਧਾ ਨਾਲ ਸਜਾਇਆ ਗਿਆ। ਲੰਡਨ ਦੀ ਵਿਕਟੋਰੀਆ ਪਾਰਕ ਵਿੱਚੋਂ ਪੰਜ ਪਿਆਰਿਆਂ ਤੇ ਪੰਜ



ਨਿਸ਼ਾਨਚੀ ਸਿੰਘਾਂ ਦੀ ਅਗਵਾਈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਹਿਨੁਮਾਈ ਹੇਠ ਸਜਾਏ ਗਏ ਇਸ ਨਗਰ ਕੀਰਤਨ ਦੀ ਸ਼ੁਰੂਆਤ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਤੋਂ ਹੋਈ, ਉਪਰੰਤ ਅਰਦਾਸ ਤੇ ਜੈਕਾਰਿਆਂ ਦੀ ਗੂੰਜ ਵਿੱਚ ਇਹ ਨਗਰ ਕੀਰਤਨ ਸੰਗਤਾਂ ਦੇ ਨਾਮ ਜਪਣ ਨਾਲ ਨਿਰਧਾਰਿਤ ਰੂਟ 'ਤੇ ਰਵਾਨਾ ਹੋਇਆ। ਗੁਰੂਘਰ ਦੇ ਸੇਵਾਦਾਰ ਭਾਈ ਬਲਵੰਤ ਸਿੰਘ ਦੇ ਦੱਸਣ ਅਨੁਸਾਰ ਵਿਕਟੋਰੀਆ ਪਾਰਕ ਤੋਂ ਸ਼ੁਰੂ ਹੋ ਕੇ ਇਹ ਨਗਰ ਕੀਰਤਨ ਢਾਈ ਤਿੰਨ ਘੰਟਿਆਂ ਬਾਅਦ ਫਿਰ ਸੰਗਤਾਂ ਦੇ ਠਾਠਾਂ ਮਾਰਦੇ ਇਕੱਠ ਨਾਲ ਵਿਕਟੋਰੀਆ ਪਾਰਕ ਵਿਖੇ ਹੀ ਪਹੁੰਚਿਆ। ਨਗਰ ਕੀਰਤਨ ਦੀ ਅਰਦਾਸ ਗੁਰੂਘਰ ਦੇ ਮੁੱਖ ਸੇਵਾਦਾਰ ਬਾਬਾ ਗੁਰਮੁੱਖ ਸਿੰਘ ਵੱਲੋਂ ਕੀਤੀ ਗਈ ਤੇ ਇਸ ਮੌਕੇ ਸੰਗਤਾਂ ਦਾ ਜਾਹੋ-ਜਲਾਲ ਵੀ ਵੇਖਣ ਵਾਲਾ ਸੀ। ਇਸ ਮੌਕੇ ਜਿੱਥੇ ਭਾਈ ਅਮਰੀਕ ਸਿੰਘ ਅਮਰ, ਭਾਈ ਮਨਪ੍ਰੀਤ ਸਿੰਘ ਕਾਨਪੁਰ, ਭਾਈ ਸਰਵਣ ਸਿੰਘ ਦੇ ਜੱਥਿਆਂ ਤੋਂ ਇਲਾਵਾ ਸਿੱਖ ਸ਼ਰਧਾਲੂ ਪਰਿਵਾਰਾਂ ਦੀਆਂ ਬੱਚੀਆਂ ਦੇ ਜੱਥਿਆਂ ਵੱਲੋਂ ਕੀਰਤਨ ਦੀ ਸੇਵਾ ਨਿਭਾਈ ਗਈ, ਉੱਥੇ ਹੀ ਭਾਈ ਰਾਮ ਸਿੰਘ ਸ਼ਾਨ-ਏ-ਪੰਜਾਬ ਦੇ ਜੱਥੇ ਤੇ ਭਾਈ ਰਣਜੀਤ ਸਿੰਘ ਦੇ ਢਾਡੀ ਜੱਥਿਆਂ ਵੱਲੋਂ ਖ਼ਾਲਸਾ ਸਾਜਨਾ ਦਿਵਸ, ਵਿਸਾਖੀ ਤੇ ਸਿੱਖ ਇਤਿਹਾਸ ਦੇ ਪ੍ਰਸੰਗ ਸੁਣਾ ਕੇ ਸੰਗਤਾਂ ਨਾਲ ਸਾਂਝ ਪਾਈ। ਇਸ ਮੌਕੇ ਵਿਕਟੋਰੀਆ ਪਾਰਕ ਵਿੱਚ ਸਿੱਖ ਨੌਜਵਾਨਾਂ ਵੱਲੋਂ ਦਸਤਾਰ ਕੈਂਪ ਲਗਾ ਕੇ ਸੈਂਕੜੇ ਹੀ ਲੋਕਾਂ ਦੇ ਸਿਰਾਂ 'ਤੇ ਦਸਤਾਰਾਂ ਵੀ ਸਜਾਈਆਂ ਗਈਆਂ ਤੇ ਓਂਟਾਰੀਓ ਪ੍ਰੋਵਿਨਸ਼ੀਅਲ ਪੁਲਿਸ (ਓ.ਪੀ.ਪੀ.) ਵੱਲੋਂ ਪੁਲਿਸ 'ਚ ਭਰਤੀ, ਸੁਰੱਖਿਆ ਨਿਯਮਾਂ ਤੇ ਪੁਲਿਸ ਦੇ ਹੋਰ ਕਾਰਜਾਂ ਦੀ ਜਾਣਕਾਰੀ ਦੇਣ ਲਈ ਵੀ ਟੈਂਟ ਲਗਾਇਆ ਹੋਇਆ ਸੀ, ਇਸ ਮੌਕੇ ਬੱਚਿਆਂ ਤੇ ਵੱਡਿਆਂ ਵੱਲੋਂ ਗਤਕਾ ਟੀਮਾਂ ਵੱਲੋਂ ਗਤਕੇ ਦੇ ਜੌਹਰ ਵੀ ਵਿਖਾਏ ਗਏ। ਅੰਤ ਵਿੱਚ ਗੁਰਦੁਆਰਾ ਕਮੇਟੀ ਵੱਲੋਂ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ ਗਿਆ।

# ਫ਼ਿਰੋਜ਼ਪੁਰ-ਫ਼ਾਜ਼ਿਲਕਾ ਜੀਟੀ ਰੋਡ 'ਤੇ ਸੜਕ ਹਾਦਸੇ 'ਚ 2 ਨੌਜਵਾਨਾਂ ਦੀ ਮੌਤ, ਇਕ ਗੰਭੀਰ ਜ਼ਖ਼ਮੀ

ਗੁਰੂਹਰਸਹਾਏ, 27 ਮਈ (ਚ.ਨ.ਸ.) : ਫ਼ਿਰੋਜ਼ਪੁਰ-ਫ਼ਾਜ਼ਿਲਕਾ ਜੀਟੀ ਰੋਡ 'ਤੇ ਆਏ ਦਿਨ ਸੜਕੀ ਹਾਦਸੇ ਵਾਪਰ ਰਹੇ ਹਨ, ਅਜਿਹਾ ਕੋਈ ਦਿਨ ਮਹੀਨਾ ਨਹੀਂ ਕਿ ਫ਼ਿਰੋਜ਼ਪੁਰ-ਫ਼ਾਜ਼ਿਲਕਾ ਜੀਟੀ ਰੋਡ ਸੜਕ 'ਤੇ ਕੋਈ ਹਾਦਸਾ ਨਾ ਵਾਪਰਿਆ ਹੋਵੇ, ਹੁਣ ਤਾਂ ਲੋਕ ਇਸ ਸੜਕ ਨੂੰ ਖ਼ੂਨੀ ਖੂਹ ਦੇ ਨਾਮ ਵਜੋਂ ਬੁਲਾਉਣ ਲੱਗ ਪਏ ਹਨ। ਅੱਜ ਕਰੀਬ 11 ਵਜੇ ਦੇ ਆਸ-ਪਾਸ ਸੜਕੀ ਹਾਦਸਾ ਗੁਰੂ ਹਰਸਹਾਏ ਦੇ ਨੇੜਲੇ ਪਿੰਡ ਹਾਮਦ ਵਿਖੇ ਵਾਪਰਿਆ ਹੈ। ਜਾਣਕਾਰੀ ਮੁਤਾਬਿਕ ਮਹਿੰਦਰਾ ਪਿੱਕ (ਬਲੈਰੋ ਗੱਡੀ) ਜਿਸਦੀ ਘੋੜੇ ਟਰਾਲੇ ਨਾਲ ਟੱਕਰ ਹੋ ਜਾਂਦੀ ਹੈ। ਟੱਕਰ ਇਨੀ ਜ਼ਿਆਦਾ ਭਿਆਨਕ ਸੀ ਕ ਬੋਲੈਰੋ ਗੱਡੀ ਘੁੰਮ ਗਈ ਤੇ ਆਪਣੀ ਦਿਸ਼ਾ ਬਦਲ ਲਈ ਤੇ ਫ਼ਿਰੋਜ਼ਪੁਰ ਸਾਈਡ ਨੂੰ ਜਾ ਰਹੇ ਤਿੰਨ ਮੋਟਰਸਾਈਕਲ ਸਵਾਰਾਂ ਨੂੰ ਆਪਣੀ ਲਪੇਟ ਵਿਚ ਲੈ ਲਿਆ। ਜਿਸ ਵਿਚ 3 ਨੌਜਵਾਨਾਂ ਦੀ ਮੌਕੇ 'ਤੇ ਮੌਤ ਹੋ ਗਈ ਤੇ ਤੀਸਰਾ ਵਿਅਕਤੀ ਗੰਭੀਰ ਜ਼ਖ਼ਮੀ ਹੋ ਗਿਆ, ਜਿਸਨੂੰ ਸਥਾਨਕ ਲੋਕਾਂ ਦੀ ਮਦਦ ਨਾਲ 108 ਐਂਬੂਲੈਂਸ ਰਾਹੀ ਨੇੜਲੇ ਹਸਪਤਾਲ ਪਹੁੰਚਾਇਆ। ਇਸ ਹਾਦਸੇ 'ਚ ਜਿਨ੍ਹਾਂ 2 ਨੌਜਵਾਨਾਂ ਦੀ ਮੌਤ ਹੋਈ ਹੈ, ਉਸ ਵਿੱਚ ਇਕ ਦੀ ਪਹਿਚਾਣ ਸ਼ਿਵਾ (ਉਮਰ 18 ਸਾਲ) ਪੁੱਤਰ ਕਸ਼ਮੀਰ ਲਾਲ ਉਤਲਾ ਵੱਜ਼ੀਰਾ ਵਜੋਂ ਹੋਈ। ਇਸ ਘਟਨਾ ਦਾ ਪਤਾ ਲੱਗਦੇ ਹੀ ਸੜਕ ਸੁਰੱਖਿਆ ਫ਼ੋਰਸ ਦੀ ਟੀਮ ਵੀ ਮੌਕੇ 'ਤੇ ਪਹੁੰਚੀ ਤੇ ਥਾਣਾ ਲੱਖੋ ਕੇ ਬਹਿਰਾਮ ਦੇ ਥਾਣਾ ਮੁਖੀ ਵੀ ਪਹੁੰਚੇ ਤੇ ਟ੍ਰੈਫਿਕ ਨੂੰ ਬਹਾਲ ਕਰਕੇ ਆਵਾਜਾਈ ਨੂੰ ਚਾਲੂ ਕਰਵਾਇਆ। ਥਾਣਾ ਮੁਖੀ ਵੱਲੋਂ ਡਰਾਈਵਰ ਤੇ ਘੋੜੇ ਟਰਾਲੇ ਨੂੰ ਆਪਣੀ ਗ੍ਰਿਫ਼ਤ ਵਿਚ ਲੈ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ ਤੇ ਲਾਸ਼ਾਂ ਨੂੰ ਮੋਰਚਰੀ ਲਈ ਰਵਾਨਾ ਕੀਤਾ ਗਿਆ ਹੈ।

# ਸਰਬੱਤ ਦਾ ਭਲਾ ਗਰੁੱਪ ਨੇ ਸਾਊਦੀ ਅਰਬ ਦੇ ਇੱਕ ਹੋਟਲ ਦੀਆਂ ਦੀਵਾਰਾਂ ਤੋਂ ਸ੍ਰੀ ਹਰਿਮੰਦਰ ਸਾਹਿਬ ਦੀਆਂ ਤਸਵੀਰਾਂ ਉਤਰਵਾਈਆਂ

ਸ੍ਰੀ ਅਨੰਦਪੁਰ ਸਾਹਿਬ (ਰੂਪ ਨਗਰ), 27 ਮਈ (ਚ.ਨ.ਸ.) : ਸਾਊਦੀ ਅਰਬ ਦੇ ਅਲ-ਕੁਰਿਆਦ ਸ਼ਹਿਰ ਦੇ ਇੱਕ ਹੋਟਲ ਗੋਲਡ ਡੋਮ ਰੈਸਟੋਰੈਂਟ ਦੇ ਆਲੇ-ਦੁਆਲੇ ਤੇ ਬਾਹਰਲੀਆਂ ਦੀਵਾਰਾਂ ਉੱਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀਆਂ ਤਸਵੀਰਾਂ ਸਰਬੱਤ ਦਾ ਭਲਾ ਗਰੁੱਪ ਦੇ ਮੁੱਖ ਸੇਵਾਦਾਰ ਜਸਵਿੰਦਰ ਸਿੰਘ ਬੈਂਸ ਤੇ ਸੰਦੀਪ ਸਿੰਘ ਖ਼ਾਲਸਾ ਦੀ ਅਗਵਾਈ ਹੇਠ ਕੀਤੇ ਗਏ ਸਾਂਝੇ ਯਤਨਾਂ ਨਾਲ ਉਤਾਰ ਦਿੱਤੀਆਂ ਗਈਆਂ ਹਨ। ਦੱਸਣਯੋਗ ਹੈ ਕਿ ਇਸ ਬਾਰੇ ਉਨ੍ਹਾਂ ਸਾਊਦੀ ਅਰਬ ਵਿੱਚ ਬੀਤੇ 6 ਸਾਲਾਂ ਤੋਂ ਪੰਜਾਬ ਦੇ ਨੌਜਵਾਨਾਂ ਵੱਲੋਂ ਪੰਜਾਬੀਆਂ ਦੀਆਂ ਸਮੱਸਿਆਵਾਂ ਦੇ ਹੱਲ ਸਬੰਧੀ ਕੰਮ ਕਰ ਰਿਹਾ ਹੈ। ਬੈਂਸ ਤੇ ਖ਼ਾਲਸਾ ਨੇ ਦੱਸਿਆ ਕਿ ਗੋਲਡਨ ਡੋਮ ਰੈਸਟੋਰੈਂਟ ਦਾ ਆਕਾਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਰਗਾ ਬਣਾਇਆ ਗਿਆ ਸੀ ਤੇ ਇਸ ਹੋਟਲ ਦੇ ਬਾਹਰ ਆਲੇ-ਦੁਆਲੇ ਤੇ ਬਾਹਰਲੀਆਂ ਦੀਵਾਰਾਂ 'ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀਆਂ ਤਸਵੀਰਾਂ ਲਗਾਈਆਂ ਗਈਆਂ ਸਨ। ਇਸ ਹੋਟਲ ਵਿੱਚ ਮੀਟ ਤੇ ਤੰਬਾਕੂ ਆਦਿ ਦੀ ਵਰਤੋਂ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਜਦੋਂ ਇਸ ਦੀ ਸੂਚਨਾ ਗਰੁੱਪ ਨੂੰ ਮਿਲੀ ਤਾਂ ਉਨ੍ਹਾਂ ਵੱਲੋਂ ਸ਼੍ਰੋਮਣੀ ਕਮੇਟੀ, ਸ੍ਰੀ ਅਕਾਲ ਤਖ਼ਤ ਸਾਹਿਬ, ਪੰਜਾਬ ਸਰਕਾਰ ਤੇ ਸੰਤਾਂ ਮਹਾਂਪੁਰਸ਼ਾਂ ਨੂੰ ਪੱਤਰ ਲਿਖ ਕੇ ਇਸ ਸਮੱਸਿਆ ਦੇ ਹੱਲ ਲਈ ਕੌਮਾਂਤਰੀ ਪੱਧਰ 'ਤੇ ਯਤਨ ਕਰਨ ਦੀ ਅਪੀਲ ਵੀ ਕੀਤੀ ਗਈ ਸੀ। ਉਨ੍ਹਾਂ ਦੱਸਿਆ ਕਿ ਇਸ ਤੋਂ ਬਾਅਦ ਉਹ ਇੱਕ ਵਫ਼ਦ ਲੈ ਕੇ ਹੋਟਲ ਦੇ ਮਾਲਕ ਸ਼ੇਖ਼ ਨੂੰ ਵੀ ਮਿਲੇ ਤੇ ਫਿਰ ਉਕਤ ਸ਼ੇਖ਼ ਨਾਲ ਸਹਿਮਤੀ ਕਰਕੇ ਉਸ ਨੂੰ ਤਸਵੀਰਾਂ ਤੇ ਹੋਰ ਲੋੜੀਂਦਾ ਖ਼ਰਚਾ ਦੇ ਕੇ ਪੰਜਾਬੀ ਨੌਜਵਾਨਾਂ ਵੱਲੋਂ ਇਹ ਤਸਵੀਰਾਂ ਲਾਹ ਦਿੱਤੀਆਂ ਗਈਆਂ। ਸ੍ਰੀ ਅਨੰਦਪੁਰ ਸਾਹਿਬ ਤੋਂ ਮੈਂਬਰ ਸ਼੍ਰੋਮਣੀ ਕਮੇਟੀ ਭਾਈ ਅਮਰਜੀਤ ਸਿੰਘ ਚਾਵਲਾ ਨੇ ਕਿਹਾ ਕਿ ਇਨ੍ਹਾਂ ਨੌਜਵਾਨਾਂ ਵੱਲੋਂ ਕੀਤਾ ਗਿਆ ਉਪਰਾਲਾ ਸ਼ਲਾਘਾਯੋਗ ਹੈ ਤੇ ਸ਼੍ਰੋਮਣੀ ਕਮੇਟੀ ਇਨ੍ਹਾਂ ਨੌਜਵਾਨਾਂ ਦਾ ਪੰਜਾਬ ਆਉਣ 'ਤੇ ਵਿਸ਼ੇਸ਼ ਸਨਮਾਨ ਕਰੇਗੀ।

# ਫਰਾਂਸ ਦੇ ਰਾਸ਼ਟਰਪਤੀ ਨੇ ਪਤਨੀ ਬ੍ਰਿਗਿਟ ਨਾਲ ਹੋਏ ਝਗੜੇ ਦਾ ਦਿੱਤਾ ਸਪੱਸ਼ਟੀਕਰਨ

ਹਨੋਈ, 27 ਮਈ (ਚ.ਨ.ਸ.) : ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਤੇ ਉਨ੍ਹਾਂ ਦੀ ਪਤਨੀ ਬ੍ਰਿਗਿਟ ਮੈਕਰੋਨ ਵਿਚਕਾਰ ਹੋਈ ਝੜਪ ਦਾ ਵੀਡੀਓ ਵਾਇਰਲ ਹੋ ਰਿਹਾ ਹੈ। ਇਮੈਨੁਅਲ ਮੈਕਰੋਨ ਪਤਨੀ ਬ੍ਰਿਗਿਟ ਮੈਕਰੋਨ ਸਮੇਤ 25 ਮਈ ਨੂੰ ਵੀਅਤਨਾਮ ਦੇ ਦੌਰੇ 'ਤੇ ਪਹੁੰਚੇ। ਇਸ ਦੌਰਾਨ ਹਨੋਈ ਦੇ ਨੋਈ ਬਾਈ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਉਨ੍ਹਾਂ ਦੀ ਪਤਨੀ ਨੇ ਉਨ੍ਹਾਂ ਦਾ ਚਿਹਰਾ ਫੜ ਲਿਆ ਤੇ ਉਨ੍ਹਾਂ ਨੂੰ ਧੱਕਾ ਦੇ ਦਿੱਤਾ ਸੀ। ਐਸੋਸੀਏਟਿਡ ਪ੍ਰੈੱਸ ਨੇ ਇਸ ਵੀਡੀਓ ਰਿਕਾਰਡ ਕੀਤਾ ਹੈ। ਇਸ ਘਟਨਾ ਉਦੋਂ ਵਾਪਰੀ ਜਦੋਂ ਉਹ ਦੋਵੇਂ ਜਹਾਜ਼ ਤੋਂ ਉਤਰਨ ਦੀ ਤਿਆਰੀ ਕਰ ਰਹੇ ਸਨ। ਵੀਡੀਓ ਵਿਚ ਦਿਖਾਇਆ ਗਿਆ ਹੈ ਕਿ ਜਿਵੇਂ ਹੀ ਮੈਕਰੋਨ ਦੇ ਜਹਾਜ਼ ਦਾ ਦਰਵਾਜ਼ਾ ਖੁੱਲ੍ਹਦਾ ਹੈ ਤਾਂ ਬ੍ਰਿਗਿਟ ਮੈਕਰੋਨ ਦੇ ਚਿਹਰੇ ਨੂੰ ਫੜ ਲੈਂਦੀ ਹੈ ਤੇ



ਉਨ੍ਹਾਂ ਨੂੰ ਧੱਕਾ ਦਿੰਦੀ ਹੈ। ਇਸ ਦੌਰਾਨ ਮੈਕਰੋਨ ਕੁੱਝ ਪਲਾਂ ਲਈ ਹੈਰਾਨ ਦਿਖਾਈ ਦਿੰਦਾ ਹੈ, ਫਿਰ ਜਲਦੀ ਨਾਲ ਆਪਣੇ-ਆਪ ਨੂੰ ਸ਼ਾਂਤ ਕਰਦਾ ਹੋਇਆ ਬਾਹਰਲੇ ਲੋਕਾਂ ਵੱਲ ਆਪਣਾ ਹੱਥ ਹਿਲਾਉਂਦਾ ਹੈ। ਇਸ ਦੌਰਾਨ ਮੈਕਰੋਨ ਉਸ ਵੱਲ ਆਪਣਾ ਹੱਥ ਵਧਾਉਣ ਦੀ ਕੋਸ਼ਿਸ਼ ਕਰਦਾ ਹੈ, ਪਰ ਉਹ ਇਸ ਨੂੰ ਨਜ਼ਰ-ਅੰਦਾਜ਼ ਕਰ ਦਿੰਦੀ ਹੈ। **ਰਾਸ਼ਟਰਪਤੀ ਦਫ਼ਤਰ ਨੇ ਇਸ ਤੋਂ ਇਨਕਾਰ ਕੀਤਾ ਤੇ ਕਿਹਾ ਕਿ ਇਹ ਇਕ ਮਜ਼ਾਕ ਸੀ :** ਮੈਕਰੋਨ ਦੇ ਦਫ਼ਤਰ, ਐਲੀਸੀ ਪੈਲੇਸ ਨੇ ਇਸ 'ਤੇ ਟਿੱਪਣੀ ਕੀਤੀ ਹੈ। ਸ਼ੁਰੂ ਵਿਚ ਉਨ੍ਹਾਂ ਨੇ ਇਸ ਤੋਂ ਇਨਕਾਰ ਕੀਤਾ ਪਰ ਬਾਅਦ ਵਿਚ ਕਿਹਾ ਕਿ ਇਹ ਦੋਵਾਂ ਵਿਚਕਾਰ ਇੱਕ ਮਾਮੂਲੀ ਝਗੜਾ ਸੀ। ਮੈਕਰੋਨ ਦੇ ਇੱਕ ਕਰੀਬੀ ਸਹਿਯੋਗੀ ਨੇ ਏਐੱਫਪੀ ਨੂੰ ਦੱਸਿਆ ਕਿ ਰਾਸ਼ਟਰਪਤੀ ਤੇ ਉਨ੍ਹਾਂ ਦੀ ਪਤਨੀ ਹਲਕਾ ਜਿਹਾ ਮਜ਼ਾਕ ਕਰ ਰਹੇ ਸਨ ਪਰ ਸੁਸ ਪੱਖੀ ਟ੍ਰੋਲਾਂ ਨੇ ਇਸ ਨੂੰ ਘਰੇਲੂ ਝਗੜੇ ਵਜੋਂ ਪੇਸ਼ ਕੀਤਾ। **ਇਮੈਨੁਅਲ ਮੈਕਰੋਨ ਨੇ ਦਿੱਤਾ ਸਪੱਸ਼ਟੀਕਰਨ :** ਬਾਅਦ ਵਿੱਚ ਹਨੋਈ ਵਿਚ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ, ਮੈਕਰੋਨ ਨੇ ਕਿਹਾ ਕਿ ਇਹ ਕੋਈ ਲੜਾਈ ਨਹੀਂ ਸੀ ਪਰ 'ਅਸੀਂ ਇੱਕ ਦੂਜੇ ਨਾਲ ਮਜ਼ਾਕ ਕਰ ਰਹੇ ਸੀ, ਜਿਵੇਂ ਕਿ ਅਸੀਂ ਅਕਸਰ ਕਰਦੇ ਹਾਂ।' ਇਹ ਘਟਨਾ ਮੈਕਰੋਨ ਦੇ ਦੱਖਣ-ਪੂਰਬੀ ਏਸ਼ੀਆ ਦੌਰੇ ਦੀ ਸ਼ੁਰੂਆਤ ਵਿਚ ਵਾਪਰੀ, ਜਿਸ ਵਿਚ ਉਹ ਵੀਅਤਨਾਮ, ਇੰਡੋਨੇਸ਼ੀਆ ਤੇ ਫਿਰ ਸਿੰਗਾਪੁਰ ਜਾਣਗੇ।

# ਆਉਣ ਵਾਲੇ ਸਮੇਂ 'ਚ ਸੋਨੇ ਦੀ ਕੀਮਤ 'ਚ ਆਏਗਾ ਭਾਰੀ ਉਛਾਲ

ਨਵੀਂ ਦਿੱਲੀ, 27 ਮਈ (ਚ.ਨ.ਸ.) : ਸ਼ੁੱਕਰਵਾਰ ਨੂੰ ਰਾਜਧਾਨੀ ਦਿੱਲੀ ਵਿੱਚ ਸੋਨਾ 100 ਰੁਪਏ ਵੱਧ ਕੇ 98,750 ਰੁਪਏ ਪ੍ਰਤੀ 10 ਗ੍ਰਾਮ 'ਤੇ ਪਹੁੰਚ ਗਿਆ। ਸੋਨੇ ਦੀਆਂ ਕੀਮਤਾਂ ਵਿੱਚ ਲਗਾਤਾਰ ਵਾਧਾ ਹੁੰਦਾ ਜਾ ਰਿਹਾ ਹੈ। ਇਸ ਦੌਰਾਨ ਇਹ ਭਵਿੱਖਬਾਣੀ ਕੀਤੀ ਗਈ ਹੈ ਕਿ ਅਗਲੇ ਪੰਜ ਸਾਲਾਂ ਵਿੱਚ ਸੋਨੇ ਦੀ ਕੀਮਤ 8,900 ਡਾਲਰ ਭਾਵ 7,55,600 ਭਾਰਤੀ ਰੁਪਏ ਫੀ ਤੋਲਾ ਤੱਕ ਪਹੁੰਚ ਸਕਦੀ ਹੈ। ਇਹ ਗੱਲ ਲੀਚਿਟਨਸਟਾਈਨ ਸਥਿਤ ਨਿਵੇਸ਼ ਤੇ ਸੰਪਤੀ ਪ੍ਰਬੰਧਨ ਫਰਮ ਇਨਕਰੀਮੈਂਟਮ ਦੀ 'ਗੋਲਡ ਵੀ ਟਰੱਸਟ ਰਿਪੋਰਟ 2025' ਵਿੱਚ ਕਹੀ ਗਈ ਹੈ। ਰਿਪੋਰਟ ਅਨੁਸਾਰ ਸੋਨਾ ਲੰਬੇ ਸਮੇਂ ਤੋਂ ਤੇਜ਼ੀ ਦੇ ਰੁਝਾਨ ਵਿੱਚ ਬਣਿਆ ਹੋਇਆ ਹੈ। ਦਰਮਿਆਨੀ ਮਿਆਦ ਵਿੱਚ ਸੋਨੇ ਦੀ ਕੀਮਤ 4000 ਡਾਲਰ ਤੋਂ 5000 ਡਾਲਰ ਪ੍ਰਤੀ ਔਂਸ ਤੱਕ ਪਹੁੰਚ ਸਕਦੀ ਹੈ। ਇਸ ਦੀ ਕੀਮਤ 2030 ਤੱਕ, 8900 ਅਮਰੀਕੀ ਡਾਲਰ ਤੱਕ ਪਹੁੰਚਣ ਦੀ ਉਮੀਦ ਬਣੀ ਹੋਈ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਮਹਿੰਗਾਈ ਦੇ ਸਮੇਂ, ਇਸ ਸਮੇਂ ਦੌਰਾਨ ਪੀਲੀ ਧਾਤ 8,900 ਅਮਰੀਕੀ ਡਾਲਰ ਤੱਕ ਪਹੁੰਚਣ ਦੀ ਸੰਭਾਵਨਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ 4,800 ਡਾਲਰ ਤੋਂ 8,900 ਡਾਲਰ ਦੀ ਭਵਿੱਖਬਾਣੀ ਅਗਲੇ ਪੰਜ ਸਾਲਾਂ ਵਿੱਚ ਮੁਦਰਾਸਫੀਤੀ ਦੇ ਰੁਝਾਨ 'ਤੇ ਨਿਰਭਰ ਕਰਦੀ ਹੈ। ਮੁਦਰਾ ਨੀਤੀ ਤੇ ਭੂ-ਰਾਜਨੀਤਿਕ ਗਤੀਸ਼ੀਲਤਾ ਵੀ ਸੋਨੇ ਦੀਆਂ ਕੀਮਤਾਂ ਨੂੰ ਪ੍ਰਭਾਵਿਤ ਕਰ ਸਕਦੀ ਹੈ। ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਸੋਨੇ ਦੀਆਂ ਕੀਮਤਾਂ ਵਿੱਚ ਵਾਧਾ ਕੋਈ ਥੋੜ੍ਹੇ ਸਮੇਂ ਦਾ ਮਾਮਲਾ ਨਹੀਂ ਹੈ। ਇਹ ਇੱਕ ਲੰਬੇ ਸਮੇਂ ਦਾ ਰੁਝਾਨ ਹੋ ਸਕਦਾ ਹੈ। ਇਸ ਲਈ ਨਿਵੇਸ਼ਕਾਂ ਨੂੰ ਇਸ ਵੱਲ ਵਧੇਰੇ ਧਿਆਨ ਦੇਣ ਦੀ ਲੋੜ ਹੈ। ਦੂਜੇ ਪਾਸੇ ਰਿਪੋਰਟ ਨਿਵੇਸ਼ਕਾਂ ਨੂੰ ਸਾਵਧਾਨ ਰਹਿਣ ਦੀ ਚੇਤਾਵਨੀ ਵੀ ਦਿੰਦੀ ਹੈ ਕਿਉਂਕਿ ਸੋਨੇ ਦੀਆਂ ਕੀਮਤਾਂ ਅਸਥਿਰ ਰਹਿ ਸਕਦੀਆਂ ਹਨ। ਸੋਨਾ ਇੱਕ ਅਜਿਹਾ ਨਿਵੇਸ਼ ਹੈ ਜਿਸ ਵਿੱਚ ਅਕਸਰ ਤੇਜ਼ੀ ਨਾਲ ਬਦਲਾਅ ਆਉਂਦੇ ਹਨ। ਇਸ ਤੋਂ ਇਲਾਵਾ ਰਿਪੋਰਟ ਗਿਆ ਹੈ ਕਿ ਗਲੋਬਲ ਬਾਜ਼ਾਰ ਪਰਿਵਾਰਕ ਤੇ ਦਫਤਰ ਆਪਣੇ ਪੋਰਟਫੋਲੀਓ ਵਿੱਚ ਸੋਨੇ ਤੇ ਕੀਮਤੀ ਧਾਤਾਂ ਨੂੰ ਬਹੁਤ ਘੱਟ ਮਹੱਤਵ ਦਿੰਦੇ ਹਨ। ਉਹ ਇਸ ਵਿੱਚ ਆਪਣੀ ਪੂੰਜੀ ਦਾ ਸਿਰਫ਼ 1 ਪ੍ਰਤੀਸ਼ਤ ਹੀ ਨਿਵੇਸ਼ ਕਰਦੇ ਹਨ। ਇਸ ਦੇ ਮੁਕਾਬਲੇ ਉਹ ਪ੍ਰਾਈਵੇਟ ਇਕੁਇਟੀ, ਰੀਅਲ ਅਸਟੇਟ ਤੇ ਇੱਥੋਂ ਤੱਕ ਕਿ ਨਕਦੀ ਨੂੰ ਵੀ ਤਰਜੀਹ ਦਿੰਦੇ ਹਨ। ਹਾਲ ਹੀ ਵਿੱਚ ਗਲਫ਼ ਨਿਊਜ਼ ਨੇ ਵੀ ਸੋਨੇ ਦੀਆਂ ਕੀਮਤਾਂ ਵਿੱਚ ਵਾਧੇ ਦੀ ਭਵਿੱਖਬਾਣੀ ਕੀਤੀ ਸੀ। ਵਿਸ਼ਵਵਿਆਪੀ ਆਰਥਿਕ ਅਨਿਸ਼ਚਿਤਤਾ ਦੇ ਕਾਰਨ, ਨਿਵੇਸ਼ਕ ਸੋਨੇ ਨੂੰ ਇੱਕ ਸੁਰੱਖਿਅਤ ਵਿਕਲਪ ਵਜੋਂ ਵਿਚਾਰ ਰਹੇ ਹਨ। ਇਸ ਤੋਂ ਇਲਾਵਾ ਜੇਪੀ ਮੋਰਗਨ ਨੇ ਹਾਲ ਹੀ ਵਿੱਚ ਭਵਿੱਖਬਾਣੀ ਕੀਤੀ ਹੈ ਕਿ 2029 ਤੱਕ ਸੋਨੇ ਦੀਆਂ ਕੀਮਤਾਂ 6,000 ਡਾਲਰ ਪ੍ਰਤੀ ਔਂਸ ਤੱਕ ਪਹੁੰਚ ਜਾਣਗੀਆਂ। ਇਸ ਦੇ ਨਤੀਜੇ ਵਜੋਂ ਕੀਮਤਾਂ ਵਿੱਚ 80% ਵਾਧਾ ਹੋਵੇਗਾ, ਜਿਸ ਨਾਲ ਪੀਲੀ ਧਾਤ ਮਜ਼ਬੂਤ ਹੋਵੇਗੀ। ਇਸ ਸਾਲ ਜਨਵਰੀ ਤੋਂ ਅਪ੍ਰੈਲ ਤੱਕ ਸੋਨੇ ਦੀਆਂ ਕੀਮਤਾਂ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਇਸ ਸਮੇਂ ਦੌਰਾਨ, ਸੋਨੇ ਦੀਆਂ ਕੀਮਤਾਂ ਵਿੱਚ 25% ਤੱਕ ਦਾ ਵਾਧਾ ਹੋਇਆ।

# ਗੁਰਬਚਨ ਸਿੰਘ ਵਿਰਦੀ ਆਪਣੀ ਇਤਿਹਾਸਕ ਸੂਝ-ਬੂਝ ਨਾਲ ਸਰਹਿੰਦ ਸ਼ਹਿਰ ਦੇ ਲਾਸਾਨੀ ਇਤਿਹਾਸ ਨੂੰ ਸਾਂਭਣ ਵਾਲਾ ਪੰਜਾਬ ਦਾ ਵੱਡਾ ਚਿੰਤਕ

ਫ਼ਤਹਿਗੜ੍ਹ ਸਾਹਿਬ, 27 ਮਈ (ਚ.ਨ.ਸ.) : ਜ਼ਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾ ਫ਼ਤਹਿਗੜ੍ਹ ਸਾਹਿਬ ਵਿਚ ਪ੍ਰਗਤੀਸ਼ੀਲ ਲੇਖਕ ਸੰਘ ਤੇ ਡਾਈਟ ਦੇ ਸਹਿਯੋਗ ਨਾਲ ਮਰਹੂਮ ਗੁਰਬਚਨ ਸਿੰਘ ਵਿਰਦੀ ਦੀ ਕਥਾ ਪੁਸਤਕ 'ਚੜ੍ਹਦੀਕਲਾ' 'ਤੇ ਸੰਵਾਦ ਰਚਾਇਆ ਗਿਆ, ਜਿਸ ਦੇ ਮੁੱਖ ਮਹਿਮਾਨ ਪ੍ਰਸਿੱਧ ਵਿਦਵਾਨ ਡਾ. ਗੁਰਮੀਤ ਸਿੰਘ ਕੱਲਰਮਾਜਰੀ ਤੇ ਵਿਸ਼ੇਸ਼ ਮਹਿਮਾਨ ਉੱਘੇ ਅਨੁਵਾਦਕ ਪ੍ਰੋ. ਅੱਛਰੂ ਸਿੰਘ ਸਨ। ਪੁਸਤਕ 'ਤੇ ਪਰਚਾ ਡਾ. ਸੰਤੋਖ ਸੁੱਖੀ ਤੇ ਪ੍ਰੋ. ਕਿਰਨਜੀਤ ਕੌਰ ਨੇ ਪੜ੍ਹਿਆ। ਪ੍ਰੋਗਰਾਮ ਦੀ ਸ਼ੁਰੂਆਤ ਕਰਦੇ ਹੋਏ ਡਾਈਟ ਪ੍ਰਿੰਸੀਪਲ ਡਾ. ਆਨੰਦ ਗੁਪਤਾ ਨੇ ਕਿਹਾ ਕਿ ਗੁਰਬਚਨ ਸਿੰਘ ਵਿਰਦੀ ਦਾ ਡਾਈਟ ਫ਼ਤਹਿਗੜ੍ਹ ਸਾਹਿਬ ਨਾਲ ਮੋਹ ਭਰਿਆ ਰਿਸ਼ਤਾ ਸੀ। ਉਹ ਅਕਸਰ ਸਿੱਖਿਆਰਥੀਆਂ ਨਾਲ ਸੰਵਾਦ-ਚਰਚਾ ਕਰਦੇ ਰਹਿੰਦੇ ਸਨ। ਡਾ. ਸੰਤੋਖ ਸੁੱਖੀ ਨੇ ਗੁਰਬਚਨ ਸਿੰਘ ਵਿਰਦੀ ਦੀ ਇਸ ਪੁਸਤਕ ਵਿਚ ਸ਼ਾਮਲ ਕਥਾਵਾਂ ਨੂੰ ਲਕੀਰੀ ਬ੍ਰਿਤਾਂਤ 'ਤੇ ਵਿਕਸਿਤ ਹੋਣ ਵਾਲੀਆਂ ਕਥਾਵਾਂ ਦੱਸਿਆ। ਉਨ੍ਹਾਂ ਕਿਹਾ ਕਿ ਇਹ ਕਥਾਵਾਂ ਜੀਵਨ ਦੇ ਬਹੁਤ ਸਾਰੇ ਅਣਗੌਲੇ ਪੱਖਾਂ ਤੇ ਪਾਤਰਾਂ 'ਤੇ ਰੋਸ਼ਨੀ ਪਾਉਂਦੀਆਂ ਹਨ। ਪ੍ਰੋ. ਕਿਰਨਜੀਤ ਕੌਰ ਨੇ ਆਪਣੇ ਪਰਚੇ ਵਿੱਚ ਕਿਹਾ ਕਿ ਇਹ ਕਥਾਵਾਂ ਪਾਠਕੀ ਸੰਵੇਦਨਾ ਨੂੰ ਝੰਜੋੜਨ ਵਾਲੀਆਂ ਹਨ। ਵਿਸ਼ੇਸ਼ ਤੌਰ 'ਤੇ ਉਨ੍ਹਾਂ 'ਇਕ ਸ਼ਹਿਰ ਦੀ ਚੀਕ', ਚੜ੍ਹਦੀਕਲਾ, 'ਦਾਰਾ ਲੁਹਾਰ ਤੇ ਨੂਰਾਂ' ਕਹਾਣੀ ਦੀ ਚਰਚਾ ਕੀਤੀ। ਡਾ. ਗੁਰਮੀਤ ਸਿੰਘ ਕੱਲਰਮਾਜਰੀ ਨੇ ਕਿਹਾ ਕਿ ਗੁਰਬਚਨ ਸਿੰਘ ਵਿਰਦੀ ਆਪਣੀ ਇਤਿਹਾਸਿਕ ਸੂਝ-ਬੂਝ ਦੀ ਬਦੌਲਤ ਸਰਹਿੰਦ ਸ਼ਹਿਰ ਦੇ ਲਾਸਾਨੀ ਇਤਿਹਾਸ ਨੂੰ ਸਾਂਭਣ ਵਿੱਚ ਅਹਿਮ ਯੋਗਦਾਨ ਪਾਉਣ ਵਾਲਾ ਪੰਜਾਬ ਦਾ ਵੱਡਾ ਚਿੰਤਕ ਸੀ। ਵਿਦਵਾਨਾਂ ਤੋਂ ਇਲਾਵਾ ਡਾਈਟ ਦੇ ਸਿੱਖਿਆਰਥੀਆਂ ਪ੍ਰਭਜੋਤ ਕੌਰ, ਸਤਨਾਮ ਸਿੰਘ, ਗੁਰਸਿਮਰਨ ਕੌਰ, ਅਮਨ ਕੌਰ ਤੇ ਅਮਨੀਤ ਕੌਰ ਨੇ ਇਸ ਪੁਸਤਕ ਵਿੱਚ ਸ਼ਾਮਲ ਅਲੱਗ-ਅਲੱਗ ਰਚਨਾਵਾਂ 'ਤੇ ਆਪਣਾ ਆਲੋਚਨਾਤਮਿਕ ਵਿਸ਼ਲੇਸ਼ਣ ਪੇਸ਼ ਕੀਤਾ। ਪ੍ਰੋ. ਅੱਤਰੂ ਸਿੰਘ ਨੇ ਕਿਹਾ ਕਿ ਸਿੱਖਿਆਰਥੀਆਂ ਦਾ ਇਹ ਆਲੋਚਨਾਤਮਿਕ ਵਿਸ਼ਲੇਸ਼ਣ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਇਸ ਡਾਈਟ ਨੇ ਭਵਿੱਖ ਦੇ ਕਈ ਵੱਡੇ ਆਲੋਚਕ ਪੈਦਾ ਕਰਨੇ ਹਨ। ਸ਼ਾਇਰ ਬਲਵਿੰਦਰ ਭੱਟੀ, ਪ੍ਰਸਿੱਧ ਡਾ. ਐੱਮ.ਐੱਸ. ਬਾਵਾ, ਅਧਿਆਪਕ ਆਗੂ ਰਮਨਜੀਤ ਸੰਧੂ, ਪਰਿਵਾਰ ਵੱਲੋਂ ਸੁਖਵਿੰਦਰ ਸਿੰਘ ਲੀਲ ਨੇ ਵੀ ਗੁਰਬਚਨ ਸਿੰਘ ਵਿਰਦੀ ਦੀ ਸ਼ਖ਼ਸੀਅਤ ਦੇ ਮਾਨਵੀ ਪੱਖਾਂ 'ਤੇ ਚਰਚਾ ਕੀਤੀ। ਤਰਕਸ਼ੀਲ ਆਗੂ ਹਰਜੀਤ ਸਿੰਘ ਤੇ ਉਨ੍ਹਾਂ ਦੀ ਟੀਮ ਨੇ 'ਗੁਰਬਚਨ ਸਿੰਘ ਵਿਰਦੀ ਯਾਦਗਾਰੀ' ਸਨਮਾਨ ਉਨ੍ਹਾਂ ਦੇ ਸਪੁੱਤਰ ਸੁਹਜਦੀਪ ਸਿੰਘ ਵਿਰਦੀ ਨੂੰ ਭੇਟ ਕਰਦੇ ਹੋਏ ਬਹੁਤ ਹੀ ਭਾਵਪੂਰਨ ਸ਼ਬਦਾਂ ਵਿੱਚ ਉਨ੍ਹਾਂ ਨੂੰ ਅਕੀਦਤ ਭੇਟ ਕੀਤੀ।

# ਭਾਰਤ ਦੇ ਸਿੱਖ ਸ਼ਰਧਾਲੂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਪਾਕਿਸਤਾਨ ਜਾ ਕੇ ਨਹੀਂ ਮਨਾ ਸਕਣਗੇ

ਅੰਮ੍ਰਿਤਸਰ, 27 ਮਈ (ਚ.ਨ.ਸ.) : ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਤੇ ਪਾਕਿਸਤਾਨ ਦਰਮਿਆਨ ਤਣਾਅ ਦੇ ਚੱਲਦਿਆਂ ਇਸ ਵਾਰ ਭਾਰਤ ਦੇ ਸਿੱਖ ਸ਼ਰਧਾਲੂ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ, ਭਾਰਤ ਤੋਂ ਪਾਕਿਸਤਾਨ ਜਾ ਕੇ ਗੁਰੂ ਸਾਹਿਬ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ 'ਚ ਨਹੀਂ ਮਨਾ ਸਕਣਗੇ। ਇਸ ਸ਼ਹੀਦੀ ਪੁਰਬ ਮੌਕੇ ਭਾਰਤ ਤੋਂ ਸ਼ਰਧਾਲੂਆਂ ਦਾ ਜੱਥਾ ਪਾਕਿਸਤਾਨ ਭੇਜੇ ਜਾਣ ਲਈ ਵੀਜ਼ਾ ਪ੍ਰਕਿਰਿਆ ਸ਼ੁਰੂ ਹੀ ਨਹੀਂ ਹੋ ਸਕੀ। ਇਸ ਵਾਰ ਸ਼੍ਰੋਮਣੀ ਕਮੇਟੀ ਵੱਲੋਂ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਅਨੁਸਾਰ ਇਹ ਸ਼ਹੀਦੀ ਪੁਰਬ 30 ਮਈ ਨੂੰ ਮਨਾਇਆ ਜਾ ਰਿਹਾ ਹੈ, ਜਦੋਂ ਕਿ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ 16 ਜੂਨ ਇਹ ਸ਼ਹੀਦੀ ਪੁਰਬ ਨੂੰ ਮਨਾਏ ਜਾਣ ਦੀ ਸੰਭਾਵਨਾ ਹੈ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਤੇ ਇਤਿਹਾਸਕ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਸ਼ਹੀਦੀ ਪੁਰਬ 30 ਮਈ ਨੂੰ ਸ਼ਰਧਾ ਸਹਿਤ ਮਨਾਇਆ ਜਾ ਰਿਹਾ ਹੈ।

# ਯੁੱਧ ਨਸ਼ਿਆਂ ਵਿਰੁੱਧ ਤੇ ਸੁਰੱਖਿਆ ਨੂੰ ਮੱਦੇਨਜ਼ਰ ਰੱਖਦੇ ਪੁਲਿਸ ਨੇ ਲਗਾਏ ਨਾਕੇ

ਸ੍ਰੀ ਹਰਗੋਬਿੰਦਪੁਰ ਸਾਹਿਬ, 27 ਮਈ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਪੁਲਿਸ ਜ਼ਿਲ੍ਹਾ ਬਟਾਲਾ ਦੇ ਐੱਸ.ਐੱਸ.ਪੀ. ਸੁਹੇਲ ਕਾਸਮ ਮੀਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸਖਤ ਹਦਾਇਤਾਂ ਨੂੰ ਮੁੱਖ ਰੱਖਦੇ ਹੋਏ ਤੇ ਡੀ.ਐੱਸ.ਪੀ. ਰਜੇਸ਼ ਕੁਮਾਰ ਕੱਕੜ ਸ੍ਰੀ ਹਰਗੋਬਿੰਦਪੁਰ ਦੇ ਹੁਕਮਾਂ ਅਨੁਸਾਰ ਤੇ ਐੱਸ.ਐੱਚ.ਓ. ਹਰਜਿੰਦਰ ਸਿੰਘ ਦੀ ਰਹਿਨੁਮਾਈ ਹੇਠ ਗੁਰਦੁਆਰਾ ਭਾਈ ਮੰਝ ਸਾਹਿਬ ਨਾਕੇ ਦੇ ਇੰਚਾਰਜ ਏ.ਐੱਸ.ਆਈ. ਬਲਜੀਤ ਸਿੰਘ ਨੇ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸ੍ਰੀ ਹਰਗੋਬਿੰਦਪੁਰ ਦੇ ਬੱਤੀਆਂ ਵਾਲੇ ਚੌਕ ਤੋਂ ਟਾਂਡਾ ਰੋਡ 'ਤੇ ਗੁਰਦੁਆਰਾ ਭਾਈ ਮੰਝ ਵਿਖੇ ਪੁਲਿਸ ਵੱਲੋਂ ਵਿਸ਼ੇਸ਼ ਨਾਕਾਬੰਦੀ ਕੀਤੀ ਗਈ। ਇਸੇ ਲੜੀ ਤਹਿਤ ਏ.ਐੱਸ.ਆਈ. ਬਲਜੀਤ ਸਿੰਘ ਅਜੀਤ ਸਿੰਘ ਧਿਆਨ ਸਿੰਘ ਐੱਚ.ਸੀ. ਗੁਰਜੀਤ ਕੌਰ, ਹਰਦੀਪ ਕੌਰ ਵੱਲੋਂ ਵਿਸ਼ੇਸ਼ ਨਾਕਾ ਗੁਰਦੁਆਰਾ ਭਾਈ ਮੰਝ ਸਾਹਿਬ ਸ੍ਰੀ ਹਰਗੋਬਿੰਦਪੁਰ ਹੁਸ਼ਿਆਰਪੁਰ ਰੋਡ 'ਤੇ ਲਗਾਇਆ ਗਿਆ।



ਯੁੱਧ ਨਸ਼ਿਆਂ ਵਿਰੁੱਧ ਦੇ ਤਹਿਤ ਹਰ ਆਉਣ ਜਾਣ ਵਾਲੀ ਗੱਡੀ ਨੂੰ ਬਹੁਤ ਬਾਰੀਕੀ ਨਾਲ ਚੈਕ ਕੀਤਾ ਗਿਆ ਤੇ ਗੱਡੀਆਂ ਦੇ ਕਾਗਜ਼ਾਤ ਵੀ ਚੈਕ ਕੀਤੇ ਗਏ, ਜਿਨ੍ਹਾਂ ਗੱਡੀਆਂ ਦੇ ਕਾਗਜ਼ਾਤ ਅਧੂਰੇ ਪਾਏ ਗਏ, ਉਨ੍ਹਾਂ ਦੇ ਚਲਾਨ ਵੀ ਕੱਟੇ ਗਏ ਹਰ ਆਉਣ ਵਾਲੀਆਂ ਗੱਡੀਆਂ ਦੇ ਮਾਲਕਾਂ ਨੂੰ ਅਗਾਹ ਕੀਤਾ ਗਿਆ ਕਿ ਉਹ ਆਪਣੀਆਂ ਗੱਡੀਆਂ ਦੇ ਕਾਗਜ਼ਾਤ ਪੂਰੇ ਕਰਕੇ ਰੱਖਣ। ਉਨ੍ਹਾਂ ਕਿਹਾ ਕਿ ਜੇਕਰ ਕਾਗਜ਼ਾਂ ਤੋਂ ਬਗੈਰ ਗੱਡੀ ਫੜੀ ਗਈ ਤਾਂ ਉਸ ਨੂੰ ਬਖਸ਼ਿਆ ਨਹੀਂ ਜਾਵੇਗਾ। ਇਸ ਮੌਕੇ ਉਨ੍ਹਾਂ ਨਾਲ ਏ.ਐੱਸ.ਆਈ. ਅਜੀਤ ਸਿੰਘ, ਏ.ਐੱਸ.ਆਈ. ਧਿਆਨ ਸਿੰਘ ਐੱਚ.ਸੀ. ਗੁਰਜੀਤ ਕੌਰ ਆਦਿ ਹਾਜ਼ਰ ਸਨ।

# ਰਜਿਸਟ੍ਰੇਸ਼ਨ ਪ੍ਰਣਾਲੀ ਰਾਹੀਂ ਰਜਿਸਟਰੀਆਂ ਕਰਵਾਉਣਾ ਭਗਵੰਤ ਮਾਨ ਸਰਕਾਰ ਦਾ ਸ਼ਲਾਘਾਯੋਗ ਕਦਮ: ਡਾ. ਕੇ.ਜੇ. ਸਿੰਘ

ਘੁਮਾਣ/ਸ੍ਰੀ ਹਰਗੋਬਿੰਦਪੁਰ ਸਾਹਿਬ, 27 ਮਈ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ) : ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਵੱਲੋਂ ਪੰਜਾਬ ਵਾਸੀਆਂ ਨੂੰ ਇੱਕ ਹੋਰ ਤੋਹਫਾ ਦਿੱਤਾ ਗਿਆ। ਡਾ. ਕਮਲਜੀਤ ਸਿੰਘ ਕੇ.ਜੇ. ਸਾਬਕਾ ਆਬਜ਼ਰਵਰ ਤੇ ਸੀਨੀਅਰ ਆਗੂ ਹਲਕਾ ਨੇ ਸ੍ਰੀ ਹਰਗੋਬਿੰਦਪੁਰ ਸਾਹਿਬ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦੇ ਇਸ ਤੋਹਫੇ ਨਾਲ ਸੂਬਾ ਵਾਸੀਆਂ ਨੂੰ ਈਜ਼ੀ ਰਜਿਸਟ੍ਰੇਸ਼ਨ ਪ੍ਰਣਾਲੀ ਰਾਹੀਂ ਰਜਿਸਟਰੀਆਂ ਕਰਵਾਉਣ ਵਿਚ ਬਹੁਤ ਆਸਾਨੀ ਹੋਵੇਗੀ। ਪੰਜਾਬ ਸਰਕਾਰ ਵੱਲੋਂ ਪੰਜਾਬੀਆਂ ਨੂੰ ਤੋਹਫਾ ਦਿੰਦੇ ਹੋਏ ਮੋਹਾਲੀ ਤੋਂ ਨਵੀਂ ਈਜ਼ੀ ਰਜਿਸਟਰੇਸ਼ਨ ਸਿਸਟਮ ਦੀ ਸ਼ੁਰੂਆਤ ਕੀਤੀ ਗਈ। ਇਸ ਦਾ ਉਦਘਾਟਨ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਨੈਸ਼ਨਲ ਕਨਵੀਨਰ ਅਰਵਿੰਦ ਕੇਜਰੀਵਾਲ ਵੱਲੋਂ ਕੀਤਾ ਗਿਆ।



ਇਸ ਨਾਲ ਰਜਿਸਟਰੇਸ਼ਨ ਪ੍ਰਣਾਲੀ ਬਹੁਤ ਹੀ ਸੌਖਾਲੀ ਹੋ ਗਈ ਤੇ ਲੋਕਾਂ ਨੂੰ ਇਸ ਦਾ ਸਿੱਧਾ ਲਾਭ ਮਿਲੇਗਾ। ਇਸ ਦੇ ਨਾਲ ਹੀ ਭ੍ਰਿਸ਼ਟਾਚਾਰ ਉੱਤੇ ਵੀ ਲਗਾਮ ਲੱਗੇਗੀ ਤੇ ਰਜਿਸਟਰੀ ਦੇ ਨਾਂ ਉੱਤੇ ਲੋਕਾਂ ਤੋਂ ਪੈਸੇ ਠੱਗਣ ਵਾਲਿਆਂ ਦਾ ਵੀ ਖਾਤਮਾ ਹੋਵੇਗਾ। ਡਾ. ਕੇ.ਜੇ. ਸਿੰਘ ਨੇ ਕਿਹਾ ਕਿ ਇਸ ਤੋਂ ਪਹਿਲਾਂ ਵੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਵੱਖ-ਵੱਖ ਸਮਿਆਂ 'ਤੇ ਬਹੁਤ ਇਤਿਹਾਸਕ ਅਤੇ ਪੰਜਾਬ ਪੱਖੀ ਫੈਸਲੇ ਲਏ ਗਏ ਹਨ, ਜਿਸ ਨਾਲ ਪੰਜਾਬ ਦੇ ਲੋਕਾਂ ਨੂੰ ਬਹੁਤ ਰਾਹਤ ਮਿਲੀ ਹੈ ਤੇ ਪੰਜਾਬ ਦੇ ਲੋਕ ਆਰਥਿਕ ਤੌਰ 'ਤੇ ਮਜ਼ਬੂਤ ਹੋ ਰਹੇ ਹਨ। ਈਜ਼ੀ ਰਜਿਸਟ੍ਰੇਸ਼ਨ ਪ੍ਰਣਾਲੀ ਨਾਲ ਰਜਿਸਟਰਿਆਂ ਦੇ ਮਾਮਲੇ ਵਿਚ ਮਹੱਤਵਪੂਰਨ ਕਦਮ ਚੁੱਕੇ ਹਨ, ਜਿਸ ਦਾ ਪੰਜਾਬ ਵਾਸੀਆਂ ਨੂੰ ਬਹੁਤ ਫਾਇਦਾ ਮਿਲੇਗਾ। ਹਾਲ ਹੀ ਵਿਚ ਪੰਜਾਬ ਸਰਕਾਰ ਵੱਲੋਂ ਐੱਨ.ਓ.ਸੀ. ਦੀ ਸ਼ਰਤ ਖਤਮ ਕੀਤੀ ਗਈ ਸੀ, ਜਿਸ ਨਾਲ ਪੰਜਾਬ ਵਾਸੀਆਂ ਨੂੰ ਵੱਡੀ ਰਾਹਤ ਮਿਲੀ ਹੈ।

# ਵਿਧਾਇਕ ਰੰਧਾਵਾ ਨੇ ਹਲਕਾ ਵਾਸੀਆਂ ਨੂੰ ਨਸ਼ਿਆਂ ਖ਼ਿਲਾਫ਼ ਡੱਟ ਕੇ ਕੰਮ ਕਰਨ ਤੇ ਨਸ਼ਾ ਮੁਕਤੀ ਦਾ ਸੁਨੇਹਾ ਘਰ-ਘਰ ਪਹੁੰਚਾਉਣ ਦੀ ਅਪੀਲ ਕੀਤੀ

ਡੇਰਾ ਬਾਬਾ ਨਾਨਕ/ਗੁਰਦਾਸਪੁਰ, 27 ਮਈ (ਹੈਪੀ ਕੋਟਲੀ): ਪੰਜਾਬ ਸਰਕਾਰ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਚਲਾਈ ਜਾ ਰਹੀ ਨਸ਼ਾ ਮੁਕਤੀ ਯਾਤਰਾ ਤਹਿਤ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਬੀਤੀ ਸ਼ਾਮ ਹਲਕੇ ਦੇ ਪਿੰਡ ਸਹੂਰ ਕਲਾਂ, ਦੋਸਤਪੁਰ ਤੇ ਚੌੜਾ ਕਲਾਂ ਵਿਖੇ ਵਿਲੇਜ ਡਿਫੈਂਸ ਕਮੇਟੀਆਂ ਨਾਲ ਮੀਟਿੰਗਾਂ ਕਰਦਿਆਂ ਉਨ੍ਹਾਂ ਨੂੰ ਨਸ਼ਿਆਂ ਖ਼ਿਲਾਫ਼ ਡੱਟ ਕੇ ਕੰਮ ਕਰਨ ਤੇ ਨਸ਼ਾ ਮੁਕਤੀ ਦਾ ਸੁਨੇਹਾ ਘਰ-ਘਰ ਪਹੁੰਚਾਉਣ ਦੀ ਅਪੀਲ ਕੀਤੀ। ਇਸ ਮੌਕੇ ਗੁਰਦੀਪ ਸਿੰਘ ਰੰਧਾਵਾ ਦੇ ਨਾਲ ਐੱਸ.ਡੀ.ਐੱਮ. ਗੁਰਮੰਦਰ ਸਿੰਘ, ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਕੰਵਲਦੀਪ ਸਿੰਘ, ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਹਲਕਾ ਕੋਆਰਡੀਨੇਟਰ ਅਰਸ਼ਦੀਪ ਸਿੰਘ ਤੇ ਹੋਰ ਸਰਕਾਰੀ ਅਧਿਕਾਰੀ ਵੀ ਮੌਜੂਦ ਸਨ। ਪਿੰਡਾਂ ਦੇ ਲੋਕਾਂ ਨੂੰ ਸੰਬੋਧਨ ਹੁੰਦਿਆਂ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਸੂਬੇ 'ਚੋਂ ਨਸ਼ਿਆਂ ਦੇ ਖ਼ਾਤਮੇ ਲਈ ਪੰਜਾਬ ਸਰਕਾਰ ਨਸ਼ਾ ਤਸਕਰਾਂ 'ਤੇ ਸ਼ਿਕੰਜਾ ਕੱਸਣ ਦੇ ਨਾਲ-ਨਾਲ ਨਸ਼ੇ ਦੇ ਆਦੀ ਵਿਅਕਤੀਆਂ ਦੇ ਮੁੜ ਵਸੇਬੇ ਲਈ ਵੱਡੇ ਪੱਧਰ 'ਤੇ ਉਪਰਾਲੇ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ



ਤੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਿੱਚ ਪੰਜਾਬ 'ਚ 'ਨਸ਼ਾ ਮੁਕਤੀ ਯਾਤਰਾ' ਦੀ ਇਤਿਹਾਸਕ ਸ਼ੁਰੂਆਤ ਕੀਤੀ ਗਈ ਹੈ, ਜਿਸ ਰਾਹੀਂ 15,000 ਤੋਂ ਵੱਧ ਪਿੰਡਾਂ ਤੇ ਵਾਰਡਾਂ ਤੱਕ ਜਨ ਜਾਗਰੂਕਤਾ ਦਾ ਸੁਨੇਹਾ ਪਹੁੰਚਾਇਆ ਜਾਵੇਗਾ। ਵਿਧਾਇਕ ਰੰਧਾਵਾ ਨੇ ਵਿਲੇਜ ਡਿਫੈਂਸ ਕਮੇਟੀ ਮੈਂਬਰਾਂ ਨੂੰ ਤਗੜੇ ਹੋ ਕੇ ਆਪਣੇ ਪਿੰਡਾਂ ਦੀ ਨਿਗਰਾਨੀ ਕਰਨ ਲਈ ਹੱਲਾਸ਼ੇਰੀ ਦਿੱਤੀ। ਉਨ੍ਹਾਂ ਕਿਹਾ ਕਿ ਜੇਕਰ ਉਨ੍ਹਾਂ ਦੇ ਪਿੰਡ ਵਿੱਚ ਕੋਈ ਨਸ਼ਾ ਵੇਚਦਾ ਹੈ ਜਾਂ ਨਸ਼ੇ ਦੀ ਤਸਕਰੀ ਕਰਦਾ ਹੈ ਤਾਂ ਤੁਰੰਤ ਇਸ ਦੀ ਸੂਚਨਾ ਪੁਲਿਸ ਨੂੰ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਸੂਚਨਾ ਦੇਣ ਵਾਲੇ ਦਾ ਨਾਮ ਤੇ ਪਤਾ ਪੂਰੀ ਤਰ੍ਹਾਂ ਗੁਪਤ ਰੱਖਿਆ ਜਾਵੇਗਾ। ਰੰਧਾਵਾ ਨੇ ਕਮੇਟੀ ਮੈਂਬਰਾਂ ਨੂੰ ਅਜਿਹੇ ਲੋਕਾਂ ਦੀ ਮਦਦ ਕਰਨ ਲਈ ਵੀ ਪ੍ਰੇਰਿਤ ਕੀਤਾ, ਜੋ ਨਸ਼ੇ ਛੱਡ ਕੇ ਆਮ ਜ਼ਿੰਦਗੀ ਵੱਲ ਪਰਤਣਾ ਚਾਹੁੰਦੇ ਹਨ। ਉਨ੍ਹਾਂ ਸਮਾਜ ਦੇ ਹਰ ਵਰਗ ਨੂੰ ਨਸ਼ਿਆਂ ਖ਼ਿਲਾਫ਼ ਇਸ ਅੰਦੋਲਨ ਨਾਲ ਜੁੜਨ ਦਾ ਸੱਦਾ ਦਿੱਤਾ। ਇਸ ਮੌਕੇ ਉਨ੍ਹਾਂ ਵੱਲੋਂ ਜਾਗਰੂਕਤਾ ਸਭਾਵਾਂ ਵਿੱਚ ਹਾਜ਼ਰ ਵਿਅਕਤੀਆਂ ਨੂੰ ਨਸ਼ਾ ਮੁਕਤੀ ਦੀ ਸਹੁੰ ਵੀ ਚੁਕਾਈ ਗਈ, ਜਿਸ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੇ ਨਸ਼ੇ ਨਾ ਕਰਨ, ਨਾ ਕਰਨ ਦੇਣ, ਨਸ਼ੇ ਦੀ ਵਿੱਕਰੀ ਤੇ ਨਸ਼ਾ ਤਸਕਰਾਂ ਦੀ ਮਦਦ ਕਰਨ ਵਾਲਿਆਂ ਦਾ ਵਿਰੋਧ ਕਰਨ ਤੇ ਪੰਜਾਬ ਨੂੰ ਮੁੜ ਰੌਸ਼ਨ, ਸੁਰੱਖਿਅਤ ਤੇ ਨਸ਼ਾ ਮੁਕਤ ਕਰਨ ਦੀ ਸਹੁੰ ਚੁੱਕੀ।

# ਨਸ਼ਾ ਮੁਕਤੀ ਯਾਤਰਾ ਪਿੰਡ ਕਾਦੀਆਂ ਰਾਜਪੂਤਾਂ, ਦਬੁਰਜੀ, ਗੁਜਰਪੁਰਾ, ਸਰਵਾਲੀ ਤੇ ਧਵਾਣ ਪਹੁੰਚੀ



ਫਤਹਿਗੜ੍ਹ ਚੂੜੀਆਂ, 27 ਮਈ (ਰਾਜਨ ਸ਼ਰਮਾ): ਫਤਹਿਗੜ੍ਹ ਚੂੜੀਆਂ ਦੇ ਹਲਕਾ ਇੰਚਾਰਜ ਬਲਬੀਰ ਸਿੰਘ ਪੰਨੂੰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਪਿੰਡ ਕਾਦੀਆਂ ਰਾਜਪੂਤਾਂ, ਦਬੁਰਜੀ, ਗੁਜਰਪੁਰਾ, ਸਰਵਾਲੀ ਤੇ ਧਵਾਣ ਵਿੱਚ ਮੀਟਿੰਗ ਕੀਤੀ ਗਈ ਤੇ ਪਿੰਡ ਵਾਸੀਆਂ ਨੂੰ ਨਸ਼ਿਆਂ ਵਿਰੁੱਧ ਲੜਨ ਦੀ ਸਹੁੰ ਚੁਕਾਈ ਗਈ। ਉਨ੍ਹਾਂ ਕਿਹਾ ਕਿ ਨਸ਼ਿਆਂ ਵਿਰੁੱਧ ਚੱਲ ਰਹੀ ਨਸ਼ਾ ਮੁਕਤੀ ਯਾਤਰਾ ਵਿੱਚ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਨਸ਼ਿਆਂ ਨੂੰ ਠੱਲ੍ਹ ਪਾਈ ਜਾਵੇਗੀ। ਉਨ੍ਹਾਂ ਪਿੰਡ ਵਾਸੀਆਂ ਨੂੰ ਇਕੱਠੇ ਹੋ ਕੇ ਸਮਾਜਿਕ ਬੁਰਾਈ ਨਸ਼ਿਆਂ ਨੂੰ ਖਤਮ ਕਰਨ ਲਈ ਹੰਭਲਾ ਮਾਰਨ ਦੀ ਅਪੀਲ ਕੀਤੀ। ਇਸ ਮੌਕੇ ਸਰਪੰਚ ਗੁਰਬਿੰਦਰ ਸਿੰਘ ਕਾਦੀਆਂ, ਬਿਕਰਮਜੀਤ ਸਿੰਘ, ਕਾਬਲ ਮਸੀਹ, ਰਣਜੀਤ ਸਿੰਘ, ਮੇਜਰ ਸਿੰਘ, ਮਨਜੀਤ ਸਿੰਘ, ਸਰਪੰਚ ਲਖਬੀਰ ਸਿੰਘ, ਸਰਪੰਚ ਜਗਰੂਪ ਕਲਾਰ, ਭਲਵਾਨ ਹਰਮੀਤ ਸਿੰਘ, ਪਰਗਟ ਸਿੰਘ ਸੁਖਵਿੰਦਰ ਸਿੰਘ, ਸ਼ੇਰਾ ਵੀਰ, ਸਰਪੰਚ ਤਰਸੇਮ ਸਿੰਘ, ਚੰਚਲ ਸਿੰਘ ਬਲਾਕ ਪ੍ਰਧਾਨ ਮਲਜਿੰਦਰ ਸਿੰਘ ਬਲਾਕ ਪ੍ਰਧਾਨ ਸ਼ਮਸ਼ੇਰ ਸਿੰਘ, ਸਰਪੰਚ ਗੁਰਬਿੰਦਰ ਸਿੰਘ ਕਾਦੀਆਂ, ਬਲਾਕ ਪ੍ਰਧਾਨ ਹਰਦੀਪ ਸਿੰਘ, ਸਰਪੰਚ ਹਰਦੀਪ ਸਿੰਘ ਦਮੋਦਰ, ਰਘਬੀਰ ਸਿੰਘ ਅਠਵਾਲ, ਗਗਨਦੀਪ ਸਿੰਘ ਕੋਟਲਾ ਬਾਮਾ, ਗੁਰਪ੍ਰਤਾਪ ਸਿੰਘ, ਗੁਰਦੇਵ ਔਜਲਾ, ਬਲਾਕ ਪ੍ਰਧਾਨ ਜਗਜੀਤ ਸਿੰਘ ਆਜਮਪੁਰ ਤੇ ਬਲਾਕ ਪ੍ਰਧਾਨ ਹਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

# ਸ਼ਾਹਪੁਰ ਦੇ ਘਾਟੇ 'ਤੇ ਸਥਿਤ ਸ਼ਨੀ ਮੰਦਰ ਵਿਖੇ ਸ਼ਨੀ ਜੈਯੰਤੀ ਮਨਾਈ

ਗੜ੍ਹਸ਼ੰਕਰ, 27 ਮਈ (ਅਜਮੇਰ ਸਿੰਘ ਭਨੋਟ): ਨੰਗਲ ਰੋਡ ਪਿੰਡ ਸ਼ਾਹਪੁਰ ਦੇ ਘਾਟੇ 'ਤੇ ਸਥਿਤ ਸ਼ਨੀ ਮੰਦਰ ਵਿਖੇ ਸ਼ਨੀ ਜੈਯੰਤੀ ਉਤਸਵ ਸ਼ਰਧਾ ਪੂਰਵਕ ਨਾਲ ਮਨਾਇਆ ਗਿਆ। ਮਹੰਤ ਰਮਿੰਦਰ ਦਾਸ ਦੀ ਅਗਵਾਈ ਵਿੱਚ ਮਨਾਏ ਗਏ ਇਸ ਉਤਸਵ ਵਿੱਚ ਵਿਧੀਪੂਰਵਕ ਝੰਡੇ ਦੀ ਰਸਮ ਅਦਾ ਕਰਨ ਉਪਰੰਤ ਸ਼ਨੀ ਦੇਵ ਨੂੰ ਸਮਰਪਿਤ 11 ਕਿਲੋ ਦਾ ਕੇਕ ਵੀ ਕੱਟਿਆ ਗਿਆ। ਇਸ ਮੌਕੇ ਮਹੰਤ ਵੱਲੋਂ ਸੰਗਤਾਂ ਲਈ ਲੰਗਰ ਦਾ ਖ਼ਾਸ ਪ੍ਰਬੰਧ ਕੀਤਾ ਹੋਇਆ ਸੀ। ਇਸ ਮੌਕੇ ਮਹੰਤ ਰਵਿੰਦਰ ਦਾਸ ਨੇ ਸ਼ਨੀ ਜੈਯੰਤੀ ਉਤਸਵ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਸ਼ਨੀ ਮੰਦਰ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼ਨੀ ਜੈਯੰਤੀ ਉਤਸਵ ਇਲਾਕੇ ਦੀ ਸੰਗਤ ਦੇ ਸਹਿਯੋਗ ਨਾਲ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਉਨ੍ਹਾਂ ਦਾਨੀ ਵੀਰਾਂ ਤੇ ਆਈਆਂ ਹੋਈਆਂ ਸੰਗਤਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।



# ਵੱਖ-ਵੱਖ ਮੁਕੱਦਮਿਆਂ 'ਚ ਹੈਰੋਇਨ, ਸਿਲਵਰ ਪੇਪਰ, ਲਾਈਟਰ ਤੇ ਨੋਟ ਸਮੇਤ 5 ਦੋਸ਼ੀ ਗ੍ਰਿਫ਼ਤਾਰ

ਗੁਰਦਾਸਪੁਰ, 27 ਮਈ (ਜਗੀਰ ਸਿੰਘ ਮੰਡ/ਸੁਰਿੰਦਰ ਸਿੰਘ ਬਸਰਾ): ਮੁੱਖ ਮੰਤਰੀ ਵੱਲੋਂ ਐਲਾਨੇ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਡਾਇਰੈਕਟਰ ਜਨਰਲ ਪੁਲਿਸ ਤੇ ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਬਾਰਡਰ ਰੇਂਜ, ਅੰਮ੍ਰਿਤਸਰ ਵੱਲੋਂ ਦਿੱਤੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਥਾਣਾ ਤਿੱਬੜ ਵਿਖੇ ਚਮਕਦੀਪ ਸਿੰਘ ਉਰਫ ਚਮਕ ਨੂੰ ਕਾਬੂ ਕਰਕੇ ਉਸ ਕੋਲੋਂ 6 ਗ੍ਰਾਮ ਹੈਰੋਇਨ ਬ੍ਰਾਮਦ ਕੀਤੀ ਗਈ, ਉਨ੍ਹਾਂ ਖ਼ਿਲਾਫ਼ ਮੁਕੱਦਮਾ ਬਾ-ਜੁਰਮ 21(ਬੀ)-61-85 ਦਰਜ ਕੀਤਾ ਗਿਆ। ਥਾਣਾ ਧਾਰੀਵਾਲ ਵਿਖੇ ਰਮੇਸ਼ ਤੇ ਮਨਦੀਪ ਸਿੰਘ ਨੂੰ ਸਿਲਵਰ ਪੇਪਰ, ਲਾਈਟਰ ਤੇ 10 ਰੁਪਏ ਦੇ ਅੱਧ ਜਲਿਆ ਨੋਟ ਸਮੇਤ ਕਾਬੂ ਕੀਤਾ ਗਿਆ, ਉਨ੍ਹਾਂ ਖ਼ਿਲਾਫ਼ ਮੁਕੱਦਮਾ ਬਾ-ਜੁਰਮ 27-61-85 ਐੱਨਡੀਪੀਐੱਸ ਐਕਟ ਥਾਣਾ ਧਾਰੀਵਾਲ ਵਿਖੇ ਦਰਜ ਕੀਤਾ ਗਿਆ। ਥਾਣਾ ਦੀਨਾਨਗਰ ਵਿਖੇ ਅਜੇ ਤੇ ਸੂਰਜ ਨੂੰ ਸਿਲਵਰ ਪੇਪਰ, ਲਾਈਟਰ ਤੇ 10 ਰੁਪਏ ਦੇ ਨੋਟ ਸਮੇਤ ਕਾਬੂ ਕੀਤਾ ਗਿਆ, ਉਨ੍ਹਾਂ ਖਿਲਾਫ ਮੁਕੱਦਮਾ ਬਾ-ਜੁਰਮ 27-61-85 ਐੱਨਡੀਪੀਐੱਸ ਐਕਟ ਦਰਜ ਕੀਤਾ ਗਿਆ। ਆਦਿੱਤਯ, ਆਈ.ਪੀ.ਐੱਸ. ਸੀਨੀਅਰ ਕਪਤਾਨ ਪੁਲਿਸ, ਗੁਰਦਾਸਪੁਰ ਨੇ ਵਸਨੀਕਾਂ ਨੂੰ ਅਪੀਲ ਕੀਤੀ ਕਿ ਗੈਰ-ਕਾਨੂੰਨੀ/ਨਸ਼ਿਆਂ ਦਾ ਕਾਰੋਬਾਰ ਕਰਨ ਵਾਲੇ ਵਿਅਕਤੀਆਂ ਦੀ ਇਤਲਾਹ ਪੁਲਿਸ ਨੂੰ ਦਿੱਤੀ ਜਾਵੇ। ਉਨ੍ਹਾਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਚੌਧਰੀ ਵਰਿੰਦਰ ਕੁਮਾਰ ਵੱਲੋਂ ਨਸ਼ਿਆਂ ਖ਼ਿਲਾਫ਼ ਵੱਖ-ਵੱਖ ਪਿੰਡਾਂ 'ਚ ਕੀਤਾ ਜਾ ਰਿਹੈ ਪ੍ਰਚਾਰ

ਨਵਾਂ ਸ਼ਹਿਰ, 27 ਮਈ (ਸੁਖਦੇਵ ਸਿੰਘ ਉੜਾਪੜ): ਪੰਜਾਬ ਸਰਕਾਰ ਵੱਲੋਂ ਛੇੜੀ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਐੱਸ.ਐੱਚ.ਓ. ਸਿਟੀ ਬੰਗਾ ਚੌਧਰੀ ਵਰਿੰਦਰ ਕੁਮਾਰ ਵੱਲੋਂ ਵੱਖ-ਵੱਖ ਪਿੰਡਾਂ ਵਿੱਚ ਨਸ਼ੇ ਦੀ ਰੋਕਥਾਮ ਲਈ ਪ੍ਰਚਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਨਾਲ ਸਮਾਜ ਸੇਵਕ ਤੇ ਲੋਕ ਭਲਾਈ ਸੇਵਾ ਸੁਸਾਇਟੀ ਦੇ ਸਰਪ੍ਰਸਤ ਕੁਲਵਿੰਦਰ ਸਿੰਘ ਵੀ ਮੌਜੂਦ ਰਹੇ। ਇਸ ਮੌਕੇ ਚੌਧਰੀ ਵਰਿੰਦਰ ਕੁਮਾਰ ਨੇ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਤੇ ਡੀ.ਜੀ.ਪੀ. ਪੰਜਾਬ ਗੌਰਵ ਯਾਦਵ ਵੱਲੋਂ ਨਸ਼ਿਆਂ ਖਿਲਾਫ਼ ਜੰਗੀ ਪੱਧਰ 'ਤੇ ਜੰਗ ਛੇੜ ਦਿੱਤੀ ਹੈ ਤੇ ਨਸ਼ੇ ਵੇਚਣ ਵਾਲੇ ਸੌਦਾਗਰਾਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ। ਚੌਧਰੀ ਵਰਿੰਦਰ ਕੁਮਾਰ ਨੇ ਵੱਖ-ਵੱਖ ਪਿੰਡਾਂ ਵਿੱਚ ਜਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਤੇ ਕਿਹਾ ਕਿ ਜੇਕਰ ਕੋਈ ਵਿਅਕਤੀ ਨਸ਼ਾ ਵੇਚਦਾ ਹੈ, ਉਸ ਦੀ ਜਾਣਕਾਰੀ ਤੁਰੰਤ ਪੁਲਿਸ ਨੂੰ ਦਿਓ ਉਸ ਦਾ ਨਾਮ ਗੁਪਤ ਰੱਖਿਆ ਜਾਵੇਗਾ। ਜੇਕਰ ਕੋਈ ਨਸ਼ੇ ਕਰਨ ਦਾ ਆਦੀ ਬਣ ਚੁੱਕਾ ਹੈ ਤਾਂ ਉਸ ਨਾਲ ਵਿਤਕਰਾ ਨਾ ਕਰੋ ਸਗੋਂ ਉਸ ਨੂੰ ਚੰਗੀ ਸੰਗਤ ਵਿੱਚ ਲਿਆਓ। ਸਹੀ ਇਲਾਜ ਕਰਵਾ ਕੇ ਚੰਗਾ ਨਾਗਰਿਕ ਬਣਾਓ ਇਹੀ ਸਭ ਤੋਂ ਵੱਡਾ ਪੁੰਨ ਹੈ। ਇਸ ਮੌਕੇ ਕੁਲਵਿੰਦਰ ਸਿੰਘ ਭਾਰਟਾ ਨੇ ਨਸ਼ੇ ਦੀ ਰੋਕਥਾਮ ਲਈ ਸਾਰਿਆਂ ਨੂੰ ਅੱਗੇ ਆਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸੀਨੀਅਰ ਕੌਂਸਲਰ ਚੇਤ ਰਾਮ ਰਤਨ, ਸੰਤੋਖ ਤਾਜਪੁਰੀ, ਅਸ਼ੋਕ ਤਾਜਪੁਰੀ, ਅਵਤਾਰ ਸਿੰਘ ਫਾਂਬੜਾ, ਸਾਬਕਾ ਪੁਲਿਸ ਅਧਿਕਾਰ ਅਵਤਾਰ ਸਿੰਘ ਲੁਧਿਆਣਾ, ਹਰਬੰਸ ਲਾਲ, ਰਾਮ ਕੁਮਾਰ, ਸਰਬਜੀਤ ਸਿੰਘ ਸਾਬੀ ਰਾਹੋ ਆਦਿ ਹਾਜ਼ਰ ਸਨ।



# ਸਿਰਲੇਖਵਾਰ ਇਸ਼ਤਿਹਾਰ/Classified Advertisements

(U/o 5 Rule 20 CPC)
**In the Court of Ms. Amandeep Kaur Additional District and Sessions Judge, Ludhiana**
CNR No.PBLD01-010750-2020
Next Date: 22.07.2025
Sanju
Versus
Buta Singh
Notice to: Buta Singh S/o Sukhdev Singh R/o Vill. Saideke, P.S. Nihal Singh Wala, Distt. Moga (Driver of Vehicle i.e Canter Eicher Bearing Registration NO. PB-10-ES-0709)
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **22**.07.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 27-03-2025
**Sd/- Additional District and Sessions Judge, Ludhiana**

(U/o 5 Rule 20 CPC)
**In the Court of Sh. Rakesh Kumar Gupta Additional District and Sessions Judge-1, Barnala**
CNR No. PBBR01-000143-2025
Next Date:- 22-07-2025
Darshan Kaur
Versus
General Public
Notice to: General Public:- Barnala
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **22**.07.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 19-05-2025
**Sd/- Additional District and Sessions Judge-1, Barnala**

(U/o 5 Rule 20 CPC)
**In the Court of Dr. Monika Goyal Principal Judge, Family Court, Rupnagar**
CNR No. PBRO01-001093-2025
Next Date: 03.07.2025
Simmy Roseleen
Versus
General Public
Notice to: General Public:- Rupnagar
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 03.07.2025 at 10:00 A.M.
For details logon to https://highcourtchd.gov.in/?mod=district_notice&district=Rupnagar
Dated, this day of 22-05-2025
**Sd/- Principal Judge, Family Court, Rupnagar**

(U/o 5 Rule 20 CPC)
**In the Court of Dr. Monika Goyal Principal Judge, Family Court, Rupnagar**
CNR No. PBRO01-003578-2024
Next Date: 11.07.2025
Gita Devi
Versus
Vikram Singh @ Vicky
Notice to: Vikram Singh @ Vicky Father:- Harminder Singh Village Behrampur Colony, Near P and R Factory, Tehsil and District Rupnagar.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 11.07.2025 at 10:00 A.M.
For details logon to https://highcourtchd.gov.in/?mod=district_notice&district=Rupnagar
Dated, this day of 22-05-2025
**Sd/- Principal Judge, Family Court, Rupnagar**

(U/o 5 Rule 20 CPC)
**In the Court of Sh. Ajay Pal Singh Additional Civil Judge (Senior Division), Hoshiarpur**
CNR No. PBHO02-001659-2024
Next Date: 21.07.2025
CS/1084/2024
State Bank of India which is Situated at Sutheri Road, Hoshiarpur and one of its Branch at Bullowal, District Hoshiarpur Through its Branch Manager Sh Ashu Dogra
Versus
Sarabjeet Kaur wife of Sh. Jaswinder Singh VPO Pajjodeota, Distt. Hoshiarpur 146115
Notice to: Sarabjeet Kaur Spouse:- Jaswinder Singh R/o VPO Pajjodeota, Distt. Hoshiarpur
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 21.07.2025 at 10:00 A.M.
For details logon to https://highcourtchd.gov.in/?trs=district_notice&district=Hoshiarpur
Dated, this day of 17-05-2025
**Sd/- Additional Civil Judge (Senior Division), Hoshiarpur**

(U/o 5 Rule 20 CPC)
**In the Court of Sh. Sumit Ghai Principal Judge, Family Court, Ferozepur**
CNR No. PBFZ01-000642-2025
Next Date: 21.07.2025
Ramandeep Kaur
Versus
Surmeet
Petition u/s 13 of Hindu Marriage Act
Notice to: Surmeet Father:- Bagicha Village Sherkhan Wala Tehsil and Distt. Ferozepur, Ferozepur, Punjab
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 21.07.2025 at 10:00 A.M.
For details logon to https://highcourtchd.gov.in/?mod=district_notice&district=ferozepur
Dated, this day of 14-05-2025
**Sd/- Principal Judge, Family Court, Ferozepur**

(U/o 5 Rule 20 CPC)
**In the Court of Ms. Ramneet Kaur Civil Judge (Senior Division), Malerkotla**
CNR No. PBSGC0-000573-2025
Next Date: 04.07.2025
Succ-11-2025
Ramandeep Kaur W/o Kamalpreet Singh R/o House no. 2, Vill. Nat, Distt. LDH, now residing in house of her father Ginder Singh at Vill. Bhattian Khurd, Amargarh, Distt. MIK
Versus
General Public
Notice to: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 04.07.2025 at 10:00 A.M.
For details logon to https://highcourtchd.gov.in/?mod=district_notice&district=Sangrur
Dated, this day of 23-05-2025
**Sd/- Civil Judge (Senior Division), Malerkotla**

**ਪਬਲਿਕ ਨੋਟਿਸ**
ਮੈਂ ਸ੍ਰੀ ਨਵਨੀਤ ਕੁਮਾਰ ਪੁੱਤਰ ਕ੍ਰਿਸ਼ਨ ਕੁਮਾਰ ਪੁੱਤਰ ਅਰਜਨ ਦਾਸ ਵਾਸੀ ਰਾਮਪੁਰਾ ਫੂਲ, ਤਹਿਸੀਲ ਫੂਲ, ਜ਼ਿਲ੍ਹਾ ਬਠਿੰਡਾ। (ਆਧਾਰ ਨੰ. 8385 1184 7802) ਕੁੱਲ ਜਾਇਦਾਦ ਕੋਨਾ ਖਾਲੀ ਪਲਾਟ ਨੰ. 40 ਮਪ (254.72 ਵਰਗ ਗਜ) ਟੀਕ ਹੈ-8.35 ਮੀਟਰ ਜਾਇਦਾਦ ਮਪ 0K-8.35 ਮੀਟਰ i.e 8.35/1440.03 ਹਿੱਸਾ 72K-0.3M ਖਾਤਾ ਖਤੌਨੀ ਨੰ. 442/698 ਖਸਰਾ ਨੰ. 416//6ਮਿਨ (7-13), 7ਮਿਨ (0-0-3.00),15ਮਿਨ (7-3), 16/1 ਮਿਨ (3-9), 417//1(6-8), 9(3-10), 10(8-0), 11/1(3-12), 11/2(4-8), 12(8-2), 18(4-4), 19(8-0), 20/1(1-3), 20/2(6-8) ਜਮਾਂਬੰਦੀ 2019-20 ਦੇ ਅਨੁਸਾਰ ਫੂਲ-2, ਰਾਇਲ ਅਸਟੇਟ ਕਲੋਨੀ, ਨੇੜੇ ਫੂਟੀਆ ਪੁਲ, ਰਾਮਪੁਰਾ ਫੂਲ, ਤਸੀਲ ਫੂਲ, ਜ਼ਿਲ੍ਹਾ. ਬਠਿੰਡਾ, ਐਮ.ਸੀ. ਸੀਮਾ ਰਾਮਪੁਰਾ ਫੂਲ ਵਿੱਚ। ਔਡਰ ਪੂਰਬ 70'-0" ਕੋਠੀ ਨੰ. 39 ਰਿੰਕੀ ਗੋਇਲ, ਪੱਛਮ-70'-0" ਰੋਡ, ਉਤਰ 32'-9" ਰੋਡ, ਦੱਖਣ-32'-9" ਕੋਠੀ ਨੰ. 21 ਕੁਲਵੰਤ ਸਿੰਘ ਨੇ ਇੱਕ ਰਜਿਸਟਰਡ ਸੇਲ ਡੀਡ ਨੰਬਰ 1590 ਮਿਤੀ 09-11-2015 ਸ੍ਰੀਮਤੀ ਸਰੋਜ ਰਾਣੀ ਪਤਨੀ ਰਜਿੰਦਰ ਕੁਮਾਰ ਗੋਇਲ ਪੁੱਤਰ ਅਰਜਨ ਦਾਸ ਵਾਸੀ ਰਾਮਪੁਰਾ ਫੂਲ ਤਹਿਸੀਲ ਫੂਲ, ਜ਼ਿਲ੍ਹਾ। ਬਠਿੰਡਾ ਦਾ ਅਸਲੀ ਪੁਰਾਣਾ ਸੇਲ ਡੀਡ ਨੰਬਰ 629 ਮਿਤੀ 19-05-2009 ਸਾਡੇ ਤੋਂ ਗੁੰਮ ਹੋ ਗਿਆ ਹੈ, ਜਿਸਦੇ ਵਿਰੁੱਧ ਅਸੀਂ ਔਨਲਾਈਨ ਡੀਡੀਆਰ ਐਸਆਰ ਨੰਬਰ ਨੰ. ਐਲਆਰ.ਐਨ ਨੰ. 597682/2025 ਮਿਤੀ. 26-05-2025. ਅਪਲਾਈ ਕੀਤਾ ਹੈ।ਹੁਣ, ਅਸੀਂ ਆਪਣੀ ਇਸ ਜਾਇਦਾਦ ਵਿਰੁੱਧ ਸਟੇਟ ਬੈਂਕ ਆਫ਼ ਇੰਡੀਆ ਰਾਮਪੁਰਾ ਫੂਲ, (ਕੋਡ 01544), ਬਠਿੰਡਾ ਤੋਂ ਹਾਊਸਿੰਗ ਲੋਨ ਲੈਣ ਜਾ ਰਹੇ ਹਾਂ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੈ, ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਦਿਨੇਸ਼ ਕੁਮਾਰ ਗਰਗ, ਐਡਵੋਕੇਟ, ਚੈਂਬਰ ਨੰਬਰ 1, ਸਿਵਲ ਕੋਰਟਸ, ਫੂਲ (ਮੋਬ. ਨੰ. 98030-84000 ਅਤੇ ਈਮੇਲ ਆਈਡੀ:- advocatedishu@gmail.com) ਜਾਂ ਉਪਰੋਕਤ ਨਾਮ ਵਾਲੇ ਬੈਂਕ ਨੂੰ ਲਿਖਤੀ ਰੂਪ ਵਿੱਚ ਸੂਚਿਤ ਕਰ ਸਕਦਾ ਹੈ। ਉਸ ਤੋਂ ਬਾਅਦ ਕੋਈ ਇਤਰਾਜ਼ ਨਹੀਂ ਮੰਨਿਆ ਜਾਵੇਗਾ/ਸਵੀਕਾਰ ਕੀਤਾ ਜਾਵੇਗਾ।

## Change of Name

I Narrinder Norman Singh Bhullar S/o Partap Singh Bhullar R/o Village Saila Khurd Tehsil Garhshankar Distt Hoshiarpur now residing at 1569 13th Ave Vancouver BC V5N 2G7, Canada declare that Narinder Singh Bhullar and Narrinder Norman Singh Bhullar is one and the same Person. Concerned Note.

## ਨਾਮ ਸੰਬੰਧੀ ਸੂਚਨਾ

ਮੈਂ ਸੁਖਦਿਆਲ ਕੌਰ ਪਤਨੀ ਸ੍ਰੀ ਜਸਪਾਲ ਸਿੰਘ (ਪੁੱਤਰੀ ਸ੍ਰੀਮਤੀ ਹਰਦੀਪ ਕੌਰ) ਵਾਸੀ ਖਾਨਪੁਰ ਖੁਰਦ, ਤਹਿਸੀਲ ਰਾਜਪੁਰਾ, ਜ਼ਿਲ੍ਹਾ ਪਟਿਆਲਾ। ਮੈਨੂੰ ਸੰਤੋਖੀ ਅਤੇ ਸੁਖਦਿਆਲ ਕੌਰ ਦੋਵੇਂ ਨਾਮਾ ਨਾਲ ਬੁਲਾਇਆ ਜਾਂਦਾ ਹੈ। ਸੰਤੋਖੀ ਅਤੇ ਸੁਖਦਿਆਲ ਕੌਰ ਮੈਂ ਖੁੱਦ ਹਾਂ ਅਤੇ ਇੱਕੋ ਹੀ ਔਰਤ ਦਾ ਨਾਮ ਹੈ।

## ਬੇਦਖਲੀ ਸੂਚਨਾ

ਮੈਂ ਜੋਗਿੰਦਰ ਕੌਰ ਪਤਨੀ ਲੇਟ ਸ. ਸੁਖਵੰਤ ਸਿੰਘ, ਵਾਸੀ ਮਕਾਨ ਨੰਬਰ 430/5, ਗੁਰੂ ਰਵਿਦਾਸ ਨਗਰ, ਨੇੜੇ ਫਲਾਈਓਵਰ ਹੋਟਲ, ਪਟਿਆਲਾ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਰਜਿੰਦਰ ਕੁਮਾਰ ਅਤੇ ਉਸ ਦੀ ਘਰਵਾਲੀ ਨੇਹਾ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਮੇਰੇ ਨਾਲ ਲੜਾਈ ਝਗੜਾ ਕਰਦੇ ਹਨ। ਮੈਂ ਆਪਣੇ ਲੜਕੇ ਰਜਿੰਦਰ ਕੁਮਾਰ ਅਤੇ ਉਸ ਦੀ ਘਰਵਾਲੀ ਨੇਹਾ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੇਕਰ ਕੋਈ ਵੀ ਵਿਅਕਤੀ ਮੇਰੇ ਲੜਕੇ ਅਤੇ ਉਸ ਦੀ ਘਰਵਾਲੀ ਨਾਲ ਕਿਸੇ ਪ੍ਰਕਾਰ ਦਾ ਲੈਣ ਦੇਣ ਕਰੇਗਾ ਤਾਂ ਉਹ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਬਾਕੀ ਪਰਿਵਾਰ ਦੇ ਮੈਂਬਰਾਂ ਦੀ ਇਸ ਵਿੱਚ ਕੋਈ ਵੀ ਜ਼ਿੰਮੇਵਾਰੀ ਨਹੀਂ ਹੋਵੇਗੀ।

ਸੰਮਨ ਇਸ਼ਤਿਹਾਰ (59)
ਬਾ-ਅਦਾਲਤ ਸ੍ਰੀਮਤੀ ਮੰਜੂ ਬਾਲਾ ਸਹਾਇਕ ਕੁਲੈਕਟਰ ਦਰਜਾ ਦੋਇਮ ਸੀਤੋਗੁੰਨੋ
ਜਸਵੰਤ ਸਿੰਘ ਪੁੱਤਰ ਸ੍ਰੀ ਪਾਲਾ ਸਿੰਘ ਵਾਸੀ ਪਿੰਡ ਸੀਤੋਗੁੰਨੋ ਤਹਿਸੀਲ ਅਬੋਹਰ ਜ਼ਿਲ੍ਹਾ ਫਾਜ਼ਿਲਕਾ।
ਬਨਾਮ
2. ਕੰਮੂ ਪੁੱਤਰ ਸ੍ਰੀ ਸਰਵਣ ਪੁੱਤਰ ਮੰਗਲਾ 3. [illegible] ਪੁੱਤਰ ਭਜਨ ਲਾਲ ਵਾਸੀਆਨ ਪਿੰਡ ਸੀਤੋਗੁੰਨੋ ਤਹਿਸੀਲ ਅਬੋਹਰ ਜ਼ਿਲ੍ਹਾ ਫਾਜ਼ਿਲਕਾ। ਦਾਅਵਾ:- ਦਰੁਸਤੀ ਗਿਰਦਾਵਰੀ ਪਿੰਡ ਸੀਤੋਗੁੰਨੋ। ਉਪਰੋਕਤ ਮੁਕੱਦਮਾ ਵਿਚ ਉੱਤਰਵਾਦੀਆਂ ਨੂੰ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨੰਬਰ ਖਸਰਾ 25//7 ਮਿਨ ਦੱਖਣ (6-12) 8 ਮਿਨ (7-6) 12 ਮਿਨ ਦੱਖਣ (6-11) 9 ਮਿਨ ਦੱਖਣ (4-18) 12 (8-7) 13 (5-13) 14 (8-0) 17 (5-0) ਵਾਕਿਆ ਰਕਬਾ ਪਿੰਡ ਸੀਤੋਗੁੰਨੋ ਦੀ ਦਰੁਸਤੀ ਗਿਰਦਾਵਰੀ ਲਈ ਦਾਅਵਾ ਇਸ ਅਦਾਲਤ ਵਿੱਚ ਚਲ ਰਿਹਾ ਹੈ। ਜਿਸ ਵਿੱਚ ਮੁਕੱਦਮਾ ਤਾਰੀਖ ਪੇਸ਼ੀ 03/06/2025 ਨਿਸ਼ਚਤ ਹੈ। ਇਸ ਦਰੁਸਤੀ ਗਿਰਦਾਵਰੀ ਬਾਬਤ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਮਿਤੀ 03-06-2025 ਨੂੰ ਅਸਾਲਤਨ/ਵਕਾਲਤਨ ਪੇਸ਼ ਹੋ ਕੇ ਕਰ ਸਕਦਾ ਹੈ। ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਕਾਰਵਾਈ ਇਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ।
ਸਹੀ/- ਸਹਾਇਕ ਕੁਲੈਕਟਰ ਦਰਜਾ ਦੋਇਮ, ਸੀਤੋਗੁੰਨੋ।

ਬਾ ਅਦਾਲਤ ਸ੍ਰੀ ਗੁਰਦੇਵ ਸਿੰਘ ਧੰਮ, ਪੀ.ਸੀ.ਐਸ., ਉਪ ਮੰਡਲ ਮੈਜਿਸਟ੍ਰੇਟ-ਕਮ-ਕੁਲੈਕਟਰ ਸਬ ਡਵੀਜ਼ਨ ਪਟਿਆਲਾ
ਕੇਸ ਕਿਸਮ :- ਅਧੀਨ ਇਤਕਾਲ ਨੰ. 23708 ਪਿੰਡ ਅਲੀਪੁਰ ਅਰਾਈਆਂ
ਅਦਾਲਤੀ ਇਸ਼ਤਿਹਾਰ
ਨੋਟਿਸ ਬਨਾਮ : 1 ਸੁਜਜੀਤ ਸਿੰਘ
2 ਸੁਖਮਨ ਸਿੰਘ ਪੁੱਤਰਾਨ ਮੇਜਰ ਸਿੰਘ ਵਾਸੀ ਪਿੰਡ ਅਲੀਪੁਰ ਅਰਾਈਆਂ ਤਹਿ. ਵਾ ਜ਼ਿਲ੍ਹਾ ਪਟਿਆਲਾ।
ਸੁਖਦੇਵ ਸਿੰਘ ਪੁੱਤਰ ਸਰੂਪ ਸਿੰਘ
ਅਤੇ ਹਰਦਿਆਲ ਸਿੰਘ ਪੁੱਤਰ ਸਰੂਪ ਸਿੰਘ ਵਾਸੀਆਨ ਮਕਾਨ ਨੰ. 126 ਅਲੀਪੁਰ ਅਰਾਈਆਂ ਤਹਿ. ਵਾ ਜ਼ਿਲ੍ਹਾ ਪਟਿਆਲਾ ਵੱਲੋਂ ਇਤਕਾਲ ਨੰ. 23708 ਜੋ ਤਹਿਸੀਲਦਾਰ ਪਟਿਆਲਾ ਵੱਲੋਂ ਮਿਤੀ 20-06-2023 ਨੂੰ ਮਨਜ਼ੂਰ ਕੀਤਾ ਗਿਆ ਹੈ, ਸਬੰਧੀ ਅਪੀਲ ਇਸ ਅਦਾਲਤ ਵਿੱਚ ਦਾਇਰ ਕੀਤੀ ਗਈ ਹੈ। ਜੋ ਸੁਣਵਾਈ ਅਧੀਨ ਹੈ। ਇਸ ਕੇਸ ਵਿੱਚ ਮਿਤੀ 05-06-2025 ਲਈ ਨਿਸ਼ਚਿਤ ਹੈ। ਇਸ ਸਬੰਧ ਵਿੱਚ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਆਪ ਖੁਦ ਜਾਂ ਰਾਹੀਂ ਵਕੀਲ ਇਸ ਅਦਾਲਤ ਵਿੱਚ ਮਿਤੀ 05-06-2025 ਨੂੰ ਪੇਸ਼ ਹੋ ਕੇ ਆਪਣਾ ਉਜਰ ਪੇਸ਼ ਕਰ ਸਕਦਾ ਹੈ। ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਅੱਜ ਇਹ ਹੁਕਮ ਮੇਰੇ ਦਸਤਖ਼ਤ ਅਤੇ ਅਦਾਲਤੀ ਮੋਹਰ ਨਾਲ ਜਾਰੀ ਕੀਤਾ ਗਿਆ ਹੈ।
ਨੰ 597 ਪੇਸ਼ੀ
ਮਿਤੀ 26/05/25
ਸਹੀ/- ਉਪ ਮੰਡਲ ਮੈਜਿਸਟ੍ਰੇਟ-ਕਮ-ਕੁਲੈਕਟਰ ਸਬ ਡਵੀਜ਼ਨ, ਪਟਿਆਲਾ



ਵੱਲੋਂ ਸ੍ਰੀ ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫ਼ਸਰ, [illegible] ਮਿਤੀ 30/04/2025 ... [illegible]

**ਚੜ੍ਹਦੀਕਲਾ ਪੜ੍ਹੋ, ਚੜ੍ਹਦੀਕਲਾ ਵਿੱਚ ਰਹੋ।**

## ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ। -ਇਸ਼ਤਿਹਾਰ ਮੈਨੇਜਰ

# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਪੰਜਾਬ ਸਰਕਾਰ ਵੱਲੋਂ ਸਮਾਜਿਕ ਸੁਧਾਰ ਲਈ ਕੀਤੇ ਦ੍ਰਿੜ ਸੰਕਲਪ ਦਾ ਪ੍ਰਤੀਕ : ਵਿਧਾਇਕ ਗੈਰੀ ਬੜਿੰਗ



ਫ਼ਤਹਿਗੜ੍ਹ ਸਾਹਿਬ, 27 ਮਈ: (ਨਰਿੰਦਰ ਸਿੰਘ) ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਪੰਜਾਬ ਸਰਕਾਰ ਦੇ ਸਮਾਜਿਕ ਸੁਧਾਰ ਲਈ ਕੀਤੇ ਦ੍ਰਿੜ ਸੰਕਲਪ ਦਾ ਪ੍ਰਤੀਕ ਹੈ ਅਤੇ ਇਸ ਮੁਹਿੰਮ ਨੂੰ ਲੋਕਾਂ ਦੇ ਮਿਲ ਰਹੇ ਸ਼ਾਨਦਾਰ ਸਮਰਥਨ ਤੋਂ ਇਹ ਸਪਸ਼ਟ ਹੈ ਕਿ ਹੁਣ ਪੰਜਾਬ ਦੀ ਧਰਤੀ 'ਤੇ ਨਸ਼ੇ ਬਹੁਤੀ ਦੇਰ ਤੱਕ ਨਹੀਂ ਰਹਿਣਗੇ। ਇਹ ਪ੍ਰਗਟਾਵਾ ਅਮਲੋਹ ਦੇ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਨੇ ਪਿੰਡ ਬਡਗੁੱਜਰਾਂ, ਕਾਹਨਪੁਰ, ਆਦਿ ਵਿਖੇ ਨਸ਼ਾ ਮੁਕਤੀ ਯਾਤਰਾ ਅਧੀਨ ਪਿੰਡਾਂ ਦੀਆਂ ਡਿਫੈਂਸ ਕਮੇਟੀਆਂ ਤੇ ਨੌਜਵਾਨਾਂ ਨਾਲ ਕੀਤੀਆਂ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਨਸ਼ਿਆਂ ਦੇ ਖਾਤਮੇ ਵੱਲ ਸੰਜੀਦਗੀ ਨਾਲ ਕੋਈ ਕਦਮ ਨਹੀਂ ਉਠਾਇਆ ਜਦੋਂ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਦੀ ਧਰਤੀ ਨੂੰ ਨਸ਼ਾ ਮੁਕਤ ਕਰਨ ਲਈ ਦ੍ਰਿੜ ਸੰਕਲਪ ਨਾਲ ਫੈਸਲੇ ਕਰਕੇ ਨਸ਼ਿਆਂ ਦੀ ਸਪਲਾਈ ਚੇਨ ਨੂੰ ਤੋੜਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਾਸੀਆਂ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਕੀਤੇ ਜਾ ਰਹੇ ਉਪਰਾਲਿਆਂ ਵਿੱਚ ਸਰਕਾਰ ਨੂੰ ਦਿੱਤਾ ਗਿਆ ਸਮਰਥਨ, ਇਸ ਗੱਲ ਦਾ ਪ੍ਰਤੀਕ ਹੈ ਕਿ ਪੰਜਾਬੀਆਂ ਨੇ ਨਸ਼ਿਆਂ ਦੀ ਮਾੜੀ ਅਲਾਮਤ ਨੂੰ ਜੜ੍ਹੋਂ ਪੁੱਟਣ ਦਾ ਤਹੱਈਆ ਕਰ ਲਿਆ ਹੈ ਤੇ ਹੁਣ ਨਸ਼ਿਆਂ ਦਾ ਖਾਤਮਾ ਯਕੀਨੀ ਹੈ। ਵਿਧਾਇਕ ਗੈਰੀ ਬੜਿੰਗ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸੂਬੇ ਵਿੱਚੋਂ ਨਸ਼ਿਆਂ ਦਾ ਮੁਕੰਮਲ ਤੌਰ ਤੇ ਖਾਤਮਾ ਕਰਨ ਲਈ ਚਲਾਈ ਜਾ ਰਹੀ ਨਸ਼ਾ ਮੁਕਤੀ ਯਾਤਰਾ ਦਾ ਮੰਤਵ ਸਮੂਹ ਵਰਗਾਂ ਦੇ ਸਹਿਯੋਗ ਨਾਲ ਨਸ਼ਿਆਂ ਦਾ ਖਾਤਮਾ ਕਰਨਾ ਹੈ ਅਤੇ ਹਰੇਕ ਪਿੰਡ ਤੇ ਹਰੇਕ ਗਲੀ ਨੂੰ ਨਸ਼ਾ ਮੁਕਤ ਕਰਨਾ ਸਾਡੀ ਤਰਜੀਹ ਹੈ। ਉਨ੍ਹਾਂ ਪਿੰਡਾਂ ਦੀਆਂ ਪੰਚਾਇਤਾਂ ਤੇ ਡਿਫੈਂਸ ਕਮੇਟੀਆਂ ਨੂੰ ਅਪੀਲ ਕੀਤੀ ਕਿ ਨਸ਼ਿਆਂ ਦੀ ਗ੍ਰਿਫਤ ਵਿੱਚ ਫਸੇ ਨੌਜਵਾਨਾਂ ਨੂੰ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਵਿੱਚ ਲਿਆਂਦਾ ਜਾਵੇ।

# ਜ਼ਮੀਨ ਹੇਠਲੇ ਪਾਣੀ ਦੇ ਪੱਧਰ ਵਿੱਚ ਆ ਰਹੀ ਗਿਰਾਵਟ ਨੂੰ ਰੋਕਣ ਲਈ ਝੋਨੇ ਦੀ ਸਿੱਧੀ ਤਕਨੀਕ ਅਪਨਾਉਣ ਦੀ ਜ਼ਰੂਰਤ : ਮੁੱਖ ਖੇਤੀਬਾੜੀ ਅਫ਼ਸਰ

ਬਟਾਲਾ,27 ਮਈ 2025 ( ਸੁਖਦੇਵ ਸਿੰਘ ਰੰਧਾਵਾ ਬਲਬੀਰ ਸੋਹਲ) ਜ਼ਮੀਨ ਹੇਠਲੇ ਪਾਣੀ ਦੇ ਪੱਧਰ ਵਿੱਚ ਆ ਰਹੀ ਲਗਾਤਾਰ ਗਿਰਾਵਟ ਤੋਂ ਚਿੰਤਿਤ ਪੰਜਾਬ ਸਰਕਾਰ ਵੱਲੋਂ ਝੋਨੇ ਦੀ ਕਾਸ਼ਤ ਦੇ ਰਵਾਇਤੀ ਕੱਦੂ ਵਾਲੇ ਝੋਨੇ ਦੀ ਬਿਜਾਏ ਕਿਸਾਨਾਂ ਨੂੰ ਝੋਨੇ ਦੀਆ ਅਜਿਹੀਆਂ ਤਕਨੀਕਾਂ ਅਪਨਉਣ ਦੀ ਜ਼ਰੂਰਤ ਹੈ ,ਜਿਸ ਨਾਲ ਪਾਣੀ ਦੀ ਘੱਟ ਖਪਤ ਹੋਵੇ ਅਤੇ ਖੇਤੀ ਲਾਗਤ ਖਰਚੇ ਵੀ ਘੱਟ ਹੋਣ। ਇਹ ਵਿਚਾਰ ਮੁੱਖ ਖੇਤੀਬਾੜੀ ਅਫ਼ਸਰ ਡਾ.ਅਮਰੀਕ ਸਿੰਘ ਨੇ ਝੋਨੇ ਦੀ ਸਿੱਧੀ ਬਿਜਾਈ ਤਕਨੀਕ ਬਾਰੇ ਜਾਣਕਾਰੀ ਦਿੰਦਿਆ ਕਹੇ। ਡਾ.ਅਮਰੀਕ ਸਿੰਘ ਨੇ ਕਿਹਾ ਕਿ ਪੰਜਾਬ ਦੇ ਨਾਲ ਨਾਲ ਜ਼ਿਲਾ ਗੁਰਦਾਸਪੁਰ ਵਿੱਚ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਦਿਨ ਬ ਦਿਨ ਹੇਠਾਂ ਜਾ ਰਿਹਾ ਹੈ ਜਿਸ ਕਾਰਨ ਭਵਿੱਖ ਦੀ ਖੇਤੀ ਖਤਰੇ ਵਿੱਚ ਪੈ ਗਈ ਹੈ।ਉਨਾਂ ਕਿਹਾ ਕਿ ਜੇਕਰ ਭਵਿੱਖ ਦੀ ਖੇਤੀ ਨੂੰ ਸੁਰੱਖਿਅਤ ਰੱਖਣਾ ਹੈ ਤਾਂ ਜ਼ਰੂਰੀ ਹੈ ਕਿ ਕਿ ਝੋਨੇ ਦੀ ਰਵਾਇਤੀ ਕੱਦੂ ਕਰਨ ਦੀ ਤਕਨੀਕ ਦੀ ਬਜਾਏ ਝੋਨੇ ਦੀ ਸਿੱਧੀ ਬਿਜਾਈ ਕੀਤੀ ਜਾਵੇ। ਉਨਾਂ ਦੱਸਿਆ ਕਿ ਉਨਾਂ ਕਿਹਾ ਕਿ ਝੋਨੇ ਦੀ ਸਿੱਧੀ ਬਿਜਾਈ ਕਰਨ ਨਾਲ 20-25 ਫੀਸਦੀ ਮਜ਼ਦੂਰੀ ਅਤੇ 15-20% ਪਾਣੀ ਦੀ ਬੱਚਤ ਹੁੰਦੀ ਹੈ। ਉਨਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਝੋਨੇ ਦੀ ਸਿੱਧੀ ਬਿਜਾਈ ਤਕਨੀਕ ਅਪਨਾਉਣ ਵਾਲੇ ਕਿਸਾਨਾਂ ਨੂੰ 1500/- ਰੁਪਏ ਪ੍ਰਤੀ ਏਕੜ ਪ੍ਰੋਤਸ਼ਾਹਨ ਰਕਮ ਵੱਜੋਂ ਦਿੱਤੇ ਜਾਣਗੇ ਜੋ ਤਸਦੀਕ ਕਰਨ ਉਪਰੰਤ ਲਾਭਪਾਤਰੀ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਪਾਏ ਜਾਣਗੇ। ਉਨਾਂ ਕਿਹਾ ਕਿ ਝੋਨੇ ਦੀ ਸਿੱਧੀ ਬਿਜਾਈ ਅਜਿਹੀ ਤਕਨੀਕ ਹੈ ਜਿਸ ਨਾਲ ਪਾਣੀ ਦੀ ਘੱਟ ਖਪਤ ਕਰਕੇ ਮਿਆਰੀ ਝੋਨੇ ਦੀ ਪੈਦਾਵਾਰ ਲਈ ਜਾ ਸਕਦੀ ਹੈ।

ਉਨ੍ਹਾਂ ਕਿਹਾ ਕਿ ਇਸ ਵਾਰ ਜ਼ਿਲਾ ਗੁਰਦਾਸਪੁਰ ਵਿਚ 25000 ਏਕੜ ਰਕਬੇ ਵਿੱਚ ਝੋਨੇ ਦੀ ਸਿੱਧੀ ਬਿਜਾਈ ਕਰਨ ਦਾ ਟੀਚਾ ਮਿੱਥਿਆ ਗਿਆ ਹੈ ਅਤੇ ਇਸ ਟੀਚੇ ਨੂੰ ਪੂਰਾ ਕਰਨ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਪਿੰਡਾਂ ਵਿਚ ਜਾ ਕੇ ਕਿਸਾਨਾਂ ਨੂੰ ਝੋਨੇ ਦੀ ਬਿਜਾਈ ਤਕਨੀਕ ਵਰਤ ਕੇ ਝੋਨੇ ਦੀ ਕਾਸ਼ਤ ਕਰਨ ਲਈ ਪ੍ਰੇਰਿਤ ਕੀਤਾ ਜਾ ਰਿਹਾ।ਉਨਾਂ ਦੱਸਿਆ ਕਿ ਸ਼ੋਸ਼ਲ ਮੀਡੀਆਂ ਰਾਹੀ ਕਿਸਾਨਾਂ ਖਾਸ ਕਰਕੇ ਨੌਜਵਾਨ ਕਿਸਾਨਾਂ ਤੱਕ ਸਿੱਧੀ ਬਿਜਾਈ ਤਕਨੀਕ ਪਹੁੰਚਾਉਣ ਲਈ ਯੂ ਟਿਊਬ ਚੈਨਲ "ਉੱਤਮ ਖੇਤੀ ,ਪੰਜਾਬ "ਸ਼ੁਰੂ ਕੀਤਾ ਗਿਆ ਹੈ ,ਇਸ ਤੋਂ ਇਲਾਵਾ ਫੇਸਬੁੱਕ, ਵਟਸ ਐਪ ਅਤੇ ਪ੍ਰਿੰਟ ਮੀਡੀਆ ਰਾਹੀਂ ਕਿਸਾਨਾਂ ਤਕ ਪਹੁੰਚ ਕੀਤੀ ਜਾ ਰਹੀ ਹੈਂ।


# ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ 'ਤੇ ਭਰਤੀ ਪ੍ਰਕਿਰਿਆ ਜ਼ੋਰਾਂ ਤੇ ਚਲ ਰਹੀ: ਪਰਮਿੰਦਰ ਢੀਂਡਸਾ

ਖਨੌਰੀ, 27 ਮਈ:(ਚ.ਨ.ਸ) ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਥਾਪੀ ਪੰਜ ਮੈਂਬਰੀ ਕਮੇਟੀ ਵੱਲੋਂ ਪੰਜਾਬ ਭਰ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਮੁਹਿੰਮ ਜ਼ੋਰਾਂ 'ਤੇ ਚਲ ਰਹੀ ਹੈ। ਇਸੇ ਲੜੀ ਤਹਿਤ ਵਰਕਰਾਂ ਵਿਚ ਉਤਸ਼ਾਹ ਭਰਨ ਲਈ ਪਰਮਿੰਦਰ ਸਿੰਘ ਢੀਂਡਸਾ ਵਿਸ਼ੇਸ਼ ਤੌਰ 'ਤੇ ਖਨੌਰੀ ਗੁਰਦੁਆਰਾ ਸਾਹਿਬ ਵਿੱਚ ਪਹੁੰਚੇ। ਬਾਬਾ ਪਵਿੱਤਰ ਸਿੰਘ ਦੀ ਅਗਵਾਈ ਵਿੱਚ ਆਯੋਜਤ ਕੀਤੀ ਗਈ ਮੀਟਿੰਗ ਨੂੰ ਸੰਬੋਧਨ ਕਰਦਿਆਂ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ 'ਤੇ ਅਕਾਲੀ ਦਲ ਦੀ ਭਰਤੀ ਪ੍ਰਕਿਰਿਆ ਜ਼ੋਰਾਂ 'ਤੇ ਚਲ ਰਹੀ ਹੈ। ਲੋਕਾਂ ਵਿੱਚ ਇਸ ਸਬੰਧੀ ਬਹੁਤ ਉਤਸ਼ਾਹ ਹੈ। ਲੋਕ ਆਪ ਮੁਹਾਰੇ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਬਣ ਰਹੇ ਨੇ ਕਿਉਂਕਿ ਲੋਕ ਬਾਦਲ ਦਲ ਦੀਆਂ ਵਧੀਕੀਆਂ ਤੋਂ ਅੱਕ ਚੁੱਕੇ ਹਨ। ਜਿਸ ਤਰੀਕੇ ਸੁਖਬੀਰ ਸਿੰਘ ਬਾਦਲ ਵੱਲੋਂ ਅਕਾਲ ਤਖ਼ਤ ਦੇ ਹੁਕਮਾਂ ਦੀਆਂ ਧੱਜੀਆਂ ਉਡਾਈਆਂ ਗਈਆਂ। ਇਸ ਨਾਲ ਹਰੇਕ ਪੰਜਾਬੀ ਦਾ ਮੋਹ ਇਨ੍ਹਾਂ ਤੋਂ ਭੰਗ ਹੋ ਚੁੱਕਿਆ।

ਹੁਣ ਲੋਕ ਸਾਫ ਸੁਥਰੇ,ਬੇਦਾਗ ਆਗੂਆਂ ਨੂੰ ਸ਼੍ਰੋਮਣੀ ਅਕਾਲੀ ਦਲ ਵਿਚ ਦੇਖਣਾ ਚਾਹੁੰਦੇ ਹਨ ਤਾਂਕਿ ਸ਼੍ਰੋਮਣੀ ਅਕਾਲੀ ਦਲ ਇਕ ਵਾਰ ਫਿਰ ਮਜ਼ਬੂਤ ਹੋ ਕੇ ਪੰਜਾਬ ਦੀ ਵਾਗਡੋਰ ਸੰਭਾਲੇ। ਉਨ੍ਹਾਂ ਕਿਹਾ ਕਿ 18 ਸਾਲ ਤੋਂ ਉੱਪਰ ਕੋਈ ਵੀ ਵਿਅਕਤੀ ਸ਼੍ਰੋਮਣੀ ਅਕਾਲੀ ਦਲ ਦਾ ਮੈਂਬਰ ਬਣ ਸਕਦਾ ਹੈ। ਸ਼੍ਰੋਮਣੀ ਅਕਾਲੀ ਦਲ ਕੇਵਲ ਸਿੱਖਾਂ ਦੀ ਪਾਰਟੀ ਦੀ ਇਹ ਕੁਲ ਪੰਜਾਬੀਆਂ ਦੀ ਆਪਣੀ ਪਾਰਟੀ ਹੈ। ਇਸ ਲਈ ਹਰੇਕ ਪੰਜਾਬੀ ਨੂੰ ਆਪਣੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਇਸ ਮੌਕੇ ਬਾਬਾ ਪਵਿੱਤਰ ਸਿੰਘ, ਰਾਮ ਨਿਵਾਸ ਗਰਗ, ਪਾਲ ਸਿੰਘ ਗੋਹਲਾ, ਮਾਸਟਰ ਦਲੇਰ ਸਿੰਘ, ਪ੍ਰੋਫੈਸਰ ਅਮਨਜੀਤ ਸਿੰਘ, ਬਲਰਾਜ ਸ਼ਰਮਾ, ਮਹਿੰਦਰ ਸਿੰਘ ਭਿੰਡਰ ਆਦਿ ਹਾਜ਼ਰ ਸਨ।

# ਕੁੱਤਿਆਂ ਦਾ ਕਮਾਲ- ਨਕਲੀ ਨੋਟਾਂ ਦੀ ਵੀ ਕਰਦੇ ਨੇ ਪਛਾਣ

ਆਕਲੈਂਡ, 27 ਮਈ: (ਚ.ਨ.ਸ) ਵਿਕਾਸਸ਼ੀਲ ਦੇਸ਼ਾਂ ਦੇ ਵਿੱਚ ਕੁੱਤਿਆਂ ਦੀ ਮਹੱਤਤਾ ਭਾਵੇਂ ਉਸ ਪੱਧਰ ਦੀ ਨਾ ਹੋਵੇ ਜਿਸ ਪੱਧਰ ਦੀ ਵਿਕਸਤ ਦੇਸ਼ਾਂ ਦੇ ਵਿੱਚ ਪਾਈ ਜਾਂਦੀ ਹੈ। ਵਧੀਆ ਨਸਲ ਦੇ ਕੁੱਤੇ ਜਿੱਥੇ ਘਰਾਂ ਦਾ ਸ਼ਿੰਗਾਰ ਬਣਦੇ ਹਨ ਉਥੇ ਮਨੁੱਖੀ ਜਾਤੀ ਦੇ ਬਹੁਤ ਸਾਰੇ ਕੰਮਾਂ ਵਿੱਚ ਵੀ ਸਹਾਇਤਾ ਕਰਦੇ ਹਨ। ਕੁੱਝ ਲੋਕਾਂ ਨੂੰ ਕੁੱਤੇ ਬਿੱਲੀਆਂ ਰੱਖਣ ਦੇ ਨਾਲ ਸੁੱਖ ਮਿਲਦਾ ਹੈ ਅਤੇ ਉਹ ਸ਼ਾਂਤੀ ਭਰਿਆ ਜੀਵਨ ਬਤੀਤ ਕਰਦੇ ਹਨ। ਪੁਲਿਸ ਅਤੇ ਹੋਰ ਸੁਰੱਖਿਆ ਏਜੰਸੀਆਂ ਵਧੀਆ ਨਸਲ ਦੇ ਕੁੱਤਿਆਂ ਨੂੰ ਸਿਖਲਾਈ ਦੇ ਕੇ ਉਨ੍ਹਾਂ ਤੋਂ ਕੰਮ ਲੈਂਦੀਆਂ ਹਨ ਜਿਨ੍ਹਾਂ ਨੂੰ ਮਨੁੱਖ ਦੇ ਵੱਸ ਲਈ ਕਰਨਾ ਔਖਾ ਹੁੰਦਾ ਹੈ। ਨਿਊਜ਼ੀਲੈਂਡ ਪੁਲਿਸ ਦੇ ਕੋਲ ਅਜਿਹੇ ਕੁੱਤੇ ਹਨ ਜੋ ਕਿ ਨਕਲੀ ਨੋਟਾਂ ਦੀ ਵੀ ਪਛਾਣ ਕਰ ਲੈਂਦੇ ਹਨ। ਇਨ੍ਹਾਂ ਵਿਸ਼ੇਸ਼ ਨਸਲ ਦੇ ਕੁੱਤਿਆਂ ਨੂੰ ਸੁੰਘਣ ਦੇ ਨਾਲ ਅਜਿਹਾ ਸਿਖਾਇਆ ਜਾਂਦਾ ਹੈ ਕਿ ਉਹ ਨਕਲੀ ਅਤੇ ਅਸਲੀ ਨੋਟਾਂ ਦੀ ਪਛਾਣ ਕਰ ਲੈਂਦੇ ਹਨ। ਇਹ ਕੁੱਤੇ ਹਵਾਈ ਅੱਡਿਆਂ,ਬੰਦਰਗਾਹਾਂ,ਜਹਾਜ਼ਾਂ ਅਤੇ ਗੋਦਾਮਾਂ ਵਿੱਚ ਕੰਮ ਕਰਦੇ ਵੇਖੇ ਜਾ ਸਕਦੇ ਹਨ। ਹੁਣ ਇਹ ਕੁੱਤੇ ਵੱਡੀ ਮਾਤਰਾ ਵਿੱਚ ਅਣ-ਐਲਾਨੀ ਨਕਦੀ ਲੱਭਣ ਵਿੱਚ ਮਦਦ ਕਰ ਸਕਦੇ ਹਨ ਜੋ ਦੇਸ਼ ਨੂੰ ਮਨੀ ਲਾਂਡਰਿੰਗ ਅਤੇ ਅੱਤਵਾਦ ਫੰਡਿੰਗ ਵਰਗੀਆਂ ਸੰਭਾਵੀ ਅਪਰਾਧਕ ਗਤੀਵਿਧੀਆਂ ਤੋਂ ਬਚਾਉਣ ਵਿਚ ਮਦਦ ਕਰਦ ਹਨ। ਇਹ ਨਿਊਜ਼ੀਲੈਂਡ ਦੇ ਐਂਟੀ-ਮਨੀ ਲਾਂਡਰਿੰਗ ਅਤੇ ਕਾਊਂਟਰਿੰਗ ਫਾਈਨੈਂਸਿੰਗ ਆਫ ਐਰੋਰਿਜ਼ਮ ਐਕਟ ਦੇ ਤਹਿਤ ਕੀਤਾ ਜਾਂਦਾ ਹੈ। ਨਕਲੀ ਨੋਟਾਂ ਦੇ ਨਾਲ-ਨਾਲ,ਕੁੱਤਿਆਂ ਨੂੰ ਨਸ਼ੀਲੇ ਪਦਾਰਥਾਂ ਅਤੇ ਹਥਿਆਰਾਂ ਦਾ ਪਤਾ ਲਗਾਉਣ ਲਈ ਸਿਖਲਾਈ ਦਿੱਤੀ ਜਾਂਦੀ ਹੈ।


ਵੱਲੋਂ ਸ੍ਰੀ ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫ਼ਸਰ, ਯੂ.ਟੀ., ਚੰਡੀਗੜ੍ਹ
[illegible]
ਸਹਾਇਕ ਅਸਟੇਟ ਅਫ਼ਸਰ, ਯੂ.ਟੀ., ਚੰਡੀਗੜ੍ਹ

## ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ

ਦਫ਼ਤਰ: ਵਧੀਕ ਨਿਗਰਾਨ ਇੰਜੀਨੀਅਰ/ਵੰਡ ਮੰਡਲ (ਪੂਰਬ), ਪਟਿਆਲਾ - 147001 (ਪੰਜਾਬ) ।ਟੈਲੀਫੋਨ ਨੰ: 96461-11070 (email: xeneastpta@gmail.com)
ਰਜਿ. ਦਫ਼ਤਰ: ਪੀ.ਐਸ.ਈ.ਬੀ. ਹੈੱਡ ਆਫਿਸ, ਪਟਿਆਲਾ (ਪੰਜਾਬ)

ਟੈਂਡਰ ਇਨਕੁਆਰੀ ਨੰ: 04/2025-26 ਮਿਤੀ : 23.05.2025
ਵਧੀਕ ਨਿਗਰਾਨ ਇੰਜੀ./ਵੰਡ ਮੰਡਲ (ਪੂਰਬ), ਪਟਿਆਲਾ ਦੁਆਰਾ ਸਬ: ਉਪ ਮੰਡਲ ... [illegible] ... 2025-26 ਦੌਰਾਨ ... ਵਿਕਰੇਤਾ 24.06.2025 ਸ਼ਾਮ 05.00 ਵਜੇ ਤੱਕ ਸੋਲ ਕੀਤੇ ਜਾਣਗੇ। ਟੈਂਡਰ ਸਮੂਹ ਕਵਰਾਂ ਵਿੱਚ 25.06.2025 ਸ਼ਾਮ 05.00 ਵਜੇ ਖੋਲ੍ਹੇ ਜਾਣਗੇ। ਮਿਤੀ 26.06.2025 ਸਵੇਰੇ 11:00 ਵਜੇ ਟੈਂਡਰ ਖੋਲ੍ਹੇ ਜਾਣਗੇ।
ਨੋਟ :- ਟੈਂਡਰ ਸੰਬੰਧੀ ਸੋਧ (ਜੇਕਰ ਕੋਈ ਹੋਵੇ) www.pspcl.in ਤੇ ਅਪਲੋਡ ਕੀਤੀ ਜਾਵੇਗੀ।
C 377/25
Ro No. PR-Advt. No. 76155 / 12 / 4273 / 2023 / 44888 / Dated CHD : 5/27/2025

## SMFG INDIA CREDIT COMPANY LIMITED

ਕਾਰਪੋਰੇਟ ਦਫ਼ਤਰ : 10ਵੀਂ ਮੰਜ਼ਿਲ, ਦਫ਼ਤਰ ਨੰ. 101, 102 ਅਤੇ 103, 2 ਨਾਰਥ ਐਵੇਨਿਊ, ਮੇਕਰ ਮੈਕਸਿਟੀ, ਬਾਂਦਰਾ ਕੁਰਲਾ ਕੰਪਲੈਕਸ, ਬਾਂਦਰਾ (ਪੂਰਬ), ਮੁੰਬਈ-400051

ਕਬਜ਼ਾ ਸੂਚਨਾ (ਅਚੱਲ ਸੰਪੱਤੀ ਦੇ ਲਈ)
(ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (1) ਦੇ ਅਧੀਨ)

ਜਿਥੇ ਕਿ, ਨਿਮਨ ਹਸਤਾਖ਼ਰੀ ਨੇ ਐਸਐਮਐਫਜੀ ਇੰਡੀਆ ਕ੍ਰੈਡਿਟ ਕੰਪਨੀ ਲਿਮਿਟਡ ਦੇ ਅਧਿਕਾਰਤ ਅਧਿਕਾਰੀ, ... [illegible] ... ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਦੇ ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ 10 ਫਰਵਰੀ 2025 ਅਨੁਸਾਰ ਰੁ. 45,33,734/- (ਰੁਪਏ ਪੰਤਾਲੀ ਲੱਖ ਤੇਤੀ ਹਜ਼ਾਰ ਸੱਤ ਸੌ ਚੌਂਤੀ ਕੇਵਲ) ਦੀ ਰਕਮ ਨੂੰ ਅਦਾ ਕਰਨ ਲਈ ਕਰਜ਼ ਖਾਤਾ ਨੰਬਰ #213520910945704 ਦੇ ਅਧੀਨ ਕਰਜ਼ਦਾਰ (ਾਂ) 1) ਗੁਰਸ਼ਰਨ ਟੈਕਨੋਲੋਜੀਜ਼, 2) ਅਭਿਸ਼ੇਕ ਸਿੰਘ ਰਾਠੌਰ, 3. ਅਸ਼ਿਸ਼ ਸਿੰਘ ਰਾਠੌਰ, 4. ਅਸ਼ੀਸ਼ ਸਿੰਘ ਰਾਠੌਰ, 5. ਰੇਣੀ ਰਾਠੌਰ ਨੂੰ ਸੱਦਾ ਦਿੰਦੇ ਹੋਏ ਮਿਤੀ 14 ਫਰਵਰੀ 25 ਨੂੰ ਮੰਗ ਸੂਚਨਾ ਜਾਰੀ ਕੀਤੀ ਸੀ।
ਕਰਜ਼ਦਾਰ (ਾਂ) ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ (ਾਂ) ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ 27 ਮਈ ਸਾਲ 2025 ਨੂੰ ਦਰਸਾਈ ਨਿਯਮਾਂਵਲੀ ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ ਧਾਰਾ 13 ਦੀ ਉਪ ਧਾਰਾ (4) ਦੇ ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ ਕਬਜ਼ਾ ਲੈ ਲਿਆ ਹੈ।
ਕਰਜ਼ਦਾਰ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ 10 ਫਰਵਰੀ 2025 ਅਨੁਸਾਰ ਰੁ. 45,33,734/- (ਰੁਪਏ ਪੰਤਾਲੀ ਲੱਖ ਤੇਤੀ ਹਜ਼ਾਰ ਸੱਤ ਸੌ ਚੌਂਤੀ ਕੇਵਲ) ਦੀ ਰਕਮ ਅਤੇ ਉਸ 'ਤੇ ਵਿਆਜ ਦੇ ਲਈ ਐਸਐਮਐਫਜੀ ਇੰਡੀਆ ਕ੍ਰੈਡਿਟ ਕੰਪਨੀ ਲਿਮਿਟਡ ਦੇ ਚਾਰਜ ਨਾਲ ਸਬੰਧਤ ਹੋਵੇਗੀ।
ਕਰਜ਼ਦਾਰ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।

ਅਚੱਲ ਜਾਇਦਾਦ ਦਾ ਵੇਰਵਾ: ਜਾਇਦਾਦ ਦੇ ਮਾਲਕ:- ਅਭਿਸ਼ੇਕ ਸਿੰਘ ਰਾਠੌਰ, ਅਸ਼ਿਸ਼ ਸਿੰਘ ਰਾਠੌਰ ਅਤੇ ਆਸ਼ੀਸ਼ ਸਿੰਘ ਰਾਠੌਰ।ਸੰਪੱਤੀ ਦਾ ਵੇਰਵਾ: ਸੰਪੱਤੀ ਦੇ ਸਾਰੇ ਭਾਗ ਅਤੇ ਹਿੱਸੇ ਦੇ ਅਧੀਨ-ਸ਼ੋਅ ਰੂਮ ਨੰਬਰ 1 ਅਤੇ 2, ਮਾਪ 00 ਬਿਘਾ 04 ਬਿਸਵਾ ਜਿਸ ਵਿੱਚ ਖਾਤਾ ਨੰਬਰ 94/135 ਸ਼ਾਮਲ ਹੈ ਜੋ ਕਿ ਸਾਲ 2004-05 ਲਈ ਜਮ੍ਹਾਂਬੰਦੀ ਅਨੁਸਾਰ ਖਸਰਾ ਨੰਬਰ 151/1(4-0), 153/2(0-13), 154/2(0-7), ਕਿੱਤੇ 03 ਰਕਬਾ 05 ਬਿਘਾ 00 ਬਿਸਵਾ ਹਿੱਸਾ 80/2000 ਭਾਗ 00 ਬਿਘਾ 04 ਬਿਸਵਾ, ਲਾਜਪਤ ਨਗਰ, ਪਿੰਡ ਬਿਸ਼ਨਪੁਰਾ ਹਦਬਸਤ ਨੰ. 44 ਐਮਸੀ ਅਤੇ ਸਬ-ਤਹਿਸੀਲ ਜ਼ੀਰਕਪੁਰ, ਜ਼ਿਲ੍ਹਾ ਐਸਏਐਸ ਨਗਰ, ਮੋਹਾਲੀ ਵਿਖੇ ਸਥਿਤ।
ਸਥਾਨ : ਮੋਹਾਲੀ, ਪੰਜਾਬ
ਮਿਤੀ : 28.05.2025
ਐਸਐਮਐਫਜੀ ਇੰਡੀਆ ਕ੍ਰੈਡਿਟ ਕੰਪਨੀ ਲਿਮਿਟਡ

## ਵਸੂਲੀ ਅਧਿਕਾਰੀ ਦਾ ਦਫ਼ਤਰ-I/II
ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3)
ਜ਼ਮੀਨੀ ਤਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ-160017

ਮੰਗ ਸੂਚਨਾ
ਪ੍ਰਕਾਸ਼ਨ ਰਾਹੀਂ
ਆਮਦਨ ਕਰ ਕਾਨੂੰਨ, 1961 ਦੀ ਦੂਜੀ ਅਨੁਸੂਚੀ ਦੇ ਨਿਯਮ 2 ਅਤੇ ਕਰਜ਼ਿਆਂ ਦੀ ਵਸੂਲੀ ਅਤੇ ਦੀਵਾਲੀਆਪਣ ਕਾਨੂੰਨ, 1993 ਦੀਆਂ ਧਾਰਾਵਾਂ 25 ਤੋਂ 28 ਦੇ ਅਧੀਨ ਸੂਚਨਾ
ਆਰ.ਸੀ./1447/2017 21.04.2025
ਆਈਸੀਆਈਸੀਆਈ ਬੈਂਕ
ਬਨਾਮ
ਜਸਪਾਲ ਸਿੰਘ

ਵੱਲ,
(ਸੀਡੀ 1) ਜਸਪਾਲ ਸਿੰਘ ਪੁੱਤਰ ਸ੍ਰੀ ਗੁਰਚਰਨ ਸਿੰਘ, ਵਾਸੀ ਮਕਾਨ ਨੰ. 1401, ਗਲੀ ਨੰ. 15, ਫੀਲਡਗੰਜ, ਲੁਧਿਆਣਾ
(ਸੀਡੀ 2) ਜਸਬੀਰ ਕੌਰ ਪਤਨੀ ਸ੍ਰੀ ਜਸਪਾਲ ਸਿੰਘ, ਵਾਸੀ ਮਕਾਨ ਨੰ. 1401, ਗਲੀ ਨੰ. 15, ਫੀਲਡਗੰਜ, ਲੁਧਿਆਣਾ
ਇਹ ਸੂਚਿਤ ਕੀਤਾ ਜਾਂਦਾ ਹੈ ਕਿ ਓਏ/2716/2017 ਵਿਚ ਪ੍ਰਧਾਨਗੀ ਅਧਿਕਾਰੀ, ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3) ਵੱਲੋਂ ਜਾਰੀ ਕੀਤੇ ਗਏ ਵਸੂਲੀ ਸਰਟੀਫਿਕੇਟ ਦੇ ਅਨੁਸਾਰ ਮੁਕੱਦਮੇ ਦੇ ਖਰਚੇ ਸਮੇਤ 05.09.2013 ਤੋਂ ਵਸੂਲੀ ਸਹਿਤ ਸਾਲਾਨਾ ਵਿਆਜ 11.75% ਦੀ ਦਰ 'ਤੇ ਭਾਵੀ ਵਿਆਜ ਅਤੇ ਖਰਚਿਆਂ ਸਹਿਤ ਰੁ. 27,10,646.28/- (ਰੁਪਏ ਸਤਾਈ ਲੱਖ ਦਸ ਹਜ਼ਾਰ ਛੇ ਸੌ ਛਿਆਲੀ ਅਤੇ ਅਠਾਈ ਪੈਸੇ ਕੇਵਲ) ਅਤੇ ਰੁ. 49,700/- (ਰੁਪਏ ਉਨੰਜਾ ਹਜ਼ਾਰ ਸੱਤ ਸੌ ਕੇਵਲ) ਦੀ ਰਕਮ ਤੁਹਾਡੇ ਖਿਲਾਫ਼ (ਸਾਂਝੇ ਅਤੇ ਵੱਖ ਤੌਰ 'ਤੇ/ਪੂਰਨ/ਸੀਮਿਤ ਤੌਰ 'ਤੇ) ਬਕਾਇਆ ਬਣ ਚੁੱਕੀਆਂ ਹਨ।
2. ਤੁਹਾਨੂੰ ਇਸ ਦੁਆਰਾ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਇਸ ਸੂਚਨਾ ਦੀ ਪ੍ਰਾਪਤੀ ਤੋਂ 15 ਦਿਨਾਂ ਦੇ ਅੰਦਰ ਉਕਤ ਰਕਮ ਨੂੰ ਜਮ੍ਹਾਂ ਕਰ ਦਿਓ, ਜਿਸ ਤੋਂ ਅਸਫ਼ਲ ਰਹਿਣ 'ਤੇ ਵਸੂਲੀ ਕਰਜ਼ਿਆਂ ਦੀ ਵਸੂਲੀ ਅਤੇ ਦੀਵਾਲੀਆਪਣ ਕਾਨੂੰਨ, 1993 ਅਤੇ ਇਸ ਦੇ ਅਧੀਨ ਨਿਯਮਾਂ ਦੇ ਅਨੁਸਾਰ ਕੀਤੀ ਜਾਵੇਗੀ।
3. ਤੁਹਾਨੂੰ ਇਸ ਦੁਆਰਾ ... ਮਿਤੀ 06.06.2025 ਨੂੰ ਸਵੇਰੇ 10.30 ਵਜੇ ... [illegible]
4. ਤੁਹਾਨੂੰ ਇਸ ਦੁਆਰਾ ਆਦੇਸ਼ ਦਿੱਤਾ ਜਾਂਦਾ ਹੈ ... [illegible]
5. ਉਕਤ ਦਰਸਾਈ ਰਕਮ ਤੋਂ ਇਲਾਵਾ ਤੁਸੀਂ ਨਿਮਨ ਦਾ ਭੁਗਤਾਨ ਕਰਨ ਲਈ ਵੀ ਜਵਾਬਦੇਹ ਹੋਵੋਗੇ:
(ੳ) ਸਰਟੀਫਿਕੇਟ/ਕਾਰਜਪ੍ਰਣਾਲੀ ... ਅਤੇ ਸੂਚਨਾ ਤੋਂ ਤੁਰੰਤ ਬਾਅਦ ਦੇ ਸਮੇਂ ਲਈ ਭਾਵੀ ਵਿਆਜ
(ਅ) ਇਸ ਸੂਚਨਾ ਦੀ ਤਾਮੀਲ ਦੇ ਸਬੰਧ ਵਿਚ ਅਤੇ ਬਕਾਇਆ ਰਕਮ ਦੀ ਵਸੂਲੀ ਲਈ ਕੀਤੀ ਗਈ ਹੋਰ ਪ੍ਰਕਿਰਿਆਵਾਂ ਅਤੇ ਕਾਰਵਾਈਆਂ ਦੇ ਸਬੰਧ ਵਿਚ ਕੀਤੇ ਗਏ ਸਾਰੇ ਖਰਚੇ, ਲਾਗਤਾਂ, ਫੀਸਾਂ ਅਤੇ ਹੋਰ ਖਰਚੇ।
ਮੇਰੇ ਦਸਤਖ਼ਤ ਅਤੇ ਟ੍ਰਿਬਿਊਨਲ ਦੀ ਮੋਹਰ ਹੇਠ ਮਿਤੀ 21.04.2025 ਨੂੰ ਜਾਰੀ।
ਵਸੂਲੀ ਅਧਿਕਾਰੀ
ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3)

## ਕੇਨਰਾ ਬੈਂਕ Canara Bank — ਖੇਤਰੀ ਦਫ਼ਤਰ : ਫਰੀਦਕੋਟ-2441

**ਕਬਜ਼ਾ ਸੂਚਨਾ** [ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8(1) ਦੇ ਅਧੀਨ]

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਕੇਨਰਾ ਬੈਂਕ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ ਐਕਟ ਨੰ. 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸਬੰਧਤ ਮੰਗ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ ਕਰਜ਼ਦਾਰ(ਾਂ)/ਜ਼ਾਮਨ (ਾਂ) ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈ ਮਿਤੀ ਨੂੰ ਕਰਜ਼ਦਾਰ(ਾਂ)/ਜ਼ਾਮਨ (ਾਂ) **ਨੂੰ ਮੰਗ ਸੂਚਨਾ ਜਾਰੀ ਕੀਤੀ ਸੀ।**
ਕਰਜ਼ਦਾਰ(ਾਂ)/ਜ਼ਾਮਨ (ਾਂ) ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ(ਾਂ)/ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਨਿਮਨ ਖਾਤਿਆਂ ਅਧੀਨ ਦਰਸਾਈ ਮਿਤੀ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 ਦੀ ਉਪ ਧਾਰਾ (4) ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈਆਂ ਸੰਪੱਤੀਆਂ ਦਾ **ਸੰਕੇਤਕ ਕਬਜ਼ਾ** ਲੈ ਲਿਆ ਹੈ।
ਕਰਜ਼ਦਾਰ(ਾਂ)/ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ/ਸੰਪੱਤੀਆਂ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀਆਂ ਦੀ ਕੋਈ ਵੀ ਸੌਦੇਬਾਜ਼ੀ ਵਸੂਲ ਹੋਈ ਰਕਮ, ਜੇਕਰ ਕੋਈ ਹੈ, ਮਨਫੀ ਕਰਕੇ ਹੋਰ ਫੀਸਾਂ/ਖਰਚਿਆਂ, ਲਾਗਤਾਂ ਸਮੇਤ ਰਕਮ ਦੇ ਲਈ **ਕੇਨਰਾ ਬੈਂਕ, ਫਰੀਦਕੋਟ ਸ਼ਾਖਾ** ਦੇ ਚਾਰਜ ਨਾਲ ਸਬੰਧਤ ਹੋਵੇਗੀ।
ਕਰਜ਼ਦਾਰ/ਜ਼ਾਮਨਾਂ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸੰਬੰਧ ਵਿੱਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀ ਵਿਵਸਥਾ ਵੱਲ ਦੁਆਇਆ ਜਾਂਦਾ ਹੈ।

| ਸ਼ਾਖਾ ਦਾ ਨਾਮ ਅਤੇ ਕਰਜ਼ਦਾਰ(ਾਂ)/ ਗਿਰਵੀਕਾਰ/ਸਹਿ-ਕਰਜ਼ਦਾਰ(ਾਂ)/ਜ਼ਾਮਨ(ਾਂ) | ਅਚੱਲ ਸੰਪੱਤੀਆਂ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਸੰਕੇਤਕ ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| 1. ਆਤਮਜੀਤ ਸਿੰਘ ਪੁੱਤਰ ਤੇਜਾ ਸਿੰਘ, 2. ਲਵਪ੍ਰੀਤ ਕੌਰ ਪਤਨੀ ਆਤਮਜੀਤ ਸਿੰਘ, 3. ਗੁਰਮੀਤ ਕੌਰ ਪਤਨੀ ਤੇਜਾ ਸਿੰਘ, 4. ਤਰੁਨਪ੍ਰੀਤ ਕੌਰ ਪਤਨੀ ਆਤਮਜੀਤ ਸਿੰਘ ਸਾਰੇ ਨਿਵਾਸੀ ਮਕਾਨ ਨੰ. 187, ਗਲੀ ਨੰ. 05 ਆਰ ਟੀਚਰ ਕਲੋਨੀ, ਫਰੀਦਕੋਟ (ਪੰਜਾਬ) | 80.56 ਵਰਗ ਗਜ਼ ਦੀ ਜਾਇਦਾਦ ਦਾ ਫਰੀਦਕੋਟ 3 ਅਗਵਾਰ ਢਿੱਲਾਂ (ਗਲੀ ਨੰ. 5 ਆਰ ਟੀਚਰ ਕਲੋਨੀ) ਵਿਖੇ ਸਥਿਤ 303 ਵਰਗ ਗਜ਼ ਖੇਤਰਫਲ ਵਾਲੀ ਜਾਇਦਾਦ: ਪੂਰਬ ਵੱਲ ਕੀਮਤੀ ਲਾਲ ਹੁਣ ਗੋਪਾਲ ਦਾਸ-60'6.5", ਪੱਛਮ ਵੱਲ ਰਸਤਾ 20' ਚੌੜਾ-ਪਾਸਾ 6'6.5", ਉੱਤਰ ਵੱਲ ਰਸਤਾ 20 ਫੁੱਟ ਚੌੜਾ-ਪਾਸਾ 45', ਦੱਖਣ ਵੱਲ ਸ਼ਰਮਾ, ਭਲੂਰ ਵਾਲੇ – ਪਾਸਾ 45' ਜਿਸਦੀ ਜ਼ਮੀਨ ਵਿੱਚੋਂ 1.91 ਵਰਗ ਗਜ਼ ਦੀ ਜ਼ਮੀਨ 15 ਕਨਾਲ/4 ਮਰਲਾ/ਐਸ ਵਾਲੀ ਜ਼ਮੀਨ ਵਿੱਚੋਂ 91/9196 ਹਿੱਸਾ ਹੈ ਜਿਸ ਵਿੱਚ ਖਸਰਾ ਨੰਬਰ/ਐਸ 908 ਖਤੌਨੀ ਨੰਬਰ 1647 ਅਤੇ 2,212 ਵਰਗ ਗਜ਼ ਦੀ ਜ਼ਮੀਨ 33 ਕਨਾਲ/4 ਮਰਲਾ/ਐਸ ਵਾਲੀ ਜ਼ਮੀਨ ਵਿੱਚੋਂ 106/10043 (212/20086) ਹਿੱਸਾ ਹੈ ਜਿਸ ਵਿੱਚ ਖਸਰਾ ਨੰਬਰ/ਐਸ ਹੈ।7657/16-0, 7658/16-0, 10301/7659/1-4, ਮੌਜੂਦਾ ਖੇਵਟ ਨੰ. 909, ਖਤੌਨੀ ਨੰ. 1648।ਸਾਲ 2019-20 ਦੀ ਜਮਾਂਬੰਦੀ ਸ੍ਰੀਮਤੀ ਗੁਰਮੀਤ ਕੌਰ ਪਤਨੀ ਸਵਰਗੀ ਸ੍ਰੀ ਤੇਜਾ ਸਿੰਘ ਦੇ ਨਾਮ 'ਤੇ, ਮਾਲਕੀ ਦਾ ਤਬਾਦਲਾ ਡੀਡ ਨੰਬਰ 2711 ਮਿਤੀ 13.11.2024 ਅਤੇ ਵਿਕਰੀ ਡੀਡ ਨੰਬਰ 3812 ਮਿਤੀ 14.11.1995 ਦੁਆਰਾ। | 17.03.2025 | 23.05.2025 | ਰੁ. 52,81,505.38 ਅਗਲੇਰੇ ਵਿਆਜ ਅਤੇ ਖਰਚਿਆਂ ਸਮੇਤ |

ਮਿਤੀ : 28.05.2025 ਸਥਾਨ : ਫਰੀਦਕੋਟ ਅਧਿਕਾਰਤ ਅਧਿਕਾਰੀ, ਕੇਨਰਾ ਬੈਂਕ

## ਯੂਨੀਅਨ ਬੈਂਕ ਆਫ ਇੰਡੀਆ Union Bank of India — ਸ਼ਾਖਾ ਦਫਤਰ : ਸੈਕਟਰ 7, ਚੰਡੀਗੜ੍ਹ

ਭਾਰਤ ਸਰਕਾਰ ਦਾ ਇਕ ਅਦਾਰਾ / A Government of India Undertaking

**ਸੂਚਨਾ**
ਹੇਠਾਂ ਦੱਸੇ ਗਏ ਵਿਅਕਤੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਕਰਜ਼ਾ ਖਾਤਿਆਂ ਵਿੱਚ ਦੇਣਦਾਰੀ ਦਾ ਭੁਗਤਾਨ ਕਰਨ ਵਿੱਚ ਅਸਫਲ ਰਹੇ ਹਨ। ਰਜਿਸਟਰਡ ਡਾਕ ਰਾਹੀਂ ਉਨ੍ਹਾਂ ਨੂੰ ਭੇਜੇ ਗਏ ਨੋਟਿਸ ਬੈਂਕ ਨੂੰ ਵਾਪਸ ਭੇਜ ਦਿੱਤੇ ਗਏ ਹਨ। ਇਸ ਲਈ ਉਨ੍ਹਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਦੇਣਦਾਰੀ ਅਤੇ ਹੋਰ ਖਰਚਿਆਂ ਦਾ ਭੁਗਤਾਨ ਕਰਨ ਅਤੇ ਗਿਰਵੀ ਰੱਖੀਆਂ ਗਈਆਂ ਪ੍ਰਤੀਭੂਤੀਆਂ ਨੂੰ 10.06.2025 (ਮਿਤੀ) ਨੂੰ ਜਾਂ ਇਸ ਤੋਂ ਪਹਿਲਾਂ ਵਾਪਸ ਕਰ ਦੇਣ, ਨਹੀਂ ਤਾਂ ਉਕਤ ਪ੍ਰਤੀਭੂਤੀਆਂ ਨੂੰ ਬੈਂਕ ਦੁਆਰਾ 10.06.2025 ਨੂੰ ਸ਼ਾਮ 04:00 ਵਜੇ ਬੈਂਕ ਅਹਾਤਿਆਂ ਵਿਚ ਕਰਜ਼ਦਾਰ ਦੀ ਲਾਗਤ 'ਤੇ ਯੂਨੀਅਨ ਬੈਂਕ ਆਫ਼ ਇੰਡੀਆ ਸੈਕਟਰ 7, ਚੰਡੀਗੜ੍ਹ ਸ਼ਾਖਾ ਜਾਂ ਉਸ ਤੋਂ ਬਾਅਦ ਕਿਸੇ ਹੋਰ ਸੁਵਿਧਾਜਨਕ ਮਿਤੀ 'ਤੇ ਬਿਨਾਂ ਕਿਸੇ ਨੋਟਿਸ ਦੇ, ਬੈਂਕ ਦੇ ਪੂਰਨ ਵਿਵੇਕ 'ਤੇ, ਬੈਂਕ ਦੁਆਰਾ ਜਨਤਕ ਨਿਲਾਮੀ ਵਿੱਚ ਵੇਚ ਦਿੱਤਾ ਜਾਵੇਗਾ।

| ਲ. ਨੰ. | ਲੋਨ ਦੀ ਮਿਤੀ | ਖਾਤੇ ਦਾ ਨਾਮ | ਲੋਨ ਖਾਤਾ ਨੰ. / ਬਕਾਇਆ ਰਕਮ | ਸੁਰੱਖਿਆ ਵੇਰਵੇ (ਵਜ਼ਨ ਗ੍ਰਾਮਾਂ 'ਚ) | ਮੁਲਾਂਕਣ |
|---|---|---|---|---|---|
| 1. | 10.11.2022 | ਸਵਿਤਾ ਦੇਵੀ, ਮਕਾਨ ਨੰ. 89, ਟੈਲੀਫੋਨ ਐਕਸਚੇਂਜ ਕਲੋਨੀ ਪਟਿਆਲਾ ਰੋਡ, ਜ਼ੀਰਕਪੁਰ | 558206630000001 Rs. 4,70,077.20 31.03.2025 ਅਨੁਸਾਰ ਵਿਆਜ ਤੋਂ ਇਲਾਵਾ | ਕੁੱਲ -157.460 ਸ਼ੁੱਧ -129.200 | Rs. 10,94,324/- |
| 2. | 28.10.2022 | ਸਵਿਤਾ ਦੇਵੀ, ਮਕਾਨ ਨੰ. 89, ਟੈਲੀਫੋਨ ਐਕਸਚੇਂਜ ਕਲੋਨੀ ਪਟਿਆਲਾ ਰੋਡ, ਜ਼ੀਰਕਪੁਰ | 558206540000014 Rs. 3,50,209.88 31.03.2025 ਅਨੁਸਾਰ ਵਿਆਜ ਤੋਂ ਇਲਾਵਾ | ਕੁੱਲ -103.990 ਸ਼ੁੱਧ -88.300 | Rs. 7,47,901/- |
| 3. | 06.03.2023 | ਸਤੀਸ਼ ਕੁਮਾਰ, ਮਕਾਨ ਨੰ. 891, ਐਕਸਚੇਂਜ ਕਲੋਨੀ, ਜ਼ੀਰਕਪੁਰ, ਐਸਏਐਸ ਨਗਰ ਮੋਹਾਲੀ | 558206630000003 Rs. 5,43,089/- 31.03.2025 ਅਨੁਸਾਰ ਵਿਆਜ ਤੋਂ ਇਲਾਵਾ | ਕੁੱਲ -140.710 ਸ਼ੁੱਧ -127.910 | Rs. 10,83,397/- |

**ਸ਼ਾਖਾ ਪ੍ਰਬੰਧਕ**

## ਸਟੇਟ ਬੈਂਕ ਆਫ ਇੰਡੀਆ — ਸ਼ਾਖਾ ਦਫਤਰ : ਜ਼ੀਰਾ, ਸ਼ਾਖਾ ਕੋਡ : 50061

**ਮੰਗ ਸੂਚਨਾ** — ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (ਇੱਥੇ ਬਾਅਦ ਵਿੱਚ ''ਕਾਨੂੰਨ'' ਵਜੋਂ ਸੱਦਿਆ ਗਿਆ) ਦੀ ਧਾਰਾ 13 (2) ਦੇ ਅਧੀਨ ਸੂਚਨਾ

ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨਲਿਖਤ ਕਰਜ਼ਦਾਰਾਂ (ਕਰਜ਼ਦਾਰ) (ਸਹਿ ਕਰਜ਼ਦਾਰ) ਨੇ ਬੈਂਕ ਤੋਂ ਉਨ੍ਹਾਂ ਨੂੰ ਪ੍ਰਾਪਤ ਕਰਜ਼ ਸਹੂਲਤ ਦੇ ਮੂਲ ਅਤੇ ਵਿਆਜ ਦੇ ਪੁਨਰ ਭੁਗਤਾਨ ਵਿਚ ਕੁਤਾਹੀ ਕੀਤੀ ਹੈ ਅਤੇ ਕਰਜ਼ੇ ਨੂੰ ਗੈਰ ਕਾਰਗੁਜ਼ਾਰੀ ਵਾਲੀਆਂ ਸੰਪੱਤੀਆਂ (ਐਨਪੀਏ) ਵਜੋਂ ਵਰਗੀਕ੍ਰਿਤ ਕੀਤਾ ਗਿਆ ਹੈ। ਪੰਜੀਕ੍ਰਿਤ/ਸਪੀਡ ਪੋਸਟ ਦੁਆਰਾ ਕਰਜ਼ਦਾਰ(ਾਂ)/ਜ਼ਾਮਨ(ਾਂ) ਨੂੰ ਉਨ੍ਹਾਂ ਦੇ ਨਿਮਨ ਲਿਖਤ ਪਤਿਆਂ 'ਤੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ ਧਾਰਾ 13 (2) ਦੇ ਅਧੀਨ ਸੂਚਨਾਵਾਂ ਭੇਜੀਆਂ ਗਈਆਂ ਸਨ, ਪਰ ਉਹ ਅਣ-ਤਾਮੀਲੀਆਂ ਪਰਤ ਆਈਆਂ ਅਤੇ ਇਸ ਲਈ ਉਨ੍ਹਾਂ ਨੂੰ ਇਸ ਦੁਆਰਾ ਜਨਤਕ ਸੂਚਨਾ ਦੇ ਮਾਧਿਅਮ ਰਾਹੀਂ ਸੂਚਿਤ ਕੀਤਾ ਜਾਂਦਾ ਹੈ।

| ਖਾਤਾ ਕਰਜ਼ਦਾਰ (ਾਂ)/ਜ਼ਾਮਨ(ਾਂ) ਦੇ ਨਾਮ | ਅਚੱਲ ਸੰਪੱਤੀਆਂ ਦੇ ਵੇਰਵੇ | ਐਨਪੀਏ ਦੀ ਮਿਤੀ | ਮੰਗ ਸੂਚਨਾ ਦੀ ਮਿਤੀ | ਬਕਾਇਆ ਦੇਣਦਾਰੀ |
|---|---|---|---|---|
| **ਕਰਜ਼ਦਾਰਾਂ : ਸ੍ਰੀ ਹਰਵਿੰਦਰ ਸਿੰਘ ਸਪੁੱਤਰ ਸ੍ਰੀ ਜਗਰਾਜ ਸਿੰਘ** ਸ਼ਾਹਵਾਲਾ ਰੋਡ, ਵਾਰਡ ਨੰ. 06, ਜ਼ੀਰਾ ਜ਼ਿਲ੍ਹਾ ਫਿਰੋਜ਼ਪੁਰ-142047 ਅਤੇ **ਸ੍ਰੀ ਜਗਰਾਜ ਸਿੰਘ ਸਪੁੱਤਰ ਸ੍ਰੀ ਵਜ਼ੀਰ ਸਿੰਘ,** ਸ਼ਾਹਵਾਲਾ ਰੋਡ, ਵਾਰਡ ਨੰ. 06, ਜ਼ੀਰਾ ਜ਼ਿਲ੍ਹਾ ਫਿਰੋਜ਼ਪੁਰ-142047 , **ਜ਼ਾਮਨ :ਸ੍ਰੀਮਤੀ ਰੁਪਿੰਦਰ ਕੌਰ ਪਤਨੀ ਸ੍ਰੀ ਜਗਰਾਜ ਸਿੰਘ** ਸ਼ਾਹਵਾਲਾ ਰੋਡ, ਵਾਰਡ ਨੰ. 06, ਜ਼ੀਰਾ ਜ਼ਿਲ੍ਹਾ ਫਿਰੋਜ਼ਪੁਰ-142047 | ਰੁਪਿੰਦਰ ਕੌਰ ਪਤਨੀ ਜਗਰਾਜ ਸਿੰਘ ਦੇ ਨਾਮ 'ਤੇ ਵਸੀਕਾ ਨੰਬਰ 2018-19/117/1/236 ਮਿਤੀ 05.09.2018 ਦੁਆਰਾ ਦਰਜ ਜ਼ਮੀਨ ਦਾ ਮਾਪ 1-0 ਜੋ ਕਿ ਕਨਾਲ 8-0 ਕਨਾਲ ਖੇਵਟ ਨੰਬਰ 568, ਖਤੌਨੀ ਨੰਬਰ 679, ਖਸਰਾ ਨੰਬਰ 105ਮਰਲਾ/3(8-0) ਜ਼ਮੀਨ ਦਾ 1/8 ਹਿੱਸਾ ਹੈ ਜੋ ਕਿ ਜ਼ੀਰਾ, ਤਹਿਸੀਲ ਜ਼ੀਰਾ ਦੇ ਖੇਤਰ ਵਿੱਚ ਸਥਿਤ।ਹੱਦਬੰਦੀ : ਪੂਰਬ: ਵਿਰਸਾ ਸਿੰਘ ਦੀ ਜਾਇਦਾਦ, ਪੱਛਮ: ਗਲੀ, ਉੱਤਰ: ਜਗਰਾਜ ਸਿੰਘ ਦੀ ਜਾਇਦਾਦ, ਦੱਖਣ: ਪ੍ਰੀਤਮ ਸਿੰਘ ਦੀ ਜਾਇਦਾਦ। | 26.01.2025 | 14.05.2025 | Rs. 7,23,094.00 14.05.2025 ਦੇ ਅਨੁਸਾਰ ਭਾਵੀ ਵਿਆਜ, ਅਚਨਚੇਤੀ ਖਰਚਿਆਂ, ਲਾਗਤਾਂ, ਫੀਸਾਂ ਆਦਿ ਸਮੇਤ |

ਸੂਚਨਾ ਦੀ ਵਿਕਲਪਿਕ ਤਾਮੀਲ ਲਈ ਕਦਮ ਚੁੱਕੇ ਜਾ ਰਹੇ ਹਨ। ਉਕਤ ਕਰਜ਼ਦਾਰ (ਾਂ) ਨੂੰ ਇਸ ਦੁਆਰਾ ਸੱਦਾ ਦਿੱਤਾ ਜਾਂਦਾ ਹੈ ਕਿ ਇਸ ਸੂਚਨਾ ਦੇ ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਬਕਾਇਆ ਰਕਮ ਦਾ ਭੁਗਤਾਨ ਕਰ ਦੇਣ, ਜਿਸ ਤੋਂ ਅਸਫਲ ਰਹਿਣ 'ਤੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ ਧਾਰਾ 13 ਦੀ ਉਪ ਧਾਰਾ (4) ਦੇ ਅਧੀਨ ਇਸ ਸੂਚਨਾ ਦੀ ਮਿਤੀ ਤੋਂ 60 ਦਿਨਾਂ ਦੇ ਲੰਘਣ ਉਪਰੰਤ ਅਗਲੇਰੇ ਕਦਮ ਚੁੱਕੇ ਜਾਣਗੇ।
ਮਿਤੀ: 28.05.2025 ਸਥਾਨ : ਜ਼ੀਰਾ ਅਧਿਕਾਰਤ ਅਧਿਕਾਰੀ

## ਯੂਨੀਅਨ ਬੈਂਕ ਆਫ ਇੰਡੀਆ Union Bank of India — ਸ਼ਾਖਾ ਦਫਤਰ : ਸੈਕਟਰ 20, ਪੰਚਕੂਲਾ-14712

ਭਾਰਤ ਸਰਕਾਰ ਦਾ ਇਕ ਅਦਾਰਾ / A Government of India Undertaking

**ਸੂਚਨਾ**
ਹੇਠਾਂ ਦੱਸੇ ਗਏ ਵਿਅਕਤੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਕਰਜ਼ਾ ਖਾਤਿਆਂ ਵਿੱਚ ਦੇਣਦਾਰੀ ਦਾ ਭੁਗਤਾਨ ਕਰਨ ਵਿੱਚ ਅਸਫਲ ਰਹੇ ਹਨ। ਰਜਿਸਟਰਡ ਡਾਕ ਰਾਹੀਂ ਉਨ੍ਹਾਂ ਨੂੰ ਭੇਜੇ ਗਏ ਨੋਟਿਸ ਬੈਂਕ ਨੂੰ ਵਾਪਸ ਭੇਜ ਦਿੱਤੇ ਗਏ ਹਨ। ਇਸ ਲਈ ਉਨ੍ਹਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਦੇਣਦਾਰੀ ਅਤੇ ਹੋਰ ਖਰਚਿਆਂ ਦਾ ਭੁਗਤਾਨ ਕਰਨ ਅਤੇ ਗਿਰਵੀ ਰੱਖੀਆਂ ਗਈਆਂ ਪ੍ਰਤੀਭੂਤੀਆਂ ਨੂੰ 10.06.2025 (ਮਿਤੀ) ਨੂੰ ਜਾਂ ਇਸ ਤੋਂ ਪਹਿਲਾਂ ਵਾਪਸ ਕਰ ਦੇਣ, ਨਹੀਂ ਤਾਂ ਉਕਤ ਪ੍ਰਤੀਭੂਤੀਆਂ ਨੂੰ ਬੈਂਕ ਦੁਆਰਾ 10.06.2025 ਨੂੰ ਸ਼ਾਮ 04:00 ਵਜੇ ਬੈਂਕ ਅਹਾਤਿਆਂ ਵਿਚ ਕਰਜ਼ਦਾਰ ਦੀ ਲਾਗਤ 'ਤੇ ਯੂਨੀਅਨ ਬੈਂਕ ਆਫ਼ ਇੰਡੀਆ ਸੈਕਟਰ 20 ਪੰਚਕੂਲਾ 14712 ਸ਼ਾਖਾ ਜਾਂ ਉਸ ਤੋਂ ਬਾਅਦ ਕਿਸੇ ਹੋਰ ਸੁਵਿਧਾਜਨਕ ਮਿਤੀ 'ਤੇ ਬੈਂਕ ਦੇ ਪੂਰਨ ਵਿਵੇਕ 'ਤੇ, ਬਿਨਾਂ ਕਿਸੇ ਨੋਟਿਸ ਦੇ ਜਨਤਕ ਨਿਲਾਮੀ ਵਿੱਚ ਵੇਚ ਦਿੱਤਾ ਜਾਵੇਗਾ।

| ਲ. ਨੰ. | ਲੋਨ ਦੀ ਮਿਤੀ | ਖਾਤੇ ਦਾ ਨਾਮ | ਲੋਨ ਖਾਤਾ ਨੰ. / ਬਕਾਇਆ ਰਕਮ | ਸੁਰੱਖਿਆ ਵੇਰਵੇ (ਵਜ਼ਨ ਗ੍ਰਾਮਾਂ 'ਚ) | ਮੁਲਾਂਕਣ |
|---|---|---|---|---|---|
| 1. | 05.11.2022 | ਬਲਬੀਰ ਸਿੰਘ, ਪਤਾ : ਮਕਾਨ ਨੰ. 617 1, ਸੈਕਟਰ 4, ਥਾਨੇਸਰ, ਕੁਰਕਸ਼ੇਤਰ, ਹਰਿਆਣਾ | 147126540000003 Rs. 1,22,934/- 30.09.2024 ਅਨੁਸਾਰ ਵਿਆਜ ਤੋਂ ਇਲਾਵਾ | ਸ਼ੁੱਧ ਵਜ਼ਨ 30.400 | Rs. 2,64,480/- |
| 2. | 07.11.2022 | ਬਲਬੀਰ ਸਿੰਘ, ਪਤਾ : ਮਕਾਨ ਨੰ. 617 1, ਸੈਕਟਰ 4, ਥਾਨੇਸਰ, ਕੁਰਕਸ਼ੇਤਰ, ਹਰਿਆਣਾ | 147126540000005 Rs. 1,38,240/- 30.09.2024 ਅਨੁਸਾਰ ਵਿਆਜ ਤੋਂ ਇਲਾਵਾ | ਸ਼ੁੱਧ ਵਜ਼ਨ 34.300 gm | Rs. 2,98,410/- |
| 3. | 14.06.2023 | ਰੇਣੂ ਦੇਵੀ, ਗੋਵਿੰਦ ਵਿਹਾਰ, ਜ਼ਮੀਨੀ ਤਲ, ਐਸੀਸੀਐਫ ਨੰ. 78, ਸੋਹੀ ਟਾਵਰ ਰੋਡ, ਜ਼ੀਰਕਪੁਰ | 147126540000048 Rs. 5,29,810/- 30.09.2024 ਅਨੁਸਾਰ ਵਿਆਜ ਤੋਂ ਇਲਾਵਾ | ਸ਼ੁੱਧ ਵਜ਼ਨ 105 gm | Rs. 9,13,500/- |
| 4. | 04.08.2023 | ਕਮਲ ਸਿੰਘ, 382, ਮੌਲੀ 16 ਪੰਚਕੂਲਾ, ਹਰਿਆਣਾ | 147126540000063 Rs. 77,636/- 30.09.2024 ਅਨੁਸਾਰ ਵਿਆਜ ਤੋਂ ਇਲਾਵਾ | ਸ਼ੁੱਧ ਵਜ਼ਨ 15.500 Gm | Rs. 1,34,850/- |

**ਸ਼ਾਖਾ ਪ੍ਰਬੰਧਕ**

## pnb ਪੰਜਾਬ ਨੈਸ਼ਨਲ ਬੈਂਕ .... ਬਿਹਤਰੀ ਲਈ ਸਾਂਝ — ਸ਼ਾਖਾ ਦਫ਼ਤਰ : ਰਾਜਪੁਰਾ ਏਬੀਸੀ, ਚੰਡੀਗੜ੍ਹ ਰੋਡ, ਰਾਜਪੁਰਾ-140401

# ਸੰਕੇਤਕ ਕਬਜ਼ਾ ਸੂਚਨਾ (ਚੱਲ/ਅਚੱਲ ਸੰਪੱਤੀ/ਆਂ ਦੇ ਲਈ)

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਪੰਜਾਬ ਨੈਸ਼ਨਲ ਬੈਂਕ, ਰਾਜਪੁਰਾ ਏਬੀਸੀ, ਚੰਡੀਗੜ੍ਹ ਰੋਡ, ਰਾਜਪੁਰਾ** (**ਡੀ ਨੰ.** 085310) ਦੇ "**ਅਧਿਕਾਰਤ ਅਧਿਕਾਰੀ**" ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ **ਕਾਨੂੰਨ**, 2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) **ਨਿਯਮਾਂਵਲੀ**, 2002 ਦੇ **ਨਿਯਮ** 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸੂਚਨਾ ਵਿਚ ਦਰਸਾਈ ਨੂੰ ਅਦਾ ਕਰਨ ਦੇ ਲਈ ਨਿਮਨਲਿਖਤ **ਕਰਜ਼ਦਾਰ** (ਾਂ)/**ਜ਼ਾਮਨ** (ਾਂ) ਨੂੰ ਸੱਦਾ ਦਿੰਦੇ ਹੋਏ ਸਰਫਾਇਸੀ ਐਕਟ 2002 ਦੀ ਧਾਰਾ 13 (2) ਅਧੀਨ ਮੰਗ ਸੂਚਨਾ ਜਾਰੀ ਕੀਤੀ ਸੀ।
ਕਰਜ਼ਦਾਰ (ਾਂ)/ਜ਼ਾਮਨ (ਾਂ) ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਸੁਰੱਖਿਆ ਵਿਆਜ ਲਾਗੂਕਰਨ ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ ਧਾਰਾ 13 (4) ਦੇ ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ **ਕਬਜ਼ਾ** ਲੈ ਲਿਆ ਹੈ।
**ਕਰਜ਼ਦਾਰ** (ਾਂ)/**ਜ਼ਾਮਨ** (ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਸ ਦੁਆਰਾ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਦਰਸਾਈ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਸੌਦੇਬਾਜ਼ੀ ਨਿਮਨ ਦਰਸਾਏ ਵੇਰਵਿਆਂ ਅਧੀਨ ਰਕਮ ਦੇ ਲਈ **ਪੰਜਾਬ ਨੈਸ਼ਨਲ ਬੈਂਕ, ਰਾਜਪੁਰਾ ਏਬੀਸੀ, ਚੰਡੀਗੜ੍ਹ ਰੋਡ, ਰਾਜਪੁਰਾ (ਡੀ ਨੰ.** 085310) ਦੇ ਚਾਰਜ ਨਾਲ ਸੰਬੰਧਤ ਹੋਵੇਗੀ।
**ਕਰਜ਼ਦਾਰ (ਾਂ)/ਜ਼ਾਮਨ (ਾਂ) ਦਾ ਧਿਆਨ ਸੁਰੱਖਿਅਤ ਅਸਾਸਿਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸੰਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**

| ਕਰਜ਼ਦਾਰ (ਾਂ)/ਜ਼ਾਮਨ (ਾਂ)/ ਗਿਰਵੀਕਾਰ (ਾਂ) ਦਾ ਨਾਮ | ਗਿਰਵੀ ਸੰਪੱਤੀ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| ਕਰਜ਼ਦਾਰ : ਮੈਸਰਜ਼ ਗੁਰੂ ਨਾਨਕ ਬੁੱਕ ਡਿਪੂ ਜਿਸ ਦਾ ਪੰਜੀਕ੍ਰਿਤ ਪਤਾ : ਦੁਕਾਨ ਨੰ. 11/346, ਠਾਕੁਰ ਦੁਆਰਾ ਮੰਦਿਰ ਰਾਜਪੁਰਾ ਨੇੜੇ (ਪ੍ਰੋਪ. ਰਣਜੀਤ ਸਿੰਘ ਪੁੱਤਰ ਜੀਵਨ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਭੱਪਲ, ਤਹਿਸੀਲ ਰਾਜਪੁਰਾ-140401)। | ਸੰਪੱਤੀ ਦੇ ਸਾਰੇ ਭਾਗ ਅਤੇ ਹਿੱਸੇ ਅਤੇ ਉਸ 'ਤੇ ਬਣਿਆ ਕੋਈ ਵੀ ਸੁਪਰ ਸਟਰਕਚਰ ਨੰਬਰ ਬੀ-11/346 (ਨਵਾਂ ਐਮਸੀ ਨੰਬਰ ਬੀ-1/1876) 30 ਵਰਗ ਗਜ਼ ਦਾ ਵਿਕਰਮਜੀਤ ਸਿੰਘ ਪੁੱਤਰ ਜੀਵਨ ਸਿੰਘ ਉਰਫ ਰਣਜੀਤ ਸਿੰਘ ਸਪੁੱਤਰ ਜੀਵਨ ਸਿੰਘ ਨਿਵਾਸੀ ਪਿੰਡ ਤੇ ਡਾਕਖਾਨਾ ਭੱਪਲ ਰਾਜਪੁਰਾ ਦੇ ਨਾਮ 'ਤੇ ਮੇਨ ਬਾਜ਼ਾਰ ਵਿਖੇ ਸਥਿਤ, ਵੋਹਰਾ ਸਟੂਡੀਓ ਦੇ ਨੇੜੇ, ਮੁਹੱਲਾ ਗੁੱਜਰਾਂ ਵਾਲਾ ਦੇ ਨੇੜੇ, ਪੁਰਾਣਾ ਰਾਜਪੁਰਾ, ਤਹਿਸੀਲ ਰਾਜਪੁਰਾ, ਜ਼ਿਲ੍ਹਾ ਪਟਿਆਲਾ- 140401 ਵਿਕਰੀ ਡੀਡ ਨੰਬਰ 3300 ਮਿਤੀ 17.08.2007 ਦੁਆਰਾ ਸਬ ਰਜਿਸਟਰਾਰ ਕੋਲ ਰਜਿਸਟਰਡ।ਹੱਦਬੰਦੀ ਨਿਮਨ ਅਨੁਸਾਰ :-ਉੱਤਰ: ਸੜਕ -9', ਦੱਖਣ: ਠਾਕੁਰ ਦਵਾਰਾ ਮੰਦਰ-9', ਪੂਰਬ: ਸੁਨੀਲ ਪੁਰੀ ਦੀ ਬਣੀ ਹੋਈ ਦੁਕਾਨ-30', ਪੱਛਮ: ਹੋਰ ਦੀ ਬਣੀ ਹੋਈ ਦੁਕਾਨ-30' | 15.02.2025 | 21.05.2025 | Rs. 10,59,027.04 (ਦਸ ਲੱਖ ਉਣਾਹਠ ਹਜ਼ਾਰ ਸਤਾਈ ਅਤੇ ਚਾਰ ਪੈਸੇ ਕੇਵਲ) 15.02.2025 ਦੇ ਅਨੁਸਾਰ 16.02.2025 ਤੋਂ ਪ੍ਰਭਾਵੀ ਅਗਲੇਰੇ ਵਿਆਜ ਅਤੇ ਹੋਰ ਲਾਗੂ ਫੀਸਾਂ ਸਮੇਤ। |
| ਕਰਜ਼ਦਾਰ : ਸ਼੍ਰੀ. ਪਰਮਜੀਤ ਸਿੰਘ ਪੁੱਤਰ ਸ੍ਰੀ ਸੋਹਣ ਸਿੰਘ ਜਿਸ ਦਾ ਪੰਜੀਕ੍ਰਿਤ ਪਤਾ : ਮਕਾਨ ਨੰ: ਬੀ 1/193, ਧਰਮਪੁਰਾ ਕਾਲੋਨੀ, ਰਾਜਪੁਰਾ, 140401 | ਪ੍ਰਾਪਰਟੀ ਨੰਬਰ ਮਕਾਨ ਨੰਬਰ ਬੀ-1/193, ਧਰਮਪੁਰਾ ਕਲੋਨੀ ਦੀ ਸਾਰੀ ਹਿੱਸੇ ਅਤੇ ਪਾਰਸਲ 200 ਵਰਗ ਮੀਟਰ ਦੀ ਜਾਇਦਾਦ। ਯਾਰਡ, ਪੁਰਾਣਾ ਰਾਜਪੁਰਾ, ਜ਼ਿਲ੍ਹਾ ਪਟਿਆਲਾ, ਤਹਿਸੀਲ ਰਾਜਪੁਰਾ, ਜ਼ਿਲ੍ਹਾ ਪਟਿਆਲਾ ਵਿਖੇ ਸਥਿਤ, ਪਰਮਜੀਤ ਸਿੰਘ ਪੁੱਤਰ ਸੋਹਣ ਸਿੰਘ ਦੇ ਨਾਮ 'ਤੇ ਸੇਲ ਡੀਡ ਨੰਬਰ 1700 ਮਿਤੀ 11-06-2010 ਦੁਆਰਾ ਸਬ ਰਜਿਸਟਰਾਰ ਕੋਲ ਰਜਿਸਟਰਡ। ਹੱਦਬੰਦੀ ਨਿਮਨ ਅਨੁਸਾਰ:- ਉੱਤਰ: ਗਲੀ, ਸਾਈਡ 36'-0", ਦੱਖਣ: ਸ਼੍ਰੀ ਗੁਰਬਖਸ਼ ਸਿੰਘ ਦੀ ਵਰਕਸ਼ਾਪ, ਸਾਈਡ 36'-0", ਪੂਰਬ: ਸ਼੍ਰੀ ਬੰਤਾ ਸਿੰਘ ਦਾ ਘਰ, ਸਾਈਡ 50'-0", ਪੱਛਮ: ਗਲੀ, ਸਾਈਡ 50'-0"। | 29.10.2024 | 21.05.2025 | Rs. 7,83,470.59 (ਦਸ ਸੱਤ ਲੱਖ ਤਰਾਸੀ ਹਜ਼ਾਰ ਚਾਰ ਸੌ ਸੱਤਰ ਅਤੇ ਉਣਾਹਠ ਪੈਸੇ ਕੇਵਲ) 29.10.2024 ਦੇ ਅਨੁਸਾਰ 30.10.2024 ਤੋਂ ਪ੍ਰਭਾਵੀ ਅਗਲੇਰੇ ਵਿਆਜ ਅਤੇ ਹੋਰ ਲਾਗੂ ਫੀਸਾਂ ਸਮੇਤ। |
| ਕਰਜ਼ਦਾਰ : ਸ਼੍ਰੀਮਤੀ ਵਰਸ਼ਾ ਰਾਣੀ ਪਤਨੀ ਸ਼੍ਰੀ. ਓਮ ਪ੍ਰਕਾਸ਼, ਕਾਨੂੰਨੀ ਵਾਰਸ ਸ਼੍ਰੀ.ਰਾਜਿੰਦਰ ਕੁਮਾਰ ਪੁੱਤਰ ਸ਼੍ਰੀ. ਓਮ ਪ੍ਰਕਾਸ਼ ਅਤੇ ਸ਼੍ਰੀ. ਰਜਿੰਦਰ ਕੁਮਾਰ ਪੁੱਤਰ ਓਮ ਪ੍ਰਕਾਸ਼ ਪੰਜੀਕ੍ਰਿਤ ਪਤਾ: ਮਕਾਨ ਨੰ: ਪਲਾਟ ਨੰ: 63, ਸਿੰਗਲਾ ਕਾਲੋਨੀ, ਰਾਜਪੁਰਾ ਟਾਊਨ, ਰਾਜਪੁਰਾ, 140401. | ਜਾਇਦਾਦ ਨੰਬਰ 63 ਦੀ ਸਾਰੀ ਜਾਇਦਾਦ ਦਾ ਹਿੱਸਾ ਅਤੇ ਪਾਰਸਲ 107 ਵਰਗ ਮੀਟਰ। ਖੇਵਟ/ਖਾਤਾ ਨੰਬਰ 170/280 (ਨਵੀਂ ਖੇਵਟ/ਖਾਤਾ 175/287) ਖਸਰਾ ਨੰਬਰ 506(, (37053), (370/287) ਖਸਰਾ ਨੰਬਰ 170/280 ਵਿੱਚ 0-2-7/50 ਬਿਸਵਾ ਦਾ 107/37100 ਹਿੱਸਾ 37 ਵਿੱਘੇ 02 ਬਿਸਵਾ ਸ਼ਾਮਲ ਹੈ। 508(4-1 0), 509(2-16), 510(2-16), 511(4-0), 512(3-8), 519(1-16), 520(1-16), 521(2-16), 522(1-13), 523(4-18) ਪ੍ਰਤੀ ਸਾਲ ਬੰਦ 2012-2013, ਧਮੋਲੀ, ਤਹਿਸੀਲ ਰਾਜਪੁਰਾ, ਜ਼ਿਲ੍ਹਾ ਵਿਖੇ ਸਥਿਤ।ਪਟਿਆਲਾ, ਸ਼੍ਰੀਮਤੀ ਦੇ ਨਾਂ 'ਤੇ ਖੜ੍ਹੀ ਹੈ। ਵਰਸ਼ਾ ਰਾਣੀ ਪਤਨੀ ਸ਼੍ਰੀ ਓਮ ਪ੍ਰਕਾਸ਼, ਵਿਕਰੀ ਡੀਡ ਨੰਬਰ 8071 ਮਿਤੀ 14.03.2011 ਰਾਹੀਂ ਸਬ ਰਜਿਸਟਰਾਰ ਕੋਲ ਰਜਿਸਟਰਡ। ਹੇਠ ਲਿਖੇ ਅਨੁਸਾਰ ਸੀਮਾਬੱਧ: ਉੱਤਰ: ਆਸ਼ਾ ਦਾ ਘਰ, ਸਾਈਡ 44'0", ਦੱਖਣ: ਪ੍ਰਕਾਸ਼ ਦੇਵੀ ਦਾ ਘਰ, ਸਾਈਡ 44'0", ਪੂਰਬ: ਸੜਕ, ਸਾਈਡ 22'0", ਪੱਛਮ: ਦੂਜੇ ਦਾ ਘਰ, ਸਾਈਡ 22'0"। | 29.10.2024 | 21.05.2025 | Rs. 5,28,187.15 (ਦਸ ਪੰਜ ਲੱਖ ਅਠਾਈ ਹਜ਼ਾਰ ਇੱਕ ਸੌ ਸਤਾਸੀ ਅਤੇ ਪੰਦਰਾਂ ਪੈਸੇ ਕੇਵਲ) 29.10.2024 ਦੇ ਅਨੁਸਾਰ 30.10.2024 ਤੋਂ ਪ੍ਰਭਾਵੀ ਅਗਲੇਰੇ ਵਿਆਜ ਅਤੇ ਹੋਰ ਲਾਗੂ ਫੀਸਾਂ ਸਮੇਤ। |

ਮਿਤੀ : 27.05.2025 ਸਥਾਨ : ਰਾਜਪੁਰਾ ਅਧਿਕਾਰਤ ਅਧਿਕਾਰੀ



# ਸਿਹਤਨਾਮਾ





## ਬਾਗ਼ਬਾਨੀ ਕਰਨ ਵਾਲੇ ਲੋਕਾਂ ਵਿੱਚ ਕਿਹੜੀਆਂ ਬਿਮਾਰੀਆਂ ਹੋਣ ਦਾ ਖ਼ਤਰਾ ਘੱਟ ਜਾਂਦੈ

ਨਾਰਵੇ ਤੋਂ ਇੱਕ ਸੇਵਾਮੁਕਤ ਬਜ਼ੁਰਗ ਮਹਿਲਾ ਮੈਰੀਐਨ ਰੋਗਸਟੈਡ ਆਪਣੇ ਪੂਰੇ ਜੀਵਨ ਵਿੱਚ ਕੁਝ ਨਾ ਕੁਝ ਸਿੱਖਦੇ ਰਹੇ ਹਨ। ਉਨ੍ਹਾਂ ਨੇ ਪੰਜ ਦਹਾਕਿਆਂ ਤੱਕ ਸਵਿਟਜ਼ਰਲੈਂਡ ਵਿੱਚ ਇੱਕ ਹੋਟਲ ਕਲਰਕ ਵਜੋਂ ਕੰਮ ਕੀਤਾ, ਜਿੱਥੇ ਉਨ੍ਹਾਂ ਨੇ ਨਵੀਆਂ ਭਾਸ਼ਾਵਾਂ ਅਤੇ ਸੱਭਿਆਚਾਰਾਂ ਬਾਰੇ ਜਾਣਿਆ। ਪਰ ਜਦੋਂ ਮੈਰੀਐਨ ਨਾਰਵੇ ਵਾਪਸ ਆਏ, ਤਾਂ ਉਨ੍ਹਾਂ ਨੂੰ ਪਤਾ ਲੱਗਿਆ ਕਿ ਉਨ੍ਹਾਂ ਨੂੰ ਡਿਮੈਂਸ਼ੀਆ ਹੈ। ਇਸ ਤੋਂ ਮਗਰੋਂ ਉਹ ਇੱਕਦਮ ਹੀ ਅਲੱਗ-ਥਲੱਗ ਰਹਿਣ ਲੱਗ ਪਏ ਅਤੇ ਜੀਵਨ 'ਚ ਉਤਸ਼ਾਹ ਭਰਨ ਵਾਲੀਆਂ ਚੀਜ਼ਾਂ ਤੋਂ ਜਿਵੇਂ ਦੂਰ ਹੁੰਦੇ ਚਲੇ ਗਏ। ਪਰ ਜਦੋਂ ਉਹ ਇੰਪਲਸਸੈਂਟਰ (ਓਸਲੋ ਤੋਂ ਬਾਹਰ ਇੱਕ ਛੋਟਾ "ਕੇਅਰ ਫਾਰਮ") ਵਿੱਚ ਸ਼ਾਮਲ ਹੋਏ ਤਾਂ ਉਨ੍ਹਾਂ ਦੀ ਜ਼ਿੰਦਗੀ ਬਦਲ ਗਈ। ਇਸ ਕੇਅਰ ਫਾਰਮ ਦੀ ਸਥਾਪਨਾ ਹੈਨਰੀਟ ਫ੍ਰਿੰਗਸਜੋਰਡ ਨੇ ਕੀਤੀ ਸੀ, ਜੋ ਕਹਿੰਦੇ ਹਨ ਕਿ ਕੇਅਰ ਫਾਰਮ ਦਾ ਨਾਮ ਉਸੇ ਤਰੀਕੇ ਤੋਂ ਲਿਆ ਗਿਆ ਹੈ, ਜਿਸ ਤਰ੍ਹਾਂ ਇਹ ਲੋਕਾਂ ਦੇ ਕੰਮ ਵਿੱਚ ਉਤਸ਼ਾਹ ਭਰਨ ਅਤੇ ਦੂਜਿਆਂ ਨਾਲ ਜੁੜਨ ਦੀਆਂ ਇੱਛਾਵਾਂ ਨੂੰ ਪੂਰਾ ਕਰਦਾ ਹੈ। ਹੈਨਰੀਟ ਕਹਿੰਦੇ ਹਨ, "ਮੇਰੇ ਮਾਪੇ ਬਾਗ਼ਬਾਨੀ ਪਸੰਦ ਕਰਦੇ ਸਨ। ਉਨ੍ਹਾਂ ਨੇ ਮਹਿਸੂਸ ਕੀਤਾ ਕਿ ਡਿਮੈਂਸ਼ੀਆ ਵਾਲੇ ਲੋਕਾਂ ਲਈ ਕੰਮ ਕਰਨਾ ਬੰਦ ਕਰਨਾ ਅਤੇ ਸਮਾਜਿਕ ਜੀਵਨ ਤੋਂ ਦੂਰ ਹੋਣਾ ਕਿੰਨਾ ਔਖਾ ਹੈ।" "ਇਸ ਲਈ, ਉਹ ਡਿਮੈਂਸ਼ੀਆ ਵਾਲੇ ਲੋਕਾਂ ਨੂੰ ਦੁਬਾਰਾ ਜ਼ਿੰਦਗੀ ਦਾ ਹਿੱਸਾ ਬਣਨ ਵਿੱਚ ਮਦਦ ਕਰਨਾ ਚਾਹੁੰਦੇ ਸਨ।" ਸਾਲ 2015 ਵਿੱਚ, ਨਾਰਵੇ ਇੱਕ ਰਾਸ਼ਟਰੀ ਡਿਮੈਂਸ਼ੀਆ ਦੇਖਭਾਲ ਯੋਜਨਾ ਬਣਾਉਣ ਵਾਲੇ ਪਹਿਲੇ ਦੇਸ਼ਾਂ ਵਿੱਚੋਂ ਇੱਕ ਬਣ ਗਿਆ। ਇਸ ਵਿੱਚ ਸਰਕਾਰ ਦੁਆਰਾ ਪੇਸ਼ ਕੀਤੀਆਂ ਜਾਂਦੀਆਂ ਡੇਕੇਅਰ ਸੇਵਾਵਾਂ ਜਿਵੇਂ ਕਿ ਇਨ ਪਾ ਟੂਨੇਟ ਭਾਵ "ਵਿਹੜੇ ਵਿੱਚ" ਜਾਂ ਦੇਖਭਾਲ ਫਾਰਮ ਸ਼ਾਮਲ ਹਨ।

ਹੁਣ, ਜਦੋਂ ਖੋਜਕਾਰ ਜ਼ਮੀਨ ਨਾਲ ਜੁੜੇ (ਖੇਤੀ/ਬਾਗ਼ਬਾਨੀ) ਕੰਮ ਕਰਨ ਦੇ ਵੱਡੇ ਲਾਭਾਂ ਨੂੰ ਪਛਾਣਦੇ ਹਨ, ਵਧੇਰੇ ਡਾਕਟਰੀ ਪੇਸ਼ੇਵਰ ਬਾਗ਼ਬਾਨੀ ਨੂੰ ਸਿਹਤ ਸੰਭਾਲ ਸਬੰਧੀ ਸੇਵਾਵਾਂ ਨਾਲ ਜੋੜ ਰਹੇ ਹਨ ਅਤੇ ਕੁਦਰਤ ਵਿੱਚ ਸਮਾਜਿਕ ਤੌਰ 'ਤੇ ਨਿਰਧਾਰਤ ਗਤੀਵਿਧੀਆਂ ਦੇ ਨਾਲ, ਪ੍ਰਕਿਰਿਆ ਦੁਆਰਾ ਹਰ ਕਿਸਮ ਦੀਆਂ ਸਿਹਤ ਜ਼ਰੂਰਤਾਂ ਦਾ ਇਲਾਜ ਕਰਦੇ ਹਨ। ਮੇਲਿਸਾ ਲੇਮ, ਵੈਨਕੂਵਰ ਵਿੱਚ ਸਥਿਤ ਇੱਕ ਪਰਿਵਾਰਕ ਡਾਕਟਰ ਅਤੇ ਕੈਨੇਡਾ ਦੀ ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਵਿੱਚ ਖੋਜਕਾਰ ਹਨ। ਉਹ ਕੁਦਰਤ-ਅਧਾਰਤ ਨੁਸਖ਼ਿਆਂ ਨਾਲ ਜੁੜੇ ਮੌਕਿਆਂ ਅਤੇ ਰੁਕਾਵਟਾਂ ਦੀ ਜਾਂਚ ਕਰਦੇ ਹਨ। ਮੇਲਿਸਾ ਕਹਿੰਦੇ ਹਨ, "ਕੁਦਰਤੀ ਨੁਸਖ਼ੇ ਤਣਾਅ ਨੂੰ ਘਟਾਉਂਦੇ ਹੋਏ ਸਰੀਰਕ ਗਤੀਵਿਧੀ ਅਤੇ ਸਮਾਜਿਕ ਸੰਪਰਕ ਨੂੰ ਵਧਾ ਸਕਦੇ ਹਨ, ਜਿਸ ਦੇ ਬਲੱਡ ਪ੍ਰੈਸ਼ਰ, ਬਲੱਡ ਸ਼ੂਗਰ ਕੰਟਰੋਲ ਕਰਨ ਅਤੇ ਸਿਹਤਮੰਦ ਵਜ਼ਨ ਲਈ ਕਈ ਸਕਾਰਾਤਮਕ ਪ੍ਰਭਾਵ ਹੁੰਦੇ ਹਨ। ਇਸ ਨਾਲ ਬਿਮਾਰੀਆਂ ਦਾ ਜੋਖ਼ਮ ਘਟ ਜਾਂਦਾ ਹੈ, ਜੋ ਕਿ ਡਿਮੈਂਸ਼ੀਆ ਦਾ ਕਾਰਨ ਬਣ ਸਕਦੀਆਂ ਹਨ।" ਉਹ ਅੱਗੇ ਕਹਿੰਦੇ ਹਨ, "ਅਸੀਂ ਸਾਰੇ ਜਾਣਦੇ ਹਾਂ ਕਿ ਵਧੇਰੇ ਸਰੀਰਕ ਗਤੀਵਿਧੀ ਮਾਨਸਿਕ ਅਤੇ ਸਰੀਰਕ ਸਿਹਤ ਨੂੰ ਬਿਹਤਰ ਬਣਾਉਂਦੀ ਹੈ, ਪਰ ਬਾਗ਼ਬਾਨੀ ਤੋਂ ਹੋਣ ਵਾਲੇ ਲਾਭਾਂ ਨੂੰ ਹੋਰ ਵੀ ਵਧਾਉਂਦੀ ਹੈ। ਨਵਾਂ ਡੇਟਾ ਅਜਿਹੇ ਫਾਇਦਿਆਂ 'ਤੇ ਰੌਸ਼ਨੀ ਪਾਉਂਦਾ ਹੈ ਜੋ ਬਾਗ਼ਬਾਨੀ ਵਿੱਚ ਸਮਾਂ ਬਿਤਾਉਣ ਨਾਲ ਮਿਲਦੇ ਹਨ। ਆਪਣੀ ਤਰ੍ਹਾਂ ਦੇ ਇਸ ਪਹਿਲੇ ਅਧਿਐਨ ਵਿੱਚ, ਐਡਿਨਬਰਗ ਯੂਨੀਵਰਸਿਟੀ ਦੇ ਖੋਜਕਾਰ ਨੇ ਜਾਂਚ ਕੀਤੀ ਕਿ ਕੀ ਬਾਗ਼ਬਾਨੀ ਅਤੇ ਸਾਰੇ ਜੀਵਨ ਕਾਲ ਵਿੱਚ ਬੁੱਧੀ ਵਿੱਚ ਤਬਦੀਲੀਆਂ ਵਿਚਕਾਰ ਕੋਈ ਸਬੰਧ ਹੋ ਸਕਦਾ ਹੈ। ਇਸ ਅਧਿਐਨ ਵਿੱਚ 11 ਅਤੇ 79 ਸਾਲ ਦੀ ਉਮਰ ਦੇ ਹਿੱਸੇਦਾਰਾਂ ਦੀ ਬੁੱਧੀ ਦਾ ਟੈਸਟ ਲੈਣ ਤੇ ਬਾਅਦ ਸਕੋਰਾਂ ਦੀ ਤੁਲਨਾ ਕੀਤੀ ਗਈ। ਨਤੀਜਿਆਂ ਵਿੱਚ ਆਇਆ ਕਿ ਜਿਨ੍ਹਾਂ ਲੋਕਾਂ ਨੇ ਬਾਗ਼ਬਾਨੀ ਵਿੱਚ ਸਮਾਂ ਬਿਤਾਇਆ, ਉਨ੍ਹਾਂ ਨੇ ਆਪਣੀ ਬੋਧਾਤਮਕ ਯੋਗਤਾ ਵਿੱਚ ਜੀਵਨ ਭਰ ਵਿੱਚ, ਉਨ੍ਹਾਂ ਲੋਕਾਂ ਨਾਲੋਂ ਜ਼ਿਆਦਾ ਸੁਧਾਰ ਦਿਖਾਇਆ ਜਿਨ੍ਹਾਂ ਨੇ ਕਦੇ ਬਾਗ਼ਬਾਨੀ ਨਹੀਂ ਕੀਤੀ ਜਾਂ ਬਹੁਤ ਘੱਟ ਕੀਤੀ। ਅਧਿਐਨ ਦੀ ਮੁੱਖ ਖੋਜਕਰਤਾ ਜੈਨੀ ਕੋਰਲੀ ਨੇ ਇੱਕ ਪ੍ਰੈਸ ਰਿਲੀਜ਼ ਵਿੱਚ ਕਿਹਾ, "ਬਾਗ਼ਬਾਨੀ ਪ੍ਰੋਜੈਕਟਾਂ ਵਿੱਚ ਸ਼ਾਮਲ ਹੋਣਾ, ਪੌਦਿਆਂ ਬਾਰੇ ਸਿੱਖਣਾ ਅਤੇ ਆਮ ਤੌਰ 'ਤੇ ਬਾਗ਼ ਦੀ ਦੇਖਭਾਲ ਵਿੱਚ ਯਾਦਦਾਸ਼ਤ ਅਤੇ ਕਾਰਜਕਾਰੀ ਕਾਰਜ ਵਰਗੀਆਂ ਪ੍ਰਕਿਰਿਆਵਾਂ ਸ਼ਾਮਲ ਹੁੰਦੀਆਂ ਹਨ।" ਕੋਰਲੀ ਦਾ ਕਹਿਣਾ ਹੈ ਕਿ ਉਨ੍ਹਾਂ ਵਿੱਚੋਂ ਕੁਝ ਲਾਭ "ਇਸ ਨੂੰ ਵਰਤੋਂ ਜਾਂ ਗੁਆ ਦਿਓ" ਬੋਧਾਤਮਕ ਢਾਂਚੇ ਤੋਂ ਆ ਸਕਦੇ ਹਨ, ਇੱਕ ਸਿਧਾਂਤ ਜੋ ਸੁਝਾਅ ਦਿੰਦਾ ਹੈ ਕਿ ਵੱਡੀ ਉਮਰ ਵਿੱਚ ਸਾਡੀਆਂ ਮਾਨਸਿਕ ਯੋਗਤਾਵਾਂ ਦੀ ਤਾਕਤ ਇਸ ਗੱਲ 'ਤੇ ਨਿਰਭਰ ਕਰਦੀਆਂ ਹਨ ਕਿ ਅਸੀਂ ਉਨ੍ਹਾਂ ਦੀ ਵਰਤੋਂ ਕਿੰਨੀ ਵਾਰ ਕਰਦੇ ਹਾਂ।" "ਜਦੋਂ ਅਸੀਂ ਅਜਿਹੇ ਕੰਮ ਕਰਨ ਤੋਂ ਗੁਰੇਜ਼ ਕਰ ਜਾਂਦੇ ਹਾਂ ਜੋ ਸਾਡੇ ਦਿਮਾਗ਼ ਦੇ ਕੁਝ ਹਿੱਸਿਆਂ ਨੂੰ ਉਤੇਜਿਤ ਕਰਦੇ ਹਨ, ਤਾਂ ਸਾਡੇ ਦਿਮਾਗ਼ ਦੇ ਉਹ ਹਿੱਸੇ ਆਪਣੀ ਕਾਰਜਸ਼ੀਲਤਾ ਗੁਆਉਣਾ ਸ਼ੁਰੂ ਕਰ ਦਿੰਦੇ ਹਨ, ਪਰ ਨਿਯਮਿਤ ਤੌਰ 'ਤੇ ਉਤੇਜਕ ਗਤੀਵਿਧੀਆਂ ਵਿੱਚ ਸ਼ਾਮਲ ਹੋਣਾ ਜਿਵੇਂ ਕਿ ਕੋਈ ਸਮੱਸਿਆ ਹੱਲ ਕਰਨਾ, ਨਵਾਂ ਕੰਮ/ਕਲਾ ਸਿੱਖਣਾ ਜਾਂ ਰਚਨਾਤਮਕ ਹੋਣਾ ਵਡੀ ਉਮਰ ਵਿੱਚ ਉਲਟ ਪ੍ਰਭਾਵ ਪਾ ਸਕਦਾ ਹੈ।" (ਭਾਵ ਦਿਮਾਗ਼ ਦੇ ਉਨ੍ਹਾਂ ਹਿੱਸਿਆਂ ਨੂੰ ਕਾਰਜਸ਼ੀਲ ਬਣਾ ਕੇ ਸਾਨੂੰ ਲਾਭ ਦੇ ਸਕਦਾ ਹੈ।) ਸੰਯੁਕਤ ਰਾਜ ਅਮਰੀਕਾ ਵਿੱਚ 2002 ਵਿੱਚ 800 3 ਤੋਂ ਵੱਧ ਨਨਾਂ ਨੂੰ ਸ਼ਾਮਲ ਕਰ ਕੇ ਕੀਤੇ ਗਏ ਇੱਕ ਅਧਿਐਨ ਵਿੱਚ ਪਾਇਆ ਗਿਆ ਕਿ ਦਿਮਾਗ਼ ਨੂੰ ਉਤੇਜਿਤ ਕਰਨ ਵਾਲੀਆਂ ਗਤੀਵਿਧੀਆਂ ਵਿੱਚ ਅਕਸਰ ਹਿੱਸਾ ਲੈਣ ਨਾਲ ਅਲਜ਼ਾਈਮਰ ਰੋਗ (ਭੁੱਲਣ ਦੀ ਬਿਮਾਰੀ) ਦਾ ਖ਼ਤਰਾ ਘੱਟ ਜਾਂਦਾ ਹੈ। ਜਾਪਾਨ ਵਿੱਚ ਬਜ਼ੁਰਗ ਬਾਲਗਾਂ ਦੇ ਇੱਕ ਤਾਜ਼ਾ ਅਧਿਐਨ ਵਿੱਚ ਪਾਇਆ ਗਿਆ ਕਿ ਅਰਥਪੂਰਨ ਗਤੀਵਿਧੀਆਂ ਵਿੱਚ ਹਿੱਸੇਦਾਰੀ ਯਾਦਦਾਸ਼ਤ ਵਿੱਚ ਕਮੀ ਹੋਣ ਤੋਂ ਬਚਾ ਸਕਦੀ ਹੈ। ਇਸ ਦੌਰਾਨ, ਹੋਰ ਖੋਜਾਂ ਵਿੱਚ ਦੇਖਿਆ ਗਿਆ ਹੈ ਕਿ ਜਿਨ੍ਹਾਂ ਲੋਕਾਂ ਨੇ ਬੋਧਾਤਮਕ ਤੌਰ 'ਤੇ ਉਤੇਜਕ ਗਤੀਵਿਧੀਆਂ ਵਿੱਚ ਹਿੱਸਾ ਲਿਆ, ਖ਼ਾਸ ਤੌਰ 'ਤੇ ਸਮਾਜਿਕ ਮਾਹੌਲ ਵਿੱਚ, ਉਨ੍ਹਾਂ ਵਿੱਚ ਬੋਧਾਤਮਕ, ਮੂਡ (ਵਿਹਾਰ), ਸੰਚਾਰ (ਦੂਜਿਆਂ ਨਾਲ ਗੱਲ-ਬਾਤ ਅਤੇ ਮੇਲਜੋਲ) ਦੇ ਮਾਮਲੇ ਵਿੱਚ ਸੁਧਾਰ ਹੋਇਆ। ਬਾਗ਼ਬਾਨੀ ਦੇ ਖ਼ਾਸ ਬੋਧਾਤਮਕ ਲਾਭ ਨਜ਼ਰ ਆਉਂਦੇ ਹਨ। ਪਹਿਲੀ ਚੀਜ਼ ਇਹ, ਬਾਗ਼ਬਾਨੀ ਕਰਨ ਵਾਲੇ ਵਿਅਕਤੀ ਬ੍ਰੇਨ-ਡ੍ਰਾਈਵਡ ਨਿਊਰੋਟ੍ਰੋਫਿਕ ਫੈਕਟਰ (ਬੀਡੀਐੱਨਐੱਫ) ਦੇ ਨਰਵਸ ਦੇ ਪੱਧਰਾਂ ਵਿੱਚ ਵਾਧਾ ਮਹਿਸੂਸ ਕਰਦੇ ਹਨ। ਇਹ ਇੱਕ ਪ੍ਰੋਟੀਨ ਹੁੰਦਾ ਜੋ ਨਿਊਰੋਨਸ ਦੇ ਵਿਕਾਸ ਅਤੇ ਬਚਾਅ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਉਨ੍ਹਾਂ ਦੇ ਵੈਸਕੁਲਰ ਐਂਡੋਥੈਲੀਅਲ ਗ੍ਰੋਥ ਫੈਕਟਰ (ਵੀਈਜੀਐਫ) ਵਿੱਚ ਵੀ ਵਾਧਾ ਹੁੰਦਾ ਹੈ, ਜੋ ਕਿ ਬੋਧਾਤਮਕ ਕਾਰਜਸ਼ੀਲਤਾ ਨੂੰ ਬਿਹਤਰ ਬਣਾਉਣ ਨਾਲ ਜੁੜਿਆ ਇੱਕ ਪ੍ਰੋਟੀਨ ਹੈ। ਬਾਗ਼ਬਾਨੀ ਨੂੰ ਧਿਆਨ ਵਿੱਚ ਸੁਧਾਰ, ਤਣਾਅ ਘਟਾਉਣ, ਭਾਵਨਾਤਮਕ ਵਾਲਸ (ਡਿੱਗਣ ਦਾ ਖ਼ਤਰਾ ਘਟਾਉਂਦੇ) ਅਤੇ ਦਵਾਈਆਂ 'ਤੇ ਨਿਰਭਰਤਾ ਘੱਟ ਕਰਨ ਲਈ ਵੀ ਲਾਭਦਾਇਕ ਦੇਖਿਆ ਗਿਆ। ਇਨ੍ਹਾਂ ਵਿੱਚੋਂ ਕੁਝ ਬੋਧਾਤਮਕ ਲਾਭ ਤਾਂ ਸਿਰਫ਼ ਕੁਦਰਤ ਵਿੱਚ ਹੋਣ ਨਾਲ ਹੀ ਆ ਸਕਦੇ ਹਨ ਭਾਵ ਕੁਦਰਤ ਦੇ ਕਰੀਬ ਰਹਿਣ ਨਾਲ। ਰੋਜਰ ਉਲਰਿਚ, ਸਿਹਤ ਪ੍ਰਣਾਲੀਆਂ ਦੇ ਡਿਜ਼ਾਇਨ ਕਰਨ ਦੇ ਵਿਸ਼ਵ ਮਾਹਰ ਹਨ ਅਤੇ ਸਵੀਡਨ ਵਿੱਚ ਚੈਲਮਰਸ ਯੂਨੀਵਰਸਿਟੀ ਵਿੱਚ ਆਰਕੀਟੈਕਚਰ ਦੇ ਪ੍ਰੋਫੈਸਰ ਹਨ। ਉਹ ਉਨ੍ਹਾਂ ਪਹਿਲੇ ਲੋਕਾਂ ਵਿੱਚ ਇੱਕ ਹਨ, ਜਿਨ੍ਹਾਂ ਨੇ ਕੁਦਰਤ ਦੇ ਸੰਪਰਕ ਨੂੰ ਤਣਾਅ ਘਟਾਉਣ ਨਾਲ ਜੋੜ ਕੇ ਦੇਖਿਆ ਸੀ। 1980 ਅਤੇ 1990 ਦੇ ਦਹਾਕੇ ਦੌਰਾਨ, ਉਨ੍ਹਾਂ ਨੇ ਕਈ ਮਹੱਤਵਪੂਰਨ ਅਧਿਐਨ ਕੀਤੇ ਜੋ ਇਹ ਦਰਸਾਉਂਦੇ ਸਨ ਕਿ ਕਿਵੇਂ ਰੁੱਖਾਂ ਅਤੇ ਹੋਰ ਪੌਦਿਆਂ ਨੂੰ ਸਿਰਫ਼ ਇੱਕ ਖਿੜਕੀ ਵਿੱਚੋਂ ਵੀ ਦੇਖਣਾ ਕਿਸੇ ਵਿਅਕਤੀ ਦਾ ਦਰਦ ਘਟਾ ਸਕਦਾ ਹੈ, ਸਕਾਰਾਤਮਕ ਭਾਵਨਾਵਾਂ ਨੂੰ ਵਧਾ ਸਕਦਾ ਹੈ ਅਤੇ ਇਕਾਗਰਤਾ ਨੂੰ ਮਜ਼ਬੂਤ ਕਰ ਸਕਦਾ ਹੈ। ਉਲਰਿਚ ਨੇ ਸੁਝਾਅ ਦਿੱਤਾ ਕਿ ਇਹ ਪ੍ਰਤੀਕਿਰਿਆਵਾਂ ਵਿਕਾਸ ਦੁਆਰਾ ਪ੍ਰੇਰਿਤ ਸਨ। ਕਿਉਂਕਿ ਤਣਾਅਪੂਰਨ ਸਥਿਤੀ ਤੋਂ ਉਭਰਨ ਦੀ ਯੋਗਤਾ ਜੀਣ ਲਈ ਅਨੁਕੂਲ ਸੀ, ਇਸ ਲਈ ਕੁਦਰਤੀ ਸੈਟਿੰਗਾਂ ਨਾਲ ਤਣਾਅ ਤੋਂ ਉਭਰਨ ਦੀ ਪ੍ਰਵਿਰਤੀ ਜੈਨੇਟਿਕ ਤੌਰ 'ਤੇ ਅਨੁਕੂਲ ਸੀ, ਪੀੜ੍ਹੀ ਦਰ ਪੀੜ੍ਹੀ ਚਲਦੀ ਆ ਰਹੀ ਹੈ। ਇਹ ਸਮਝਿਆ ਜਾ ਸਕਦਾ ਹੈ ਕਿ ਕੁਦਰਤ ਦੀ ਛੋਟੀ ਖੁਰਾਕ ਵੀ ਆਧੁਨਿਕ ਮਨੁੱਖਾਂ ਵਿੱਚ ਤੰਦਰੁਸਤੀ ਨੂੰ ਕਿਵੇਂ ਸੁਧਾਰ ਲਿਆ ਸਕਦੀ ਹੈ।

**ਨਿਊ ਸਾਊਥ ਵੇਲਜ਼ ਯੂਨੀਵਰਸਿਟੀ ਦੇ 2006 ਦੇ ਇੱਕ ਅਧਿਐਨ ਵਿੱਚ ਉਨ੍ਹਾਂ ਆਸਟ੍ਰੇਲੀਆਈ ਮਰਦਾਂ ਅਤੇ ਔਰਤਾਂ ਨੂੰ ਸ਼ਾਮਲ ਕੀਤਾ ਗਿਆ ਸੀ ਜੋ ਆਪਣੇ ਸੱਠਵਿਆਂ ਵਿੱਚ ਸਨ। ਇਸ ਅਧਿਐਨ ਵਿੱਚ ਪਾਇਆ ਗਿਆ ਕਿ ਜਿਹੜੇ ਲੋਕ ਰੋਜ਼ਾਨਾ ਬਾਗ਼ਬਾਨੀ ਕਰਦੇ ਸਨ, ਉਨ੍ਹਾਂ ਵਿੱਚ ਉਨ੍ਹਾਂ ਲੋਕਾਂ ਨਾਲੋਂ ਡਿਮੈਂਸ਼ੀਆ ਹੋਣ ਦਾ ਜੋਖ਼ਮ 36 ਫੀਸਦੀ ਘੱਟ ਸੀ, ਜੋ ਬਾਗ਼ਬਾਨੀ ਨਹੀਂ ਕਰਦੇ ਸਨ।**

## ਉਹ ਰਹੱਸਮਈ ਬਿਮਾਰੀ ਜਿਸ ਕਾਰਨ 18 ਬੱਚਿਆਂ ਦੀਆਂ ਅੱਖਾਂ ਕੱਢਣੀਆਂ ਪਈਆਂ

**ਲਕਸ਼ਮੀ ਪਟੇਲ**



ਜੇਕਰ ਤੁਹਾਡੇ ਬੱਚੇ ਦੀਆਂ ਅੱਖਾਂ ਕਾਲੀਆਂ ਹੋਣ ਦੀ ਬਜਾਏ ਚਿੱਟੀਆਂ ਦਿਖਾਈ ਦਿੰਦੀਆਂ ਹਨ, ਅੱਖਾਂ ਸੁੱਜ ਜਾਂਦੀਆਂ ਹਨ, ਜਾਂ ਬੱਚਾ ਕਮਜ਼ੋਰ ਨਜ਼ਰ ਦੀ ਸ਼ਿਕਾਇਤ ਕਰਦਾ ਹੈ, ਤਾਂ ਤੁਹਾਨੂੰ ਤੁਰੰਤ ਅੱਖਾਂ ਦੇ ਡਾਕਟਰ ਨਾਲ ਸੰਪਰਕ ਕਰਨਾ ਚਾਹੀਦਾ ਹੈ। ਇਹ ਲੱਛਣ ਰੈਟੀਨੋਬਲਾਸਟੋਮਾ ਦੇ ਹੋ ਸਕਦੇ ਹਨ। ਰੈਟੀਨੋਬਲਾਸਟੋਮਾ ਅੱਖ ਦੇ ਰੈਟੀਨਾ ਦਾ ਕੈਂਸਰ ਹੈ। ਇਹ ਬਿਮਾਰੀ ਜਨਮ ਤੋਂ ਲੈ ਕੇ 8 ਸਾਲ ਦੀ ਉਮਰ ਦੇ ਬੱਚਿਆਂ ਵਿੱਚ ਦੇਖੀ ਜਾਂਦੀ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਜੇਕਰ ਸਮੇਂ ਸਿਰ ਇਸ ਦਾ ਪਤਾ ਲੱਗ ਜਾਵੇ ਤਾਂ ਬੱਚੇ ਦੀਆਂ ਅੱਖਾਂ, ਨਜ਼ਰ ਅਤੇ ਜਾਨ ਬਚਾਈ ਜਾ ਸਕਦੀ ਹੈ। ਲੈਂਸੇਟ ਵੈੱਬਸਾਈਟ ਦੇ ਅਨੁਸਾਰ, ਇਹ ਬਿਮਾਰੀ ਚੀਨ ਦੇ ਮੁਕਾਬਲੇ ਭਾਰਤ ਦੇ ਬੱਚਿਆਂ ਵਿੱਚ ਦੁੱਗਣੀ ਅਤੇ ਅਮਰੀਕਾ ਵਿੱਚ ਛੇ ਗੁਣਾ ਜ਼ਿਆਦਾ ਪਾਈ ਜਾਂਦੀ ਹੈ। ਮਾਹਰਾਂ ਦਾ ਕਹਿਣਾ ਹੈ ਕਿ ਇਹ ਬਿਮਾਰੀ ਖ਼ਾਨਦਾਨੀ ਹੀ ਸਾਲ 2024 ਵਿੱਚ, ਇਕੱਲੇ ਅਹਿਮਦਾਬਾਦ ਸਿਵਲ ਹਸਪਤਾਲ ਵਿੱਚ ਰੈਟੀਨੋਬਲਾਸਟੋਮਾ ਬਿਮਾਰੀ ਕਾਰਨ 18 ਬੱਚਿਆਂ ਦੀਆਂ ਅੱਖਾਂ ਕੱਢਣੀਆਂ ਪੈਣਗੀਆਂ।

### ਰੈਟੀਨੋਬਲਾਸਟੋਮਾ: ਅੱਖਾਂ ਗੁਆਉਣ ਵਾਲੇ ਬੱਚੇ ਦੇ ਪਿਤਾ ਨੇ ਕੀ ਕਿਹਾ?

ਅੱਠ ਸਾਲਾ ਫਰਾਹ ਦੇ ਪਿਤਾ ਮੁਸਤਫ਼ਾ ਮਸਕਤੀ ਕਹਿੰਦੇ ਹਨ, "ਮੇਰੀ ਧੀ ਨੂੰ ਮੋਤੀਆਬਿੰਦ ਦਾ ਕੈਂਸਰ ਸੀ ਜੋ ਉਸ ਦੀ ਅੱਖ ਤੱਕ ਫੈਲ ਗਿਆ ਸੀ। ਲੇਜ਼ਰ ਅਤੇ ਕੀਮੋਥੈਰੇਪੀ ਨਾਲ ਕੋਈ ਫ਼ਰਕ ਨਹੀ ਪਿਆ। ਉਸ ਦੀ ਜਾਨ ਬਚਾਉਣ ਲਈ ਉਸ ਦੀ ਅੱਖ ਕੱਢਣ ਤੋਂ ਇਲਾਵਾ ਕੋਈ ਬਦਲ ਨਹੀ ਸੀ।" "ਡਾਕਟਰਾਂ ਨੇ ਆਪ੍ਰੇਸ਼ਨ ਕਰ ਕੇ ਪਹਿਲਾਂ ਇੱਕ ਅੱਖ ਕੱਢ ਦਿੱਤੀ। ਉਹ ਦੂਜੀ ਅੱਖ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੇ ਸਨ, ਪਰ ਉਹ ਵੀ ਅਸਫ਼ਲ ਰਹੀ ਅਤੇ ਕੁਝ ਸਮੇਂ ਬਾਅਦ, ਉਸ ਦੀ ਦੂਜੀ ਅੱਖ ਨੂੰ ਵੀ ਕੱਢਣਾ ਪਿਆ। ਮੇਰੀ ਧੀ ਨੇ ਆਪਣੀ ਨਜ਼ਰ ਗੁਆ ਦਿੱਤੀ, ਪਰ ਅਪਣਾ ਆਤਮਵਿਸ਼ਵਾਸ ਨਹੀ ਗੁਆਇਆ।" ਮੱਧ ਗੁਜਰਾਤ ਦੇ ਵਸਨੀਕ ਮੁਸਤਫ਼ਾਭਾਈ ਮਸਕਤੀ ਦੇ ਅਨੁਸਾਰ ਜਦੋਂ ਫਰਾਹ ਤਿੰਨ ਸਾਲ ਦੀ ਸੀ, ਤਾਂ ਉਸ ਨੂੰ ਰੈਟੀਨੋਬਲਾਸਟੋਮਾ (ਰੈਟੀਨਾ ਦਾ ਕੈਂਸਰ) ਹੋਣ ਬਾਰੇ ਪਤਾ ਲੱਗਿਆ ਸੀ। ਇਸ ਬਿਮਾਰੀ ਕਾਰਨ ਫਰਾਹ ਦੀਆਂ ਦੋਵੇਂ ਅੱਖਾਂ ਸਰਜਰੀ ਰਾਹੀ ਕੱਢ ਦਿੱਤੀਆਂ ਹਨ। ਫਰਾਹ ਫਿਲਹਾਲ ਨੇਤਰਹੀਣ ਬੱਚਿਆਂ ਦੇ ਸਕੂਲ ਵਿੱਚ ਪਹਿਲੀ ਜਮਾਤ ਵਿੱਚ ਪੜ੍ਹ ਰਹੀ ਹੈ। ਫਰਾਹ ਪੜ੍ਹਾਈ ਕਰ ਕੇ ਡਾਕਟਰ ਬਣਨਾ ਚਾਹੁੰਦੀ ਹੈ। ਫਰਾਹ ਦੇ ਪਿਤਾ ਮੁਸਤਫ਼ਾਭਾਈ ਮਸਕਤੀ ਨੇ ਦੱਸਿਆ, "ਮੇਰੀ ਧੀ ਦੀ ਅੱਖ ਵਿੱਚ ਚਿੱਟੇ ਮੋਤੀ ਵਰਗੀ ਕੋਈ ਚੀਜ਼ ਚਮਕ ਰਹੀ ਸੀ। ਅਸੀ ਉਸ ਨੂੰ ਚੈਕਅੱਪ ਲਈ ਆਨੰਦ ਵਿੱਚ ਇੱਕ ਅੱਖਾਂ ਦੇ ਡਾਕਟਰ ਕੋਲ ਲੈ ਗਏ। "ਡਾਕਟਰ ਨੇ ਉਸ ਦੀਆਂ ਅੱਖਾਂ ਨੂੰ ਦੇਖ ਕੇ ਹੀ ਸਮਝ ਲਿਆ। ਉਨ੍ਹਾਂ ਨੇ ਮੈਨੂੰ ਆਪਣੀ ਧੀ ਦੀ ਅੱਖ ਦਾ ਐੱਮਆਰਆਈ ਕਰਵਾਉਣ ਲਈ ਕਿਹਾ।" "ਜਦੋਂ ਮੈਨੂੰ ਪਤਾ ਲੱਗਾ ਕਿ ਮੇਰੀ ਧੀ ਨੂੰ ਅੱਖ ਦਾ ਕੈਂਸਰ ਹੈ, ਤਾਂ ਅਜਿਹਾ ਲੱਗਾ ਜਿਵੇਂ ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ ਹੋਵੇ। ਸਾਡੇ ਡਾਕਟਰ ਦੀ ਸਲਾਹ 'ਤੇ, ਅਸੀ ਇਲਾਜ ਲਈ ਅਹਿਮਦਾਬਾਦ ਸਿਵਲ ਹਸਪਤਾਲ ਆਏ। ਸਿਵਲ ਹਸਪਤਾਲ ਦਾ ਨਾਮ ਸੁਣ ਕੇ ਅਸੀ ਥੋੜ੍ਹੇ ਜਿਹੇ ਚਿੰਤਤ ਹੋਏ ਕਿ ਇੱਥੇ ਪ੍ਰਬੰਧ ਕਿਹੋ ਜਿਹੇ ਹੋਣਗੇ, ਪਰ ਅੱਖਾਂ ਦੇ ਹਸਪਤਾਲ ਦਾ ਸਟਾਫ ਬਹੁਤ ਮਦਦਗਾਰ ਹੈ।"

### ਮਾਂ ਦੀ ਚੌਕਸੀ ਨੇ ਦੋ ਪੁੱਤਰਾਂ ਦੀਆਂ ਅੱਖਾਂ ਬਚਾਈਆਂ

ਮੂਲ ਰੂਪ ਵਿੱਚ ਬਿਹਾਰ ਦੇ ਨਿਵਾਸੀ ਅਤੇ 25 ਸਾਲਾਂ ਤੋਂ ਦੱਖਣੀ ਗੁਜਰਾਤ ਦੇ ਉਦਯੋਗਿਕ ਸ਼ਹਿਰ ਵਿੱਚ ਰਹਿ ਰਹੇ ਰਾਜੇਸ਼ ਸਿੰਘ ਦੇ ਦੋ ਪੁੱਤਰਾਂ ਨੂੰ ਰੈਟੀਨੋਬਲਾਸਟੋਮਾ ਦਾ ਪਤਾ ਲੱਗਿਆ ਹੈ। ਸਮੇਂ ਸਿਰ ਇਲਾਜ ਹੋਣ ਕਾਰਨ, ਉਨ੍ਹਾਂ ਦੇ ਦੋਵੇਂ ਪੁੱਤਰਾਂ ਦੀਆਂ ਅੱਖਾਂ ਬਚ ਗਈਆਂ। ਕਿਉਂਕਿ ਉਨ੍ਹਾਂ ਦਾ ਦਿਉਰ ਬਿਮਾਰ ਸੀ, ਇਸ ਲਈ ਰਾਜੇਸ਼ ਦੀ ਪਤਨੀ ਨੇ ਬੱਚੇ ਦੀਆਂ ਅੱਖਾਂ ਵਿੱਚੋਂ ਪਾਣੀ ਆਉਣ ਦੇ ਲੱਛਣ ਨੂੰ ਗੰਭੀਰਤਾ ਨਾਲ ਲਿਆ ਅਤੇ ਡਾਕਟਰ ਕੋਲ ਗਈ, ਜਿੱਥੇ ਬਿਮਾਰੀ ਦਾ ਜਲਦੀ ਪਤਾ ਲੱਗ ਗਿਆ। ਗੱਲ ਕਰਦੇ ਹੋਏ, ਰਾਕੇਸ਼ ਅਤੇ ਮਹੇਸ਼ ਦੇ ਪਿਤਾ ਰਾਜੇਸ਼ ਸਿੰਘ ਨੇ ਕਿਹਾ, "ਇਹ ਅਕਤੂਬਰ 2014 ਦੀ ਗੱਲ ਹੈ। ਮੈਂ ਬਿਹਾਰ ਦੇ ਆਪਣੇ ਪਿੰਡ ਗਿਆ ਹੋਇਆ ਸੀ। ਮੇਰੀ ਪਤਨੀ ਉੱਥੇ ਸੀ। ਮੇਰਾ ਛੋਟਾ ਪੁੱਤਰ ਰਾਕੇਸ਼ 6 ਮਹੀਨਿਆਂ ਦਾ ਸੀ।" "ਮੇਰੀ ਪਤਨੀ ਨੇ ਮੈਨੂੰ ਫ਼ੋਨ ਕੀਤਾ ਅਤੇ ਕਿਹਾ ਕਿ ਰਾਕੇਸ਼ ਦੀਆਂ ਅੱਖਾਂ ਵਿੱਚ ਪਾਣੀ ਅਤੇ ਲਾਲ ਸਨ। ਕਿਰਪਾ ਕਰਕੇ ਘਰ ਆ ਜਾਓ। ਸ਼ੁਰੂ ਵਿੱਚ, ਮੈਂ ਸੋਚਿਆ ਕਿ ਇਹ ਛੋਟੇ ਬੱਚਿਆਂ ਨਾਲ ਅਜਿਹਾ ਹੁੰਦਾ ਹੋਵੇਗਾ।" "ਹਾਲਾਂਕਿ, ਮੇਰੇ ਸਾਲੇ ਨੂੰ ਇਹ ਬਿਮਾਰੀ ਬਚਪਨ ਵਿੱਚ ਸੀ, ਇਸ ਲਈ ਮੇਰੀ ਪਤਨੀ ਨੂੰ ਮੇਰੇ ਪੁੱਤਰ ਦੀਆਂ ਅੱਖਾਂ ਵਿੱਚੋਂ ਪਾਣੀ ਆਉਣ ਨੂੰ ਬਹੁਤ ਗੰਭੀਰਤਾ ਨਾਲ ਲਿਆ ਗਿਆ। ਅਸੀ ਆਪਣੇ ਨਜ਼ਦੀਕੀ ਹਸਪਤਾਲ ਗਏ। ਡਾਕਟਰ ਨੇ ਪਤਾ ਲਗਾਇਆ ਕਿ ਤੁਹਾਡੇ ਪੁੱਤਰ ਨੂੰ ਰੈਟਿਨਲ ਕੈਂਸਰ ਹੈ।" "ਡਾਕਟਰ ਨੇ ਸਾਨੂੰ ਇਲਾਜ ਲਈ ਅਹਿਮਦਾਬਾਦ ਆਉਣ ਦੀ ਸਲਾਹ ਦਿੱਤੀ। ਡਾਕਟਰ ਦੀ ਸਲਾਹ ਸਾਡੇ ਲਈ ਵਰਦਾਨ ਸਾਬਤ ਹੋਈ। ਅਹਿਮਦਾਬਾਦ ਸਿਵਲ ਆਈ ਹਸਪਤਾਲ ਦੇ ਸਟਾਫ ਨੇ ਵੀ ਸਾਡਾ ਪੂਰਾ ਸਾਥ ਦਿੱਤਾ।" ਰਾਜੇਸ਼ ਸਿੰਘ ਨੇ ਅੱਗੇ ਕਿਹਾ, "ਸਿਰਫ਼ ਮੇਰੇ ਛੋਟੇ ਪੁੱਤਰ ਵਿੱਚ ਲੱਛਣ ਦਿਖਾਈ ਦਿੱਤੇ। ਮੇਰੇ ਵੱਡੇ ਪੁੱਤਰ ਅਤੇ ਧੀ ਦੀਆਂ ਅੱਖਾਂ ਵਿੱਚ ਕੋਈ ਲੱਛਣ ਨਹੀ ਦਿਖਾਈ ਦਿੱਤੇ। ਡਾਕਟਰ ਨੇ ਮੈਨੂੰ ਆਪਣੇ ਵੱਡੇ ਪੁੱਤਰ ਅਤੇ ਧੀ ਦੀਆਂ ਅੱਖਾਂ ਦੀ ਜਾਂਚ ਕਰਵਾਉਣ ਦੀ ਸਲਾਹ ਦਿੱਤੀ।" "ਜਦੋਂ ਮੈਂ ਆਪਣੇ ਪੁੱਤਰ ਅਤੇ ਧੀ ਦੀਆਂ ਅੱਖਾਂ ਦੀ ਜਾਂਚ ਕਰਵਾ ਰਿਹਾ ਸੀ, ਤਾਂ ਮੇਰੇ ਵੱਡੇ ਪੁੱਤਰ ਨੂੰ ਵੀ ਅੱਖਾਂ ਦੇ ਕੈਂਸਰ ਦਾ ਪਤਾ ਲੱਗਿਆ। ਹਾਲਾਂਕਿ, ਕਿਉਂਕਿ ਇਸ ਦਾ ਸਮੇਂ ਸਿਰ ਪਤਾ ਲੱਗ ਗਿਆ, ਇਸ ਲਈ ਉਸ ਦਾ ਇਲਾਜ ਵੀ ਸ਼ੁਰੂ ਕਰ ਦਿੱਤਾ ਗਿਆ।" ਰਾਜੇਸ਼ ਸਿੰਘ ਕਹਿੰਦੇ ਹਨ, "ਮੇਰੇ ਦੋਵੇਂ ਪੁੱਤਰਾਂ ਨੂੰ ਲੇਜ਼ਰ ਅਤੇ ਕੀਮੋਥੈਰੇਪੀ ਦਿੱਤੀ ਗਈ। ਮੇਰੇ ਛੋਟੇ ਪੁੱਤਰ ਦੀ ਇੱਕ ਅੱਖ ਵਿੱਚ ਥੋੜ੍ਹੀ ਜਿਹੀ ਧੁੰਦਲੀ ਨਜ਼ਰ ਹੈ, ਪਰ ਉਸ ਦੀ ਦੂਜੀ ਅੱਖ ਪੂਰੀ ਤਰ੍ਹਾਂ ਤੰਦਰੁਸਤ ਹੈ।" "ਜਦਕਿ ਵੱਡੇ ਪੁੱਤਰ ਦੀਆਂ ਦੋਵੇਂ ਅੱਖਾਂ ਸਿਹਤਮੰਦ ਹਨ। ਮੇਰੀ ਪਤਨੀ ਅਤੇ ਡਾਕਟਰਾਂ ਦੇ ਸਮੇਂ ਸਿਰ ਦਖ਼ਲ ਕਾਰਨ, ਮੇਰੇ ਦੋਵੇਂ ਪੁੱਤਰਾਂ ਦੀਆਂ ਅੱਖਾਂ ਬਚ ਗਈਆਂ।" "ਮੇਰਾ ਛੋਟਾ ਪੁੱਤਰ 11 ਸਾਲ ਦਾ ਹੈ ਅਤੇ ਮੇਰਾ ਵੱਡਾ ਪੁੱਤਰ 15 ਸਾਲ ਦਾ ਹੈ। ਅਸੀ ਉਨ੍ਹਾਂ ਦੀਆਂ ਅੱਖਾਂ ਦੀ ਨਿਯਮਿਤ ਤੌਰ 'ਤੇ ਜਾਂਚ ਕਰਵਾਉਂਦੇ ਹਾਂ, ਪਹਿਲਾਂ ਅਸੀ ਹਰ ਛੇ ਮਹੀਨਿਆਂ ਬਾਅਦ ਉਨ੍ਹਾਂ ਦੀ ਜਾਂਚ ਕਰਵਾਉਂਦੇ ਸੀ। ਹੁਣ ਅਸੀ ਹਰ ਸਾਲ ਉਨ੍ਹਾਂ ਦੀ ਜਾਂਚ ਕਰਵਾਉਂਦੇ ਹਾਂ।"

### ਰੈਟੀਨੋਬਲਾਸਟੋਮਾ ਬਿਮਾਰੀ ਕੀ ਹੈ?

ਅਹਿਮਦਾਬਾਦ ਸਿਵਲ ਹਸਪਤਾਲ ਦੇ ਅੱਖਾਂ ਦੇ ਮਾਹਰ ਡਾ. ਵਿਲਹੇਲਮੀਨਾ ਅੰਸਾਰੀ ਨੇ ਕਿਹਾ, "ਰੇਟੀਨੋਬਲਾਸਟੋਮਾ ਅੱਖ ਦੇ ਰੈਟੀਨਾ ਦਾ ਕੈਂਸਰ ਹੈ, ਜੋ ਜਨਮ ਤੋਂ ਲੈ ਕੇ 8 ਸਾਲ ਦੀ ਉਮਰ ਦੇ ਬੱਚਿਆਂ ਵਿੱਚ ਦੇਖਿਆ ਜਾਂਦਾ ਹੈ।" "ਪਹਿਲਾਂ, ਇਸ ਬਿਮਾਰੀ ਦੇ ਲੱਛਣ ਚਾਰ ਸਾਲ ਬਾਅਦ ਦਿਖਾਈ ਦਿੰਦੇ ਸਨ। ਹਾਲਾਂਕਿ, ਹੁਣ ਲੱਛਣ ਪਹਿਲਾਂ ਦਿਖਾਈ ਦੇਣ ਲੱਗ ਪਏ ਹਨ। ਵਰਤਮਾਨ ਵਿੱਚ, ਸਾਡੇ ਕੋਲ ਇੱਕ ਮਹੀਨੇ ਦਾ ਬੱਚਾ ਹੈ ਜਿਸ ਨੂੰ ਰੈਟੀਨੋਬਲਾਸਟੋਮਾ ਹੈ।" ਡਾ. ਅੰਸਾਰੀ ਕਹਿੰਦੇ ਹਨ, "ਇਸ ਬਿਮਾਰੀ ਦੀ ਕੁੰਜੀ ਇਹ ਹੈ ਕਿ ਜਲਦੀ ਪਤਾ ਲੱਗਣ ਨਾਲ ਬੱਚੇ ਦੀ ਨਜ਼ਰ ਬਚ ਜਾਂਦੀ ਹੈ ਅਤੇ ਬੱਚੇ ਦੀ ਜਾਨ ਬਚ ਜਾਂਦੀ ਹੈ।" ਡਾ. ਵਿਲਹੇਲਮੀਨਾ ਅੰਸਾਰੀ ਅੱਗੇ ਦੱਸਦੇ ਹਨ, "ਇਹ ਬਿਮਾਰੀ ਖ਼ਾਨਦਾਨੀ ਹੁੰਦੀ ਹੈ। ਜੇਕਰ ਕਿਸੇ ਬੱਚੇ ਨੂੰ ਇਹ ਹੈ, ਤਾਂ ਸੰਭਾਵਨਾ ਹੈ ਕਿ ਉਸ ਦੇ ਭੈਣ-ਭਰਾ ਨੂੰ ਵੀ ਇਹ ਬਿਮਾਰੀ ਹੋਵੇਗੀ, ਇਸ ਲਈ ਜੇਕਰ ਇਹ ਬਿਮਾਰੀ ਕਿਸੇ ਬੱਚੇ ਵਿੱਚ ਪਾਈ ਜਾਂਦੀ ਹੈ ਤਾਂ ਜੇਕਰ ਉਸ ਦੇ ਹੋਰ ਭੈਣ-ਭਰਾ ਵੀ ਛੋਟੇ ਹਨ, ਤਾਂ ਉਨ੍ਹਾਂ ਦੀਆਂ ਅੱਖਾਂ ਦੀ ਵੀ ਜਾਂਚ ਕਰਵਾਉਣੀ ਚਾਹੀਦੀ ਹੈ।" "ਇਸ ਦੇ ਨਾਲ ਹੀ ਜੇਕਰ ਮਾਤਾ-ਪਿਤਾ ਦੂਜੇ ਬੱਚੇ ਦੀ ਪਲਾਨਿੰਗ ਕਰ ਰਹੇ ਹਨ ਤਾਂ ਮਾਂ ਦੇ ਗਰਭ ਵਿੱਚ ਪਲ ਰਹੇ ਭਰੂਣ ਦੀ ਜੈਨੇਟਿਕ ਪ੍ਰੋਫਾਇਲ ਰਿਪੋਰਟ ਮਿਲਣ ਨਾਲ ਇਸ ਬਿਮਾਰੀ ਦਾ ਪਤਾ ਲੱਗ ਸਕਦਾ ਹੈ।" "ਇਸ ਤੋਂ ਇਲਾਵਾ, ਜੇਕਰ ਕਿਸੇ ਦੇ ਪਰਿਵਾਰ ਵਿੱਚ ਕਿਸੇ ਖ਼ੂਨ ਦੇ ਰਿਸ਼ਤੇਦਾਰ ਨੂੰ ਇਹ ਬਿਮਾਰੀ ਹੈ, ਤਾਂ ਗਰਭਵਤੀ ਔਰਤ ਦੀ ਜੈਨੇਟਿਕ ਪ੍ਰੋਫਾਈਲ ਰਿਪੋਰਟ ਬਣਾਈ ਜਾ ਸਕਦੀ ਹੈ। ਇਸ ਤੋਂ ਪਤਾ ਲੱਗ ਸਕਦਾ ਹੈ ਕਿ ਜੀਨ ਮਿਊਟੇਸ਼ਨ ਹੈ ਜਾਂ ਨਹੀ।" "ਜੇਕਰ ਇਹ ਪਤਾ ਲੱਗਦਾ ਹੈ ਕਿ ਭਰੂਣ ਵਿੱਚ ਜੀਨ ਮਿਊਟੇਸ਼ਨ ਹੋਇਆ ਹੈ, ਤਾਂ ਗਰਭ ਵਿੱਚ ਪਲ਼ ਰਹੇ ਬੱਚੇ ਦਾ ਸ਼ੁਰੂ ਤੋਂ ਹੀ ਇਲਾਜ ਕੀਤਾ ਜਾ ਸਕਦਾ ਹੈ, ਜਿਸ ਨਾਲ ਬੱਚੇ ਦੀ ਨਜ਼ਰ ਅਤੇ ਅੱਖਾਂ ਨੂੰ ਬਚਾਇਆ ਜਾ ਸਕਦਾ ਹੈ।"

### ਰੈਟੀਨੋਬਲਾਸਟੋਮਾ ਦੇ ਲੱਛਣ


ਡਾ. ਅੰਸਾਰੀ ਕਹਿੰਦੇ ਹਨ, "ਬੱਚੇ ਦੀਆਂ ਅੱਖਾਂ ਕਾਲੀਆਂ ਹੋਣ ਦੀ ਬਜਾਏ ਚਿੱਟੀਆਂ ਦਿਖਾਈ ਦੇ ਸਕਦੀਆਂ ਹਨ, ਬੱਚਾ ਘੱਟ ਜਾਂ ਧੁੰਦਲੀ ਨਜ਼ਰ ਦੀ ਸ਼ਿਕਾਇਤ ਕਰ ਸਕਦਾ ਹੈ, ਬੱਚੇ ਦੀਆਂ ਅੱਖਾਂ ਟੇਢੀਆਂ ਹੋ ਸਕਦੀਆਂ ਹਨ ਜਾਂ ਕੁਝ ਮਾਮਲਿਆਂ ਵਿੱਚ, ਬੱਚੇ ਦੀਆਂ ਅੱਖਾਂ ਖੁੱਲ੍ਹੀਆਂ ਹੋ ਸਕਦੀਆਂ ਹਨ।" "ਜੇਕਰ ਇਹਨਾਂ ਵਿੱਚੋਂ ਕੋਈ ਵੀ ਲੱਛਣ ਦਿਖਾਈ ਦਿੰਦੇ ਹਨ, ਤਾਂ ਤੁਰੰਤ ਅੱਖਾਂ ਦੇ ਡਾਕਟਰ ਨਾਲ ਸਲਾਹ-ਮਸ਼ਵਰਾ ਕਰਨਾ ਚਾਹੀਦਾ ਹੈ।" ਇਲਾਜ ਬਾਰੇ ਗੱਲ ਕਰਦੇ ਹੋਏ ਡਾ. ਵਿਲਹੇਲਮੀਨਾ ਅੰਸਾਰੀ ਕਹਿੰਦੇ ਹਨ, "ਜੇਕਰ ਸ਼ੁਰੂਆਤੀ ਪੜਾਅ ਵਿੱਚ ਟਿਊਮਰ ਛੋਟਾ ਹੈ, ਤਾਂ ਇਸਦਾ ਇਲਾਜ ਲੇਜ਼ਰ ਨਾਲ ਕੀਤਾ ਜਾ ਸਕਦਾ ਹੈ। ਜੇਕਰ ਲੇਜ਼ਰ ਨਾਲ ਕੋਈ ਫ਼ਰਕ ਨਹੀ ਪੈਂਦਾ ਜਾਂ ਟਿਊਮਰ ਵੱਡਾ ਹੈ, ਤਾਂ ਕੀਮੋਥੈਰੇਪੀ ਦਿੱਤੀ ਜਾਂਦੀ ਹੈ।" "ਜੇਕਰ ਕੀਮੋਥੈਰੇਪੀ ਨਾਲ ਵੀ ਸਥਿਤੀ ਵਿੱਚ ਸੁਧਾਰ ਨਹੀ ਹੁੰਦਾ ਹੈ, ਤਾਂ ਬੱਚੇ ਦੀ ਅੱਖ ਨੂੰ ਸਰਜਰੀ ਰਾਹੀ ਹਟਾਉਣਾ ਪੈਂਦਾ ਹੈ। ਕੁਝ ਮਾਮਲਿਆਂ ਵਿੱਚ, ਇੱਕ ਅੱਖ ਕੱਢਣੀ ਪੈਂਦੀ ਹੈ। ਕੁਝ ਮਾਮਲਿਆਂ ਵਿੱਚ ਜੇਕਰ ਕੈਂਸਰ ਫੈਲ ਗਿਆ ਹੈ, ਤਾਂ ਦੋਵੇਂ ਅੱਖਾਂ ਕੱਢਣੀਆਂ ਪੈਂਦੀਆਂ ਹਨ।" ਡਾ. ਅੰਸਾਰੀ ਅੱਗੇ ਕਹਿੰਦੇ ਹਨ, "ਜੇਕਰ ਸਮੇਂ ਸਿਰ ਪਤਾ ਲੱਗ ਜਾਵੇ, ਤਾਂ ਇਲਾਜ ਦੁਆਰਾ ਅੱਖ ਨੂੰ ਬਚਾਇਆ ਜਾ ਸਕਦਾ ਹੈ। ਜੇਕਰ ਇਹ ਬਹੁਤ ਗੰਭੀਰ ਸਥਿਤੀ ਵਿੱਚ ਪਹੁੰਚ ਜਾਂਦੀ ਹੈ, ਤਾਂ ਅਜਿਹੀ ਸਥਿਤੀ ਵਿੱਚ, ਬੱਚੇ ਦੀ ਜਾਨ ਬਚਾਉਣ ਲਈ ਅੱਖ ਨੂੰ ਕੱਢਣਾ ਪੈਂਦਾ ਹੈ।" "ਇੱਕ ਵਾਰ ਅੱਖ ਹਟਾ ਦੇਣ ਤੋਂ ਬਾਅਦ, ਦਾਨ ਕੀਤੀ ਅੱਖ ਨੂੰ ਵੀ ਦੁਬਾਰਾ ਟ੍ਰਾਂਸਪਲਾਂਟ ਨਹੀ ਕੀਤਾ ਜਾ ਸਕਦਾ।" "ਅੱਖ ਦੇ ਸਾਕਟ ਨੂੰ ਦਿਖਾਈ ਦੇਣ ਤੋਂ ਰੋਕਣ ਲਈ ਇੱਕ ਨਕਲੀ ਅੱਖ ਪਾ ਜਾਣੀ ਚਾਹੀਦੀ ਹੈ। ਨਾਲ ਹੀ, ਜਿਨ੍ਹਾਂ ਦੀ ਇੱਕ ਅੱਖ ਕੱਢੀ ਗਈ ਹੈ, ਉਨ੍ਹਾਂ ਨੂੰ ਦੂਜੀ ਅੱਖ ਦਾ ਵੀ ਬਹੁਤ ਧਿਆਨ ਰੱਖਣਾ ਚਾਹੀਦਾ ਹੈ। ਬੱਚੇ ਨੂੰ 21 ਸਾਲ ਦੀ ਉਮਰ ਤੱਕ ਹਰ ਛੇ ਮਹੀਨਿਆਂ ਵਿੱਚ ਨਿਯਮਤ ਅੱਖਾਂ ਦੀ ਜਾਂਚ ਕਰਵਾਉਣੀ ਚਾਹੀਦੀ ਹੈ।"

### ਹਰ ਸਾਲ ਕਿੰਨੇ ਬੱਚਿਆਂ ਨੂੰ ਇਸ ਬਿਮਾਰੀ ਦਾ ਪਤਾ ਲੱਗਦਾ ਹੈ?

ਵਿਲਹੇਲਮੀਨਾ ਅੰਸਾਰੀ ਕਹਿੰਦੇ ਹਨ, "ਭਾਰਤ ਵਿੱਚ, ਹਰ 1.5 ਲੱਖ ਜਨਮਾਂ ਵਿੱਚੋਂ ਇੱਕ ਬੱਚਾ ਇਸ ਬਿਮਾਰੀ ਤੋਂ ਪੀੜਤ ਹੈ।" ਡਾ. ਅੰਸਾਰੀ ਕਹਿੰਦੇ ਹਨ, "ਸਾਲ 2024 ਵਿੱਚ ਸਾਡੇ ਹਸਪਤਾਲ ਵਿੱਚ ਰੈਟੀਨੋਬਲਾਸਟੋਮਾ ਕਾਰਨ 18 ਬੱਚਿਆਂ ਦੀਆਂ ਅੱਖਾਂ ਕੱਢਣ ਦੀ ਸਰਜਰੀ ਹੋਈ। ਸਾਲ ਵਿੱਚ ਕੁੱਲ 45 ਬੱਚੇ ਆਏ, ਜਿਨ੍ਹਾਂ ਦਾ ਜਲਦੀ ਪਤਾ ਲੱਗ ਗਿਆ। ਇਲਾਜ ਨੇ ਉਨ੍ਹਾਂ ਦੀ ਨਜ਼ਰ ਅਤੇ ਅੱਖਾਂ ਨੂੰ ਬਚਾਇਆ।" ਲੈਂਸੇਟ ਗਲੋਬਲ ਵੈੱਬਸਾਈਟ 'ਤੇ ਪ੍ਰਕਾਸ਼ਿਤ ਇੱਕ ਜਰਨਲ ਲੇਖ ਦੇ ਅਨੁਸਾਰ, ਭਾਰਤ ਵਿੱਚ ਰੈਟੀਨੋਬਲਾਸਟੋਮਾ ਦੇ ਸਭ ਤੋਂ ਵੱਧ ਮਾਮਲੇ ਹਨ। ਲੈਂਸੇਟ ਜਰਨਲ ਦੇ ਅਨੁਸਾਰ, ਇਹ ਬਿਮਾਰੀ ਭਾਰਤ ਵਿੱਚ ਹਰ ਸਾਲ ਲਗਭਗ 2000 ਬੱਚਿਆਂ ਵਿੱਚ ਦੇਖੀ ਜਾਂਦੀ ਹੈ। ਭਾਰਤ ਵਿੱਚ ਚੀਨ ਨਾਲੋਂ 50 ਫੀਸਦ ਵੱਧ ਮਾਮਲੇ ਹਨ। ਇਹ ਬਿਮਾਰੀ ਅਮਰੀਕਾ ਨਾਲੋਂ 6 ਗੁਣਾ ਜ਼ਿਆਦਾ ਬੱਚਿਆਂ ਵਿੱਚ ਪਾਈ ਜਾਂਦੀ ਹੈ। ਘੱਟ ਆਮਦਨ ਵਾਲੇ ਦੇਸ਼ਾਂ ਵਿੱਚ, ਸਮੇਂ ਸਿਰ ਨਿਦਾਨ ਦੀ ਘਾਟ ਕਾਰਨ ਇਹ ਬਿਮਾਰੀ ਇੱਕ ਉੱਨਤ ਪੜਾਅ 'ਤੇ ਪਹੁੰਚ ਜਾਂਦੀ ਹੈ। (ਰੈਟੀਨੋਬਲਾਸਟੋਮਾ ਵਾਲੇ ਬੱਚਿਆਂ ਦੇ ਨਾਮ ਉਨ੍ਹਾਂ ਦੀ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਪਛਾਣ ਨੂੰ ਰੱਖਿਆ ਲਈ ਬਦਲਿਆ ਗਿਆ ਹੈ ਕਿਉਂਕਿ ਉਹ ਨਾਬਾਲਗ ਹਨ।)

## ਅਲੈਕਸੀਥਾਈਮੀਆ ਕੀ ਹੈ ?

**ਸੰਜੀਵ ਸਿੰਘ ਸੈਣੀ**
**7888966168**



ਜਦੋਂ ਕੋਈ ਵਿਅਕਤੀ ਆਪਣੀ ਭਾਵਨਾਵਾਂ ਨੂੰ ਪਛਾਨਣ ਜਾਂ ਬਿਆਨ ਕਰਨ ਵਿੱਚ ਅਸਮਰਥ ਮਹਿਸੂਸ ਕਰੇ, ਜਾਂ ਵਿਅਕਤੀ ਡਿਪਰੈਸ਼ਨ ਦਾ ਸ਼ਿਕਾਰ ਹੋਵੇ। 1972 ਵਿੱਚ ਇਹ ਸ਼ਬਦ ਸਿਫਨਿਓਸ ਦੁਆਰਾ ਚਰਚਾ ਵਿੱਚ ਆਇਆ ਤੇ ਇਹ ਗ੍ਰੀਕ ਸ਼ਬਦ ਹੈ ਜਿਸ ਦਾ ਮਤਲਬ ਹੈ ਆਪਣੀ ਫੀਲਿੰਗਸ, ਭਾਵਨਾਵਾਂ, ਵਿਚਾਰਾਂ ਨੂੰ ਚੰਗੀ ਤਰ੍ਹਾਂ ਬਿਆਨ ਨਾ ਕਰ ਪਾਣਾ।

ਅਜਿਹਾ ਵਿਅਕਤੀ ਆਮ ਤੌਰ ਤੇ ਜੋ ਵੀ ਸਮੱਸਿਆ ਉਸ ਨਾਲ ਵਾਪਰ ਰਹੀ ਹੈ ਉਸ ਨੂੰ ਮਹਿਸੂਸ ਚੰਗੀ ਤਰ੍ਹਾਂ ਨਹੀ ਕਰ ਪਾਉਂਦਾ ਹੈ। ਇਹ ਇੱਕ ਨਿਊਰੋ ਸਾਈਕੋਲੋਜੀਕਲ ਘਟਨਾ ਹੈ। ਇਹ ਤਕਰੀਬਨ 25 ਤੋਂ 30% ਆਬਾਦੀ ਵਿੱਚ ਹੁੰਦਾ ਹੈ। ਉਦਾਹਰਣ ਦੇ ਤੌਰ ਤੇ ਕੋਈ ਵੀ ਮਰਦ ਜਾਂ ਇਸਤਰੀ ਜੇ ਕਿਸੇ ਨਾਲ ਗੱਲ ਕਰਦਾ ਹੈ ਤਾਂ ਆਪਣੀ ਗੱਲ ਨੂੰ ਚੰਗੀ ਤਰ੍ਹਾਂ ਉਹ ਬਿਆਨ ਨਹੀ ਕਰ ਪਾਉਂਦਾ ਹੈ, ਜਿਸ ਕਰਕੇ ਸਾਹਮਣੇ ਵਾਲਾ ਉਸ ਦੀ ਕੋਈ ਵੀ ਗੱਲ ਤੇ ਕੋਈ ਤਰਕ ਵੀ ਨਹੀ ਦੇ ਪਾਉਂਦਾ ਹੈ। ਮੰਨ ਲਵੋ ਜੇ ਕਿਸੇ ਮਰਦ ਨੂੰ ਮਰਦਾਨਾ ਕਮਜ਼ੋਰੀ ਹੈ ਉਹ ਆਪਣੀ ਖੁੱਲ ਕੇ ਗੱਲ ਆਪਣੇ ਦੋਸਤ ਜਾਂ ਦਿਲੋਂ ਕਰੀਬੀ ਨੂੰ ਦਹੀ ਦੱਸ ਪਾਉਂਦਾ ਹੈ ਚਾਹੇ ਕੋਈ ਔਰਤ ਹੈ ਜਿਸ ਨੂੰ ਮਹਾਂਵਾਰੀ ਸਮੇਂ ਸਿਰ ਨਹੀ ਆਉਂਦੀ ਹੈ ਉਹ ਆਪਣੀ ਮਾਂ ਜਾਂ ਸਹੇਲੀ ਨੂੰ ਉਸ ਗੱਲ ਬਾਰੇ ਚੰਗੀ ਤਰ੍ਹਾਂ ਬਿਆਨ ਨਹੀ ਕਰ ਪਾਉਂਦੀ ਹੈ। ਅਜਿਹਾ ਪੀੜਿਤ ਵਿਅਕਤੀ ਚਾਹੇ ਉਹ ਮਰਦ ਹੈ ਜਾਂ ਔਰਤ ਹੈ ਡਾਕਟਰ ਨੂੰ ਵੀ ਆਪਣੀ ਸ਼ਰੀਰਕ ਸਮੱਸਿਆ ਬਾਰੇ ਚੰਗੀ ਤਰ੍ਹਾਂ ਨਹੀ ਦੱਸ ਪਾਉਂਦਾ ਹੈ। ਫਿਰ ਡਾਕਟਰ ਵੀ ਉਸ ਵਿਅਕਤੀ ਦਾ ਸਹੀ ਤਰੀਕੇ ਨਾਲ ਇਲਾਜ ਨਹੀ ਕਰ ਪਾਉਂਦਾ ਹੈ। ਇੱਕ ਤਰ੍ਹਾਂ ਦਾ ਡਰ ਉਸਦੇ ਮਨ ਅੰਦਰ ਬੈਠਾ ਹੁੰਦਾ ਹੈ। ਕਿ ਸਾਹਮਣੇ ਵਾਲਾ ਉਸ ਦੇ ਬਾਰੇ ਕੀ ਸੋਚੇਗਾ।

ਅਲੈਕਸਿਥੀਮੀਆ ਇੱਕ ਮਨੋਵਿਗਿਆਨਿਕ ਸਥਿਤੀ ਹੈ। ਕਈ ਵਾਰ ਅਜਿਹਾ ਵਿਅਕਤੀ ਪਰਿਵਾਰ ਵਿੱਚ ਸਾਰਿਆਂ ਲਈ ਮੁਸੀਬਤ ਬਣ ਜਾਂਦਾ ਹੈ। ਪਰਿਵਾਰ ਲਈ ਇਹ ਇੱਕ ਚੁਣੌਤੀ ਹੋ ਸਕਦੀ ਹੈ। ਸਮਾਜ ਵਿੱਚ ਕੀ ਵਾਪਰ ਰਿਹਾ ਹੈ, ਦੁਨੀਆਂ ਵਿੱਚ ਕੀ ਹੋ ਰਿਹਾ ਹੈ, ਪੀੜਿਤ ਵਿਅਕਤੀ ਉਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਵੀ ਨਹੀ ਪਾਉਂਦਾ ਹੈ। ਅਜਿਹੇ ਵਿਅਕਤੀ ਨਾਲ ਜੇ ਬਾਹਰ ਕੁਝ ਵਾਪਰਦਾ ਹੈ ਤਾਂ ਉਹ ਆਪਣੇ ਘਰ ਆ ਕੇ ਆਪਣੇ ਮਾਂ ਬਾਪ ਜਾਂ ਆਪਣੇ ਪਰਿਵਾਰ ਨੂੰ ਉਸ ਗੱਲ ਬਾਰੇ ਚੰਗੀ ਤਰ੍ਹਾਂ ਦੱਸ ਨਹੀ ਪਾਉਂਦਾ ਹੈ ਕਿ ਮੇਰੇ ਨਾਲ ਕਿ ਵਾਪਰਿਆ ਹੈ। ਅਜਿਹੇ ਪੀੜਿਤ ਵਿਅਕਤੀ ਨੂੰ ਜੇ ਕੋਈ ਬੰਦਾ ਥੱਪੜ ਵੀ ਮਾਰ ਦੇਵੇ ਤਾਂ ਵੀ ਅੱਗੇ ਤੋਂ ਉਹ ਜਵਾਬ ਨਹੀ ਦੇਵੇਗਾ, ਕਿ ਤੂੰ ਮੇਰੇ ਥੱਪੜ ਕਿਉਂ ਮਾਰਿਆ? ਅੰਦਰ ਹੀ ਅੰਦਰ ਘੁਟਦਾ ਰਹਿੰਦਾ ਹੈ। ਜੇ ਕਿਸੇ ਸੱਜਣ ਮਿੱਤਰ ਦੇ ਘਰ ਕੋਈ ਅਣਹੋਣੀ ਘਟਨਾ ਵੀ ਵਾਪਰ ਜਾਂਦੀ ਹੈ ਤਾਂ ਅਲੈਕਸਿਥੀਮੀਆ ਪੀੜਿਤ ਵਿਅਕਤੀ ਉਸ ਦੀ ਭਾਵਨਾਵਾਂ ਨੂੰ ਸਮਝ ਨਹੀ ਪਾਉਂਦਾ ਹੈ, ਉਸ ਨੂੰ ਹੱਲਾਸ਼ੇਰੀ ਵੀ ਨਹੀ ਦੇ ਪਾਉਂਦਾ ਹੈ। ਜੇ ਕਿਥੇ ਖੁਸ਼ੀ ਦਾ ਮਾਹੌਲ ਹੁੰਦਾ ਹੈ ਤਾਂ ਅਜਿਹਾ ਪੀੜਿਤ ਵਿਅਕਤੀ ਉਸ ਪਰਿਵਾਰ ਨੂੰ ਵਧਾਈ ਤੱਕ ਵੀ ਨਹੀ ਦੇ ਪਾਉਂਦਾ ਹੈ ਕਿਉਂਕਿ ਉਸਨੂੰ ਖੁਸ਼ੀ ਗਮੀ ਦਾ ਅਨੁਭਵ ਹੀ ਨਹੀ ਹੁੰਦਾ ਹੈ। ਅਕਸਰ ਵਿਆਹਾਂ ਵਿੱਚ ਜਾ ਕੇ ਅਜਿਹਾ ਵਿਅਕਤੀ ਆਨੰਦ ਮਹਿਸੂਸ ਵੀ ਨਹੀ ਕਰ ਪਾਉਂਦਾ ਹੈ।ਸਿੱਧੇ ਤੌਰ ਤੇ ਕਹਿ ਸਕਦੇ ਹਾਂ ਕਿ ਅਲੈਕਸੀਥਾਈਮੀਆ ਵਾਲੇ ਲੋਕਾਂ ਦੀਆਂ ਭਾਵਨਾਵਾਂ ਨੂੰ ਚੰਗੀ ਤਰ੍ਹਾਂ ਸਮਝ ਨਹੀ ਪਾਉਂਦੇ ਹਨ। ਜਾਂ ਉਹਨਾਂ ਦੀ ਭਾਵਨਾਵਾਂ ਦੀ ਕਦਰ ਨਹੀ ਕਰ ਪਾਉਂਦੇ , ਚਾਹੇ ਉਹ ਜਿੰਨੀ ਮਰਜ਼ੀ ਕੋਸ਼ਿਸ਼ ਕਰ ਲੈਣ। ਜੇ ਕਿਥੇ ਕੋਈ ਦੁਰਘਟਨਾ ਹੋ ਜਾਵੇ ਜਾਂ ਮੌਤ ਹੋ ਜਾਵੇ ਤਾਂ ਉਹ ਉਸ ਪਰਿਵਾਰ ਨਾਲ ਹਮਦਰਦੀ ਵੀ ਵਿਅਕਤ ਨਹੀ ਕਰ ਸਕਦੇ, ਕਹਿਣ ਦਾ ਮਤਲਬ ਹੈ ਕਿ ਉਹਨਾਂ ਕੋਲ ਸ਼ਬਦ ਹੀ ਨਹੀ ਹੁੰਦੇ ਕਿ ਉਹਨਾਂ ਨੇ ਕਿਸ ਤਰ੍ਹਾਂ ਕਿਸੇ ਦਾ ਦੁੱਖ ਸਾਂਝਾ ਕਰਨਾ ਹੈ।

ਜੇਕਰ ਸਾਡੇ ਪਰਿਵਾਰ ਵਿੱਚ ਕੋਈ ਇਸ ਤਰ੍ਹਾਂ ਦਾ ਮਰੀਜ਼ ਹੁੰਦਾ ਉਸ ਨੂੰ ਤੁਰੰਤ ਮਾਹਿਰਾਂ ਕੋਲ ਲੈ ਕੇ ਜਾਓ ਤਾਂ ਜੋ ਉਹ ਉਸਦੀ ਕੌਂਸਲਿੰਗ ਕਰਨ, ਮੈਡੀਕਲ ਟਰੀਟਮੈਂਟ, ਰਾਹੀ ਵੀ ਅਜਿਹਾ ਵਿਅਕਤੀ ਠੀਕ ਹੋ ਸਕਦਾ ਹੈ। ਥੈਰੇਪੀ ਨਾਲ ਵੀ ਇਸਦਾ ਅੱਜਕੱਲ ਇਲਾਜ ਸੰਭਵ ਹੈ। ਅਜਿਹੇ ਵਿਅਕਤੀ ਨਾਲ ਵੱਧ ਤੋਂ ਵੱਧ ਸਮਾਂ ਗੁਜ਼ਾਰੋ, ਉਸਨੂੰ ਖੁਸ਼ੀ, ਗਮੀ ਮੌਕੇ ਲੈ ਕੇ ਜਾਓ, ਉਸ ਨੂੰ ਆਪਣੇ ਪਰਿਵਾਰ ਵਿੱਚ ਬਿਠਾਓ ,ਜਿੱਥੇ ਸਾਰੇ ਰਲ ਬੈਠ ਕੇ ਗੱਲਾਂ ਕਰਦੇ ਹੋਣ। ਤੁਹਾਡੀਆਂ ਗੱਲਾਂ ਨੂੰ ਉਹ ਸਮਝੇਗਾ ਜੇ ਉਸਨੂੰ ਸਮਝ ਨਹੀ ਆ ਰਹੀ ਤਾਂ ਉਸਨੂੰ ਤੁਸੀ ਪਿਆਰ ਨਾਲ ਸਮਝਾਓ, ਜਲਦੀ ਅਜਿਹਾ ਮਰੀਜ਼ ਇਸ ਪੀੜਿਤ ਬਿਮਾਰੀ ਤੋਂ ਬਾਹਰ ਨਿਕਲ ਜਾਵੇਗਾ।

## ਰੀਲ ਤੇ ਰੀਅਲ ਦਾ ਫਰਕ ਸਮਝਣ ਤੋਂ ਅਸਮਰੱਥ ਹੋ ਰਹੀ ਨੌਜਵਾਨੀ

## ਸੁੱਖ ਰੱਤੀਏ ਜਿਹੇ ਨੌਜਵਾਨਾਂ ਤੋਂ ਆਖਿਰਕਾਰ ਕਿਉਂ ਪ੍ਰਭਾਵਿਤ ਸਮਾਜ ?

**ਹਰਦੀਪ ਕੌਰ**

60 ਸੈਕਿੰਡ ਦੀ ਰੀਲ ਵਿੱਚ ਬੇਸ਼ੱਕ ਜ਼ਿੰਦਗੀ ਦੇ 60 ਸਾਲਾਂ ਦੇ ਸਫ਼ਰ ਤੇ ਸੰਘਰਸ਼ ਨੂੰ ਬਾਖ਼ੂਬੀ ਬਿਆਨ ਕੀਤਾ ਜਾ ਸਕਦਾ ਹੈ। ਪ੍ਰੰਤੂ ਕੀ ਉਸ ਸੰਘਰਸ਼ ਨੂੰ ਸਹੀ ਅਰਥਾਂ ਵਿੱਚ ਸਮਝਿਆ ਜਾ ਸਕਦਾ ਹੈ? ਕੀ ਉਹ ਪੀੜ ਜੋ 60 ਸਾਲਾਂ ਦੇ ਸੰਘਰਸ਼ ਦੌਰਾਨ ਹੰਢਾਈ, ਉਸਦਾ ਦਰਦ ਮਹਿਸੂਸ ਕੀਤਾ ਜਾ ਸਕਦਾ ਹੈ? ਮੇਰੇ ਮੁਤਾਬਿਕ ਨਹੀ। ਮੌਜੂਦਾ ਸੋਸ਼ਲ ਮੀਡੀਆ ਤੇ ਖਾਸ ਕਰਕੇ ਏ ਆਈ ਰਾਹੀ ਤਿਆਰ ਹੋ ਰਹੀਆਂ ਵੀਡੀਓਜ ਕਾਰਨ ਨੌਜਵਾਨ ਰੀਲ ਤੇ ਰੀਅਲ ਲਾਈਫ ਦੇ ਫਰਕ ਨੂੰ ਮਹਿਸੂਸ ਹੀ ਨਹੀ ਪਾ ਰਹੇ। ਦੂਜੇ ਪਾਸੇ ਅੱਜ ਸੋਸ਼ਲ ਮੀਡੀਆ ਦੇ ਉੱਤੇ ਲੋਕਾਂ ਨੂੰ ਪ੍ਰਭਾਵਿਤ ਕਰਨ ਦੀ ਜੋ ਦੌੜ ਸਾਰਿਆਂ ਵਿੱਚ ਲੱਗੀ ਹੈ ਉਸ ਤੋਂ ਕੋਈ ਵੀ ਅਭਿੱਜ ਨਹੀ। ਵੱਧ ਤੋਂ ਵੱਧ ਵਿਊਜ ਲੈਣ ਦੇ ਚੱਕਰ ਵਿੱਚ ਕੰਟੈਂਟ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ। ਉਸ ਦਾ ਸਮਾਜ ਤੇ ਕੀ ਅਸਰ ਪਵੇਗਾ ਇਸਦੀ ਬਹੁਤੇ ਇਨਫਲੈਂਸਰ ਪਰਵਾਹ ਹੀ ਨਹੀ ਕਰਦੇ। ਸਮਾਜ ਵੀ ਇਹਨਾਂ ਗੱਲਾਂ ਨੂੰ ਹੁਣ ਪ੍ਰਵਾਨਗੀ ਦੇਣ ਲੱਗਾ ਹੈ। ਪਰ ਸਮਾਜ ਦੇ ਕੁਝ ਬੁੱਧੀਜੀਵੀ ਹਲੇ ਵੀ ਅਜਿਹੇ ਹਨ ਜੋ ਇਹ ਕੌੜਾ ਅੱਕ ਨਹੀ ਚੱਬਣਾ ਚਾਹੁੰਦੇ ਤੇ ਜਿਨ੍ਹਾਂ ਨੂੰ ਇਹ ਕੌੜਾ ਅੱਕ ਮਿੱਠਾ ਲੱਗਣ ਲੱਗਾ ਹੈ ਉਹ ਸੁੱਖ ਰੱਤੀਏ ਵਰਗੇ ਯੂ ਟਿਊਬਰਜ ਤੋ ਵੱਖ-ਵੱਖ ਸਮਾਗਮਾਂ ਤੇ ਰੀਬਨ ਕਟਵਾਉਂਦੇ ਹਨ। ਸੱਚੀ ਗੱਲ ਤਾਂ ਇਹ ਹੈ ਕਿ ਅੱਜ ਸਾਡੇ ਸਮਾਜ ਦੇ ਲੋਕਾਂ ਨੂੰ "ਗੁਡ ਇਨਫਲੈਂਸਰ ਬੈਡ ਇਨਫਲੈਂਸਰ" ਦੇ ਵਿੱਚ ਫਰਕ ਹੀ ਸਮਝ ਨਹੀ ਆ ਰਿਹਾ। ਨੈਤਿਕ ਕਦਰਾਂ ਕੀਮਤਾਂ ਤੋਂ ਟੁੱਟ ਕੇ , ਸ਼ਰੇਆਮ ਸੋਸ਼ਲ ਮੀਡੀਆ ਦੇ ਉੱਤੇ ਗਾਲਾਂ ਕੱਢਣ ਵਾਲੇ, ਬੁਰੀਆਂ ਚੀਜ਼ਾਂ ਦਾ ਪ੍ਰਚਾਰ ਕਰਨ ਵਾਲੇ, ਕਿਸੇ ਦੂਜੇ ਦੇ ਧਰਮ ਖਿਲਾਫ ਮਾੜੀਆਂ ਟਿੱਪਣੀਆਂ ਕਰਨ ਵਾਲੇ , ਘੱਟ ਕੱਪੜਿਆਂ ਦੇ ਵਿੱਚ ਅੰਗਾਂ ਦਾ ਪ੍ਰਦਰਸ਼ਨ ਕਰਕੇ ਵੱਧ ਵਿਊਜ ਲੈਣ ਦੀ ਦੌੜ ਵਾਲੇ, ਦੇਸ਼ ਪ੍ਰੇਮ ਨੂੰ ਨਜ਼ਰ ਅੰਦਾਜ਼ ਕਰਕੇ ਦੇਸ਼ ਦੇ ਲੋਕਾਂ ਦਾ ਧਿਆਨ ਵੱਖ-ਵੱਖ ਮੁੱਦਿਆਂ ਤੇ ਗਲਤ ਪਾਸੇ ਭਟਕਾਉਣ ਵਾਲੇ, ਨਸ਼ਾ ਕਰਕੇ ਆਪਣੀ ਗੱਲ ਸੋਸ਼ਲ ਮੀਡੀਆ ਉੱਤੇ ਰੱਖਣ ਵਾਲੇ ਅਤੇ ਧਰਮ ਨੂੰ ਆੜ ਬਣਾ ਕੇ ਆਪਣੀਆਂ ਰੋਟੀਆਂ ਸੇਕਣ ਵਾਲੇ ਕੀ ਗੁਡ ਇਨਫਲੈਂਸਰ ਦੀ ਕੈਟਾਗਰੀ ਵਿੱਚ ਆਉਂਦੇ ਹਨ? ਇੱਕ ਸੂਝਵਾਨ ਵਿਅਕਤੀ ਦਾ ਜਵਾਬ ਇਸ ਸਬੰਧੀ ਇਹੀ ਹੋਵੇਗਾ ਨਹੀ। ਜੇਕਰ ਨਹੀ ਤਾਂ ਫਿਰ ਸੁੱਖ ਰੱਤੀਏ ਨੂੰ ਫੋਲੋ ਕਰਨ ਵਾਲੇ ਲੋਕ ਕੌਣ ਹਨ। ਕੀ ਉਹ ਜਿਨ੍ਹਾਂ ਨੂੰ ਮਾੜੇ ਚੰਗੇ ਜੀ ਕੁਝ ਸੂਝ ਬੂਝ ਹੈ ਹੀ ਨਹੀ? ਜਾਂ ਫਿਰ ਉਹ ਜਿੰਨ੍ਹਾਂ ਦਾ ਦਿਮਾਗ ਵੀ ਉਸ ਵਰਗਾ ਹੈ ਤੇ ਉਹ ਉਸ ਵਰਗਾ ਹੀ ਹੋਣਾ ਲੋਚਦੇ ਹਨ। ਸੁਭਾਵਿਕ ਹੈ ਕਿ ਸੁੱਖਾ ਸੁੱਖ ਕੇ ਲਿਆ ਪੁੱਤ ਸੁੱਖ ਰੱਤੀਏ ਵੀ ਪਹਿਲਾਂ ਸ਼ਾਇਦ ਅਜਿਹਾ ਨਾ ਹੋਵੇ, ਪ੍ਰੰਤੂ ਅੱਗੇ ਵੱਧਣ ਦੀ ਦੌੜ ਤੇ ਨੇਮ ਫੇਮ ਦੀ ਲਾਲਸਾ ਨੇ ਉਸ ਨੂੰ ਮਾਡਲ ਤੋਂ ਕਾਤਲ ਬਣਾ ਦਿੱਤਾ। ਅੱਜ ਜੋ ਸ਼ਰਮਨਾਕ ਕੰਮ ਉਸਨੇ ਕੀਤਾ ਕਿਹੜਾ ਮਾਂ ਬਾਪ ਚਾਹੇਗਾ ਕਿ ਉਸਦਾ ਬੱਚਾ ਸੁੱਖ ਰੱਤੀਏ ਵਰਗਾ ਹੋਵੇ।

### ਸਰੀਰ 'ਤੇ ਬਣਾਏ ਟੈਟੂਆਂ ਕਰਕੇ ਸੀ ਮਸ਼ਹੂਰ

ਲੋਕਾਂ ਨੂੰ ਪ੍ਰਭਾਵਿਤ ਕਰਨ ਦੇ ਲਈ ਰਤੀਏ ਨੇ ਆਪਣੇ ਸਰੀਰ ਦੇ ਉੱਤੇ ਇੱਕ ਜਾਂ ਦੋ ਨਹੀ ਸਗੋਂ ਬਹੁਤ ਸਾਰੇ ਟੈਟੂ ਬਣਵਾਏ ਹੋਏ ਸਨ। ਉਹ ਆਪਣੇ ਪਰਿਵਾਰ ਦੇ ਨਾਲ ਰਤੀਆ ਨਾਂ ਦੀ ਜਗ੍ਹਾ ਉੱਤੇ ਰਹਿੰਦਾ ਸੀ ਅਤੇ ਪੜ੍ਹਾਈ ਦੇ ਨਾਲ ਨਾਲ ਸੋਸ਼ਲ ਮੀਡੀਆ ਦੇ ਉੱਤੇ ਰੀਲਾਂ ਪਾਉਂਦਾ ਸੀ। ਸ਼ੁਰੂ ਤੋਂ ਹੀ ਉਸਨੂੰ ਮਾਡਲ ਬਣਨ ਦਾ ਸ਼ੌਕ ਸੀ। ਪਰੰਤੂ ਇੱਕ ਸਧਾਰਨ ਪਰਿਵਾਰ ਤੋਂ ਸੰਬੰਧਿਤ ਹੋਣ ਕਰਕੇ ਉਹ ਆਪਣੀ ਇਸ ਇੱਛਾ ਨੂੰ ਇਸ ਤਰੀਕੇ ਦੇ ਨਾਲ ਪੂਰਾ ਨਹੀ ਸੀ ਕਰ ਸਕਦਾ ਕਿ ਕੋਲੋਂ ਪੈਸੇ ਖਰਚ ਕਰਕੇ ਮਾਡਲ ਬਣ ਸਕੇ। ਇਹੋ ਜਿਹਾ ਉਸਨੇ ਉਹੀ ਰਾਹ ਚੁਣਿਆ ਜੋ ਅੱਜ ਕੱਲ ਦੇ ਸਾਰੇ ਨੌਜਵਾਨ ਚੁਣਦੇ ਹਨ ਯਾਨੀ ਕਿ ਸੋਸ਼ਲ ਮੀਡੀਆ। ਫਿਰ ਇਸ ਰਾਹ ਨੂੰ ਚੁਣ ਕੇ ਉਸਨੇ ਬਿਨਾਂ ਸੋਚੇ ਸਮਝੇ ਹਰ ਉਸ ਕੰਟੈਂਟ ਨੂੰ ਸੋਸ਼ਲ ਮੀਡੀਆ ਉੱਤੇ ਪਾਇਆ ਜੋ ਚੰਗਾ ਨਹੀ ਸੀ। ਵਿਵਾਦ ਦੀਆਂ ਉਸਦੀਆਂ ਵੀਡੀਓ ਵੀ ਕਾਫੀ ਵੱਡੇ ਪੱਧਰ ਦੇ ਉੱਤੇ ਵਾਇਰਲ ਹੋਈਆਂ। ਪਰੰਤੂ ਜਿਵੇਂ ਮੈਂ ਪਹਿਲਾਂ ਹੀ ਜ਼ਿਕਰ ਕੀਤਾ ਹੈ ਕਿ ਸੋਸ਼ਲ ਮੀਡੀਆ ਵਿੱਚ ਗੁਡ ਅਤੇ ਬੈਡ ਬਾਰੇ ਹਰ ਕਿਸੇ ਨੂੰ ਗਿਆਨ ਨਹੀ। ਸੋਸ਼ਲ ਮੀਡੀਆ ਤੇ ਚੱਕਰ ਹਮੇਸ਼ਾ ਰਹਿੰਦਾ ਹੈ ਸਿਰਫ ਤੇ ਸਿਰਫ ਵਿਊਜ ਦਾ ਨੇਮ ਤੇ ਫੇਮ ਦਾ। ਜਿਸ ਕਰਕੇ ਨਾ ਸਿਰਫ ਰਤੀਆ ਸਗੋਂ ਅੱਜ ਸੈਂਕੜੇ ਨੌਜਵਾਨ ਇਹ ਨੇਮ ਫੇਮ ਪ੍ਰਾਪਤ ਕਰਨ ਦੇ ਲਈ ਗਲਤ ਰਾਹ ਤੇ ਚੱਲ ਰਹੇ ਹਨ। ਤੇ ਇਹਨਾਂ ਨੂੰ ਪ੍ਰਮੋਟ ਕਰਨ ਵਾਲਾ ਵੀ ਸਾਡਾ ਸਮਾਜ ਤੇ ਅਸੀ ਸਾਰੇ ਹਾਂ ।



ਸੂਬੇ ਹਰਿਆਣਾ ਦੇ ਨਾਲ ਸੰਬੰਧਿਤ ਅਕਸਰ ਵਿਵਾਦਾਂ ਦੇ ਵਿੱਚ ਰਹਿਣ ਵਾਲਾ ਸੁੱਖ ਰੱਤੀਆ ਮਹਿਜ਼ 27 ਕੁ ਸਾਲਾਂ ਦਾ ਨੌਜਵਾਨ ਹੈ। ਜਿਸ ਦਾ ਅਸਲੀ ਨਾਮ ਸੁਖਪ੍ਰੀਤ ਸਿੰਘ ਹੈ। ਵੈਸੇ ਤਾਂ ਜੇਕਰ ਗੱਲ ਕੀਤੀ ਜਾਵੇ ਉਸ ਦੇ ਨਾਲ ਵਿਵਾਦਾਂ ਦੀ ਇੱਕ ਲੰਬੀ ਕਹਾਣੀ ਹੈ। ਸ਼ਰੇਆਮ ਸੋਸ਼ਲ ਮੀਡੀਆ ਦੇ ਉੱਤੇ ਇੱਕ ਕੁੜੀ ਨੂੰ ਗੰਦੀਆਂ ਗਾਲਾਂ ਕੱਢਣ ਉਸਦੀਆਂ ਕਈ ਵੀਡੀਓ ਪਈਆਂ ਹਨ। ਜਿੰਨਾ ਪੈਸਾ ਆਪਣੇ ਐਸ਼ੋ ਆਰਾਮ, ਨੇਮ ਫੇਮ ਅਤੇ ਆਪਣੇ ਫੋਲੋਰਜ ਨੂੰ ਪ੍ਰਭਾਵਿਤ ਕਰਨ ਲਈ ਸੁੱਖ ਰਤੀਏ ਨੂੰ ਚਾਹੀਦਾ ਸੀ, ਉਨਾ ਉਸ ਕੋਲ ਆਮਦਨ ਦਾ ਸਾਧਨ ਨਹੀ ਸੀ। ਸੋਸ਼ਲ ਮੀਡੀਆ ਤੋਂ ਕੀਤੀ ਗਈ ਕਮਾਈ ਉਸ ਲਈ ਨਾ ਕਾਫੀ ਸੀ। ਲਹਿਜਾ ਰੀਲ ਤੇ ਰੀਅਲ ਲਾਈਫ ਤੋਂ ਖੁੰਝ ਦਾ ਹੋਇਆ ਉਹ ਚਲ ਪਿਆ ਉਸ ਰਾਹ ਤੇ ਜੋ ਉਸ ਲਈ ਕੰਡਿਆਂ ਭਰਿਆ ਸੀ। ਉਸੇ ਰਾਹ ਦੇ ਉੱਤੇ ਚੱਲ ਕੇ ਉਸਨੇ ਜਾਨ ਲੈ ਲਈ ਕਿਸੇ ਬੇਕਸੂਰ ਦੀ। ਤਾਜ਼ਾ ਖਬਰ ਦੇ ਮੁਤਾਬਿਕ ਕੰਟੈਂਟ ਕ੍ਰਿਏਟਰ ਸੁਖਪ੍ਰੀਤ ਸਿੰਘ ਉਰਫ਼ ਸੁੱਖ ਰਤੀਆ ਨੂੰ ਇੱਕ ਔਰਤ ਦੇ ਕਤਲ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਸੁੱਖ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿਸ ਤੋਂ ਬਾਅਦ ਉਸਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ। ਸੁੱਖ ਰਤੀਆ 'ਤੇ ਮੁੰਬਈ ਵਿੱਚ ਕੰਟਰੈਕਟ ਉਤੇ ਇੱਕ ਔਰਤ ਦਾ ਗਲ਼ਾ ਵੱਢਣ ਦਾ ਵੱਡਾ ਇਲਜ਼ਾਮ ਹੈ।

ਮਿਲੀ ਹੋਈ ਜਾਣਕਾਰੀ ਅਨੁਸਾਰ ਇਹ ਘਟਨਾ ਵਿੱਚ ਸੁੱਖ ਰਤੀਆ ਦੇ ਮਾਮੇ ਦਾ ਪੁੱਤਰ ਵੀ ਉਸ ਦੇ ਨਾਲ ਸੀ। ਉਸਦਾ ਨਾਮ ਗੁਰਪ੍ਰੀਤ ਸਿੰਘ ਦੱਸਿਆ ਜਾ ਰਿਹਾ ਹੈ। ਦੋਵਾਂ ਨੂੰ ਉੱਤਰ ਪ੍ਰਦੇਸ਼ ਦੀ ਨੋਇਡਾ ਐਸਟੀਐਫ ਨੇ ਮੁੰਬਈ ਪੁਲਿਸ ਨਾਲ ਸਾਂਝੇ ਆਪ੍ਰੇਸ਼ਨ ਵਿੱਚ ਗ੍ਰਿਫ਼ਤਾਰ ਕੀਤਾ ਹੈ। ਕਿਹਾ ਜਾ ਰਿਹਾ ਹੈ ਪੁਲਿਸ ਪੁੱਛਗਿੱਛ ਦੌਰਾਨ ਉਹਨਾਂ ਨੇ ਇਹ ਵੀ ਕਬੂਲ ਕੀਤਾ ਹੈ ਕਿ ਉਨ੍ਹਾਂ ਨੇ 5 ਲੱਖ ਰੁਪਏ ਦਾ ਇਕਰਾਰਨਾਮਾ ਲੈ ਕੇ ਔਰਤ ਦਾ ਕਤਲ ਕੀਤਾ ਸੀ।

ਦੱਸਿਆ ਜਾ ਰਿਹਾ ਹੈ ਕਿ ਸੁੱਖ ਰਤੀਆ ਨੇ 18 ਮਈ 2025 ਦੀ ਰਾਤ ਨੂੰ ਨਵੀ ਮੁੰਬਈ ਦੇ ਸੈਕਟਰ 5 ਵਿੱਚ ਰਹਿਣ ਵਾਲੀ ਇੱਕ ਔਰਤ ਦਾ ਕਤਲ ਕਰ ਦਿੱਤਾ ਸੀ। ਔਰਤ ਦੀ ਪਛਾਣ ਅਲਵਿਨਾ ਕਿਸ਼ੋਰ ਸਿੰਘ ਉਰਫ ਅਲਵਿਨਾ ਆਦਮ ਅਲੀ ਖਾਨ (27) ਵਜੋਂ ਹੋਈ ਹੈ। ਇਸ ਮਾਮਲੇ ਵਿੱਚ ਪੁਲਿਸ ਨੇ ਸੁਖਪ੍ਰੀਤ ਸਿੰਘ ਅਤੇ ਉਸਦੇ ਮਾਮੇ ਦੇ ਪੁੱਤਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ।ਏਸੀਪੀ ਰਾਜਕੁਮਾਰ ਮਿਸ਼ਰਾ ਨੇ ਦੱਸਿਆ ਕਿ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਕਤਲ ਦੀ ਸੁਪਾਰੀ ਮ੍ਰਿਤਕਾ ਦੇ ਪਤੀ ਨੇ ਦਿੱਤੀ ਸੀ ਅਤੇ ਕਤਲ ਕਰਨ ਤੋਂ ਪਹਿਲਾਂ ਸੁਖਪ੍ਰੀਤ ਨੇ ਆਨਲਾਈਨ ਚਾਕੂ ਅਤੇ ਮਾਸਕ ਮੰਗਵਾਇਆ ਸੀ ਅਤੇ ਕਤਲ ਵਾਲੀ ਥਾਂ ਦੀ ਰੇਕੀ ਵੀ ਕੀਤੀ ਸੀ, ਜਿਸ ਤੋਂ ਬਾਅਦ 18 ਮਈ ਦੀ ਰਾਤ ਨੂੰ ਸੜਕ 'ਤੇ ਤੁਰਦੇ ਸਮੇਂ ਔਰਤ ਦਾ ਗਲ਼ਾ ਵੱਢ ਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ।

# ਡੀਐਮ ਚੰਡੀਗੜ੍ਹ ਦੇ ਨਿਰਦੇਸ਼ਾਂ ਹੇਠ ਐਨਐਚ-5 'ਤੇ ਨਾਜਾਇਜ਼ ਕਬਜ਼ਾ ਵਿਰੋਧੀ ਮੁਹਿੰਮ ਸਫਲਤਾਪੂਰਵਕ ਚਲਾਈ



ਚੰਡੀਗੜ੍ਹ, 27 ਮਈ (ਅੰਮ੍ਰਿਤਪਾਲ ਸਿੰਘ) : ਜ਼ਿਲ੍ਹਾ ਮੈਜਿਸਟ੍ਰੇਟ, ਚੰਡੀਗੜ੍ਹ ਦੇ ਨਿਰਦੇਸ਼ਾਂ ਹੇਠ, 27.05.25 ਨੂੰ ਹੱਲੋਮਾਜਰਾ ਲਾਈਟ ਪੁਆਇੰਟ ਤੋਂ ਕੇਂਦਰ ਸ਼ਾਸਤ ਪ੍ਰਦੇਸ਼ ਸਰਹੱਦ (ਜ਼ੀਰਕਪੁਰ ਵਾਲੇ ਪਾਸੇ) ਤੱਕ ਦੇ ਹਿੱਸੇ ਨੂੰ ਕਵਰ ਕਰਦੇ ਹੋਏ ਰਾਸ਼ਟਰੀ ਰਾਜਮਾਰਗ-05 ਦੇ ਨਾਲ ਰਾਈਟ ਆਫ ਵੇ ਤੇ ਅਣਅਧਿਕਾਰਤ ਕਬਜ਼ਿਆਂ ਨੂੰ ਹਟਾਉਣ ਲਈ ਇੱਕ ਵਿਸ਼ੇਸ਼ ਢਾਹੁਣ ਅਤੇ ਸਫਾਈ ਮੁਹਿੰਮ ਸਫਲਤਾਪੂਰਵਕ ਚਲਾਈ ਗਈ। ਇਹ ਮੁਹਿੰਮ, ਜੋ ਕਿ ਲਗਭਗ 2.5 ਕਿਲੋਮੀਟਰ ਦੀ ਦੂਰੀ ਨੂੰ ਕਵਰ ਕਰਦੀ ਹੈ, ਇੰਜੀਨੀਅਰਿੰਗ ਵਿਭਾਗ, ਚੰਡੀਗੜ੍ਹ ਪੁਲਿਸ ਅਤੇ ਹੋਰ ਸਬੰਧਤ ਅਧਿਕਾਰੀਆਂ ਦੇ ਤਾਲਮੇਲ ਵਾਲੇ ਯਤਨਾਂ ਨਾਲ ਸੁਚਾਰੂ ਅਤੇ ਕੁਸ਼ਲਤਾ ਨਾਲ ਚਲਾਈ ਗਈ। ਇਸ ਮੁਹਿੰਮ ਦਾ ਮੁੱਖ ਉਦੇਸ਼ ਜਨਤਕ ਜ਼ਮੀਨ ਨੂੰ ਮੁੜ ਪ੍ਰਾਪਤ ਕਰਨਾ ਅਤੇ ਸਾਈਕਲ ਟਰੈਕ ਵਰਗੇ ਪ੍ਰਵਾਨਿਤ ਮਾਸਟਰ ਪਲਾਨ ਦੇ ਅਨੁਸਾਰ ਬੁਨਿਆਦੀ ਢਾਂਚੇ ਦੇ ਨਿਰਵਿਘਨ ਵਿਕਾਸ ਅਤੇ ਵਿਸਥਾਰ ਨੂੰ ਯਕੀਨੀ ਬਣਾਉਣਾ ਸੀ। ਇਸ ਮਹੱਤਵਪੂਰਨ ਲਾਂਘੇ ਤੇ ਕਬਜ਼ੇ ਨੇ ਨਾ ਸਿਰਫ਼ ਵਿਕਾਸ ਗਤੀਵਿਧੀਆਂ ਵਿੱਚ ਰੁਕਾਵਟ ਪਾਈ ਸੀ, ਸਗੋਂ ਗੰਭੀਰ ਆਵਾਜਾਈ ਅਤੇ ਸੁਰੱਖਿਆ ਚਿੰਤਾਵਾਂ ਵੀ ਪੈਦਾ ਕੀਤੀਆਂ ਸਨ। ਸ਼ਹਿਰੀ ਯੋਜਨਾਬੰਦੀ ਦੇ ਸਿਧਾਂਤਾਂ ਅਤੇ ਜਨਤਕ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਕਬਜ਼ੇਦਾਰਾਂ ਨੂੰ ਸਵੈ-ਇੱਛਾ ਨਾਲ ਹਟਾਉਣ ਲਈ ਵਾਰ-ਵਾਰ ਨੋਟਿਸ ਅਤੇ ਮੌਕੇ ਦਿੱਤੇ ਗਏ। ਹਾਲਾਂਕਿ, ਪਾਲਣਾ ਨਾ ਕਰਨ ਤੇ, ਪ੍ਰਸ਼ਾਸਨ ਨੇ ਸਖ਼ਤ ਪਰ ਸ਼ਾਂਤਮਈ ਕਾਰਵਾਈ ਕੀਤੀ। ਅਧਿਕਾਰੀਆਂ, ਪੁਲਿਸ ਕਰਮਚਾਰੀਆਂ ਅਤੇ ਫੀਲਡ ਸਟਾਫ ਦੀ ਇੱਕ ਸਮਰਪਿਤ ਟੀਮ ਨੇ ਇਹ ਯਕੀਨੀ ਬਣਾਇਆ ਕਿ ਇਹ ਮੁਹਿੰਮ ਜਨਤਕ ਵਿਵਸਥਾ ਵਿੱਚ ਕਿਸੇ ਵੀ ਵਿਘਨ ਤੋਂ ਬਿਨਾਂ ਚਲਾਈ ਗਈ। ਆਵਾਜਾਈ ਦੇ ਪ੍ਰਵਾਹ ਨੂੰ ਬਣਾਈ ਰੱਖਣ ਅਤੇ ਯਾਤਰੀਆਂ ਅਤੇ ਨੇੜਲੇ ਨਿਵਾਸੀਆਂ ਨੂੰ ਘੱਟੋ-ਘੱਟ ਅਸੁਵਿਧਾ ਨੂੰ ਯਕੀਨੀ ਬਣਾਉਣ ਲਈ ਜ਼ਰੂਰੀ ਪ੍ਰਬੰਧ ਪਹਿਲਾਂ ਹੀ ਕੀਤੇ ਗਏ ਸਨ।ਮੁੜ ਪ੍ਰਾਪਤ ਕੀਤੇ ਗਏ ਖੇਤਰ ਨੂੰ ਹੁਣ ਚੰਡੀਗੜ੍ਹ ਪ੍ਰਸ਼ਾਸਨ ਦੀ ਪ੍ਰਵਾਨਿਤ ਬੁਨਿਆਦੀ ਢਾਂਚਾ ਯੋਜਨਾ ਅਨੁਸਾਰ ਵਿਕਸਤ ਕੀਤਾ ਜਾਵੇਗਾ, ਜਿਸ ਵਿੱਚ ਸੜਕ ਚੌੜੀ ਕਰਨਾ, ਸਰਵਿਸ ਲੇਨਾਂ ਦਾ ਨਿਰਮਾਣ, ਪੈਦਲ ਚੱਲਣ ਵਾਲੇ ਰਸਤੇ ਅਤੇ ਲਾਂਘੇ ਦਾ ਸੁੰਦਰੀਕਰਨ ਸ਼ਾਮਲ ਹੈ। ਇਹ ਪਹਿਲਕਦਮੀ ਵਾਹਨਾਂ ਦੀ ਭੀੜ ਨੂੰ ਘਟਾਉਣ, ਸੜਕ ਸੁਰੱਖਿਆ ਨੂੰ ਬਿਹਤਰ ਬਣਾਉਣ ਅਤੇ ਰੂਟ ਦੇ ਨਾਲ ਸ਼ਹਿਰੀ ਦ੍ਰਿਸ਼ ਨੂੰ ਵਧਾਉਣ ਵੱਲ ਇੱਕ ਮਹੱਤਵਪੂਰਨ ਕਦਮ ਹੈ।ਜ਼ਿਲ੍ਹਾ ਪ੍ਰਸ਼ਾਸਨ ਜਨਤਕ ਜ਼ਮੀਨ ਦੀ ਪਵਿੱਤਰਤਾ ਨੂੰ ਬਣਾਈ ਰੱਖਣ ਲਈ ਆਪਣੀ ਵਚਨਬੱਧਤਾ ਦੀ ਪੁਸ਼ਟੀ ਕਰਦਾ ਹੈ ਅਤੇ ਨਾਗਰਿਕਾਂ ਨੂੰ ਸਰਕਾਰੀ ਜਾਇਦਾਦ ਤੇ ਕਬਜ਼ਾ ਨਾ ਕਰਨ ਦੀ ਅਪੀਲ ਕਰਦਾ ਹੈ। ਇੱਕ ਸਾਫ਼, ਸੁਰੱਖਿਅਤ ਅਤੇ ਵਧੇਰੇ ਸੰਗਠਿਤ ਸ਼ਹਿਰ ਪ੍ਰਾਪਤ ਕਰਨ ਲਈ ਜਨਤਕ ਸਹਿਯੋਗ ਬਹੁਤ ਜ਼ਰੂਰੀ ਹੈ।

# ਨਿਸ਼ਾਂਤ ਕੁਮਾਰ ਯਾਦਵ ਵਲੋਂ ਨਾਰਕੋ ਕੋਆਰਡੀਨੇਸ਼ਨ ਸੈਂਟਰ ਮੀਟਿੰਗ ਦੀ ਪ੍ਰਧਾਨਗੀ



ਚੰਡੀਗੜ੍ਹ, 27 ਮਈ (ਅੰਮ੍ਰਿਤਪਾਲ ਸਿੰਘ) : ਯੂਟੀ ਚੰਡੀਗੜ੍ਹ ਦੇ ਡਿਪਟੀ ਕਮਿਸ਼ਨਰ ਸ਼੍ਰੀ ਨਿਸ਼ਾਂਤ ਕੁਮਾਰ ਯਾਦਵ ਨੇ ਕੇਂਦਰ ਸ਼ਾਸਤ ਪ੍ਰਦੇਸ਼ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ, ਪਦਾਰਥਾਂ ਦੀ ਦੁਰਵਰਤੋਂ ਅਤੇ ਸਬੰਧਤ ਜਨਤਕ ਸਿਹਤ ਅਤੇ ਸੁਰੱਖਿਆ ਚਿੰਤਾਵਾਂ ਨਾਲ ਸਬੰਧਤ ਮੌਜੂਦਾ ਮੁੱਦਿਆਂ ਤੇ ਵਿਚਾਰ-ਵਟਾਂਦਰਾ ਕਰਨ ਲਈ ਨਾਰਕੋ ਕੋਆਰਡੀਨੇਸ਼ਨ ਸੈਂਟਰ (ਐਨਸੀਓਆਰਡੀ) ਦੀ ਇੱਕ ਮੀਟਿੰਗ ਦੀ ਪ੍ਰਧਾਨਗੀ ਕੀਤੀ। ਇਹ ਮੀਟਿੰਗ ਲਾਗੂ ਕਰਨ ਦੇ ਢੰਗ ਨੂੰ ਮਜ਼ਬੂਤ ਕਰਨ, ਅੰਤਰ-ਵਿਭਾਗੀ ਤਾਲਮੇਲ ਨੂੰ ਸੁਚਾਰੂ ਬਣਾਉਣ ਅਤੇ ਨਸ਼ਾ ਵਿਰੋਧੀ ਉਪਾਵਾਂ ਦੇ ਜ਼ਮੀਨੀ ਪੱਧਰ ਤੇ ਪ੍ਰਭਾਵਸ਼ਾਲੀ ਲਾਗੂਕਰਨ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ ਬੁਲਾਈ ਗਈ ਸੀ। ਵਿਚਾਰ-ਵਟਾਂਦਰੇ ਦੌਰਾਨ, ਡਿਪਟੀ ਕਮਿਸ਼ਨਰ ਨੇ ਸਾਰੇ ਉਪ-ਮੰਡਲ ਮੈਜਿਸਟ੍ਰੇਟਾਂ (ਐਸ.ਡੀ.ਐਮ.) ਨੂੰ ਆਪਣੇ-ਆਪਣੇ ਅਧਿਕਾਰ ਖੇਤਰ ਵਿੱਚ ਪ੍ਰਤੀ ਮਹੀਨਾ ਘੱਟੋ-ਘੱਟ ਤਿੰਨ ਕੈਮਿਸਟ ਦੁਕਾਨਾਂ ਦਾ ਨਿਰੀਖਣ ਕਰਨ ਦੇ ਨਿਰਦੇਸ਼ ਦਿੱਤੇ। ਇਹ ਨਿਰੀਖਣ ਡਰੱਗ ਇੰਸਪੈਕਟਰਾਂ ਦੇ ਸਹਿਯੋਗ ਨਾਲ ਕੀਤੇ ਜਾਣੇ ਹਨ ਤਾਂ ਜੋ ਫਾਰਮਾਸਿਊਟੀਕਲ ਪਦਾਰਥਾਂ ਦੀ ਵਿਕਰੀ ਅਤੇ ਵੰਡ ਨੂੰ ਨਿਯੰਤ੍ਰਿਤ ਕਰਨ ਵਾਲੇ ਰੈਗੂਲੇਟਰੀ ਨਿਯਮਾਂ ਦੀ ਵਿਆਪਕ ਪਾਲਣਾ ਨੂੰ ਯਕੀਨੀ ਬਣਾਇਆ ਜਾ ਸਕੇ। ਨਿਰਦੇਸ਼ ਦਾ ਮੁੱਖ ਉਦੇਸ਼ ਇਹ ਯਕੀਨੀ ਬਣਾਉਣਾ ਸੀ ਕਿ ਯੂ.ਟੀ. ਚੰਡੀਗੜ੍ਹ ਦੀਆਂ ਸਾਰੀਆਂ ਕੈਮਿਸਟ ਦੁਕਾਨਾਂ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ, ਪਦਾਰਥਾਂ ਦੀ ਦੁਰਵਰਤੋਂ ਅਤੇ ਸਬੰਧਤ ਜਨਤਕ ਸਿਹਤ ਅਤੇ ਸੁਰੱਖਿਆ ਚਿੰਤਾਵਾਂ ਨਾਲ ਸਬੰਧਤ ਮੌਜੂਦਾ ਮੁੱਦਿਆਂ ਤੇ ਚਰਚਾ ਕਰਨ ਲਈ। ਚੰਡੀਗੜ੍ਹ ਕਾਰਜਸ਼ੀਲ ਅਤੇ ਰਣਨੀਤਕ ਤੌਰ ਤੇ ਸਥਿਤ ਸੀਸੀਟੀਵੀ ਕੈਮਰਿਆਂ ਨਾਲ ਲੈਸ ਹੈ, ਜੋ ਦੁਕਾਨ ਦੇ ਅਹਾਤੇ ਦੀ ਪੂਰੀ ਵਿਜ਼ੂਅਲ ਕਵਰੇਜ ਪ੍ਰਦਾਨ ਕਰਦੇ ਹਨ। ਇਹ ਵੀ ਲਾਜ਼ਮੀ ਹੈ ਕਿ ਅਜਿਹੇ ਸਾਰੇ ਸੀਸੀਟੀਵੀ ਸਿਸਟਮ ਰਿਕਾਰਡ ਕੀਤੇ ਫੁਟੇਜ ਦੀ ਘੱਟੋ-ਘੱਟ 30 ਦਿਨਾਂ ਦੀ ਬੈਕਅੱਪ ਸਟੋਰੇਜ ਸਮਰੱਥਾ ਬਣਾਈ ਰੱਖਣ। ਇਹ ਉਪਾਅ ਗੈਰ-ਕਾਨੂੰਨੀ ਗਤੀਵਿਧੀਆਂ ਵਿਰੁੱਧ ਰੋਕਥਾਮ ਅਤੇ ਫਾਰਮਾਸਿਊਟੀਕਲ ਪ੍ਰਚੂਨ ਖੇਤਰ ਵਿੱਚ ਜਵਾਬਦੇਹੀ ਨੂੰ ਮਜ਼ਬੂਤ ਕਰਨ ਲਈ ਪੇਸ਼ ਕੀਤਾ ਜਾ ਰਿਹਾ ਹੈ। ਇਸ ਗੱਲ ਤੇ ਵੀ ਜ਼ੋਰ ਦਿੱਤਾ ਗਿਆ ਕਿ ਅਜਿਹੇ ਨਿਰੀਖਣ ਦੌਰਾਨ ਪਛਾਣੇ ਗਏ ਗੈਰ-ਪਾਲਣਾ ਜਾਂ ਰੈਗੂਲੇਟਰੀ ਉਲੰਘਣਾਵਾਂ ਦੇ ਕਿਸੇ ਵੀ ਮਾਮਲੇ ਤੇ ਕਾਨੂੰਨ ਦੇ ਸੰਬੰਧਿਤ ਉਪਬੰਧਾਂ ਅਨੁਸਾਰ ਸਖ਼ਤ ਸਜ਼ਾਯੋਗ ਕਾਰਵਾਈ ਕੀਤੀ ਜਾਵੇਗੀ। ਜ਼ਿਲ੍ਹਾ ਸੂਚਨਾ ਅਧਿਕਾਰੀ ਨੂੰ ਇੱਕ ਪੋਰਟਲ ਵਿਕਸਤ ਕਰਨ ਦੇ ਨਿਰਦੇਸ਼ ਦਿੱਤੇ ਗਏ ਸਨ ਜਿੱਥੇ ਕੈਮਿਸਟਾਂ ਕੋਲ ਉਪਲਬਧ ਸਾਰੀਆਂ ਸ਼ਡਿਊਲਡ-ਐੱਚ ਦਵਾਈਆਂ ਦਾ ਰਿਕਾਰਡ ਅਸਲ ਸਮੇਂ ਦੀ ਨਿਗਰਾਨੀ ਲਈ ਅਪਲੋਡ ਕੀਤਾ ਜਾ ਸਕੇ। ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਜੀਐਮਐਸਐਚ ਸੈਕਟਰ 16, ਚੰਡੀਗੜ੍ਹ ਵਿਖੇ ਇੱਕ ਨਸ਼ਾ ਛੁਡਾਊ ਕੇਂਦਰ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ ਗਏ ਸਨ। ਇਸ ਤੋਂ ਇਲਾਵਾ, ਸਿੱਖਿਆ ਵਿਭਾਗ, ਯੂ.ਟੀ. ਚੰਡੀਗੜ੍ਹ ਨੂੰ ਵਿਦਿਅਕ ਸੰਸਥਾਵਾਂ ਦੇ 100 ਗਜ਼ ਦੇ ਘੇਰੇ ਵਿੱਚ ਕੰਮ ਕਰਨ ਵਾਲੇ ਕਿਸੇ ਵੀ ਤੰਬਾਕੂ ਵਿਕਰੇਤਾ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਖਤਮ ਕਰਨ ਲਈ ਇੱਕ ਵਿਆਪਕ ਸਰਵੇਖਣ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਕੀਤੀ ਗਈ ਕਾਰਵਾਈ ਬਾਰੇ ਇੱਕ ਸੰਯੁਕਤ ਰਿਪੋਰਟ ਪੁਲਿਸ ਸੁਪਰਡੈਂਟ (ਅਪਰਾਧ), ਯੂ.ਟੀ. ਨੂੰ ਸੌਂਪੀ ਜਾਵੇਗੀ। ਨੂੰ ਪੇਸ਼ ਕੀਤਾ ਜਾਣਾ ਹੈ। ਚੰਡੀਗੜ੍ਹ, ਇਸ ਨਿਰਦੇਸ਼ ਦੇ ਜਾਰੀ ਹੋਣ ਦੀ ਮਿਤੀ ਤੋਂ ਪੰਦਰਾਂ (15) ਦਿਨਾਂ ਦੇ ਅੰਦਰ। ਇਸ ਤੋਂ ਇਲਾਵਾ, ਪੁਲਿਸ ਵਿਭਾਗ ਅਤੇ ਸਿੱਖਿਆ ਵਿਭਾਗ ਨੂੰ ਸਾਂਝੇ ਤੌਰ ਤੇ ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਨਸ਼ਿਆਂ ਦੀ ਦੁਰਵਰਤੋਂ ਦੇ ਖ਼ਤਰਿਆਂ ਬਾਰੇ ਜਾਗਰੂਕ ਕਰਨ ਲਈ ਜਾਗਰੂਕਤਾ ਮੁਹਿੰਮਾਂ ਅਤੇ ਵਿਦਿਅਕ ਪ੍ਰੋਗਰਾਮਾਂ ਦਾ ਆਯੋਜਨ ਕਰਨ ਦੇ ਉਦੇਸ਼ ਨਾਲ ਇੱਕ ਢਾਂਚਾਗਤ ਕਾਰਜ ਯੋਜਨਾ ਤਿਆਰ ਕਰਨ ਅਤੇ ਲਾਗੂ ਕਰਨ ਦਾ ਕੰਮ ਸੌਂਪਿਆ ਗਿਆ ਹੈ। ਇਹਨਾਂ ਪਹਿਲਕਦਮੀਆਂ ਦਾ ਉਦੇਸ਼ ਲਚਕੀਲਾਪਣ ਪੈਦਾ ਕਰਨਾ, ਸਿਹਤਮੰਦ ਜੀਵਨ ਸ਼ੈਲੀ ਦੇ ਵਿਕਲਪਾਂ ਨੂੰ ਉਤਸ਼ਾਹਿਤ ਕਰਨਾ ਅਤੇ ਸ਼ਹਿਰ ਭਰ ਵਿੱਚ ਨਸ਼ਾ-ਮੁਕਤ ਵਾਤਾਵਰਣ ਨੂੰ ਉਤਸ਼ਾਹਿਤ ਕਰਨਾ ਹੈ। ਮੀਟਿੰਗ ਵਿੱਚ ਭਾਰਤ ਸਰਕਾਰ ਦੁਆਰਾ ਟੈਲੀ ਮਾਨਸ (ਰਾਜਾਂ ਵਿੱਚ ਮਾਨਸਿਕ ਸਿਹਤ ਸਹਾਇਤਾ ਅਤੇ ਨੈੱਟਵਰਕਿੰਗ) ਪਹਿਲਕਦਮੀ ਦੀ ਦੇਸ਼ ਵਿਆਪੀ ਸ਼ੁਰੂਆਤ ਦਾ ਵੀ ਧਿਆਨ ਵਿੱਚ ਰੱਖਿਆ ਗਿਆ। ਇਹ ਪ੍ਰੋਗਰਾਮ ਟੈਲੀਫੋਨ ਅਤੇ ਡਿਜੀਟਲ ਪਲੇਟਫਾਰਮਾਂ ਰਾਹੀਂ 24⊘7 ਮਾਨਸਿਕ ਸਿਹਤ ਸਲਾਹ ਅਤੇ ਸਹਾਇਤਾ ਸੇਵਾਵਾਂ ਪ੍ਰਦਾਨ ਕਰਦਾ ਹੈ। ਟੈਲੀ ਮਾਨਸ ਦਾ ਮੁੱਖ ਉਦੇਸ਼ ਮਨੋਵਿਗਿਆਨਕ ਪ੍ਰੇਸ਼ਾਨੀ, ਮਾਨਸਿਕ ਸਿਹਤ ਵਿਕਾਰ ਜਾਂ ਤਣਾਅ-ਸੰਬੰਧੀ ਮੁੱਦਿਆਂ ਦਾ ਸਾਹਮਣਾ ਕਰ ਰਹੇ ਵਿਅਕਤੀਆਂ ਨੂੰ ਸਮੇਂ ਸਿਰ ਭਾਵਨਾਤਮਕ ਸਹਾਇਤਾ, ਮੁਕਾਬਲਾ ਕਰਨ ਦੀਆਂ ਰਣਨੀਤੀਆਂ ਅਤੇ ਪੇਸ਼ੇਵਰ ਰੈਫਰਲ ਪ੍ਰਦਾਨ ਕਰਨਾ ਹੈ। ਨਾਗਰਿਕਾਂ ਨੂੰ ਰਾਸ਼ਟਰੀ ਮਾਨਸਿਕ ਸਿਹਤ ਹੈਲਪਲਾਈਨ ਨੰਬਰ 14416 ਤੇ ਕਾਲ ਕਰਕੇ ਟੈਲੀ ਮਾਨਸ ਦੀਆਂ ਮੁਫ਼ਤ ਅਤੇ ਗੁਪਤ ਸੇਵਾਵਾਂ ਦਾ ਲਾਭ ਉਠਾਉਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਡਿਪਟੀ ਕਮਿਸ਼ਨਰ ਨੇ ਨਸ਼ਿਆਂ ਦੀ ਦੁਰਵਰਤੋਂ ਨੂੰ ਰੋਕਣ, ਜਨਤਕ ਸਿਹਤ ਦੀ ਰੱਖਿਆ ਕਰਨ ਅਤੇ ਸਰਗਰਮ ਸ਼ਾਸਨ, ਚੌਕਸ ਲਾਗੂਕਰਨ ਅਤੇ ਨਿਰੰਤਰ ਜਾਗਰੂਕਤਾ ਪਹਿਲਕਦਮੀਆਂ ਰਾਹੀਂ ਕੇਂਦਰ ਸ਼ਾਸਤ ਪ੍ਰਦੇਸ਼ ਦੀ ਭਲਾਈ ਨੂੰ ਯਕੀਨੀ ਬਣਾਉਣ ਤੇ ਜ਼ੋਰ ਦਿੱਤਾ। ਚੰਡੀਗੜ੍ਹ ਦੇ ਨਾਗਰਿਕਾਂ ਦੀ ਸਮੁੱਚੀ ਭਲਾਈ ਨੂੰ ਯਕੀਨੀ ਬਣਾਉਣ ਲਈ ਪ੍ਰਸ਼ਾਸਨ ਦੀ ਅਟੁੱਟ ਵਚਨਬੱਧਤਾ ਨੂੰ ਦੁਹਰਾਇਆ।

# ਅੱਤਵਾਦ, ਕਿਸੇ ਵੀ ਰੂਪ ਵਿੱਚ, ਸੱਭਿਅਤਾ ਅਤੇ ਮਨੁੱਖੀ ਵਿਕਾਸ ਲਈ ਸਭ ਤੋਂ ਵੱਡਾ ਖ਼ਤਰਾ : ਲੋਕ ਸਭਾ ਸਪੀਕਰ



ਨਵੀਂ ਦਿੱਲੀ, 27 ਮਈ (ਚ.ਨ.ਸ.) : ਲੋਕ ਸਭਾ ਸਪੀਕਰ ਸ਼੍ਰੀ ਓਮ ਬਿਰਲਾ ਨੇ ਅੱਜ ਇਸ ਗੱਲ ਤੇ ਜ਼ੋਰ ਦਿੱਤਾ ਕਿ ਅੱਤਵਾਦ, ਕਿਸੇ ਵੀ ਰੂਪ ਵਿੱਚ, ਸਭਿਅਤਾ ਅਤੇ ਮਨੁੱਖੀ ਵਿਕਾਸ ਲਈ ਸਭ ਤੋਂ ਵੱਡਾ ਖ਼ਤਰਾ ਹੈ। ਉਨ੍ਹਾਂ ਕਿਹਾ ਕਿ ਇਹ ਕਿਸੇ ਇੱਕ ਦੇਸ਼ ਜਾਂ ਖੇਤਰ ਲਈ ਖ਼ਤਰਾ ਨਹੀਂ ਹੈ ਸਗੋਂ ਪੂਰੀ ਮਨੁੱਖਤਾ ਲਈ ਇੱਕ ਸਖ਼ਤ ਚੁਣੌਤੀ ਹੈ। ਉਨ੍ਹਾਂ ਉਮੀਦ ਪ੍ਰਗਟਾਈ ਕਿ ਸਾਰੇ ਦੇਸ਼ ਅੱਤਵਾਦ ਦੇ ਇਸ ਖ਼ਤਰੇ ਨਾਲ ਲੜਨ ਲਈ ਇੱਕ ਸਾਂਝੇ ਮੋਰਚੇ ਅਤੇ ਰਣਨੀਤੀ ਨਾਲ ਇਕੱਠੇ ਖੜ੍ਹੇ ਹੋਣਗੇ। ਉਨ੍ਹਾਂ ਨੇ ਅੱਤਵਾਦ ਵਿਰੁੱਧ ਲੜਾਈ ਵਿੱਚ ਭਾਰਤ ਨਾਲ ਇਕਜੁੱਟਤਾ ਪ੍ਰਗਟ ਕਰਨ ਲਈ ਸ਼੍ਰੀਲੰਕਾ ਦੇ ਸੰਸਦੀ ਵਫ਼ਦ ਦਾ ਧੰਨਵਾਦ ਕੀਤਾ। ਸੰਸਦ ਭਵਨ ਵਿਖੇ ਵਫ਼ਦ ਦੇ ਮੈਂਬਰਾਂ ਦਾ ਸਵਾਗਤ ਕਰਦੇ ਹੋਏ, ਸ਼੍ਰੀ ਬਿਰਲਾ ਨੇ ਕਿਹਾ ਕਿ ਭਾਰਤ ਅਤੇ ਸ਼੍ਰੀਲੰਕਾ ਦੀ ਦੋਸਤੀ ਸਾਂਝੀ ਸੱਭਿਆਚਾਰਕ, ਅਧਿਆਤਮਿਕ ਅਤੇ ਸੱਭਿਅਤਾ ਦੀਆਂ ਕਦਰਾਂ-ਕੀਮਤਾਂ ਤੇ ਅਧਾਰਤ ਹੈ। ਉਨ੍ਹਾਂ ਮਾਣ ਨਾਲ ਕਿਹਾ ਕਿ ਬੁੱਧ ਧਰਮ ਦੀ ਸਾਂਝੀ ਵਿਰਾਸਤ ਦੋਵਾਂ ਦੇਸ਼ਾਂ ਨੂੰ ਜੋੜਦੀ ਹੈ।ਭਾਰਤ ਦੀ ਸੰਸਦ ਦੇ ਕੰਮਕਾਜ ਵਿੱਚ ਅਪਣਾਈਆਂ ਜਾ ਰਹੀਆਂ ਵੱਖ-ਵੱਖ ਤਕਨੀਕੀ ਕਾਢਾਂ ਬਾਰੇ ਬੋਲਦਿਆਂ, ਸ਼੍ਰੀ ਬਿਰਲਾ ਨੇ ਕਿਹਾ ਕਿ ਭਾਰਤ ਦੀ ਸੰਸਦ ਡਿਜੀਟਲ ਅਤੇ ਏਆਈ ਅਧਾਰਤ ਤਕਨਾਲੋਜੀਆਂ ਰਾਹੀਂ ਸੰਸਦੀ ਪ੍ਰਣਾਲੀ ਵਿੱਚ ਜਨਤਕ ਭਾਗੀਦਾਰੀ ਅਤੇ ਪਾਰਦਰਸ਼ਤਾ ਨੂੰ ਉਤਸ਼ਾਹਿਤ ਕਰ ਰਹੀ ਹੈ।ਸ਼੍ਰੀ ਬਿਰਲਾ ਨੇ ਇਸ ਗੱਲ ਤੇ ਵੀ ਖੁਸ਼ੀ ਪ੍ਰਗਟ ਕੀਤੀ ਕਿ ਰਿਸਰਚ ਐਂਡ ਟ੍ਰੇਨਿੰਗ ਇੰਸਟੀਚਿਊਟ ਫਾਰ ਪਾਰਲੀਮੈਂਟਰੀ ਡੈਮੋਕਰੇਸੀ ਨੇ ਪਿਛਲੇ ਕਈ ਸਾਲਾਂ ਵਿੱਚ 110 ਤੋਂ ਵੱਧ ਦੇਸ਼ਾਂ ਦੇ ਸੰਸਦ ਮੈਂਬਰਾਂ ਅਤੇ ਅਧਿਕਾਰੀਆਂ ਲਈ ਸਮਰੱਥਾ ਨਿਰਮਾਣ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਹੈ। ਉਨ੍ਹਾਂ ਉਮੀਦ ਪ੍ਰਗਟਾਈ ਕਿ ਭਾਰਤੀ ਸੰਸਦ ਵਿਖੇ ਸ਼੍ਰੀਲੰਕਾ ਦੇ ਸੰਸਦੀ ਵਫ਼ਦ ਲਈ ਆਯੋਜਿਤ ਸਮਰੱਥਾ ਨਿਰਮਾਣ ਪ੍ਰੋਗਰਾਮ ਉਨ੍ਹਾਂ ਨੂੰ ਇਸ ਗੱਲ ਦੀ ਸਮਝ ਪ੍ਰਦਾਨ ਕਰੇਗਾ।

# ਖੱਤਰੀ ਸਭਾ ਜ਼ਿਲ੍ਹਾ ਬਰਨਾਲਾ ਵੱਲੋਂ ਭਰਤੀ ਮੁਹਿੰਮ ਨਾਲ ਜੁੜਨ ਦਾ ਐਲਾਨ

ਚੰਡੀਗੜ੍ਹ, 27 ਮਈ (ਹਰਦੀਪ ਕੌਰ) ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਸ਼੍ਰੀ ਅਕਾਲ ਤਖ਼ਤ ਸਾਹਿਬ ਤੋਂ ਬਣੀ ਭਰਤੀ ਕਮੇਟੀ ਨੂੰ ਪੂਰੇ ਪੰਜਾਬ ਭਰ ਵਿੱਚੋਂ ਵੱਡਾ ਹੁੰਗਾਰਾ ਮਿਲ ਰਿਹਾ ਹੈ।ਅੱਜ ਜ਼ਿਲ੍ਹਾ ਬਰਨਾਲਾ ਦੇ ਕਸਬਾ ਸਹਿਣਾ ਵਿੱਚ ਯੂਥ ਅਕਾਲੀ ਦਲ ਦੇ ਜ਼ਿਲਾ ਪ੍ਰਧਾਨ ਤਰਨਜੀਤ ਸਿੰਘ ਦੁੱਗਲ ਦੀ ਅਗਵਾਈ ਹੇਠ ਖੱਤਰੀ ਸਭਾ ਨੇ ਭਰਤੀ ਮੁਹਿੰਮ ਨਾਲ ਜੁੜਨ ਦਾ ਐਲਾਨ ਕੀਤਾ।ਸਰਦਾਰ ਤਰਨਜੀਤ ਸਿੰਘ ਦੁੱਗਲ ਦੀ ਅਗਵਾਈ ਹੇਠ ਖੱਤਰੀ ਸਭਾ ਦੇ ਜਿਲ੍ਹਾ ਪ੍ਰਧਾਨ ਪਵਨ ਧੀਰ ਨੇ ਸਮੁੱਚੀ ਖੱਤਰੀ ਸਭਾ ਵੱਲੋ ਵਿਸ਼ਵਾਸ਼ ਦਿਵਾਇਆ ਕਿ, ਜਿਲ੍ਹਾ ਬਰਨਾਲਾ ਵਿੱਚ ਘਰ-ਘਰ ਜਾ ਕੇ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਮੁਹਿੰਮ ਵਿੱਚ ਯੋਗਦਾਨ ਪਾਇਆ ਜਾਵੇਗਾ। ਬਰਨਾਲਾ ਦੇ ਕਸਬਾ ਸਹਿਣਾ ਵਿੱਚ ਭਰਤੀ ਮੁਹਿੰਮ ਨੂੰ ਤੇਜ ਕਰਦੇ ਹੋਏ ਸਰਦਾਰ ਤਰਨਜੀਤ ਸਿੰਘ ਦੁੱਗਲ ਨੇ ਕਿਹਾ ਕਿ, ਅੱਜ ਪੰਜਾਬ ਨੂੰ ਮਜ਼ਬੂਤ ਖੇਤਰੀ ਪ੍ਰਤੀਨਿਧ ਧਿਰ ਲੋੜ ਹੈ। ਇਸ ਲਈ ਸ਼੍ਰੋਮਣੀ ਅਕਾਲੀ ਦਲ ਦਾ ਮਜ਼ਬੂਤ ਹੋਣਾ ਹੀ ਪੰਜਾਬ ਦੀ ਤਰੱਕੀ ਲਈ ਲਾਹੇਵੰਦ ਹੈ। ਓਹਨਾ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹੀ ਪੰਜਾਬ ਵਿੱਚ ਭਾਈਚਾਰਕ ਏਕਤਾ ਨੂੰ ਮਜ਼ਬੂਤ ਰੱਖ ਸਕਦਾ ਹੈ। ਇਸ ਮੌਕੇ ਸਰਦਾਰ ਤਰਨਜੀਤ ਸਿੰਘ ਦੁੱਗਲ ਨੇ ਸਾਰੀਆਂ ਧਾਰਮਿਕ, ਸਮਾਜਿਕ ਸਭਾਵਾਂ ਨੂੰ ਅਪੀਲ ਕੀਤੀ ਕਿ ਸਾਰੀਆਂ ਸਭਾਵਾਂ ਇਕੱਠੀਆਂ ਹੋ ਕੇ ਆਪਣੀ ਰਾਜਸੀ ਸ਼ਕਤੀ ਨੂੰ ਮਜਬੂਰ ਕਰਨ ਭਰਤੀ ਮੁਹਿੰਮ ਨਾਲ ਜੁੜਨ। ਇਸ ਦੇ ਨਾਲ ਹੀ ਓਹਨਾ ਨੌਜਵਾਨਾਂ ਨੂੰ ਖਾਸ ਅਪੀਲ ਕੀਤੀ ਕਿ ਅੱਜ ਨੌਜਵਾਨੀ ਅੱਗੇ ਆਕੇ ਆਪਣੀ ਸਿਆਸੀ ਧਿਰ ਦੇ ਨਾਲ ਵੱਧ ਤੋਂ ਵੱਧ ਜੁੜਨ ਅਤੇ ਆਪਣੀ ਪਾਰਟੀ ਨੂੰ ਮਜ਼ਬੂਤ ਕਰਨ ਦੇ ਕਾਰਜ ਵਿੱਚ ਆਪਣਾ ਯੋਗਦਾਨ ਅਦਾ ਕਰਨ।

# 15000 ਰੁਪਏ ਲੈਣ ਦੇ ਦੋਸ਼ ਹੇਠ ਵਿਜੀਲੈਂਸ ਬਿਊਰੋ ਵੱਲੋਂ ਪੀ.ਐਸ.ਪੀ.ਸੀ.ਐਲ. ਦਾ ਲਾਈਨਮੈਨ ਗ੍ਰਿਫ਼ਤਾਰ

ਚੰਡੀਗੜ੍ਹ, 27 ਮਈ (ਚ.ਨ.ਸ.) : ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਜਾਰੀ ਆਪਣੀ ਮੁਹਿੰਮ ਦੌਰਾਨ ਅੰਮ੍ਰਿਤਸਰ ਜ਼ਿਲ੍ਹੇ ਦੇ ਸਬ-ਡਵੀਜ਼ਨ ਜਸਤਰਵਾਲ ਵਿਖੇ ਤਾਇਨਾਤ ਪੀ.ਐਸ.ਪੀ.ਸੀ.ਐਲ. ਦੇ



ਲਾਈਨਮੈਨ ਹਰਦੀਪ ਸਿੰਘ ਨੂੰ 15000 ਰੁਪਏ ਰਿਸ਼ਵਤ ਮੰਗਣ ਅਤੇ ਲੈਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਅੰਮ੍ਰਿਤਸਰ ਜ਼ਿਲ੍ਹੇ ਦੀ ਤਹਿਸੀਲ ਲੋਪੋਕੇ ਦੇ ਪਿੰਡ ਮੁਹਾਰਾ ਦੇ ਵਸਨੀਕ ਵੱਲੋਂ ਮੁੱਖ ਮੰਤਰੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ 'ਤੇ ਦਰਜ ਕਰਵਾਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਸ਼ਿਕਾਇਤਕਰਤਾ ਨੇ ਦੋਸ਼ ਲਾਇਆ ਕਿ ਹਾਲ ਹੀ ਵਿੱਚ ਆਈਆਂ ਹਨੇਰੀਆਂ/ਤੂਫ਼ਾਨਾਂ ਦੌਰਾਨ ਉਸਦੇ ਖੇਤਾਂ ਵਿੱਚ ਲੱਗਿਆ ਬਿਜਲੀ ਟਰਾਂਸਫਾਰਮਰ ਡਿੱਗ ਗਿਆ ਸੀ ਅਤੇ ਇਸਨੂੰ ਠੀਕ ਕਰਨ ਬਦਲੇ ਉਕਤ ਲਾਈਨਮੈਨ ਨੇ ਉਸਤੋਂ 15,000 ਰੁਪਏ ਰਿਸ਼ਵਤ ਦੀ ਮੰਗੀ ਹੈ। ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤ ਦੀ ਪੜਤਾਲ ਤੋਂ ਪਤਾ ਲੱਗਾ ਕਿ ਮੁਲਜ਼ਮ ਲਾਈਨਮੈਨ ਨੇ ਸ਼ਿਕਾਇਤਕਰਤਾ ਤੋਂ 15,000 ਰੁਪਏ ਰਿਸ਼ਵਤ ਮੰਗੀ ਸੀ ਅਤੇ ਪਹਿਲੀ ਕਿਸ਼ਤ ਵਜੋਂ 5000 ਰੁਪਏ ਨਕਦ ਲੈ ਲਏ ਸਨ। ਇਸ ਤੋਂ ਬਾਅਦ ਵਿੱਚ ਉਕਤ ਲਾਈਨਮੈਨ ਨੇ ਸ਼ਿਕਾਇਤਕਰਤਾ ਨੂੰ ਟ$ਰਾਂਸਫਾਰਮਰ ਲਵਾਉਣ ਵਿੱਚ ਸਹਾਇਤਾ ਕਰਨ ਲਈ ਇੱਕ ਹੋਰ ਵਿਅਕਤੀ ਨੂੰ 1000 ਰੁਪਏ ਦੇਣ ਲਈ ਕਿਹਾ। ਇਸ ਤੋਂ ਇਲਾਵਾ ਮੁਲਜ਼ਮ ਲਾਈਨਮੈਨ ਲਗਾਤਾਰ ਆਪਣੀ ਆਵਾਜ਼ ਵਿੱਚ ਸੁਨੇਹਿਆਂ ਅਤੇ ਕਾਲਾਂ ਰਾਹੀਂ ਸ਼ਿਕਾਇਤਕਰਤਾ ਤੋਂ ਬਾਕੀ 10,000 ਰੁਪਏ ਦੀ ਮੰਗ ਕਰਦਾ ਰਿਹਾ, ਜਿਸ ਦੇ ਚਲਦਿਆਂ ਸ਼ਿਕਾਇਤਕਰਤਾ ਨੇ ਆਪਣੇ ਮੋਬਾਈਲ 'ਤੋਂ ਗੂਗਲ ਪੇ ਰਾਹੀਂ ਉਸਨੂੰ 10,000 ਰੁਪਏ ਟ੍ਰਾਂਸਫਰ ਕਰ ਦਿੱਤੇ। ਉਨ੍ਹਾਂ ਅੱਗੇ ਦੱਸਿਆ ਕਿ ਮੁਲਜ਼ਮ ਦੀਆਂ ਕਾਲ ਰਿਕਾਰਡਿੰਗਾਂ, ਯੂਪੀਆਈ ਲੈਣ-ਦੇਣ ਦੇ ਸਕ੍ਰੀਨਸ਼ਾਟ, ਬੈਂਕ ਸਟੇਟਮੈਂਟ ਅਤੇ ਵੌਇਸ ਸੁਨੇਹਿਆਂ ਸਮੇਤ ਦਿੱਤੇ ਗਏ ਸਬੂਤਾਂ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਉਕਤ ਮੁਲਜ਼ਮ ਨੇ ਸ਼ਿਕਾਇਤਰਤਾ ਤੋਂ 15,000 ਰੁਪਏ ਦੀ ਰਿਸ਼ਵਤ ਮੰਗੀ ਸੀ ਅਤੇ ਇਹ ਰਕਮ ਪ੍ਰਾਪਤ ਵੀ ਕਰ ਲਈ ਸੀ। ਜਾਂਚ ਦੇ ਆਧਾਰ 'ਤੇ ਉਕਤ ਮੁਲਜ਼ਮ ਵਿਰੁੱਧ ਵਿਜੀਲੈਂਸ ਬਿਊਰੋ ਦੇ ਪੁਲਿਸ ਥਾਣਾ ਅੰਮ੍ਰਿਤਸਰ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਹੈ ਅਤੇ ਮੁਲਜ਼ਮ ਨੂੰ ਕੱਲ੍ਹ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅਗਲੇਰੀ ਜਾਂਚ ਦੌਰਾਨ ਇਸ ਕੇਸ ਵਿੱਚ ਅਧਿਕਾਰੀਆਂ ਜਾਂ ਕਰਮਚਾਰੀਆਂ ਦੀ ਕਿਸੇ ਵੀ ਸ਼ਮੂਲੀਅਤ ਜਾਂ ਭੂਮਿਕਾ ਦੀ ਜਾਂਚ ਕੀਤੀ ਜਾਵੇਗੀ।

# ਕੌਮੀ ਲੋਕ ਅਦਾਲਤ 12 ਨੂੰ

ਚੰਡੀਗੜ੍ਹ, 27 ਮਈ (ਅੰਮ੍ਰਿਤਪਾਲ ਸਿੰਘ) : ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ, ਯੂ.ਟੀ. 12.07.2025 ਨੂੰ ਰਾਸ਼ਟਰੀ ਲੋਕ ਅਦਾਲਤ ਦਾ ਆਯੋਜਨ ਕਰਨ ਜਾ ਰਿਹਾ ਹੈ। ਜਿਹੜੇ ਲੋਕ ਜ਼ਿਲ੍ਹਾ ਅਦਾਲਤਾਂ ਅਤੇ ਹੋਰ ਟ੍ਰਿਬਿਊਨਲਾਂ, ਯੂ.ਟੀ., ਚੰਡੀਗੜ੍ਹ ਵਿੱਚ ਸੂਚੀਬੱਧ ਆਪਣੇ ਕੇਸ ਨੂੰ ਇਸ ਰਾਸ਼ਟਰੀ ਲੋਕ ਅਦਾਲਤ ਰਾਹੀਂ ਸਮਝੌਤਾ ਰਾਹੀਂ ਨਿਪਟਾਉਣਾ ਚਾਹੁੰਦੇ ਹਨ, ਉਹ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਯੂ.ਟੀ., ਚੰਡੀਗੜ੍ਹ ਦੇ ਦਫ਼ਤਰ ਨਾਲ ਸੰਪਰਕ ਕਰ ਸਕਦੇ ਹਨ ਤਾਂ ਜੋ ਆਪਣਾ ਕੇਸ 12.07.2025 ਨੂੰ ਹੋਣ ਵਾਲੀ ਰਾਸ਼ਟਰੀ ਲੋਕ ਅਦਾਲਤ ਵਿੱਚ ਸੂਚੀਬੱਧ ਕੀਤਾ ਜਾ ਸਕੇ ਅਤੇ ਆਪਣੇ ਕੇਸ ਦਾ ਸੁਲ੍ਹਾ ਸੁਲ੍ਹਾ ਕੀਤੀ ਜਾ ਸਕੇ। ਰਾਸ਼ਟਰੀ ਲੋਕ ਅਦਾਲਤ ਵਿੱਚ ਜਿਨ੍ਹਾਂ ਸ਼੍ਰੇਣੀਆਂ ਦੇ ਕੇਸਾਂ ਦੀ ਸੁਣਵਾਈ ਕੀਤੀ ਜਾ ਸਕਦੀ ਹੈ, ਉਹ ਅਪਰਾਧਿਕ ਮਿਸ਼ਰਿਤ ਅਪਰਾਧ ਹਨ; ਐਨਆਈ ਐਕਟ ਦੀ ਧਾਰਾ 138 ਅਧੀਨ ਮਾਮਲੇ; ਪੈਸੇ ਦੀ ਵਸੂਲੀ ਦੇ ਮਾਮਲੇ; ਮੋਟਰ ਐਕਸੀਡੈਂਟ ਕਲੇਮ ਕੇਸ; ਕਿਰਤ ਵਿਵਾਦ ਦੇ ਮਾਮਲੇ; ਜਨਤਕ ਉਪਯੋਗਤਾ ਸੇਵਾਵਾਂ ਜਿਵੇਂ ਕਿ ਬਿਜਲੀ ਅਤੇ ਪਾਣੀ ਦੇ ਬਿੱਲ ਦੇ ਮਾਮਲੇ, ਆਦਿ ਨਾਲ ਸਬੰਧਤ ਵਿਵਾਦ; ਵਿਆਹੁਤਾ ਝਗੜੇ/ਪਰਿਵਾਰਕ ਝਗੜੇ; ਕਿਰਾਏ ਦੇ ਮਾਮਲੇ; ਖਪਤਕਾਰ ਸੁਰੱਖਿਆ ਮਾਮਲੇ; ਰੱਖ-ਰਖਾਅ ਦੇ ਮੁੱਦੇ; ਅਤੇ ਹੋਰ ਸਿਵਲ ਮਾਮਲੇ (ਕਿਰਾਇਆ, ਸੁਖ-ਅਧਿਕਾਰ, ਹੁਕਮਨਾਮਾ ਮੁਕੱਦਮੇ, ਵਿਸ਼ੇਸ਼ ਪ੍ਰਦਰਸ਼ਨ ਮੁਕੱਦਮੇ ਆਦਿ)।

# ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਵਿਧਾਇਕ ਰਣਬੀਰ ਭੁੱਲਰ ਨੇ ਵੱਖ-ਵੱਖ ਸਕੂਲਾਂ ਵਿੱਚ ਵਿਕਾਸ ਕੰਮਾਂ ਦੇ ਕੀਤੇ ਉਦਘਾਟਨ



ਫ਼ਿਰੋਜ਼ਪੁਰ 27 ਮਈ (ਤਿਵਾੜੀ): 'ਪੰਜਾਬ ਸਿੱਖਿਆ ਕ੍ਰਾਂਤੀ' ਤਹਿਤ ਅੱਜ ਵਿਧਾਇਕ ਫ਼ਿਰੋਜ਼ਪੁਰ ਸ਼ਹਿਰੀ ਸ. ਰਣਬੀਰ ਸਿੰਘ ਭੁੱਲਰ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧੀਰਾ ਘਾਰਾ, ਸਰਕਾਰੀ ਪ੍ਰਾਇਮਰੀ ਸਕੂਲ ਕਾਮਲ ਵਾਲਾ, ਸਰਕਾਰੀ ਪ੍ਰਾਇਮਰੀ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੁਸ਼ਹਾਲ ਸਿੰਘ ਵਾਲਾ ਵਿਖੇ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ ਗਏ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਫ਼ਿਰੋਜ਼ਪੁਰ ਡਾ. ਸਤਿੰਦਰ ਸਿੰਘ ਨੈਸ਼ਨਲ ਅਵਾਰਡੀ, ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਫ਼ਿਰੋਜ਼ਪੁਰ-2 ਸ਼੍ਰੀ ਰਾਜਨ ਨਰੂਲਾ, ਬੀ.ਐਨ.ਓ ਸ਼੍ਰੀ ਅਨੁਕੂਲ ਪੰਛੀ ਹਾਜ਼ਰ ਸਨ। ਇਸ ਮੌਕੇ ਆਯੋਜਿਤ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਵਿਧਾਇਕ ਸ. ਰਣਬੀਰ ਸਿੰਘ ਭੁੱਲਰ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸਰਕਾਰੀ ਸਕੂਲਾਂ ਦੀ ਨੁਹਾਰ ਬਦਲਣ ਲਈ ਲਗਾਤਾਰ ਕੰਮ ਕਰ ਰਹੀ ਹੈ, ਜਿਸ ਦੇ ਨਤੀਜੇ ਵਜੋਂ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਅੱਜ ਸਿੱਖਿਆ ਦੇ ਨਾਲ-ਨਾਲ ਖੇਡਾਂ ਅਤੇ ਹੋਰਨਾਂ ਖੇਤਰਾਂ ਵਿੱਚ ਵੀ ਮੱਲਾਂ ਮਾਰ ਰਹੇ ਹਨ। ਉਨ੍ਹਾਂ ਕਿਹਾ ਕਿ ਬੱਚਿਆਂ ਦੇ ਉੱਜਵਲ ਭਵਿੱਖ ਦੇ ਮਕਸਦ ਨਾਲ ਪੰਜਾਬ ਸਰਕਾਰ ਵੱਲੋਂ ਨਿਵੇਕਲਾ ਉਪਰਾਲੇ ਤਹਿਤ ਜ਼ਿਲ੍ਹੇ ਦੇ ਟੌਪਰ ਬੱਚਿਆਂ ਲਈ 'ਇਕ ਦਿਨ ਡੀ.ਸੀ./ਐਸ.ਐਸ.ਪੀ. ਦੇ ਨਾਲ' ਅਤੇ ਬੱਚਿਆਂ ਨੂੰ ਅੱਗੇ ਜਾ ਕੇ ਚੰਗੇ ਵਿਸ਼ੇ ਚੁਣਨ ਸਬੰਧੀ 'ਮੈਂਟਰਸ਼ਿਪ ਪ੍ਰੋਗਰਾਮ' ਆਯੋਜਿਤ ਕਰਵਾਏ ਜਾ ਰਹੇ ਹਨ। ਇਨ੍ਹਾਂ ਪ੍ਰੋਗਰਾਮਾਂ ਤਹਿਤ ਆਈ.ਏ.ਐਸ. ਅਤੇ ਆਈ.ਪੀ.ਐਸ. ਅਧਿਕਾਰੀ ਬੱਚਿਆਂ ਨੂੰ ਪ੍ਰੇਰਿਤ ਕਰਨਗੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਇਹ ਇੱਕ ਨਿਵੇਕਲਾ ਉਪਰਾਲਾ ਹੈ ਜੋ ਨਿਸ਼ਚਿਤ ਰੂਪ ਨਾਲ ਬੱਚਿਆਂ ਦੇ ਉੱਜਵਲ ਭਵਿੱਖ ਲਈ ਲਾਹੇਵੰਦ ਸਾਬਿਤ ਹੋਵੇਗਾ। ਉਨ੍ਹਾਂ ਕਿਹਾ ਕਿ ਵਧੀਆ ਪੜ੍ਹਾਈ ਦੇ ਨਾਲ-ਨਾਲ ਹੁਣ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਵਧੀਆ ਅਤੇ ਸਾਫ ਸੁਥਰਾ ਤੇ ਸੁਰੱਖਿਅਤ ਮਾਹੌਲ ਮੁਹੱਈਆ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਵਿਕਾਸ ਦੇ ਇਹ ਕਾਰਜ ਇਸੇ ਤਰ੍ਹਾਂ ਅੱਗੇ ਵੀ ਜਾਰੀ ਰਹਿਣਗੇ। ਇਸ ਮੌਕੇ ਰਾਜ ਬਹਾਦਰ ਸਿੰਘ ਗਿੱਲ ਸਿੱਖਿਆ ਕੋਆਰਡੀਨੇਟਰ ਵਿਧਾਨ ਸਭਾ ਹਲਕਾ ਫ਼ਿਰੋਜ਼ਪੁਰ ਸ਼ਹਿਰੀ, ਗੁਰਜੀਤ ਸਿੰਘ ਚੀਮਾ, ਬਲਦੇਵ ਸਿੰਘ ਮੱਲ੍ਹੀ (ਬਲਾਕ ਪ੍ਰਧਾਨ), ਜਸਬੀਰ ਸਿੰਘ (ਬੱਗੇ ਵਾਲਾ), ਹਿਮਾਂਸ਼ੂ ਠੱਕਰ, ਅਮਰਿੰਦਰ ਸਿੰਘ ਸੁਖਦੇਵ ਸਿੰਘ ਸਰਪੰਚ (ਭੱਦਰੂ), ਮਨਪ੍ਰੀਤ ਸਿੰਘ (ਰੱਖੜੀ), ਸੁਰਿੰਦਰ ਸਿੰਘ ਗਿੱਲ ਕੋਆਰਡੀਨੇਟਰ ਸਿੱਖਿਆ ਫ਼ਿਰੋਜ਼ਪੁਰ ਸ਼ਹਿਰੀ ਵਿਭਾਗ, ਬਲਕਾਰ ਸਿੰਘ ਗਿੱਲ, ਸੰਦੀਪ ਕੁਮਾਰ, ਮੈਡਮ ਜਸਬੀਰ ਕੌਰ ਗਿੱਲ, ਮੈਡਮ ਪਰਮਿੰਦਰਜੀਤ ਕੌਰ, ਅਮਿਤ ਸੋਨੀ, ਗੁਰਵਿੰਦਰ ਸਿੰਘ, ਸ਼ਵਿੰਦਰ ਕੁਮਾਰ, ਤਰਸੇਮ ਸਿੰਘ ਤੋਂ ਇਲਾਵਾ ਇਲਾਵਾ ਵੱਡੀ ਗਿਣਤੀ ਵਿੱਚ ਸਕੂਲੀ ਵਿਦਿਆਰਥੀ ਹਾਜ਼ਰ ਸਨ।

# ਵਿਦਿਆਰਥਣਾਂ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ 'ਚ ਦਫ਼ਤਰਾਂ ਦਾ ਦੌਰਾ ਕਰਕੇ ਸਰਕਾਰੀ ਕੰਮਕਾਜ ਬਾਰੇ ਜਾਣਕਾਰੀ ਕੀਤੀ ਹਾਸਲ



ਫ਼ਿਰੋਜ਼ਪੁਰ 27 ਮਈ (ਤਿਵਾੜੀ) : ਪੰਜਾਬ ਸਰਕਾਰ ਦੀ ਨਿਵੇਕਲੀ ਪਹਿਲਕਦਮੀ 'ਇਕ ਦਿਨ ਡੀ.ਸੀ./ਐਸ.ਐਸ.ਪੀ. ਦੇ ਸੰਗ' ਪ੍ਰੋਗਰਾਮ ਤਹਿਤ ਅੱਜ ਫ਼ਿਰੋਜ਼ਪੁਰ ਜ਼ਿਲ੍ਹੇ ਵਿੱਚ ਟਾਪ ਕਰਨ ਵਾਲੀਆਂ ਜ਼ਿਲ੍ਹੇ ਦੀਆਂ ਛੇ ਹੋਣਹਾਰ ਵਿਦਿਆਰਥਣਾਂ ਨੇ ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਅਤੇ ਐਸ.ਐਸ.ਪੀ. ਭੁਪਿੰਦਰ ਸਿੰਘ ਸਿੱਧੂ ਦੇ ਨਾਲ ਇਕ ਪ੍ਰੇਰਣਾਦਾਇਕ ਦਿਨ ਬਿਤਾਇਆ। ਅੱਜ ਸਵੇਰੇ ਇਹ ਹੋਣਹਾਰ ਵਿਦਿਆਰਥਣਾਂ ਡੀ.ਸੀ ਨਿਵਾਸ ਤੇ ਪਹੁੰਚੇ, ਜਿਥੇ ਉਨ੍ਹਾਂ ਦਾ ਡਿਪਟੀ ਕਮਿਸ਼ਨ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਡਿਪਟੀ ਕਮਿਸ਼ਨਰ ਅਤੇ ਐਸ.ਐਸ.ਪੀ. ਵੱਲੋਂ ਬੜੇ ਹੀ ਸੁਹਿਰਦ ਭਾਵ ਨਾਲ ਵਿਦਿਆਰਥਣਾਂ ਨਾਲ ਜਾਣ-ਪਛਾਣ ਅਤੇ ਹੋਰ ਗੱਲਬਾਤ ਕੀਤੀ ਗਈ। ਵਿਦਿਆਰਥੀਆਂ ਨੇ ਡੀ.ਸੀ. ਅਤੇ ਐਸ.ਐਸ.ਪੀ. ਨਾਲ ਆਪਣੀ ਪੜ੍ਹਾਈ, ਦਿਲਚਸਪੀ, ਸਮਾਂ ਮੈਨੇਜਮੈਂਟ ਅਤੇ ਪੜ੍ਹਾਈ ਦੌਰਾਨ ਹੋਰ ਤਜ਼ਰਬੇ ਸਾਂਝੇ ਕੀਤੇ। ਉਨ੍ਹਾਂ ਡਿਪਟੀ ਕਮਿਸ਼ਨਰ ਅਤੇ ਐਸ.ਐਸ.ਪੀ. ਨਾਲ ਨਾਸ਼ਤਾ ਵੀ ਕੀਤਾ। ਇਸ ਉਪਰੰਤ ਵਿਦਿਆਰਥਣਾਂ ਨੂੰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਅਤੇ ਐਸ.ਐਸ.ਪੀ. ਦਫ਼ਤਰ ਦਾ ਦੌਰਾ ਵੀ ਕਰਵਾਇਆ ਗਿਆ। ਉਨ੍ਹਾਂ ਨੂੰ ਵੱਖ-ਵੱਖ ਵਿਭਾਗਾਂ ਦੇ ਕੰਮਕਾਜ਼, ਜਨਤਕ ਸ਼ਿਕਾਇਤ ਨਿਵਾਰਣ ਪ੍ਰਣਾਲੀ ਅਤੇ ਸਰਕਾਰੀ ਯੋਜਨਾਵਾਂ ਨੂੰ ਲਾਗੂ ਕਰਨ ਦੀ ਪ੍ਰਕਿਰਿਆ ਨੂੰ ਪ੍ਰਤੱਖ ਤੌਰ ਤੇ ਦੇਖਣ ਦਾ ਮੌਕਾ ਮਿਲਿਆ। ਇਸ ਤੋਂ ਇਲਾਵਾ ਵਿਦਿਆਰਥਣਾਂ ਨੇ ਮੀਟਿੰਗ ਵਿਚ ਵੀ ਹਿੱਸਾ ਲਿਆ ਜਿਥੇ ਜ਼ਿਲ੍ਹੇ ਦੇ ਵਿਕਾਸ ਮੁੱਦਿਆਂ ਤੇ ਚਰਚਾ ਕੀਤੀ ਗਈ। ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ, ਐਸ.ਐਸ.ਪੀ. ਭੁਪਿੰਦਰ ਸਿੰਘ ਸਿੱਧੂ, ਵਧੀਕ ਡਿਪਟੀ ਕਮਿਸ਼ਨਰ (ਜ) ਦਮਨਜੀਤ ਸਿੰਘ ਮਾਨ, ਸਹਾਇਕ ਕਮਿਸ਼ਨਰ (ਜ) ਹਰਜੋਤ ਕੌਰ ਨੇ ਵਿਦਿਆਰਥੀਨਾਂ ਨਾਲ ਆਪਣੇ-ਆਪਣੇ ਪੜ੍ਹਾਈ, ਖੇਡਾਂ, ਨੌਕਰੀ ਪ੍ਰਾਪਤ ਕਰਨ ਅਤੇ ਨੌਕਰੀ ਦੌਰਾਨ ਤਜ਼ਰਬੇ ਸਾਂਝੇ ਕੀਤੇ। ਇਸ ਉਪਰੰਤ ਵਿਦਿਆਰਥੀਆਂ ਨੇ ਅਧਿਕਾਰੀਆਂ ਨਾਲ ਦੁਪਹਿਰ ਦਾ ਖਾਣਾ ਖਾਧਾ। ਡਿਪਟੀ ਕਮਿਸ਼ਨਰ ਤੇ ਐਸ.ਐਸ.ਪੀ. ਨਾਲ ਸੰਵਾਦ ਸੈਸ਼ਨ ਵਿਚ ਵਿਦਿਆਰਥਣਾਂ ਨੇ ਆਪਣੇ ਅਨੁਭਵ ਸਾਂਝੇ ਕੀਤੇ ਅਤੇ ਜ਼ਿਲ੍ਹਾ ਅਧਿਕਾਰੀਆਂ ਦੇ ਪ੍ਰੇਰਨਾਦਾਇਕ ਵਿਚਾਰ ਸੁਣੇ। ਡਿਪਟੀ ਕਮਿਸ਼ਨਰ ਵੱਲੋਂ ਵਿਦਿਆਰਥਣਾਂ ਨੂੰ ਆਧੁਨਿਕ ਟੈਬਲੇਟ, ਪ੍ਰਸ਼ੰਸਾ ਪੱਤਰ ਤੇ ਕਿਤਾਬਾਂ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਉਨ੍ਹਾਂ ਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ ਗਈ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਪ੍ਰੋਗਰਾਮ ਨੇ ਵਿਦਿਆਰਥੀਆਂ ਨੂੰ ਨਾ ਕੇਵਲ ਸਰਕਾਰੀ ਪ੍ਰਸ਼ਾਸਨ ਦੇ ਕੰਮਕਾਜ਼ ਤੋਂ ਜਾਣੂ ਕਰਵਾਇਆ ਸਗੋਂ ਉਨ੍ਹਾਂ ਵਿੱਚ ਲੀਡਰਸ਼ਿਪ, ਅਨੁਸ਼ਾਸਨ ਅਤੇ ਲੋਕ ਸੇਵਾ ਦੀ ਭਾਵਨਾ ਵੀ ਭਰੀ। ਉਨ੍ਹਾਂ ਕਿਹਾ ਕਿ 'ਇਕ ਦਿਨ ਡੀ.ਸੀ / ਐਸ.ਐਸ.ਪੀ. ਦੇ ਸੰਗ' ਵਰਗੇ ਉਪਰਾਲੇ ਵਿਦਿਆਰਥੀਆਂ ਦੇ ਜੀਵਨ ਵਿੱਚ ਸਕਾਰਾਤਮਕ ਬਦਲਾਅ ਲਿਆਉਣ ਲਈ ਇਕ ਮੀਲ ਪੱਥਰ ਸਾਬਤ ਹੋ ਸਕਦੇ ਹਨ। ਇਸ ਦੌਰਾਨ ਉਪ ਜ਼ਿਲ੍ਹਾ ਸਿੱਖਿਆ ਅਧਿਕਾਰੀ ਡਾ. ਸਤਿੰਦਰ ਸਿੰਘ ਨੇ ਪ੍ਰਸ਼ਾਸਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦਾ ਇਹ ਉਪਰਾਲਾ ਵਿਦਿਆਰਥੀਆਂ ਲਈ ਗਿਆਨ ਵਰਧਕ, ਪ੍ਰੇਰਨਾਦਾਇਕ ਹੋਣ ਦੇ ਨਾਲ-ਨਾਲ ਆਨੰਦ ਦਾਇਕ ਵੀ ਰਿਹਾ। ਇਸ ਮੌਕੇ ਵਿਦਿਆਰਥਣਾਂ ਨਾਲ ਦਿਨੇਸ਼ ਕੁਮਾਰ ਡੀ.ਆਰ.ਪੀ. ਕੋਆਰਡੀਨੇਟਰ, ਰਾਜੀਵ ਮੋਂਗਾ ਲੈਕਚਰਾਰ, ਸੰਦੀਪ ਕੁਮਾਰ ਬੀ.ਆਰ.ਪੀ. ਅਤੇ ਨੀਲਮ ਰਾਣੀ ਲੈਕਚਰਾਰ ਜੀਰਾ ਵੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਦਸਵੀਂ ਤੇ ਬਾਰ੍ਹਵੀਂ ਜਮਾਤ ਦੇ ਟਾਪਰ ਵਿਦਿਆਰਥੀਆਂ ਵੱਲੋਂ ਸਿੱਖਿਆ ਖੇਤਰ ਦਾ ਮੁਹਾਂਦਰਾ ਬਦਲਨ ਲਈ ਮੁੱਖ ਮੰਤਰੀ ਦੀ ਸਲਾਘਾ

ਚੰਡੀਗੜ੍ਹ, 27 ਮਈ (ਚ.ਨ.ਸ.) : ਦਸਵੀਂ ਤੇ ਬਾਰ੍ਹਵੀਂ ਕਲਾਸ ਦੀਆਂ ਪ੍ਰੀਖਿਆਵਾਂ ਵਿੱਚ ਸ਼ਾਨਦਾਰ ਪ੍ਰਦਰਸਨ ਕਰਨ ਵਾਲੇ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਵਿਦਿਆਰਥੀਆਂ ਨੇ ਉਨ੍ਹਾਂ ਦੇ ਸਨਮਾਨ ਵਿੱਚ ਸਮਾਗਮ ਕਰਵਾਉਣ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਭਰਵੀਂ ਸ਼ਲਾਘਾ ਕੀਤੀ। ਸਥਾਨਕ ਮਿਊਂਸਪਲ ਭਵਨ ਵਿਖੇ ਕਰਵਾਏ ਗਏ ਸਮਾਗਮ ਦੌਰਾਨ ਮੁੱਖ ਮੰਤਰੀ ਨਾਲ ਗੱਲਬਾਤ ਕਰਦਿਆਂ ਸਕੂਲ ਆਫ ਐਮੀਨੈਂਸ, ਬਠਿੰਡਾ ਦੀ ਯਸਮੀਤ ਕੌਰ ਨੇ ਸਕੂਲ ਆਫ ਐਮੀਨੈਂਸ ਦੀ ਪਹਿਲਕਦਮੀ ਲਈ ਮੁੱਖ ਮੰਤਰੀ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਇਸ ਉਪਰਾਲਾ ਨੇ ਉਸ ਦੀ ਜ਼ਿੰਦਗੀ ਬਦਲ ਦਿੱਤੀ ਹੈ। ਫਤਿਹਗੜ੍ਹ ਸਾਹਿਬ ਦੇ ਸਕੂਲ ਆਫ ਐਮੀਨੈਂਸ, ਖਮਾਣੋਂ ਕਲਾਂ ਦੀ ਪ੍ਰਨੀਤ ਕੌਰ ਨੇ ਭਾਵੁਕ ਹੁੰਦਿਆਂ ਕਿਹਾ ਕਿ ਉਸ ਦੇ ਮਾਪਿਆਂ ਅਤੇ ਅਧਿਆਪਕਾਂ ਨੇ ਉਸ ਨੂੰ ਵੱਖ-ਵੱਖ ਪ੍ਰੀਖਿਆਵਾਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ ਅਤੇ ਸਿੱਖਿਆ ਖੇਤਰ ਲਈ ਮੁੱਖ ਮੰਤਰੀ ਦੀ ਦੂਰਦਰਸੀ ਸੋਚ ਸਦਕਾ ਉਹ ਸੂਬੇ 'ਚੋਂ ਪੰਜਵੇਂ ਅਤੇ ਆਪਣੇ ਜ਼ਿਲ੍ਹੇ ਵਿੱਚ ਪਹਿਲੇ ਸਥਾਨ 'ਤੇ ਰਹੀ ਹੈ। ਹੁਸ਼ਿਆਰਪੁਰ ਦੇ ਪਿੰਡ ਚੱਕ ਕਲਾਂ ਬਖਸ ਦੀ ਰਹਿਣ ਵਾਲੀ ਆਸੀਆ ਸਰਮਾ ਨੇ ਮੁੱਖ ਮੰਤਰੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਦੁਆਰਾ ਸੁਰੂ ਕੀਤੇ ਗਏ ਸਿੱਖਿਆ ਸੁਧਾਰ ਮਹਿਲਾ ਸਸਕਤੀਕਰਨ ਵਿੱਚ ਵਧੇਰੇ ਮਦਦਗਾਰ ਸਿੱਧ ਹੋਣਗੇ। ਧਨੌਲਾ (ਬਰਨਾਲਾ) ਤੋਂ ਅਮਨਿੰਦਰ ਸਿੰਘ ਨੇ ਭਗਵੰਤ ਸਿੰਘ ਮਾਨ ਨੂੰ ਮੁੱਖ ਮੰਤਰੀ ਅਤੇ ਹੋਰ ਸਖਸੀਅਤਾਂ ਦੇ ਸਕੈਚ ਵਾਲੀ ਕਿਤਾਬ ਭੇਟ ਕੀਤੀ। ਸੰਗਰੂਰ ਜ਼ਿਲ੍ਹੇ ਦੀ ਟੌਪਰ ਮਹਿਕਪ੍ਰੀਤ ਕੌਰ ਨੇ ਪਹਿਲਾਂ ਕਲਾਕਾਰ ਅਤੇ ਹੁਣ ਸੂਬੇ ਦੇ ਮੁਖੀ ਵਜੋਂ ਨਿਭਾਈ ਗਈ ਭੂਮਿਕਾ ਅਤੇ ਜ਼ਿੰਮੇਵਾਰੀ ਲਈ ਮੁੱਖ ਮੰਤਰੀ ਦੀ ਸਲਾਘਾ ਕੀਤੀ। ਮੈਰੀਟੋਰੀਅਸ ਸਕੂਲ ਮੋਹਾਲੀ ਦੀ ਵਿਦਿਆਰਥਣ ਮਹਿਕ ਸਰਮਾ ਨੇ ਕਿਹਾ ਕਿ ਉਹ ਖੁਸਕਿਸਮਤ ਹੈ ਕਿ ਉਸ ਨੂੰ ਦੂਜੀ ਵਾਰ ਮੁੱਖ ਮੰਤਰੀ ਨੂੰ ਮਿਲਣ ਦਾ ਮੌਕਾ ਮਿਲਿਆ ਅਤੇ ਕਿਹਾ ਕਿ ਉਸ ਦੇ ਲਈ ਇਹ ਸਾਨਦਾਰ ਅਨੁਭਵ ਸੀ। ਮੋਗਾ ਤੋਂ ਟੌਪਰ ਪ੍ਰਭਨੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਨੂੰ ਸਿੱਧੇ ਮਿਲਣਾ ਉਨ੍ਹਾਂ ਲਈ ਸੁਪਨਾ ਸਾਕਾਰ ਹੋਣ ਵਰਗਾ ਹੈ। ਉਸ ਨੇ ਕਿਹਾ ਕਿ ਸੂਬੇ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦੇ ਗਠਨ ਤੋਂ ਬਾਅਦ ਪੰਜਾਬ ਵਿੱਚ ਇਨਕਲਾਬੀ ਬਦਲਾਅ ਆ ਰਿਹਾ ਹੈ। ਮੌੜ ਮੰਡੀ, ਬਠਿੰਡਾ ਤੋਂ ਤਾਰਿਕ ਗੋਇਲ ਨੇ ਵੀ ਸੂਬੇ ਵਿੱਚ ਸਿੱਖਿਆ ਪ੍ਰਣਾਲੀ ਵਿੱਚ ਸੁਧਾਰ ਲਈ ਮੁੱਖ ਮੰਤਰੀ ਦੀ ਸਲਾਘਾ ਕੀਤੀ ਜਿਸ ਸਦਕਾ ਉਹ ਸੂਬੇ 'ਚੋਂ ਸੱਤਵਾਂ ਅਤੇ ਬਠਿੰਡਾ 'ਚੋਂ ਪਹਿਲਾ ਸਥਾਨ ਹਾਸਲ ਕਰਨ ਦੇ ਕਾਬਿਲ ਬਣਿਆ।

# ਕਾਰ ਅਤੇ ਪਿਕਅਪ ਜੀਪ ਦੀ ਟੱਕਰ, ਕਾਰ ਦਾ ਹੋਇਆ ਭਾਰੀ ਨੁਕਸਾਨ

ਸ੍ਰੀ ਕੀਰਤਪੁਰ ਸਾਹਿਬ, 27 ਮਈ (ਬੀ ਐਸ ਰਾਣਾ) : ਬਿਲਾਸਪੁਰ-ਸ੍ਰੀ ਕੀਰਤਪੁਰ ਸਾਹਿਬ ਕੌਮੀ ਮਾਰਗ ਤੇ ਪੈਂਦੇ ਪਿੰਡ ਕਲਿਆਣਪੁਰ ਦੀ ਹੱਦ ਬਸਤ ਵਿੱਚ ਅੱਜ ਬਾਅਦ ਦੁਪਹਿਰ ਕਰੀਬ ਸਾਢੇ ਤਿੰਨ ਵਜੇ ਇੱਕ ਪਿਕਅਪ ਅਤੇ ਕਾਰ ਵਿਚਕਾਰ ਟੱਕਰ ਹੋ ਗਈ, ਜਿਸ ਕਾਰਨ ਸਵਿਫਟ ਕਾਰ ਦਾ ਕਾਫੀ ਜਿਆਦਾ ਨੁਕਸਾਨ ਹੋ ਗਿਆ ਅਤੇ ਕਾਰ ਵਿੱਚ ਸਵਾਰ ਪੰਜ ਨੌਜਵਾਨ ਵਾਲ ਵਾਲ ਬਚ ਗਏ, ਜਿਨਾਂ ਦੇ ਮਮੂਲੀ ਸੱਟਾਂ ਲੱਗੀਆਂ ।ਉਕਤ ਨੌਜਵਾਨਾਂ ਨੇ ਦੱਸਿਆ ਕਿ ਉਹ ਮਨੀਕਰਨ ਸਾਹਿਬ ਤੋਂ ਮੱਥਾ ਟੇਕ ਕੇ ਵਾਪਸ ਜਲੰਧਰ ਜਾ ਰਹੇ ਸਨ, ਜਦੋਂ ਉਹ ਪਿੰਡ ਕਲਿਆਣਪੁਰ ਦੀ ਹੱਦ ਵਿਚ ਪਹੁੰਚੇ ਤਾਂ ਅਚਾਨਕ ਅੱਗੇ ਜਾ ਰਹੇ ਇੱਕ ਪਿਕਅਪ ਜੀਪ ਚਾਲਕ ਵੱਲੋਂ ਪਹਿਲਾਂ ਤਾਂ ਆਪਣੀ ਪੀਕਅਪ ਨੂੰ ਇੱਕ ਪਾਸੇ ਨੂੰ ਮੋੜਿਆ ਗਿਆ ਅਤੇ ਫਿਰ ਦੁਬਾਰਾ ਦੂਜੇ ਪਾਸੇ ਨੂੰ ਮੋੜ ਕੇ ਸੜਕ ਦੇ ਵਿਚਕਾਰ ਹੀ ਬਰੇਕ ਮਾਰ ਦਿੱਤੀ ਗਈ ਜਿਸ ਕਾਰਨ ਇਹ ਹਾਦਸਾ ਵਾਪਰ ਗਿਆ ਅਤੇ ਉਹਨਾਂ ਦੀ ਕਾਰ ਦਾ ਬਹੁਤ ਜਿਆਦਾ ਨੁਕਸਾਨ ਹੋ ਗਿਆ। ਮੌਕੇ ਤੇ ਪਹੁੰਚੀ ਪੁਲਿਸ ਵੱਲੋਂ ਦੋਵੇਂ ਵਹੀਕਲਾਂ ਨੂੰ ਸੜਕ ਵਿੱਚੋਂ ਪਾਸੇ ਕਰਵਾ ਕੇ ਆਵਾਜਾਈ ਨੂੰ ਚਾਲੂ ਕਰਵਾਇਆ ਗਿਆ ਅਤੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।



# 30,000 ਰੁਪਏ ਰਿਸ਼ਵਤ ਲੈਣ ਵਾਲਾ ਸਿਵਲ ਸਰਜਨ ਦਫ਼ਤਰ ਦਾ ਕਲਰਕ ਵਿਜੀਲੈਂਸ ਬਿਊਰੋ ਵੱਲੋਂ ਕਾਬੂ

ਚੰਡੀਗੜ੍ਹ, 27 ਮਈ (ਚ.ਨ.ਸ.) :ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਆਪਣੀ ਮੁਹਿੰਮ ਤਹਿਤ ਸਿਵਲ ਸਰਜਨ ਦਫ਼ਤਰ, ਗੁਰਦਾਸਪੁਰ ਵਿਖੇ ਜਨਮ ਅਤੇ ਮੌਤ ਸਰਟੀਫਿਕੇਟ ਰਜਿਸਟ$ਰੇਸ਼ਨ ਸ਼ਾਖਾ ਵਿਖੇ ਕਲਰਕ ਵਜੋਂ ਤਾਇਨਾਤ ਹਰਪ੍ਰੀਤ ਸਿੰਘ ਨੂੰ 30,000 ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ। ਇਸ ਮੁਕੱਦਮੇ ਵਿੱਚ ਉਕਤ ਹਸਪਤਾਲ ਵਿੱਚ ਵਾਰਡ ਅਟੈਂਡੈਂਟ ਵਜੋਂ ਤਾਇਨਾਤ ਮੁੱਖ ਮੁਲਜ਼ਮ ਰਵਿੰਦਰਪਾਲ ਸਿੰਘ ਨੂੰ ਪਹਿਲਾਂ ਹੀ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਅੱਜ ਇੱਥੇ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਆਪਣੀ ਸ਼ਿਕਾਇਤ ਵਿੱਚ ਦੋਸ਼ ਲਾਇਆ ਹੈ ਕਿ ਉਸਨੇ ਆਪਣੇ ਚਾਚੇ ਦੀ ਮੌਤ ਸਬੰਧੀ ਸਰਟੀਫਿਕੇਟ ਲੈਣ ਲਈ ਅਰਜ਼ੀ ਦਿੱਤੀ ਸੀ ਪਰ ਵਾਰਡ ਅਟੈਂਡੈਂਟ ਨੇ ਇਹ ਸਰਟੀਫਿਕੇਟ ਜਾਰੀ ਕਰਵਾਉਣ ਬਦਲੇ



40,000 ਰੁਪਏ ਰਿਸ਼ਵਤ ਦੀ ਮੰਗ ਕੀਤੀ ਸੀ। ਸ਼ਿਕਾਇਤਕਰਤਾ ਵੱਲੋਂ ਗੱਲਬਾਤ ਉਪਰੰਤ ਰਿਸ਼ਵਤ ਦੀ ਰਕਮ 30,000 ਰੁਪਏ ਤੈਅ ਹੋ ਗਈ। ਇਸ ਉਪਰੰਤ ਉਕਤ ਮੁਲਜ਼ਮ ਰਵਿੰਦਰਪਾਲ ਸਿੰਘ ਨੂੰ 30,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ ਗਿਆ ਸੀ। ਉਨ੍ਹਾਂ ਅੱਗੇ ਕਿਹਾ ਕਿ ਅਗਲੇਰੀ ਜਾਂਚ ਦੌਰਾਨ ਉਕਤ ਵਾਰਡ ਅਟੈਂਡੈਂਟ ਨੇ ਖੁਲਾਸਾ ਕੀਤਾ ਹੈ ਕਿ ਉਸਨੇ ਉਕਤ ਰਿਸ਼ਵਤ ਆਪਣੇ ਅਤੇ ਉਕਤ ਕਲਰਕ ਹਰਪ੍ਰੀਤ ਸਿੰਘ ਵਾਸਤੇ ਲਈ ਸੀ। ਤਕਨੀਕੀ ਵਿਸ਼ਲੇਸ਼ਣ ਨੇ ਵੀ ਰਿਸ਼ਵਤ ਮੰਗਣ ਅਤੇ ਲੈਣ ਲਈ ਉਨ੍ਹਾਂ ਦੋਵਾਂ ਦੀ ਮਿਲੀਭੁਗਤ ਨੂੰ ਸਾਬਤ ਕੀਤਾ ਹੈ। ਬੁਲਾਰੇ ਨੇ ਦੱਸਿਆ ਕਿ ਉਕਤ ਮੁੱਖ ਮੁਲਜ਼ਮ ਦੇ ਖੁਲਾਸੇ ਦੇ ਆਧਾਰ 'ਤੇ ਹਰਪ੍ਰੀਤ ਸਿੰਘ ਨੂੰ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀਆਂ ਸਬੰਧਤ ਧਾਰਾਵਾਂ ਤਹਿਤ ਉਕਤ ਕੇਸ ਵਿੱਚ ਨਾਮਜ਼ਦ ਕੀਤਾ ਗਿਆ ਅਤੇ ਅੱਜ ਉਸਨੂੰ ਵਿਜੀਲੈਂਸ ਬਿਊਰੋ ਯੂਨਿਟ ਗੁਰਦਾਸਪੁਰ ਨੇ ਗ੍ਰਿਫ਼ਤਾਰ ਕਰ ਲਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਇਸ ਕੇਸ ਦੀ ਅਗਲੇਰੀ ਜਾਂਚ ਜਾਰੀ ਹੈ।

# ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਤਰਨਤਾਰਨ ਤੋਂ ਪੁਸ਼ਪਿੰਦਰ ਸਿੰਘ ਬੰਟੀ/ਗੁਰਵਿੰਦਰ ਸਿੰਘ ਦਾ ਵਿਸ਼ੇਸ਼ ਸਪਲੀਮੈਂਟ


## PUNJAB CHILDREN ACADEMY

(Affilated to CISCE, New Delhi)

ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਕੋਟਿ-ਕੋਟਿ ਪ੍ਰਣਾਮ



Near Goindwal Railway Crossing, Tarn Taran
Ph. 01852-223157, 73072-69578

ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਕੋਟਿ-ਕੋਟਿ ਪ੍ਰਣਾਮ

## K.D. INTERNATIONAL SCHOOL TARN TARAN



Chabal Bye Pass Tarn Taran
Ph. 87270-30011

THE WISDOM SCHOOL of ACADEMICS & SPORTS

FIRST INTERNATIONAL SCHOOL OF TARN TARAN

ADMISSION OPEN FOR SESSION 2025-2026

Collaboration with THORNTON ACADEMY, USA

ADOPTED FINLAND PEDAGOGY (WORLD'S BEST CURRICULUM)



CRICKET COACHING BY YOGRAJ SINGH JI

+91 80109-51313, +91 80109-61313
www.thewisdomschools.in

Address: Harbour City, Opp. Police Line, Amritsar Road, Tarn Taran

ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਕੋਟਿ-ਕੋਟਿ ਪ੍ਰਣਾਮ

ਸਤਨਾਮ ਸਿੰਘ ਜ਼ਿਲ੍ਹਾ ਸਿੱਖਿਆ ਅਫਸਰ | ਪਰਮਜੀਤ ਸਿੰਘ ਗਿੱਲ ਉਪ ਜ਼ਿਲ੍ਹਾ ਸਿੱਖਿਆ ਅਫਸਰ | ਤਰਸੇਮ ਸਿੰਘ ਜੂਨੀਅਰ ਸਹਾਇਕ | ਅਕਸਪ੍ਰੀਤ ਕੌਰ ਦਫ਼ਤਰ ਜ਼ਿਲ੍ਹਾ ਸਿੱਖਿਆ ਅਫਸਰ

ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਕੋਟਿ-ਕੋਟਿ ਪ੍ਰਣਾਮ

ਰਾਜਬੀਰ ਸਿੰਘ ਭੁੱਲਰ ਕਾਂਗਰਸ ਆਗੂ, ਹਲਕਾ ਤਰਨ ਤਾਰਨ

ਵੱਲੋਂ : ਰਾਜਬੀਰ ਸਿੰਘ ਭੁੱਲਰ, ਹਲਕਾ ਤਰਨ ਤਾਰਨ

ਕੁਲਬੀਰ ਸਿੰਘ ਜ਼ੀਰਾ ਸਾਬਕਾ ਐਮ.ਐਲ.ਏ.

ਜਸਬੀਰ ਸਿੰਘ ਸੁਰਸਿੰਘ, ਡਾਇਰੈਕਟਰ ਪੀ.ਐਸ.ਪੀ.ਸੀ.ਐਲ. | ਗੁਰਭੇਜ ਸਿੰਘ ਢਿੱਲੋਂ ਜੇ.ਈ. | ਰਣਜੀਤ ਸਿੰਘ ਪ੍ਰਧਾਨ ਇੰਪਲਾਈਜ਼ ਫੈਡਰੇਸ਼ਨ ਪਹਿਲਵਾਨ | ਗੁਰਪਿੰਦਰ ਸਿੰਘ ਰਿਕੂ ਡਵੀਜ਼ਨ ਪ੍ਰਧਾਨ ਝਬਾਲ

ਮਨਪ੍ਰੀਤ ਸਿੰਘ, ਪ੍ਰੈਸ ਸਕੱਤਰ | ਤਰਮੇਲ ਸਿੰਘ, ਯੂਨੀਅਨ ਮੈਂਬਰ | ਪਰਮਿੰਦਰ ਸਿੰਘ, ਜਨਰਲ ਸਕੱਤਰ

ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਕੋਟਿ-ਕੋਟਿ ਪ੍ਰਣਾਮ

ਕਾ. ਮੰਗਤ ਰਾਮ ਪਾਸਲਾ ਜਨਰਲ ਸਕੱਤਰ ਆਰ.ਐਮ.ਪੀ.ਆਈ. | ਬਲੇਦਵ ਸਿੰਘ ਪੰਡੋਰੀ | ਪ੍ਰਗਟ ਸਿੰਘ ਜਾਮਾਰਾਏ | ਸੁਲੱਖਨ ਸਿੰਘ ਤੁੜ ਨੌਜਵਾਨ ਆਗੂ | ਮਨਜੀਤ ਸਿੰਘ ਬਗੂ ਕਿਸਾਨ ਆਗੂ

ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਕੋਟਿ-ਕੋਟਿ ਪ੍ਰਣਾਮ

ਜ਼ਿਲ੍ਹਾ ਪ੍ਰਧਾਨ ਸਵਰਨਕਾਰ ਸਿੰਘ ਬੂਆ ਸਿੰਘ | ਹਰਜੀਤ ਸਿੰਘ ਕੈਸ਼ੀਅਰ | ਗੁਰਮੀਤ ਸਿੰਘ ਮੀਤ ਪ੍ਰਧਾਨ | ਦਵਿੰਦਰ ਸਿੰਘ ਜਨਰਲ ਸੈਕਟਰੀ | ਮਨਜੀਤ ਸਿੰਘ ਵਾਈਸ ਪ੍ਰਧਾਨ | ਕੁਲਜੀਤ ਸਿੰਘ ਵਾਈਸ ਪ੍ਰਧਾਨ

ਵੱਲੋਂ: ਸਵਰਨਕਾਰ ਸੰਘ ਜ਼ਿਲ੍ਹਾ ਤਰਨਤਾਰਨ

## ਧੰਨਵਾਦ

ਅਸੀਂ ਸਮੂਹ ਸੱਜਣਾਂ-ਮਿੱਤਰਾਂ ਦਾ ਧੰਨਵਾਦ ਕਰਦੇ ਹਾਂ ਜਿਨ੍ਹਾਂ ਸਾਨੂੰ ਇਹ ਸਪਲੀਮੈਂਟ ਕੱਢਣ 'ਚ ਸਹਿਯੋਗ ਦਿੱਤਾ ਅਤੇ ਆਸ ਕਰਦੇ ਹਾਂ ਕਿ ਅੱਗੇ ਤੋਂ ਵੀ ਇਸੇ ਤਰ੍ਹਾਂ ਦਾ ਸਹਿਯੋਗ ਮਿਲਦਾ ਰਹੇਗਾ।

ਪੁਸ਼ਪਿੰਦਰ ਸਿੰਘ ਪੱਤਰਕਾਰ ਮੋ. 7986349069

ਗੁਰਵਿੰਦਰ ਸਿੰਘ, ਪੱਤਰਕਾਰ ਮੋ. 7837848348

## SANDHU HOSPITAL



ਇੱਥੇ ਜਨਾਨਾ ਰੋਗ ਦੇ ਮਾਹਿਰ ਡਾਕਟਰਾਂ ਵੱਲੋਂ ਨਾਰਮਲ ਡਲਿਵਰੀ ਅਤੇ ਵੱਡੇ ਆਪ੍ਰੇਸ਼ਨ ਕੀਤੇ ਜਾਂਦੇ ਹਨ।
ਗੁਰਦੇ ਅਤੇ ਡਾਇਲਿਸਿਸ ਕੀਤਾ ਜਾਂਦਾ ਹੈ, ਦਿਮਾਗ ਦੇ ਰੋਗਾਂ ਦੇ ਮਾਹਿਰ ਡਾਕਟਰਾਂ ਵੱਲੋਂ ਇਲਾਜ ਕੀਤਾ ਜਾਂਦਾ ਹੈ।

Near SDM Court Sarhali Road Tarn Taran
M. 98728-13823

ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਕੋਟਿ-ਕੋਟਿ ਪ੍ਰਣਾਮ

ਸਰਪੰਚ ਕੈਪਟਨ ਸੁਖਵੰਤ ਸਿੰਘ, ਜੀਓਬਾਲਾ | ਜਸਵਿੰਦਰ ਸਿੰਘ ਮੈਂਬਰ ਪੰਚਾਇਤ, ਜੀਓਬਾਲਾ | ਜਰਨੈਲ ਸਿੰਘ ਰਾਜਪੂਤ, ਜੀਓਬਾਲਾ | ਅਰਜਿੰਦਰ ਸਿੰਘ ਪ੍ਰਧਾਨ, ਜੀਓਬਾਲਾ | ਹਰਪ੍ਰੀਤ ਸਿੰਘ, ਜੀਓਬਾਲਾ | ਗੁਰਵਿੰਦਰ ਸਿੰਘ, ਜੀਓਬਾਲਾ | ਜਤਿੰਦਰ ਸਿੰਘ, ਜੀਓਬਾਲਾ

ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਕੋਟਿ-ਕੋਟਿ ਪ੍ਰਣਾਮ

ਰਾਜੇਸ਼ ਕੁਮਾਰ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ | ਨਵਦੀਪ ਸਿੰਘ ਸਹਾਇਕ ਖੁਰਾਕ ਸਪਲਾਈ ਅਫਸਰ | ਇੰਦਰਜੀਤ ਸਿੰਘ ਬਾਸਰਕੇ ਪੰਜਾਬ ਭਾਜਪਾ ਸੀ. ਆਗੂ | ਸੁਖਦੇਵ ਰਾਜ ਭਾਰਗਵ ਸਾ. ਕਾਂਗਰਸ ਯੂਥ ਪ੍ਰਧਾਨ | ਤੇਜਿੰਦਰ ਸਿੰਘ ਮੁਰਾਦਪੁਰਾ ਜ਼ੋਨ ਬਾਬਾ ਬੀਰ ਸਿੰਘ ਇਕਾਈ ਪ੍ਰਧਾਨ | ਗੁਰਮੁਖ ਸਿੰਘ ਤਰਨਤਾਰਨ

ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਕੋਟਿ-ਕੋਟਿ ਪ੍ਰਣਾਮ

ਸੰਜੀਵ ਪੁੰਜ ਪ੍ਰਧਾਨ ਆਲ ਇੰਡੀਆ | ਤਰਸੇਮ ਭੁਪਾਲ ਜ਼ਿਲ੍ਹਾ ਸਰਪ੍ਰਸਤ | ਪੁਸ਼ਪਿੰਦਰ ਸਿੰਘ ਜ਼ਿਲ੍ਹਾ ਪ੍ਰਧਾਨ | ਦਿਨੇਸ਼ ਵਾਲੀਆ ਐਡਵਾਈਜ਼ਰ | ਗੁਰਵਿੰਦਰ ਸਿੰਘ ਸ਼ਹਿਰੀ ਪ੍ਰਧਾਨ | ਸਾਹਿਬ ਸਿੰਘ ਸੀਨੀ. ਮੀਤ ਪ੍ਰਧਾਨ | ਜੀਵਨ ਜੱਜ ਜਨਰਲ ਸਕੱਤਰ | ਮਨਦੀਪ ਰਾਜਾ ਵਾਈਸ ਪ੍ਰਧਾਨ

ਪ੍ਰਧਾਨ ਸੁਖਵਿੰਦਰ ਸਿੰਘ ਸਹੋਤਾ, ਫਤਿਹਾਬਾਦ | ਪ੍ਰਧਾਨ ਅਮਰਜੀਤ ਸਿੰਘ ਪੱਟੀ | ਪ੍ਰਧਾਨ ਗੁਰਮੀਤ ਸਿੰਘ ਵਲਟੋਹਾ | ਕੁਲਦੀਪ ਸਿੰਘ ਦੀਪਾ, ਵਾਈਸ ਪ੍ਰਧਾਨ | ਵਿਜੈ ਭਾਰਗਵ ਜੁਆਇੰਟ ਸਕੱਤਰ | ਅਨੀਸ਼ ਨਰੂਲਾ ਮੈਂਬਰ | ਵਿਨੋਦ ਕੁਮਾਰ ਮੈਂਬਰ

ਪ੍ਰੈਸ ਸੰਘਰਸ਼ ਜਰਨਲਿਸਟਸ ਐਸੋਸੀਏਸ਼ਨ ਇਕਾਈ ਤਰਨਤਾਰਨ

ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਕੋਟਿ-ਕੋਟਿ ਪ੍ਰਣਾਮ

ਨਰਿੰਦਰ ਸਿੰਘ ਨਾਗੀ ਕੌਂਸਲਰ ਵਾਰਡ ਨੰ. 18 | ਮਨਪ੍ਰੀਤ ਸਿੰਘ ਮਾਹਲੂ ਕੌਂਸਲਰ ਵਾਰਡ ਨੰ. 21 | ਭਗਵਾਨ ਸਿੰਘ ਕੌਂਸਲਰ ਵਾਰਡ ਨੰ. 2 | ਰੁਪਿੰਦਰ ਸਿੰਘ ਸੋਨੂੰ ਦੁਕਾਨਦਾਰ ਯੂਨੀਅਨ ਪ੍ਰਧਾਨ | ਮਨਪ੍ਰੀਤ ਸਿੰਘ ਸੰਧੂ ਤਰਨ ਤਾਰਨ | ਰੁਪਿੰਦਰ ਕੌਰ ਸੰਧੂ ਟਰੱਸਟੀ ਇੰਪਰੂਵਮੈਂਟ ਟਰੱਸਟ, ਤਰਨ ਤਾਰਨ (ਪੰਜਾਬ ਸਰਕਾਰ) | ਸਤਨਾਮ ਸਿੰਘ ਭੂਪਾਲ ਜ਼ਿਲ੍ਹਾ ਪ੍ਰਧਾਨ ਕਰਿਆਨਾ ਯੂਨੀਅਨ ਤਰਨ ਤਾਰਨ | ਸ੍ਰ. ਬਲਜੀਤ ਸਿੰਘ ਤਰਨ ਤਾਰਨ | ਸਵ. ਪਰਮਜੀਤ ਸਿੰਘ ਤਰਨ ਤਾਰਨ | ਦਵਿੰਦਰ ਸਿੰਘ ਹੈਲਥ ਇੰਸਪੈਕਟਰ

## ਗੋਲਡ ਸਮਿੱਥ ਯੂਨੀਅਨ ਤਰਨ ਤਾਰਨ

ਗੁਰਵਿੰਦਰ ਸਿੰਘ ਪ੍ਰਧਾਨ ਕਾਰੀਗਰ ਯੂਨੀਅਨ | ਮਨਦੀਪ ਸਿੰਘ | ਸੰਦੀਪ ਸ਼ਿੰਦੇ | ਪ੍ਰਦੀਪ ਸ਼ਿੰਦੇ | ਸੈਫੀ ਉਦਿਨ | ਸਰਵੇਸ਼ ਵਰਮਾ | ਸਾਬਿਰ ਐਮ.ਡੀ.

ਬਿਕਰਮਜੀਤ ਸਿੰਘ ਸਿਟੀ ਟ੍ਰੈਫਿਕ ਇਚਾਰਜ ਤਰਨ ਤਾਰਨ | ਗੁਰਪ੍ਰੀਤ ਸਿੰਘ, ਏ.ਐਸ.ਆਈ. ਤਰਨ ਤਾਰਨ | ਜਗਜੀਤ ਸਿੰਘ ਤਰਨ ਤਾਰਨ

## ਸਿਟੀ ਹਸਪਤਾਲ

(M) 98556-24944

ਸਾਹਮਣੇ ਰੋਡਵੇਜ਼ ਵਰਕਸ਼ਾਪ, ਨਜ਼ਦੀਕ ਬਸ ਸਟੈਂਡ, ਤਰਨ ਤਾਰਨ।
24 ਘੰਟੇ ਤੁਹਾਡੀਆਂ ਸੇਵਾਵਾਂ ਵਿੱਚ।

ਵਿਸ਼ੇਸ਼ਤਾਵਾਂ

- ਆਕਸੀਜਨ ਦਾ ਖਾਸ ਪ੍ਰਬੰਧ।
- 24 ਘੰਟੇ ਖੁਲਾ ਹਰੇਕ ਐਮਰਜੈਂਸੀ ਰਾਹਤ ਕੇਂਦਰ।
- ਜਹਿਰੀਲੀ ਦਵਾਈ ਪੀਤੀ ਅਤੇ ਚੜੀ ਦਾ ਇਲਾਜ।
- ਆਈ.ਸੀ.ਯੂ.।
- ਐਕਸੀਡੈਂਟ ਮਰੀਜਾਂ ਲਈ ਰਾਹਤ ਕੇਂਦਰ।
- ਔਰਤਾਂ ਦੀ ਹਰੇਕ ਬਿਮਾਰੀ ਦਾ ਇਲਾਜ।
- ਨਾਰਮਲ ਡਲਿਵਰੀ, ਵੱਡੇ ਛੋਟੇ ਅਪਰੇਸ਼ਨ ਨਾਲ ਡਲਿਵਰੀ ਘੱਟ ਰੇਟਾਂ ਤੇ।
- ਅਪਰੇਸ਼ਨ ਥਿਏਟਰ ਹਰੇਕ ਤਰਾਂ ਦੇ ਅਪਰੇਸ਼ਨ।
- ਗੁਰਦੇ ਦੀ ਪਥਰੀ, ਬਵਾਸੀਰ, ਹਰਨੀਆਂ, ਗਦੂਦਾਂ ਆਦਿ।
- ਬੱਚਿਆਂ ਦੀ ਹਰ ਬਿਮਾਰੀ ਦਾ ਇਲਾਜ।
- ਛੋਟਿਆਂ ਬੱਚਿਆਂ ਨੂੰ ਪੀਲੀਆ ਹੋਨ ਤੇ ਮਸ਼ੀਨਾਂ ਦਾ ਪ੍ਰਬੰਧ।
- ਸੱਪ ਦੇ ਕੱਟੇ ਦਾ ਇਲਾਜ।
- ਦੂਰਬੀਨ ਨਾਲ ਪਿੱਤੇ ਦੀ ਪੱਥਰੀ ਅਤੇ ਗੁਰਦੇ ਦੀ ਪੱਥਰੀ ਦੇ ਅਪ੍ਰੇਸ਼ਨ
- ਟੁੱਟੀਆਂ ਹੱਡੀਆਂ ਦੇ ਹਰੇਕ ਤਰ੍ਹਾਂ ਦੇ ਅਪ੍ਰੇਸ਼ਨ।

ਐਮਬੂਲੈਂਸ, ਲੈਬੋਰਟਰੀ, ਈ.ਸੀ.ਜੀ. 24 ਘੰਟੇ।

ਐਮਰਜੈਂਸੀ 24 ਘੰਟੇ

## Sankalp DRUG DEPENDENCE TREATMENT CENTRE

(A UNIT OF SUMAN INFO HEALTHCARE PVT. LTD.)
916, Amritsar Road, Adjoining Corporation Bank, Opp. Civil Hospital, Tarn Taran -143401.
Contact : 01852-223065, 9915029746, 9915029742, Email : sankalpdrug@gmail.com

## ਸੰਕਲਪ ਮਾਨਸਿਕ ਸਿਹਤ ਅਤੇ ਨਸ਼ਾ ਛੁਡਾਊ ਹਸਪਤਾਲ

(ਸੁਮਨ ਇਨਫੋ ਹੈਲਥਕੇਅਰ ਪ੍ਰਾਈਵੇਟ ਲਿਮਿਟੇਡ ਦੇ ਸਹਿਯੋਗ ਨਾਲ)
916, ਅੰਮ੍ਰਿਤਸਰ ਰੋਡ, ਨਾਲ ਕਾਰਪੋਰੇਸ਼ਨ ਬੈਂਕ, ਸਾਹਮਣੇ ਸਿਵਲ ਹਸਪਤਾਲ, ਤਰਨ-ਤਾਰਨ-143401.
(ਪੰਜਾਬ ਸਰਕਾਰ ਦੁਆਰਾ ਮੰਜੂਰਸ਼ੁਦਾ ਨਸ਼ਾ ਮੁਕਤੀ ਕੇਂਦਰ)

ਇਥੇ ਹਰ ਤਰਾਂ ਦਾ ਨਸ਼ੇ ਦਾ ਅਤੇ ਮਾਨਸਿਕ ਬਿਮਾਰੀਆਂ ਦਾ ਇਲਾਜ ਕੀਤਾ ਜਾਂਦਾ ਹੈ।

ਉਪਲੱਬਧ ਸੇਵਾਵਾਂ:

ਸਮੈਕ, ਹੈਰੋਇਨ (ਚਿੱਟਾ), ਅਫੀਮ, ਭੁੱਕੀ, ਪੋਸਤ, ਡੋਡੇ, ਭੰਗ, ਚਰਸ, ਗਾਂਜਾ, ਹਸ਼ੀਸ਼, ਤੰਬਾਕੂ, ਬੀੜੀ, ਸਿਗਰੇਟ, ਸ਼ਰਾਬ, ਕੈਪਸੂਲ, ਗੋਲੀਆਂ ਆਦਿ।

ਨਸ਼ਾ ਛੁਡਾਉਣ ਲਈ ਜੀਭ ਥੱਲੇ ਰੱਖਣ ਵਾਲੀ ਅਸਲ ਗੋਲੀ (OST) ਮਿਲਦੀ ਹੈ।

- ਦਵਾਈ ਲੈਣ ਤੋਂ ਬਾਅਦ ਮਰੀਜ਼ ਨੂੰ ਕੋਈ ਤੋੜ ਨਹੀਂ ਲੱਗਦੀ।
- ਨਸ਼ੇ ਤੋਂ ਬਚਣ ਅਤੇ ਨਸ਼ੇ ਨੂੰ ਨਾ ਕਹਿਣ ਸੰਬਧੀ ਟ੍ਰੇਨਿੰਗ।
- ਕਾਉਸਿਲਿੰਗ (ਗੱਲ ਬਾਤ ਰਾਹੀਂ ਇਲਾਜ)।
- ਹਰ ਪ੍ਰਕਾਰ ਦੇ ਮਾਨਸਿਕ ਰੋਗਾਂ ਦਾ ਇਲਾਜ ਜਿਵੇਂ :- ਉਦਾਸੀ, ਘਬਰਾਹਟ, ਸਿਰ ਦਰਦ, ਦੰਦਲ, ਬੇਹੋਸ਼ੀ, ਮਿਰਗੀ, ਸ਼ੱਕ-ਵਹਿਮ, ਬਾਰ-ਬਾਰ ਹੱਥ ਧੋਣਾ, ਨੀਂਦ ਨਾ ਆਉਣਾ।
- ਬੱਚਿਆਂ ਦੇ ਮਾਨਸਿਕ ਰੋਗ ਦਾ ਇਲਾਜ ਜਿਵੇਂ :- ਪੜਣ-ਲਿਖਣ ਵਿੱਚ ਤਕਲੀਫ, ਸਕੂਲ ਨਾ ਜਾਣਾ, ਡਰਨਾ, ਗੱਲ ਨਾ ਮੰਨਣਾ, ਕਮਜੋਰੀ, ਨੀਂਦ ਵਿੱਚ ਚੱਲਣਾ ਜਾਂ ਬੋਲਣਾ, ਯਾਦ ਨਾ ਰਹਿਣਾ।
- ਪੰਜਾਬ ਦਾ ਸਭ ਤੋਂ ਸਸਤਾ ਅਤੇ ਆਧੁਨਿਕ ਇਲਾਜ ਕੇਂਦਰ।

ਮਰੀਜ਼ ਨੂੰ ਦਾਖਲ ਕੀਤੇ ਬਿਨਾਂ ਵੀ ਨਸ਼ਾ ਛੁਡਵਾਇਆ ਜਾਂਦਾ ਹੈ।

ਮਰੀਜ਼ ਦੀ ਪਹਿਚਾਣ ਗੁਪਤ ਰੱਖੀ ਜਾਂਦੀ ਹੈ।

ਆਪਣੀ ਮਰਜੀ ਦੇ ਦਿਨ ਅਤੇ ਸਮੇਂ ਤੇ ਵਿਖਾਉਣ ਲਈ ਸੰਪਰਕ ਕਰੋ।
Contact : 01852-223065, 9915029746, 9915029742

ਸਾਡਾ ਨਿਸ਼ਚਾ :- ਘੱਟ ਤੋਂ ਘੱਟ ਦਵਾਈ ਨਾਲ ਵਧੀਆ ਇਲਾਜ

## ਮਨਦੀਪ ਜਿਊਲਰਜ਼

ਮਨਦੀਪ ਸਿੰਘ 97809-54234
ਰਵਿੰਦਰ ਸਿੰਘ (M) 97795-54077

916 ਹਾਲਮਾਰਕ ਅਤੇ 23 ਕੈਰਟ KDM ਸੋਨੇ ਦੇ ਗਹਿਣੇ ਅਤੇ ਹਰ ਤਰ੍ਹਾਂ ਦੇ ਚਾਂਦੀ ਦੇ ਗਹਿਣੇ ਇਥੇ ਮਿਲਦੇ ਹਨ।

ਦੁਕਾਨ ਨੰ: 7, ਮਨੋਹਰ ਮਾਰਕੀਟ, ਨੇੜੇ ਅਰੋੜਾ ਸਵੀਟ, ਤਹਿਸੀਲ ਬਜ਼ਾਰ, ਤਰਨ ਤਾਰਨ।

## ਘਰ ਦੀ ਰੌਣਕ

ਅਰਮਾਨਦੀਪ ਸਿੰਘ | ਅਗਮਪ੍ਰੀਤ ਮਰਵਾਹਾ | ਸਾਹਿਜਦੀਪ ਸਿੰਘ | ਤਾਨਿਸ਼ਪ੍ਰੀਤ ਮਰਵਾਹਾ | ਸਾਹਿਜਦੀਪ ਸਿੰਘ


ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਕੋਟਿ-ਕੋਟਿ ਪ੍ਰਣਾਮ

ਵੱਲੋਂ: ਭਗਵਾਨ ਵਾਲਮੀਕਿ ਸ਼ਕਤੀ ਸੰਗਠਨ

ਮਨਜੀਤ ਸਿੰਘ ਮਿੱਟੂ ਪੰਜਾਬ ਪ੍ਰਧਾਨ | ਗੁਰਵਿੰਦਰ ਸਿੰਘ ਬੰਟੀ, ਜ਼ਿਲ੍ਹਾ ਪ੍ਰਧਾਨ

ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਕੋਟਿ-ਕੋਟਿ ਪ੍ਰਣਾਮ

ਗੁਰਪ੍ਰੀਤ ਸਿੰਘ ਰਾਜੂ, ਤਰਨ ਤਾਰਨ | ਆਮਿਰ ਮੁਹੰਮਦ, ਤਰਨ ਤਾਰਨ



ਅਨਮੋਲ ਕੈਨੇਡਾ

## ਨਿਰਮਲ ਛਾਇਆ ਮਾਨਸਿਕ ਰੋਗ ਅਤੇ ਨਸ਼ਾ ਛੁਡਾਊ ਹਸਪਤਾਲ

ਪੰਜਾਬ ਸਰਕਾਰ ਤੋਂ ਮਾਨਤਾ ਪ੍ਰਾਪਤ

O.S.T. (ਜੀਭ ਥੱਲੇ ਰੱਖਣ ਵਾਲੀ ਗੋਲੀ)

ਹਰ ਪ੍ਰਕਾਰ ਦੇ ਨਸ਼ਿਆਂ ਦਾ ਇਲਾਜ ਜਿਵੇਂ : ਅਫੀਮ, ਡੋਡੇ, ਭੁੱਕੀ, ਪੋਸਤ, ਸਮੈਕ, ਹਿਰੋਇਨ, ਨਸ਼ੇ ਦੇ ਟੀਕੇ, ਪ੍ਰੌਕਸੀਵੋਨ, ਕੋਰੈਕਸ ਆਦਿ ਦਾ ਬਿਨਾਂ ਦਰਦ ਤੇ ਤਕਲੀਫ ਦੇ ਘਰ ਬੈਠਿਆਂ ਸਫਲ ਇਲਾਜ ਕੀਤਾ ਜਾਂਦਾ ਹੈ।

ਔਰਤਾਂ ਅਤੇ ਪੁਰਸ਼ਾਂ ਦੇ ਲੱਛਣ

- ਸ਼ਰਾਬ, ਅਫੀਮ, ਪੋਸਤ, ਭੁੱਕੀ, ਨਸ਼ੇ ਦੇ ਟੀਕੇ।
- ਸਮੈਕ, ਨੀਂਦ ਦੀਆਂ ਗੋਲੀਆਂ ਦਾ ਇਲਾਜ।
- ਬਾਰ ਬਾਰ ਰੋਣਾ ਆਉਣਾ।
- ਆਤਮ ਹੱਤਿਆ ਦਾ ਵਿਚਾਰ ਆਉਣਾ।
- ਡਰ, ਸ਼ੱਕ, ਵਹਿਮ, ਭੂਤ-ਪ੍ਰੇਤ ਦਿਖਾਈ ਦੇਣਾ।
- ਨੀਂਦ, ਭੁੱਖ ਘੱਟ ਹੋਣਾ, ਕੰਮ ਵਿੱਚ ਦਿਲ ਨਾ ਲੱਗਣਾ।
- ਚੱਕਰ, ਘਬਰਾਹਟ, ਡਰ, ਬੇਚੈਨੀ, ਭੀੜ ਆਦਿ ਦਾ ਡਰ।
- ਸਰੀਰ ਦਰਦ, ਛਾਤੀ ਦਰਦ, ਲਗਾਤਾਰ ਸਿਰ ਦਰਦ ਹੋਣਾ।
- ਅੱਧਾ ਸਿਰ ਦਰਦ, ਮਾਈਗ੍ਰੇਨ ਦਾ ਦਰਦ, ਮਿਰਗੀ ਦੇ ਦੌਰੇ।
- ਸਿਰ ਦਰਦ ਤੋਂ ਬਾਅਦ ਉਲਟੀ ਆਉਣਾ।
- ਧਾਂਤ ਪੈਣਾ, ਸ਼ੀਘਰ ਪੱਤਣ, ਸੈਕਸ ਸਬੰਧੀ ਸਮੱਸਿਆਵਾਂ।

ਮਰੀਜ਼ ਨੂੰ ਦਾਖਲ ਕਰਕੇ ਨਸ਼ਾ ਛੁਡਵਾਉਣ ਦਾ ਵੀ ਖਾਸ ਪ੍ਰਬੰਧ ਹੈ।

ਐਤਵਾਰ ਵੀ ਖੁੱਲ੍ਹਦਾ ਹੈ।

ਪਹਿਲੀ ਮੰਜਿਲ, ਗਿੱਲ ਕੰਪਲੈਕਸ, ਨੇੜੇ ਜਨਤਾ ਪੈਲੇਸ, ਅੰਮ੍ਰਿਤਸਰ ਰੋਡ, ਤਰਨ ਤਾਰਨ
ਮੋ. : 97799-21529, 95016-02551

ਸ਼ਿਵ ਟੈਲੀਕਾਮ ਮੁਰਾਦਪੁਰਾ ਰੋਡ ਤਰਨਤਾਰਨ 98882-49818

ਵਿੱਕੀ ਜਿਊਲਰਜ਼ ਨੌਸ਼ਹਿਰਾ ਪੰਨੂਆ ਤਰਨਤਾਰਨ 97808-46753

ਮਾਝਾ ਆਰ.ਓ., ਏ.ਸੀ. ਰਿਪੇਅਰ ਸੈਂਟਰ ਪ੍ਰੋ. ਹਰਪ੍ਰੀਤ ਸਿੰਘ ਹਨੀ 78149-85411

ਹੀਰਾ ਜਿਊਲਰਜ਼ ਪਿੰਡ ਸ਼ੇਰੋ, ਤਰਨਤਾਰਨ ਪ੍ਰੋ. ਸੁਖਵਿੰਦਰ ਸਿੰਘ 9988533432

## BAL GEUST HOUSE



NH 54 HIGHWAY, TARN TARAN NEAR BAL GAS AGENCY GODOWN
Prop. BKRAM SINGH
M. 99881-33500



(M) 97798-45371
ਪ੍ਰੋਪ: ਗੁਰਨਾਮ ਸਿੰਘ

## ਸੁੱਖ ਗਲਾਸ ਹਾਊਸ

ਇੱਥੇ ਲੈਮੀਨੇਸ਼ਨ, ਸ਼ੀਸ਼ਾ ਫਰੇਮ, ਡਬਲ ਫਰੇਮ, ਸਿੰਗਲ ਫਰੇਮ, ਕੱਟ ਮਾਊਂਟ ਫਰੇਮਿੰਗ, ਸਿਹਰੇ-ਕਲੀਰੇ ਅਤੇ ਹਰ ਪ੍ਰਕਾਰ ਦੀ ਫੋਟੋ ਫਰੇਮਿੰਗ ਕੀਤੀ ਜਾਂਦੀ ਹੈ ਅਤੇ ਸ਼ੀਸ਼ੇ ਆਦਿ ਖ੍ਰੀਦੋ।
ਮੁਰਾਦਪੁਰ ਰੋਡ, ਸਾਹਮਣੇ ਦੁਸ਼ਹਿਰਾ ਗਰਾਊਂਡ ਗੇਟ, ਤਰਨ ਤਾਰਨ।


## ੴ ਵਾਹਿਗੁਰੂ ਜੀ ਕੀ ਫਤਹਿ ॥

ਪੰਚਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ 419 ਸਾਲਾ

## ਸ਼ਹੀਦੀ ਦਿਹਾੜਾ

17 ਜੇਠ ਸੰਮਤ ਨਾਨਕਸ਼ਾਹੀ 557 (30 ਮਈ ਦਿਨ ਸ਼ੁੱਕਰਵਾਰ) ਨੂੰ ਸ੍ਰੀ ਦਰਬਾਰ ਸਾਹਿਬ ਸ੍ਰੀ ਤਰਨ ਤਾਰਨ ਵਿੱਖੇ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਜਾ ਰਿਹਾ ਹੈ।

**ਪ੍ਰੋਗਰਾਮ:** ਸ੍ਰੀ ਅਖੰਡ ਪਾਠ ਸਾਹਿਬ: 28 ਮਈ ਦਿਨ ਬੁੱਧਵਾਰ ਨੂੰ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਜਾਣਗੇ ਜਿੰਨਾ ਦੇ ਭੋਗ 30 ਮਈ ਦਿਨ ਸ਼ੁੱਕਰਵਾਰ ਨੂੰ ਪੈਣਗੇ।

**ਨਗਰ ਕੀਤਰਨ:** ਮਿਤੀ 29 ਮਈ ਦਿਨ ਵੀਰਵਾਰ ਨੂੰ ਸਵੇਰੇ 8:00 ਵਜੇ ਅਲੌਕਿਕ ਨਗਰ ਕੀਰਤਨ ਸ੍ਰੀ ਗੁਰੂ ਅਰਜਨ ਦੇਵ ਜੀ ਨਿਵਾਸ (ਸਰਾਂ) ਤੋਂ ਆਰੰਭ ਹੋ ਕੇ ਮਹੱਲਾ ਜਸਵੰਤ ਸਿੰਘ, ਨੂਰਦੀ ਬਜਾਰ, ਗੁਰੂ ਬਜਾਰ, ਗਾਰਦ ਬਜਾਰ, ਜੀ.ਟੀ. ਰੋਡ, ਤਹਿਸੀਲ ਬਜਾਰ, ਚੌਕ ਸ੍ਰੀ ਦਰਬਾਰ ਸਾਹਿਬ, ਅੱਡਾ ਬਜ਼ਾਰ, ਚੌਕ ਬੋਹੜੀ ਵਾਲਾ, ਬੁੰਗਾ ਟਾਕ ਕਸ਼ੱਤਰੀ ਤੋਂ ਹੁੰਦਾ ਹੋਇਆ ਨਿਵਾਸ (ਸਰਾਂ) ਵਿਖੇ ਸਮਾਪਤੀ ਹੋਵੇਗੀ।

**ਕਵੀ ਦਰਬਾਰ, ਕੀਰਤਨ ਅਤੇ ਗੁਰਮਤਿ ਸਮਾਗਮ:** 29 ਮਈ ਦਿਨ ਵੀਰਵਾਰ ਸ਼ਾਮ 3:30 ਤੇ ਰਾਤ 10:00 ਵਜੇ ਤੱਕ ਕਵੀ ਦਰਬਾਰ, ਕੀਰਤਨ ਅਤੇ ਗੁਰਮਤਿ ਸਮਾਗਮ ਹੋਣਗੇ। ਜਿਸ ਵਿੱਚ ਪ੍ਰਸਿਧ ਕਵੀ ਅਤੇ ਕੀਰਤਨੀਏ ਸੰਗਤਾਂ ਨੂੰ ਨਿਹਾਲ ਕਰਨਗੇ।

**ਸ਼ਹੀਦੀ ਦਿਹਾੜਾ ਸਮਾਗਮ:** 30 ਮਈ ਦਿਨ ਸ਼ੁੱਕਰਵਾਰ ਨੂੰ ਸਵੇਰੇ 08:00 ਤੋਂ ਰਾਤ 10:00 ਵਜੇ ਤੱਕ ਸ਼ਹੀਦੀ ਦਿਹਾੜੇ ਸਮਾਗਮ ਹੋਣਗੇ।

**ਨਿਮਰਤਾ ਸਹਿਤ ਬੇਨਤੀ:** ਸਮੂਹ ਗੁਰੂ ਨਾਨਕ-ਨਾਮ ਲੇਵਾ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਧਾਰਮਿਕ ਸਮਾਗਮਾਂ 'ਚ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆ ਅਸੀਸਾਂ ਪ੍ਰਾਪਤ ਕਰੋ ਜੀ।

ਗੁਰੂ-ਪੰਥ ਦਾ ਦਾਸ

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਜੱਥੇ. ਹਰਜਿੰਦਰ ਸਿੰਘ ਜੀ ਧਾਮੀ
ਪ੍ਰਧਾਨ

ਜਾਰੀ ਕਰਤਾ:-ਮੈਨੇਜਰ ਸ੍ਰੀ ਦਰਬਾਰ ਸਾਹਿਬ ਸ੍ਰੀ ਤਰਨ ਤਾਰਨ
ਮੋਬ: 8725008004

## ਚੇਅਰਮੈਨ ਸੁਖਜਿੰਦਰ ਸਿੰਘ ਨੇ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਚੀਮਾ ਖੁੱਡੀ ਦੇ ਚੇਅਰਮੈਨ ਵਜੋਂ ਸੰਭਾਲਿਆ ਅਹੁਦਾ



ਸ੍ਰੀ ਹਰਗੋਬਿੰਦਪੁਰ ਸਾਹਿਬ/ ਘੁਮਾਣ 27 ਮਈ (ਡਾ.ਨਰਿੰਦਰ ਸਿੰਘ ਘੁਮਾਣ/ਸੁੱਖ ਅੰਮ੍ਰਿਤ ਘੁਮਾਣ) ਨਵੀਂ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਚੀਮਾ ਖੁੱਡੀ, ਸ੍ਰੀ ਹਰਗੋਬਿੰਦਪੁਰ ਸਾਹਿਬ ਵਿਖੇ ਚੇਅਰਮੈਨ ਸੁਖਜਿੰਦਰ ਸਿੰਘ, ਡਾਇਰੈਕਟਰ ਰਜਿੰਦਰਾ ਮਸ਼ੀਨਜ਼ ਪ੍ਰਾਈਵੇਟ ਲਿਮਟਿਡ ਬਟਾਲਾ ਨੇ ਅੱਜ ਰਸਮੀ ਤੌਰ 'ਤੇ ਅਹੁਦਾ ਸੰਭਾਲ ਲਿਆ ਹੈ। ਜਿਕਰਯੋਗ ਹੈ ਕਿ ਚੇਅਰਮੈਨ ਸੁਖਜਿੰਦਰ ਸਿੰਘ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਕਾਦੀਆਂ ਦੇ ਚੇਅਰਮੈਨ ਵਜੋਂ ਵੀ ਸੇਵਾਵਾਂ ਨਿਭਾ ਰਹੇ ਹਨ। ਅਹੁਦਾ ਸੰਭਾਲਣ ਉਪਰੰਤ ਚੇਅਰਮੈਨ ਸੁਖਜਿੰਦਰ ਸਿੰਘ ਨੇ ਸਿਖਿਆਰਥੀਆਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਦੀਆਂ ਔਕੜਾਂ ਪਹਿਲ ਦੇ ਆਧਾਰ ਤੇ ਹੱਲ ਕਰਨ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਸਿਖਿਆਰਥੀਆਂ ਨੂੰ ਪਾਸ ਹੋਣ ਉਪਰੰਤ ਆਪਣੀ ਇੰਡਸਟਰੀ ਵਿੱਚ ਪਹਿਲ ਦੇ ਆਧਾਰ 'ਤੇ ਰੋਜ਼ਗਾਰ ਦਿੱਤਾ ਜਾਵੇਗਾ। ਇਸ ਮੌਕੇ ਚੇਅਰਮੈਨ ਸੁਖਜਿੰਦਰ ਸਿੰਘ ਵਲੋਂ ਆਈ.ਟੀ.ਆਈ ਦਾ ਨਿਰੀਖਣ ਕਰਨ ਉਪਰੰਤ ਆਈ.ਟੀ.ਆਈ ਦੇ ਕੰਪਲੈਕਸ ਵਿੱਚ ਪੌਦਾ ਵੀ ਲਗਾਇਆ। ਉਨ੍ਹਾਂ ਸਟਾਫ ਨੂੰ ਹਰ ਸੰਭਵ ਸਹਾਇਤਾ ਦੇਣ ਦਾ ਭਰੋਸਾ ਵੀ ਦਿੱਤਾ। ਇਸ ਤੋਂ ਪਹਿਲਾਂ ਪ੍ਰਿੰਸੀਪਲ ਭੁਪਿੰਦਰ ਸਿੰਘ ਅਤੇ ਸਮੂਹ ਸਟਾਫ ਵਲੋਂ ਚੇਅਰਮੈਨ ਅਤੇ ਮੈਂਬਰਾਂ ਦਾ ਆਈ.ਟੀ.ਆਈ ਪਹੁੰਚਣ 'ਤੇ ਭਰਵਾਂ ਸਵਾਗਤ ਕੀਤਾ। ਇਸ ਮੌਕੇ ਆਈ ਐਮ ਸੀ ਕਮੇਟੀ ਦੇ ਮੈਂਬਰ ਰਾਜਦੀਪ ਸਿੰਘ ਨੈਸ਼ਨਲ ਇੰਡਸਟਰੀ ਬਟਾਲਾ, ਸੁਖਬੀਰ ਸਿੰਘ ਅਰਜਨ ਮਸ਼ੀਨ ਟੂਲਜ਼ ਬਟਾਲਾ, ਮਨੀਸ਼ ਅਗਰਵਾਲ ਸੀਮਾ ਫਾਊਂਡਰੀ ਬਟਾਲਾ, ਰਣਜੀਤ ਸਿੰਘ ਆਰ ਐਸ ਉਸਾਨ ਮਸ਼ੀਨ ਟੂਲਜ਼ ਬਟਾਲਾ, ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਕਾਦੀਆਂ ਦੇ ਪ੍ਰਿੰਸੀਪਲ ਤੇਜਿੰਦਰ ਸਿੰਘ ਵੇਰਕਾ ਆਦਿ ਹਾਜ਼ਰ ਸਨ।

# ਦਫ਼ਤਰੀ ਬਾਬੂਆਂ ਵੱਲੋਂ 1 ਜੂਨ ਨੂੰ ਲੁਧਿਆਣਾ ਵਿਖੇ ਸੂਬਾ ਪੱਧਰੀ ਮੀਟਿੰਗ ਕਰਕੇ ਉਲੀਕੀ ਜਾਵੇਗੀ ਸੰਘਰਸ਼ ਦੀ ਰੂਪ ਰੇਖਾ।









ਗੁਰਦਾਸਪੁਰ 27 ਮਈ:- (ਜਗੀਰ ਸਿੰਘ ਮੰਡ)ਪੰਜਾਬ ਸਟੇਟ ਮਨਿਸਟੀਰੀਅਲ ਸਰਵਿਸਿਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਗੁਰਨਾਮ ਸਿੰਘ ਵਿਰਕ ਅਤੇ ਸੂਬਾ ਜਨਰਲ ਸਕੱਤਰ ਤਰਸੇਮ ਭੱਠਲ ਦੀ ਅਗਵਾਈ ਵਿੱਚ ਪੀ.ਐਸ.ਐਮ.ਐਸ.ਯੂ. ਦੀ ਸੂਬਾਈ ਕਾਰਜਕਾਰਨੀ ਨਾਲ ਵੀਡੀਓ ਕਾਨਫਰੰਸ ਰਾਹੀਂ ਅਹਿਮ ਮੀਟਿੰਗ ਕੀਤੀ ਗਈ ਇਸ ਸਬੰਧੀ ਜਾਣਕਾਰੀ ਦਿੰਦਿਆਂ ਜਿਲਾ ਪ੍ਰਧਾਨ ਸਾਜਨ ਸਿੰਘ ਅਤੇ ਜਿਲਾ ਜਨਰਲ ਸਕੱਤਰ ਗੁਰਜੀਤ ਸਿੰਘ ਰੰਧਾਵਾ ਤੇ ਮਨੂਐਲ ਨਾਹਰ ਨੇ ਦੱਸਿਆ ਕਿ ਇਸ ਮੀਟਿੰਗ ਦਾ ਮੁੱਖ ਏਜੰਡਾ ਮਨਿਸਟੀਰੀਅਲ ਯੂਨੀਅਨ ਨਾਲ ਸਰਕਾਰ ਪੱਧਰ ਦੀਆਂ ਮੀਟਿੰਗਾਂ ਵਿੱਚ ਮੰਨੀਆਂ ਮੰਗਾਂ ਲਾਗੂ ਨਾ ਕਰਨ ਕਾਰਨ ਮੁਲਾਜਮਾਂ ਅੰਦਰ ਪਾਏ ਜਾ ਰਹੇ ਰੋਸ ਨੂੰ ਮੁੱਖ ਰੱਖਦੇ ਹੋਏ ਸਮੂਹ ਵਿਭਾਗਾਂ ਦੇ ਸੂਬਾਈ ਆਗੂਆਂ ਨਾਲ ਵੀਡੀਓ ਕਾਨਫਰੰਸ ਕਾਲ ਰਾਹੀਂ ਮੀਟਿੰਗ ਕੀਤੀ ਗਈ। ਸੂਬਾਈ ਆਗੂਆਂ ਵੱਲੋਂ ਕਿਹਾ ਗਿਆ ਕਿ ਕਿ ਅਗਰ ਪੰਜਾਬ ਸਰਕਾਰ ਨੇ ਜਥੇਬੰਦੀ ਨਾਲ ਜਲਦ ਮੀਟਿੰਗ ਕਰਕੇ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਕਰਨ, ਮਹਿੰਗਾਈ ਭੱਤੇ ਦੀਆਂ ਰੁਕੀਆਂ ਕਿਸ਼ਤਾਂ ਸਮੇਤ ਏਰੀਅਰ ਇਕਮੁਸ਼ਤ ਰਲੀਜ ਕਰਨਾ, 15.01.2015 ਦਾ ਨੋਟੀਫਿਕੇਸ਼ਨ ਰੱਦ ਕਰਨਾ, ਨਵੀਂ ਭਰਤੀ ਕੇਂਦਰੀ ਸਕੇਲਾਂ ਦੀ ਬਜਾਏ ਪੰਜਾਬ ਦੇ ਤਨਖਾਹ ਸਕੇਲਾਂ ਤੇ ਕਰਨਾ ਆਦਿ ਮੰਗਾਂ ਦਾ ਨਿਪਟਾਰਾ ਨਹੀਂ ਕੀਤਾ ਗਿਆ ਤਾਂ ਮੁਲਾਜਮ ਆਉਣ ਜਾ ਰਹੀ ਜਿਮਨੀ ਚੋਣ ਦੌਰਾਨ ਸੂਬੇ ਭਰ ਦਾ ਮੁਲਾਜਮ ਸੰਘਰਸ਼ ਦਾ ਬਿਗੁਲ ਵਜਾਉਣ ਲਈ ਮਜਬੂਰ ਹੋਣਗੇ। ਸੂਬਾ ਪ੍ਰਧਾਨ ਗੁਰਨਾਮ ਸਿੰਘ ਵਿਰਕ ਨੇ ਕਿਹਾ ਕਿ ਜਥੇਬੰਦੀ ਵੱਲੋਂ ਆਪਣਾ ਮੰਗ ਪੱਤਰ ਸਰਕਾਰ ਦੇ ਨਾਮ ਭੇਜ ਦਿੱਤਾ ਗਿਆ ਹੈ, ਉਨ੍ਹਾਂ ਕਿਹਾ ਕਿ ਜਥੇਬੰਦੀ ਸਰਕਾਰ ਨੂੰ ਅਪੀਲ ਕਰਦੀ ਹੈ ਕਿ ਸਾਡੀਆਂ ਮੰਗਾਂ ਨੂੰ ਪਹਿਲ ਦੇ ਆਧਾਰ ਤੇ ਸੁਣਿਆ ਜਾਵੇ ਅਤੇ ਮੁਲਾਜਮਾਂ ਦੀਆਂ ਜਾਇਜ ਮੰਗਾਂ ਦਾ ਹੱਲ ਕੀਤਾ ਜਾਵੇ, ਨਹੀਂ ਤਾਂ ਮੁਲਾਜਮ ਆਪਣੀ ਡਿਊਟੀ ਛੱਡਕੇ ਸੜਕਾਂ ਤੇ ਉੱਤਰਨ ਲਈ ਮਜਬੂਰ ਹੋ ਜਾਣਗੇ। ਸੂਬਾ ਜਨਰਲ ਸਕੱਤਰ ਤਰਸੇਮ ਭੱਠਲ ਨੇ ਕਿਹਾ ਕਿ ਸਮੂਹ ਸੂਬਾਈ ਆਗੂਆਂ ਵੱਲੋਂ ਸੰਘਰਸ਼ ਦਾ ਐਲਾਨ ਜਲਦ ਕਰਨ ਦੀ ਮੰਗ ਕੀਤੀ ਜਾ ਰਹੀ ਹੈ, ਕਿਉਂ ਜੋ ਸਰਕਾਰ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਮੁਲਾਜਮਾਂ ਦੀ ਕੋਈ ਮੰਗ ਪੂਰੀ ਨਹੀਂ ਕੀਤੀ ਗਈ ਹੈ, ਇਸ ਤੋਂ ਇਲਾਵਾ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਵੀ ਸਮੇਂ ਸਿਰ ਰੀਜ ਨਹੀਂ ਕੀਤੀਆਂ ਜਾ ਰਹੀਆਂ ਜਿਸ ਕਾਰਨ ਮੁਲਾਜ਼ਮ ਆਰਥਿਕ ਤੌਰ ਤੇ ਭਾਰੀ ਨੁਕਸਾਨ ਹੇਠ ਹਨ, ਉਹਨਾਂ ਕਿਹਾ ਕਿ ਮੁਲਾਜ਼ਮ ਸਰਕਾਰ ਦੀ ਰੀੜ ਦੀ ਹੱਡੀ ਹਨ ਇਸ ਲਈ ਸਰਕਾਰ ਮੁਲਾਜ਼ਮ ਮੰਗਾਂ ਬਾਰੇ ਆਪਣਾ ਪੱਖ ਸਾਫ ਕਰੇ ਅਤੇ ਜਥੇਬੰਦੀਆਂ ਨੂੰ ਸਮਾਂ ਦੇ ਕੇ ਜਲਦ ਮੁਲਾਜ਼ਮਾਂ ਦੀਆਂ ਲਟਕਦੀਆਂ ਮੰਗਾਂ ਪੂਰੀਆਂ ਕਰੇ। ਸਮੂਹ ਆਗੂਆਂ ਦੇ ਪ੍ਰਾਪਤ ਹੋਏ ਵਿਚਾਰ ਅਨੁਸਾਰ ਫੈਸਲਾ ਕੀਤਾ ਗਿਆ ਕਿ ਸੰਘਰਸ਼ ਦੀ ਵਿਉਂਤਬੰਦੀ ਕਰਨ ਲਈ ਸਮੂਹ ਵਿਭਾਗਾਂ ਦੇ ਸੂਬਾ ਪ੍ਰਧਾਨ/ਜਨਰਲ ਸਕੱਤਰ ਅਤੇ ਜਿਲਿਆਂ ਦੇ ਪ੍ਰਧਾਨ/ ਜਨਰਲ ਸਕੱਤਰ ਸਾਹਿਬਾਨਾਂ ਤੋਂ ਇਸ ਤੋਂ ਇਲਾਵਾ ਸਮੂਹ ਸੂਬਾਈ ਆਗੂਆਂ ਨਾਲ ਸੂਬਾ ਪਧਰੀ ਮੀਟਿੰਗ ਕਰਕੇ ਤਗੜੇ ਸੰਘਰਸ਼ ਦੀ ਵਿਉਂਤਬੰਦੀ ਕੀਤੀ ਜਾਵੇ। ਇਸ ਲਈ ਜਥੇਬੰਦੀ ਵੱਲੋਂ 1 ਜੂਨ ਨੂੰ ਲੁਧਿਆਣਾ ਵਿਖੇ ਸੂਬਾ ਪਧਰੀ ਮੀਟਿੰਗ ਸੱਦ ਲਈ ਗਈ ਹੈ ਜਿਸ ਵਿੱਚ ਸਥਿਤੀ ਨੂੰ ਮੁੱਖ ਰੱਖਦਿਆਂ ਹੋਇਆ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ। ਇਸ ਵੀਡੀਓ ਕਾਨਫਰੰਸ ਵਿੱਚ ਸੂਬਾ ਚੇਅਰਮੈਨ ਰਘਵੀਰ ਸਿੰਘ ਬਡਵਾਲ, ਸੂਬਾ ਮੁੱਖ ਸਲਾਹਕਾਰ ਤੇਜਿੰਦਰ ਸਿੰਘ ਨੰਗਲ, ਸੂਬਾ ਵਿੱਤ ਸਕੱਤਰ ਅਨੁਜ ਸ਼ਰਮਾ, ਸੂਬਾ ਵਧੀਕ ਜਨ ਸਕੱਤਰ ਅਮਿਤ ਅਰੋੜਾ, ਸੂਬਾ ਪ੍ਰੈਸ ਸਕੱਤਰ ਰਾਜਵੀਰ ਸ਼ਰਮਾ ਬਡਰੁੱਖਾਂ, ਸੁਪਰ ਸੀਨੀਅਰ ਮੀਤ ਪ੍ਰਧਾਨ ਗੁਰਮੇਲ ਸਿੰਘ ਵਿਰਕ ਸੰਜੀਵ ਭਾਰਗਵ ਪਿਪਲ ਸਿੰਘ ਸਿੱਧੂ ਸੰਗਤ ਰਾਮ ਅਤੇ ਖੁਸ਼ ਕਰਨਜੀਤ ਸਿੰਘ ਤੋਂ ਇਲਾਵਾ ਜਗਦੀਸ਼ ਠਾਕੁਰ ਸੂਬਾ ਮੁੱਖ ਪ੍ਰਬੰਧਕ ਸਕੱਤਰ ਅਤੇ ਮਨਜਿੰਦਰ ਸੰਧੂ ਸੂਬਾ ਮੁੱਖ ਸ਼ਾਮਿਲ ਰਹੇ

## ਅਫੀਮ ਸਮੇਤ ਨੌਜਵਾਨ ਕਾਬੂ



ਬਟਾਲਾ 26 ਮਈ ਬਲਵਿੰਦਰ ਸਿੰਘ ਪੰਜਗਰਾਈਂ, ਧੰਨਪਾਲ ਸਿੰਘ ਕਲਸੀ :ਹਲਕਾ ਸ਼੍ਰੀ ਹਰਗੋਬਿੰਦਪੁਰ ਅਧੀਨ ਆਉਂਦੇ ਥਾਣਾ ਰੰਗੜ ਨੰਗਲ ਦੀ ਪੁਲਿਸ ਵੱਲੋਂ 30.10 ਗ੍ਰਾਮ ਅਫੀਮ ਸਮੇਤ ਇੱਕ ਨੌਜਵਾਨ ਨੂੰ ਕਾਬੂ ਕੀਤਾ ਗਿਆ ਹੈ। ਪੱਤਰਕਾਰਾਂ ਨਾਲ ਜਾਣਕਾਰੀ ਸਾਂਝੀ ਕਰਦੇ ਹੋਏ ਐਸ ਐਚ ਓ ਗਗਨਦੀਪ ਸਿੰਘ ਨੇ ਦੱਸਿਆ ਕਿ ਐਸਐਸਪੀ ਸ੍ਰੀ ਸੁਹੇਲ ਮੀਰ ਕਾਸਮ ਜੀ ਦੀਆਂ ਹਦਾਇਤਾਂ ਅਨੁਸਾਰ ਕਿ ਭੈੜੇ ਪੁਰਸ਼ਾਂ ਨੂੰ ਪਕੜ ਕੇ ਜੇਲਾਂ ਦੀਆਂ ਸਲਾਖਾਂ ਅੰਦਰ ਨਜ਼ਰ ਬੰਦ ਕੀਤਾ ਜਾਵੇ, ਇਸੇ ਲੜੀ ਤਹਿਤ ਏਐਸਆਈ ਹਰਪਿੰਦਰ ਸਿੰਘ ਦੀ ਅਗੁਵਾਈ ਹੇਠ,ਗਸਤ ਕਰ ਰਹੀ ਪੁਲਿਸ ਪਾਰਟੀ ਨੇ, ਪਿੰਡ ਰੰਗੜ ਨੰਗਲ ਤੋਂ ਬੈਰੋਵਾਲ ਨੂੰ ਜਾਂਦੀ ਸੜਕ ਉੱਪਰ, ਇੱਕ ਨੌਜਵਾਨ ਨੂੰ, ਮੋਟਰਸਾਈਕਲ ਨੰਬਰ ਪੀ ਬੀ 08 ਈ ਐਸ 9844 ਤੇ ਆਉਂਦੇ ਨੂੰ, ਸ਼ੱਕ ਦੀ ਬਿਨਾਂ ਤੇ ਘੇਰਿਆ । ਤਲਾਸ਼ੀ ਲੈਣ ਤੇ ਉਸ ਪਾਸੋਂ 30 .10 ਗਰਾਮ ਅਫੀਮ ਜੋ ਮੋਮੀ ਲਫਾਫੇ ਵਿੱਚ ਵਿੱਚ ਬੰਦ ਸੀ, ਪਾਈ ਗਈ। ਨੌਜਵਾਨ ਦੀ ਪਹਿਚਾਣ ਹਰਜਿੰਦਰ ਸਿੰਘ ਪੁਰਫ ਰਾਜਾ ਪੁੱਤਰ ਜਸਬੀਰ ਸਿੰਘ ਵਾਸੀ ਨਵਾਂ ਰੰਗੜ ਨੰਗਲ ਵਜੋਂ ਹੋਈ ਜਿਸ ਨੂੰ ਗ੍ਰਿਫਤਾਰ ਕਰਕੇ ਅਗਲੀ ਕਾਰਵਾਈ ਆਰੰਭ ਕਰ ਦਿੱਤੀ ਗਈ ਹੈ।

## ਗੁਰੂ ਰਾਮਦਾਸ ਡਿਗਰੀ ਕਾਲਜ ਪੰਧੇਰ ਦਾ ਬੀ ਕਾਮ ਦਾ ਸਾਰੇ ਸਮੈਸਟਰਾਂ ਦਾ ਨਤੀਜਾ ਸ਼ਾਨਦਾਰ ਰਿਹਾ







ਬਟਾਲਾ, 27 ਮਈ (ਸੁਖਦੇਵ ਸਿੰਘ ਰੰਧਾਵਾ ਬਲਬੀਰ ਸੋਹਲ)- ਸ੍ਰੀ ਗੁਰੂ ਰਾਮਦਾਸ ਡਿਗਰੀ ਕਾਲਜ ਪੰਧੇਰ ਦੇ ਵਿਦਿਆਰਥੀਆਂ ਦਾ ਬੀ ਕਾਮ ਦੇ ਨਤੀਜੇ ਸ਼ਾਨਦਾਰ ਰਹੇ ਹਨ। ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋ ਐਲਾਨੇ ਗਏ ਇਹਨਾਂ ਨਤੀਜਿਆ ਵਿੱਚ ਸਾਰੇ ਸਮੈਸਟਰਾਂ ਦੇ ਵਿਦਿਆਰਥੀ ਵਧੀਆ ਅੰਕ ਲੈ ਕਿ ਪਾਸ ਹੋਏ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਕਾਲਜ ਦੇ ਪ੍ਰਿੰਸੀਪਲ ਸ੍ਰੀਮਤੀ ਡਾ ਅਨਮੋਲਦੀਪ ਕੌਰ ਨੇ ਦੱਸਿਆ ਕਾਲਜ ਮੈਨੇਜ਼ਮੈਂਟ ਵਲੋ ਵਿਦਿਆਰਥੀਆਂ ਨੂੰ ਵਿੱਦਿਆ ਦੇਣ ਵਾਸਤੇ ਹਰ ਤਰ੍ਹਾਂ ਦੀ ਸਹੂਲਤ ਅਤੇ ਈ ਲਾਇਬ੍ਰੇਰੀ ਦੀ ਸਹੂਲਤ ਦਿੱਤੀ ਗਈ ਹੈ। ਉਹਨਾਂ ਦੱਸਿਆ ਕਿ ਬੀ ਕਾਮ ਪਹਿਲਾ ਦੀ ਵਿਦਿਆਰਥਣ ਗੁਰਨੂਰਪ੍ਰੀਤ ਕੌਰ ਨੇ 70 ਫੀਸਦੀ ਅੰਕ ਨਾਲ ਪਹਿਲਾ ਸਥਾਨ ਹਾਸਿਲ ਕੀਤਾ ਹੈ। ਬੀ ਕਾਮ ਤੀਸਰਾ ਸਮੈਸਟਰ ਦੀ ਵਿਦਿਆਰਥਣ ਜਸਨੂਰ ਕੌਰ ਨੇ 65 ਫੀਸਦੀ ਅੰਕ ਨਾਲ ਪਹਿਲਾ ਅਤੇ ਬੀ ਕਾਮ ਪੰਜਵਾਂ ਸਮੈਸਟਰ ਦੀ ਸਿਮਰਨਜੀਤ ਕੌਰ ਨੇ 70 ਫੀਸਦੀ ਅੰਕ ਨਾਲ ਪਹਿਲਾ ਸਥਾਨ ਹਾਸਿਲ ਕੀਤਾ ਹੈ। ਇਸ ਮੌਕੇ ਕਾਲਜ ਦੇ ਮੈਨੇਜਿੰਗ ਡਾਇਰੈਕਟਰ ਸ੍ਰ ਅਵਤਾਰ ਸਿੰਘ ਕੰਗ ਨੇ ਸਾਰੇ ਵਿਦਿਆਰਥੀਆਂ ਸਟਾਫ ਅਤੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਉਹਨਾਂ ਦੀ ਇਸ ਕਾਮਯਾਬੀ ਲਈ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਨੂੰ ਅੱਗੇ ਤੋ ਹੋਰ ਸਖ਼ਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ ਗਿਆ।

## ਜਗਰਾਉਂ ਤੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ 28 ਦੇ ਲੁਧਿਆਣਾ ਧਰਨੇ ਸਬੰਧੀ ਮੀਟਿੰਗ



ਜਗਰਾਓਂ 27 ਮਈ ਦਵਿੰਦਰ ਜੈਨ : ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਹਲਕਾ ਜਗਰਾਓਂ ਤੋਂ ਇੰਚਾਰਜ ਸ੍ਰੀ ਐਸ ਆਰ ਕਲੇਰ ਵੱਲੋਂ ਹਲਕੇ ਦੇ ਆਗੂਆਂ ਤੇ ਵਰਕਰਾਂ ਨਾਲ 28 ਮਈ ਨੂੰ ਗਲਾਡਾ ਦਫਤਰ ਲੁਧਿਆਣਾ ਸਾਹਮਣੇ ਦਿੱਤੇ ਜਾ ਰਹੇ ਧਰਨੇ ਸਬੰਧੀ ਵਿਸ਼ੇਸ਼ ਮੀਟਿੰਗ ਕੀਤੀ । ਇਸ ਦੌਰਾਨ ਹਲਕਾ ਇੰਚਾਰਜ ਸ੍ਰੀ ਐਸ ਆਰ ਕਲੇਰ ਨੇ ਸੰਬੋਧਨ ਕਰਦਿਆਂ ਆਖਿਆ ਕਿ ਪੰਜਾਬ ਦੀ ਆਪ ਸਰਕਾਰ ਜਿੱਥੇ ਲੋਕਾਂ ਨਾਲ ਚੋਣਾਂ ਸਮੇਂ ਕੀਤੇ ਵਾਅਦਿਆ ਤੋਂ ਭੱਜ ਰਹੀ ਹੈ ਉੱਥੇ ਹੀ ਪੰਜਾਬ ਖਾਸ ਕਰ ਲੁਧਿਆਣਾ ਜ਼ਿਲ੍ਹੇ ਨੂੰ ਖੇਤੀ ਧੰਦੇ ਤੋਂ ਖਤਮ ਕਰਨ ਲਈ ਗਲਾਡਾ ਰਾਹੀਂ 24311 ਏਕੜ ਜਮੀਨ ਐਕਵਾਇਰ ਕਰਨ ਜਾ ਰਹੀ ਹੈ । ਜਿਸ ਖਿਲਾਫ ਸ਼੍ਰੋਮਣੀ ਅਕਾਲੀ ਦਲ ਬਾਦਲ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ 28 ਮਈ ਨੂੰ ਗਲਾਡਾ ਦੇ ਲੁਧਿਆਣਾ ਦਫਤਰ ਵਿਖੇ ਵਿਸ਼ਾਲ ਧਰਨਾ ਲਗਾਇਆ ਜਾਵੇਗਾ। ਇਸ ਧਰਨੇ ਵਿੱਚ ਹਲਕਾ ਜਗਰਾਉਂ ਤੋਂ ਵੱਡੀ ਗਿਣਤੀ ਚ "ਲੁਧਿਆਣਾ ਜੀ ਟੀ ਰੋਡ ਪਸ਼ੂ ਮੰਡੀ ਜਗਰਾਓਂਤੋ 28 ਮਈ ਨੂੰ ਸਵੇਰੇ 8:30 ਵਜੇ ਅਕਾਲੀ ਆਗੂਆਂ, ਵਰਕਰਾਂ,ਸਮਰੱਥਕਾਂ ਤੇ ਕਿਸਾਨਾਂ ਦਾ ਜੱਥਾ ਰਵਾਨਾ ਹੋਵੇਗਾ। ਇਸ ਮੌਕੇ ਸ੍ਰੀ ਕਲੇਰ ਨੇ ਪਾਰਟੀਬਾਜ਼ੀ ਤੋ ਉਪਰ ਉੱਠ ਕੇ ਇਸ ਧਰਨੇ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ । ਇਸ ਮੌਕੇ ਜਿਲਾ ਪ੍ਰਧਾਨ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਖੇਤਰਰੀ ਪਾਰਟੀ ਹੋਣ ਕਾਰਨ ਸਿਰਫ ਸ਼੍ਰੋਮਣੀ ਅਕਾਲੀ ਦਲ ਹੀ ਪੰਜਾਬ ਦੇ ਕਿਸਾਨਾਂ ਦੀ ਸੱਚੀ ਹਤੈਸ਼ੀ ਪਾਰਟੀ ਹੈ ਕਿਸੇ ਵੀ ਕੀਮਤ ਤੇ ਕਿਸਾਨਾਂ ਦੀ ਜਮੀਨ ਧੱਕੇ ਨਾਲ ਐਕਵਾਇਰ ਨਹੀਂ ਕਰਨ ਦਿੱਤੀ ਜਾਵੇਗੀ। ਇਸ ਮੌਕੇ ਸਾਬਕਾ ਚੇਅਰਮੈਨ ਸ ਦੀਦਾਰ ਸਿੰਘ ਮਾਲਕ , ਸਾਬਕਾ ਚੇਅਰਮੈਨ ਸ ਚੰਦ ਸਿੰਘ ਡੱਲਾ, ਸਰਕਲ ਪ੍ਰਧਾਨ ਸ਼ਿਵਰਾਜ ਸਿੰਘ ਸਰਪੰਚ , ਸਰਕਲ ਪ੍ਰਧਾਨ ਪਰਮਿੰਦਰ ਸਿੰਘ ਚੀਮਾ , ਸਰਕਲ ਪ੍ਰਧਾਨ ਸਰਪ੍ਰੀਤ ਸਿੰਘ ਕਾਉਂਕੇ, ਸਰਕਲ ਪ੍ਰਧਾਨ ਤਜਿੰਦਰਪਾਲ ਸਿੰਘ, ਯੂਥ ਆਗੂ ਜੱਟ ਗਰੇਵਾਲ , ਯੂਥ ਆਗੂ ਸੰਦੀਪ ਸਿੰਘ ਧਾਲੀਵਾਲ ਮੱਲ੍ਹਾ, ਸਾਬਕਾ ਸਰਪੰਚ ਰੇਸ਼ਮ ਸਿੰਘ ਮਾਣੂਕੇ, ਸਾਬਕਾ ਸਰਪੰਚ ਪਰਮਿੰਦਰ ਸਿੰਘ ਕੋਠੇ ਪਰਮੇਸ਼ਰ, ਸਾਬਕਾ ਸਰਪੰਚ ਨਿਰਭੈ ਸਿੰਘ ਅਲੀਗੜ, ਪ੍ਰਧਾਨ ਤਜਿੰਦਰ ਸਿੰਘ ਰਿੰਕੂ ਕਲੇਰਾ , ਚਮਕੌਰ ਸਿੰਘ ਸਿੱਧਵਾਂ ਕਲਾਂ,ਮਨਜੀਤ ਸਿੰਘ ਪੰਚ ਸਿੱਧਵਾਂ ਕਲਾਂ ,ਮਨਦੀਪ ਸਿੰਘ ਸਿੱਧਵਾਂ ਕਲਾਂ ,ਗੁਰਜੰਟ ਸਿੰਘ ਕਨੀਆ ਖੁਰਦ ,ਹਾਕਮ ਸਿੰਘ ਚੀਮਨਾ ,ਉਜਾਗਰ ਸਿੰਘ ਮਾਣੂਕੇ ,ਪ੍ਰਧਾਨ ਬੂਟਾ ਸਿੰਘ ਮਾਣੂੰਕੇ,ਸੁਖਮੰਦਰ ਸਿੰਘ ,ਗੁਰਮਿੰਦਰ ਸਿੰਘ ਮਾਣੂੰਕੇ, ਸਰਵੇਸ ਕੁਮਾਰ ਗੁਡਗੋ ਪ੍ਰਧਾਨ ਮਾਣੂੰਕੇ ਗੁਰਮੁਖ ਸਿੰਘ, ਗੁਰਦੀਪ ਸਿੰਘ ਬੁਜ਼ਗਰ ,ਕਰਨਵੀਰ ਸਿੰਘ ਅਮਰਗੜ੍ਹ ਕਲੇਰ, ਕਰਮਜੀਤ ਸਿੰਘ ਰਿੰਕੂ ,ਹਰਨੇਕ ਸਿੰਘ ਕਮਾਲਪੁਰਾ,ਪ੍ਰਧਾਨ ਗੁਰਪ੍ਰੀਤ ਸਿੰਘ ਕਾਉਂਕੇ ,ਜਸਪਾਲ ਸਿੰਘ ਫਤਿਹਗੜ੍ਹ ਸਿਵੀਆਂ ,ਸੁਖਵਿੰਦਰ ਸਿੰਘ ਹਠੂਰ ,ਬਾਦਲ ਹਠੂਰ ,ਪ੍ਰਤਿਪਾਲ ਸਿੰਘ ਮੱਲਾ ,ਸ਼ਮਿੰਦਰ ਸਿੰਘ ਅਲੀਗੜ੍ਹ, ਗੁਰਦੀਪ ਸਿੰਘ ਅਲੀਗੜ੍ਹ ,ਜਗਜੀਤ ਸਿੰਘ ਡੱਲਾ ,ਦਰਸ਼ਨ ਸਿੰਘ, ਸੁਰਜੀਤ ਸਿੰਘ ,ਸੁਖਦੇਵ ਸਿੰਘ ਢਿੱਲੋ ਮਲਕ, ਸੁਖਪ੍ਰੀਤ ਸਿੰਘ ,ਰਾਜਵਿੰਦਰ ਸਿੰਘ ਬੁਰਜ ਕਲਾਰਾ ,ਗੁਰਪ੍ਰੀਤ ਸਿੰਘ ਬੁਰਜ ਕਲਾਰਾ ,ਇੰਦਰਜੀਤ ਸਿੰਘ ਡੱਲਾ ,ਭਾਵਖੰਡਨ ਸਿੰਘ ਗਿੱਦਰਵਿੰਡੀ, ਸਾਬਕਾ ਸਰਪੰਚ ਗੁਰਦੀਪ ਸਿੰਘ ਨਵਾਂ ਡੱਲਾ, ਿ,ਕਰਨਵੀਰ ਸਿੰਘ ਅਮਰਗੜ੍ਹ ਕਲੇਰ, ਕਰਮਜੀਤ ਸਿੰਘ ਰਿੰਕੂ ,ਹਰਨੇਕ ਸਿੰਘ ਕਮਾਲਪੁਰਾ,ਪ੍ਰਧਾਨ ਗੁਰਪ੍ਰੀਤ ਸਿੰਘ ਕਾਉਂਕੇ ,ਜਸਪਾਲ ਸਿੰਘ ਫਤਿਹਗੜ੍ਹ ਸਿਵੀਆਂ ,ਸੁਖਵਿੰਦਰ ਸਿੰਘ ਹਠੂਰ ,ਬਾਦਲ ਹਠੂਰ ,ਪ੍ਰਤਿਪਾਲ ਸਿੰਘ ਮੱਲਾਸਮਰਨ ਬਾਵਾ ਮਾਣੂੰਕੇ ਤੇ ਹੋਰ ਹਾਜ਼ਰ ਸਨ।

## ਸ਼ਿਵ ਪਰਿਵਾਰ ਮੰਦਰ ਕੁਹਾੜਾ ਟਰਸਟ ਦੇ ਵਾਈਸ ਚੇਅਰਮੈਨ ਤੇ ਕਮੇਟੀ ਮੈਂਬਰ ਨੇ ਆਪਣੇ ਆਹੁਦਿਆਂ ਤੋਂ ਦਿੱਤੇ ਅਸਤੀਫੇ



ਸਾਹਨੇਵਾਲ/ਕੁਹਾੜਾ 26 ਮਈ ਕੁਲਦੀਪ ਸਿੰਘ ਕੁਹਾੜਾ :ਵਿਧਾਨ ਸਭਾ ਹਲਕਾ ਸਾਹਨੇਵਾਲ ਅਧੀਨ ਪੈਂਦੇ ਪਿੰਡ ਕੁਹਾੜਾ ਵਿਖੇ ਸ਼ਿਵ ਪਰਿਵਾਰ ਮੰਦਰ ਕੁਹਾੜਾ ਦੇ ਵਾਈਸ ਚੇਅਰਮੈਨ ਰਾਮ ਸਰੂਪ ਪਾਠਕ ਪੁੱਤਰ ਪ੍ਰੇਮ ਰਾਜ ਪਾਠਕ ਨੇ ਆਪਣੇ ਆਹੁਦੇ ਤੋਂ ਅਸਤੀਫ਼ਾ ਦੇ ਦਿੱਤਾ , ਉਹਨਾਂ ਇਸ ਮੌਕੇ ਪੱਤਰਕਾਰਾਂ ਨੂੰ ਦੱਸਿਆ ਕਿ ਉਹ ਅੱਜ ਸ਼ਿਵ ਪਰਿਵਾਰ ਮੰਦਰ ਕੁਹਾੜਾ ਦੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਰਹੇ ਹਨ। ਅੱਜ ਤੋਂ ਬਾਅਦ ਸ਼ਿਵ ਪਰਿਵਾਰ ਮੰਦਰ ਕਮੇਟੀ ਕੁਹਾੜਾ ਨਾਲ ਉਹਨਾਂ ਦਾ ਕੋਈ ਲੈਣਾ ਦੇਣਾ ਨਹੀਂ ਹੋਵੇਗਾ । ਇਸੇ ਤਰ੍ਹਾਂ ਮੁਕੇਸ਼ ਕੁਮਾਰ ਪਾਠਕ ਪੁੱਤਰ ਸੁਦਰਸ਼ਨ ਕੁਮਾਰ ਪਾਠਕ ਵੱਲੋਂ ਵੀ ਸ਼ਿਵ ਕੁਮਾਰ ਮੰਦਰ ਕੁਹਾੜਾ ਦੀ ਕਮੇਟੀ ਮੈਂਬਰ ਦੇ ਆਹੁਦੇ ਤੋਂ ਵੀ ਅਸਤੀਫਾ ਦਿੱਤਾ ਗਿਆ ਇਸ ਮੌਕੇ ਮੁਕੇਸ਼ ਕੁਮਾਰ ਪਾਠਕ ਨੇ ਕਿਹਾ ਕਿ ਮੈਂ ਆਪਣੀ ਮਰਜ਼ੀ ਨਾਲ ਬਿਨਾਂ ਕਿਸੇ ਦਬਾਅ ਹੇਠ ਆਏ ਸ਼ਿਵ ਕੁਮਾਰ ਮੰਦਰ ਕੁਹਾੜਾ ਦੇ ਕਮੇਟੀ ਮੈਂਬਰ ਤੋਂ ਅਸਤੀਫਾ ਦੇ ਰਿਹਾ ਹਾਂ ਅਤੇ ਅੱਜ ਤੋਂ ਬਾਅਦ ਸ਼ਿਵ ਪਰਿਵਾਰ ਮੰਦਰ ਕੁਹਾੜਾ ਦੀ ਕਿਸੇ ਵੀ ਗਤੀਵਿਧੀ ਵਿੱਚ ਮੇਰਾ ਕੋਈ ਸਬੰਧ ਨਹੀਂ ਹੋਵੇਗਾ। ਇਸ ਮੌਕੇ ਉਹਨਾਂ ਨਾਲ ਗੁਰਬਾਜ ਸਿੰਘ ਗਰਚਾ, ਹਰਪ੍ਰੀਤ ਸਿੰਘ ਹੈਪਾ, ਯਾਦਵਿੰਦਰ ਸਿੰਘ, ਹਰਜੀਤ ਸਿੰਘ ਪੰਕਜ਼ ਕੁਮਾਰ ਤੇ ਨਗਰ ਨਿਵਾਸੀ ਸ਼ਾਮਲ ਸਨ।

## ਰੋਬਨ ਮਾਨ ਨੇ ਰਿਸ਼ੀਕੁਲਸ਼ਾਲਾ ਦੇ ਬੱਚਿਆਂ ਨੂੰ ਇਨਾਮ ਵੰਡੇ



**ਬਾਬਾ ਬਕਾਲਾ, 27 ਮਈ** (ਬਲਰਾਜ ਸਿੰਘ ਰਾਜਾ) ਅੱਜ, ਰਈਆ ਦੇ ਪਾਵਨ ਚਿੰਤਨ ਧਾਰਾ ਦੇ ਰਿਸ਼ੀਕੁਲਸ਼ਾਲਾ ਕੇਂਦਰ ਨੰਬਰ 24 ਵਿਖੇ ਬੱਚਿਆਂ ਦਾ ਕ੍ਰਿਕਟ ਮੈਚ, ਕੁੜੀਆਂ ਦਾ ਮਹਿੰਦੀ ਮੁਕਾਬਲਾ ਅਤੇ 6 ਤੋਂ 9 ਸਾਲ ਦੀ ਉਮਰ ਦੀਆਂ ਕੁੜੀਆਂ ਲਈ ਖੋ-ਖੋ ਮੁਕਾਬਲਾ ਆਯੋਜਿਤ ਕੀਤਾ ਗਿਆ। ਰਈਆ ਨਗਰ ਪੰਚਾਇਤ ਦੇ ਪ੍ਰਧਾਨ ਗੁਰਹਰਵਿੰਦਰ ਸਿੰਘ ਰੌਬਿਨ ਮਾਨ ਅਤੇ ਉਨ੍ਹਾਂ ਦੀ ਪਤਨੀ ਅਮਨਦੀਪ ਕੌਰ ਪ੍ਰਿੰਸੀਪਲ ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਪਬਲਿਕ ਸਕੂਲ, ਰਈਆ ਨੇ ਜੇਤੂ ਟੀਮਾਂ ਨੂੰ ਟਰਾਫੀਆਂ ਅਤੇ ਸਾਰੇ ਹਿੱਸਾ ਲੈਣ ਵਾਲਿਆਂ ਨੂੰ ਮੈਡਲ ਦਿੱਤੇ। ਇਸ ਦੇ ਨਾਲ ਹੀ ਰਿਸ਼ੀਕੁਲਸ਼ਾਲਾ ਵਿੱਚ ਪੜ੍ਹ ਰਹੇ 5ਵੀਂ, 8ਵੀਂ ਅਤੇ 10ਵੀਂ ਜਮਾਤ ਪਾਸ ਕਰਨ ਵਾਲੇ ਬੱਚਿਆਂ ਨੂੰ ਇਨਾਮ ਵੀ ਵੰਡੇ ਗਏ। ਇਡੀਅਟ ਕਲੱਬ ਦੇ ਖਜ਼ਾਨਚੀ ਸੁਮਿਤ ਕਾਲੀਆ ਨੇ ਆਪਣਾ ਜਨਮਦਿਨ ਇਨ੍ਹਾਂ ਬੱਚਿਆਂ ਨਾਲ ਮਨਾਇਆ। ਰਿਸ਼ੀਕੁਲਸ਼ਾਲਾ ਦੀ ਮਾਸਟਰ ਟਰੇਨਰ ਅੰਤਿਮਾ ਮਹਿਰਾ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ ਅਤੇ ਰਿਸ਼ੀਕੁਲਸ਼ਾਲਾ ਪ੍ਰੋਜੈਕਟ ਬਾਰੇ ਜਾਣਕਾਰੀ ਦਿੱਤੀ।

## ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦਾ ਦੂਜਾ ਗੇੜ

ਲੁਧਿਆਣਾ 27 ਮਈ (ਕਰਨੈਲ ਸਿੰਘ ਐੱਮ.ਏ.) ਮਾਤਾ ਸਾਹਿਬ ਕੌਰ ਖੇਡ ਸਟੇਡੀਅਮ ਜਰਖੜ ਵਿਖੇ ਚੱਲ ਰਹੇ 15ਵੇਂ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦੇ ਦੂਜੇ ਗੇੜ ਦੇ ਮੈਚਾਂ ਵਿੱਚ ਜਰਖੜ ਹਾਕੀ ਅਕੈਡਮੀ, ਡਾਕਟਰ ਕੁਲਦੀਪ ਸਿੰਘ ਮੋਗਾ, ਨੀਟਾ ਕਲੱਬ ਰਾਮਪੁਰ ਅਤੇ ਅਮਰਗੜ੍ਹ ਨੇ ਆਪੋ ਆਪਣੇ ਮੈਚ ਜਿੱਤ ਕੇ ਆਪਣੇ ਜੇਤੂ ਕਦਮ ਅੱਗੇ ਵਧਾਏ। ਅੱਜ ਰਾਤ ਫਲੱਡ ਲਾਈਟਾਂ ਦੀ ਰੋਸ਼ਨੀ ਵਿੱਚ ਖੇਡੇ ਗਏ ਦੂਸਰੇ ਗੇੜ ਦੇ ਅੱਠ ਮੈਚਾਂ ਵਿੱਚ ਸੀਨੀਅਰ ਵਰਗ ਵਿੱਚ ਜਰਖੜ ਹਾਕੀ ਅਕੈਡਮੀ ਨੇ ਬਹੁਤ ਹੀ ਰੋਮਾਂਚਕ ਅਤੇ ਸੰਘਰਸ਼ਪੂਰਨ ਮੁਕਾਬਲੇ ਵਿੱਚ ਕਿਲਾ ਰਾਏਪੁਰ ਨਾਲ 4-4 ਦੀ ਬਰਾਬਰੀ ਤੋਂ ਬਾਅਦ ਪੈਨਲਟੀ ਸ਼ੂਟ ਆਊਟ ਵਿੱਚ 6-5 ਨਾਲ ਹਰਾਇਆ। ਜਰਖੜ ਟੀਮ ਦਾ ਗੋਲਕੀਪਰ ਅੰਤਰ ਰਾਸ਼ਟਰੀ ਸਟਾਰ ਹਰਜੋਤ ਸਿੰਘ ਜੋਤੀ ਡਾਬਰ ਹੀਰੋ ਆਫ ਦਾ ਮੈਚ ਬਣਿਆ, ਜਦਕਿ ਸੀਨੀਅਰ ਵਰਗ ਦੇ ਦੂਸਰੇ ਮੈਚ ਵਿੱਚ ਵਰਤਮਾਨ ਚੈਂਪੀਅਨ ਡਾਕਟਰ ਕੁਲਦੀਪ ਸਿੰਘ ਕਲੱਬ ਮੋਗਾ ਨੇ ਗਿੱਲ ਕਲੱਬ ਘਵੱਦੀ ਨੂੰ 8-6 ਨਾਲ ਹਰਾਇਆ । ਮੋਗਾ ਦਾ ਜਸਦੀਪ ਸਿੰਘ ਡਾਬਰ ਹੀਰੋ ਆਫ਼ ਦਾ ਮੈਚ ਬਣਿਆ ਜਦ ਕਿ ਅਮਰਗੜ੍ਹ ਨੇ ਯੰਗ ਕਲੱਬ ਉਟਾਲਾ ਨੂੰ 7-3 ਨਾਲ ਹਰਾਇਆ । ਅਮਰਗੜ੍ਹ ਦਾ ਮਨਦੀਪ ਸਿੰਘ ਡਾਬਰ ਹੀਰੋ ਆਫ਼ ਦਾ ਮੈਚ ਬਣਿਆ। ਨੀਟਾ ਕਲੱਬ ਰਾਮਪੁਰ ਨੇ ਬਾਬਾ ਮਹੰਤ ਕਿਰਪਾਲ ਦਾਸ ਕਲੱਬ ਨੂੰ 8-3 ਗੋਲਾਂ ਨਾਲ ਹਰਾਇਆ। ਰਾਮਪੁਰ ਦਾ ਗੋਲਕੀਪਰ ਵਿਕਾਸ ਕੁਮਾਰ ਡਾਬਰ ਹੀਰੋ ਆਫ਼ ਦਾ ਮੈਚ ਬਣਿਆ।

ਜੂਨੀਅਰ ਵਰਗ ਵਿੱਚ ਘਵੱਦੀ ਸਕੂਲ ਨੇ ਰਾਉਂਡ ਕਲਾਸ ਅਕੈਡਮੀ ਤਹਿੰਗ ਨੂੰ 3-2 ਗੋਲਾਂ ਨਾਲ ਹਰਾਇਆ। ਘਵੱਦੀ ਦਾ ਹਰਸਿਮਰਨ ਸਿੰਘ ਡਾਬਰ ਹੀਰੋ ਆਫ ਦਾ ਮੈਚ ਬਣਿਆ। ਦੂਸਰੇ ਮੈਚ ਵਿੱਚ ਕਿਲਾ ਰਾਏਪੁਰ ਨੇ ਚਚਰਾੜੀ ਸੈਂਟਰ ਨੂੰ 4-3 ਗੋਲਾਂ ਨਾਲ ਹਰਾਇਆ । ਕਿਲਾ ਰਾਏਪੁਰ ਦਾ ਪ੍ਰਿੰਸ ਹੀਰੋ ਆਫ ਦਾ ਮੈਚ ਬਣਿਆ। ਇਸ ਤੋਂ ਇਲਾਵਾ ਜਰਖੜ ਹਾਕੀ ਅਕੈਡਮੀ ਨੇ ਐਚਟੀਸੀ ਸੈਂਟਰ ਰਾਮਪੁਰ ਨੂੰ 8-4 ਗੋਲਾਂ ਨਾਲ ਹਰਾਇਆ । ਜਰਖੜ ਅਕੈਡਮੀ ਦਾ ਅੰਕੁਸ਼ ਕੁਮਾਰ ਡਾਬਰ ਹੀਰੋ ਆਫ ਦਾ ਮੈਚ ਬਣਿਆ ਜਦਕਿ ਜੂਨੀਅਰ ਵਰਗ ਦੇ ਆਖਰੀ ਲੀਗ ਮੈਚ ਵਿੱਚ ਨਨਕਾਣਾ ਸਾਹਿਬ ਪਬਲਿਕ ਸਕੂਲ ਰਾਮਪੁਰ ਛੰਨਾ ਨੇ ਰਾਣਾ ਅਕੈਡਮੀ ਹਸਿਆਰਪੁਰ ਨੂੰ 8-6 ਨਾਲ ਹਰਾਇਆ । ਰਾਮਪੁਰ ਦਾ ਪਰਮਿੰਦਰ ਸਿੰਘ ਹੀਰੋ ਆਫ ਦਾ ਮੈਚ ਬਣਿਆ। ਅੱਜ ਦੇ ਮੈਚਾਂ ਦੌਰਾਨ ਗੁਰਦੀਪ ਸਿੰਘ ਗਰੇਵਾਲ ਜ਼ਿਲ੍ਹਾ ਖੇਡ ਅਫਸਰ ਮਲੇਰਕੋਟਲਾ, ਪ੍ਰਿੰਸੀਪਲ ਬਲਵੰਤ ਸਿੰਘ ਚੱਕਰ, ਸਾਬਕਾ ਅੰਤਰਰਾਸ਼ਟਰੀ ਵੇਟ ਲਿਫਟਰ ਹਰਦੀਪ ਸਿੰਘ ਸੈਣੀ, ਵਰਿੰਦਰ ਅੱਤਰੀ ਸਾਬਕਾ ਉਪ ਮੰਡਲ ਅਫਸਰ ਨੇ ਮੁੱਖ ਮਹਿਮਾਨ ਵਜੋਂ ਵੱਖ-ਵੱਖ ਮੈਚਾਂ ਵਿੱਚ ਟੀਮਾਂ ਦੇ ਨਾਲ ਜਾਣ ਪਹਿਚਾਣ ਕੀਤੀ। ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ। ਇਸ ਮੌਕੇ ਕੁਲਦੀਪ ਸਿੰਘ ਘਵੱਦੀ, ਮਨਜਿੰਦਰ ਸਿੰਘ ਇਆਲੀ, ਸਾਹਿਬਜੀਤ ਸਿੰਘ ਸਾਬੀ ਜਰਖੜ, ਗੁਰਸਤਿੰਦਰ ਸਿੰਘ ਪ੍ਰਗਟ, ਪਰਮਜੀਤ ਸਿੰਘ ਪੰਮਾ ਗਰੇਵਾਲ, ਅਜੀਤ ਸਿੰਘ ਲਾਦੀਆਂ, ਗੁਰਵਿੰਦਰ ਸਿੰਘ ਕਿਲਾ ਰਾਏਪੁਰ, ਤੇਜਿੰਦਰ ਸਿੰਘ ਜਰਖੜ, ਅਜੀਤਪਾਲ ਸਿੰਘ ਨਾਰੰਗਵਾਲ, ਦਲਵੀਰ ਸਿੰਘ ਜਰਖੜ, ਬਾਬਾ ਰੁਲਦਾ ਸਿੰਘ, ਕੋਚ ਗੁਰਤੇਜ ਸਿੰਘ ਬੋੜਹਾਈ ਅਤੇ ਹੋਰ ਇਲਾਕੇ ਦੀਆਂ ਨਾਮੀ ਸ਼ਖਸੀਅਤਾਂ ਹਾਜ਼ਰ ਸਨ। ਗੁਰਸਤਿੰਦਰ ਸਿੰਘ ਪ੍ਰਗਟ ਨੇ ਦੱਸਿਆ ਕਿ ਓਲੰਪੀਅਨ ਪ੍ਰਿਥੀਪਾਲ ਹਾਕੀ ਫੈਸਟੀਵਲ ਦੇ ਆਖਰੀ ਲੀਗ ਗੇੜ ਦੇ ਮੈਚ 31 ਮਈ ਅਤੇ 1 ਜੂਨ ਨੂੰ ਖੇਡੇ ਜਾਣਗੇ ।

## ਪੰਜਾਬ ਸਿੱਖਿਆ ਕ੍ਰਾਂਤੀ' ਤਹਿਤ ਆਧੁਨਿਕ ਸਹੂਲਤਾਂ ਨਾਲ ਲੈਸ ਹੋ ਰਹੇ ਨੇ ਪੰਜਾਬ ਦੇ ਸਰਕਾਰੀ ਸਕੂਲ-ਵਿਧਾਇਕ ਸ਼ੈਰੀ ਕਲਸੀ



ਬਟਾਲਾ, 27 ਮਈ (ਬਲਵਿੰਦਰ ਸਿੰਘ ਪੰਜਗਰਾਈਂ /ਧੰਨਪਾਲ ਕਲਸੀ) ਸ. ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਪੰਜਾਬ ਵਲੋ ਲਿਆਂਦੀ ਗਈ ਸਿੱਖਿਆ ਕ੍ਰਾਂਤੀ ਪੰਜਾਬ ਵਿਚ ਇਕ ਵੱਡਾ ਬਦਲਾਅ ਲੈ ਕੇ ਆਵੇਗੀ ਅਤੇ ਜਲਦ ਹੀ ਸਾਡਾ ਸੂਬਾ ਦੇਸ਼ ਭਰ ਵਿਚ ਸਿੱਖਿਆ ਦੇ ਖੇਤਰ ਵਿਚ ਮੋਹਰੀ ਬਣ ਕੇ ਉਭਰੇਗਾ। ਇੰਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਨੌਜਵਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਸਰਕਾਰੀ ਪ੍ਰਾਇਮਰੀ ਤੇ ਸੀਨੀਅਰ ਸੈਕੰਡਰੀ ਸਕੂਲ ਮਸਾਣੀਆ ਵਿਖੇ 24 ਲੱਖ ਰੁਪਏ ਦੀ ਲਾਗਤ ਨਾਲ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਮੌਕੇ ਕੀਤਾ। ਉਨਾਂ ਕਿਹਾ ਸਕੂਲਾਂ ਵਿੱਚ ਨਵੇ ਕਲਾਸ ਰੂਮ, ਨਵੀ ਲੈਬੋਰਟਰੀ, ਸ਼ਾਨਦਾਰ ਲਾਇਬ੍ਰੇਰੀਆਂ, ਨਵੀ ਚਾਰਦੀਵਾਰੀ, ਸਮਾਰਟ ਕਲਾਸ ਰੂਮ ਤੋ ਇਲਾਵਾ ਹੋਰ ਵਿਕਾਸ ਕਾਰਜ ਕੀਤੇ ਗਏ ਹਨ ।ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਸਿੱਖਿਆ ਨੂੰ ਹੋਰ ਆਧੁਨਿਕ ਰੂਪ ਦੇਣ ਅਤੇ ਵਿਦਿਆਰਥੀਆਂ ਨੂੰ ਸਿੱਖਿਆ ਪ੍ਰਤੀ ਸੁਚੇਤ ਕਰਨ ਦੇ ਉਦੇਸ਼ ਨਾਲ ਪੰਜਾਬ ਸਰਕਾਰ ਸਰਕਾਰੀ ਸਕੂਲਾਂ ਵਿੱਚ ਕਰੋੜਾਂ ਰੁਪਏ ਖਰਚ ਕਰਕੇ ਵਿਦਿਆਰਥੀਆਂ ਨੂੰ ਆਧੁਨਿਕ ਸਹੂਲਤਾਂ ਮੁਹੱਈਆ ਕਰਵਾਉਣ ਲਈ ਲਗਾਤਾਰ ਯਤਨਸ਼ੀਲ ਹੈ। ਪੰਜਾਬ ਦੇ ਸਰਕਾਰੀ ਸਕੂਲਾਂ ਨੇ ਪਿਛਲੇ ਤਿੰਨ ਸਾਲਾਂ ਵਿੱਚ ਬਹੁਤ ਤਰੱਕੀ ਕੀਤੀ ਹੈ ਅਤੇ ਲਗਾਤਾਰ ਆਧੁਨਿਕੀਕਰਨ ਵੱਲ ਵੱਧ ਰਿਹਾ ਹੈ ਉਨ੍ਹਾ ਕਿਹਾ ਕਿ ਸਿੱਖਿਆ ਕ੍ਰਾਂਤੀ ਬੱਚਿਆਂ ਲਈ ਕਾਫੀ ਲਾਹੇਵੰਦ ਸਾਬਤ ਹੋ ਰਹੀ ਹੈ ਅਤੇ ਸ਼ਹਿਰੀ ਅਤੇ ਦਿਹਾਤੀ ਖੇਤਰਾਂ ਵਿੱਚ ਬੱਚਿਆਂ ਨੂੰ ਸ਼ਾਨਦਾਰ ਸਿੱਖਿਆ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ ਹਨ। ਉਨਾਂ ਨੇ ਕਿਹਾ ਕਿ ਲੋਕ ਸਿੱਖਿਆ ਕ੍ਰਾਂਤੀ ਨੂੰ ਲੈ ਕੇ ਕਾਫੀ ਉਤਸ਼ਾਹਿਤ ਹਨ ਤੇ ਸਰਕਾਰੀ ਸਕੂਲਾਂ ਵਿਚ ਬੱਚਿਆਂ ਦਾ ਦਾਖਲਾ ਵਧਿਆ ਹੈ ।ਇਸ ਮੌਕੇ ਚੇਅਰਮੈਨ ਮਾਨਿਕ ਮਹਿਤਾ, ਸਰਪੰਚ ਪ੍ਰਭਸਿਮਰਨਜੀਤ ਸਿੰਘ ਮੱਲੀ, ਸਰਪੰਚ ਬਲਵਿੰਦਰ ਸਿੰਘ, ਨਵਦੀਪ ਸਿੰਘ, ਦਲਜੀਤ ਸਿੰਘ, ਵਿਜੇ ਪ੍ਰਭਾਕਰ ਸਮੇਤ ਸਕੂਲ ਸਟਾਫ ਅਤੇ ਪਿੰਡ ਵਾਲੀ ਵੱਡੀ ਗਿਣਤੀ ਵਿੱਚ ਮੌਜੂਦ ਸਨ।

## ਖੇਤਰੀ ਟਰਾਂਸਪੋਰਟ ਅਫਸਰ ਵੱਲੋਂ ਸੇਫ ਸਕੂਲ ਵਾਹਨ ਪਾਲਿਸੀ ਦੇ ਤਹਿਤ ਸਕੂਲੀ ਵਾਹਨਾਂ ਦੀ ਚੈਕਿੰਗ



ਗੁਰਦਾਸਪੁਰ, 27 ਮਈ (ਜਗੀਰ ਸਿੰਘ ਮੰਡ ) - ਖੇਤਰੀ ਟਰਾਂਸਪੋਰਟ ਅਫਸਰ +ਗੁਰਦਾਸਪੁਰ ਸ੍ਰੀਮਤੀ ਨਵਜੋਤ ਸ਼ਰਮਾ ਵੱਲੋਂ ਸੇਫ਼ ਸਕੂਲ ਵਾਹਨ ਪਾਲਿਸੀ ਦੇ ਤਹਿਤ ਜਿਲ੍ਹਾ ਗੁਰਦਾਸਪੁਰ ਵਿਖੇ ਵੱਖ-ਵੱਖ ਸਕੂਲ ਦੀਆਂ ਬੱਸਾਂ ਅਤੇ ਵੈਨਾਂ ਦੀ ਚੈਕਿੰਗ ਕੀਤੀ ਗਈ। ਇਸ ਮੌਕੇ ਸੇਫ ਸਕੂਲ ਵਾਹਨ ਪਾਲਿਸੀ ਦੀ ਉਲੰਘਣਾ ਕਰਨ ਵਾਲੇ ਸਕੂਲੀ ਵਾਹਨਾਂ ਦੇ ਚਲਾਨ ਵੀ ਕੀਤੇ ਗਏ। ਖੇਤਰੀ ਟਰਾਂਸਪੋਰਟ ਅਫਸਰ ਗੁਰਦਾਸਪੁਰ ਸ੍ਰੀਮਤੀ ਨਵਜੋਤ ਸ਼ਰਮਾ ਨੇ ਦੱਸਿਆ ਕਿ ਜਿਲ੍ਹਾ ਗੁਰਦਾਸਪੁਰ ਵਿਖੇ ਉਨ੍ਹਾਂ ਵੱਲੋਂ ਆਪਣੀ ਤਾਇਨਾਤੀ ਤੋਂ ਬਾਅਦ ਹੁਣ ਤੱਕ ਸਕੂਲੀ ਬੱਸਾਂ ਸਮੇਤ ਹੋਰ ਵਾਹਨਾਂ ਦੇ 28 ਚਲਾਨ ਕਰਕੇ 6 ਲੱਖ 70 ਹਜ਼ਾਰ ਰੁਪਏ ਦਾ ਜੁਰਮਾਨਾ ਕਰਕੇ ਸਰਕਾਰੀ ਖਜਾਨੇ ਵਿੱਚ ਜਮ$ਹਾਂ ਕਰਵਾਇਆ ਗਿਆ ਹੈ। ਖੇਤਰੀ ਟਰਾਂਸਪੋਰਟ ਅਫਸਰ ਗੁਰਦਾਸਪੁਰ ਨੇ ਦੱਸਿਆ ਕਿ ਅੱਜ ਦੀ ਚੈਕਿੰਗ ਦੌਰਾਨ ਸਕੂਲੀ ਵਾਹਨ ਚਾਲਕਾਂ ਨੂੰ ਬੱਚਿਆਂ ਦੀ ਸੁਰੱਖਿਆ ਸੰਬੰਧੀ ਜਾਗਰੂਕ ਕੀਤਾ ਗਿਆ ਅਤੇ ਦੱਸਿਆ ਗਿਆ ਕਿ ਬੱਚਿਆਂ ਦੀ ਸੁਰੱਖਿਆ ਹਰ ਲਿਹਾਜ ਨਾਲ ਲਾਜ਼ਮੀ ਹੈ। ਉਨ੍ਹਾਂ ਕਿਹਾ ਕਿ ਸਕੂਲ ਵੈਨਾਂ ਤੇ ਬੱਸਾਂ ਵਿੱਚ ਫਸਟ-ਏਡ ਬਾਕਸ, ਅੱਗ ਬੁਝਾਊ ਯੰਤਰ, ਲੇਡੀਜ ਅਟੈਂਡੈਂਟ ਆਦਿ ਸਹੂਲਤਾਂ ਹੋਣੀਆਂ ਲਾਜ਼ਮੀ ਹਨ ਅਤੇ ਸਮੂਹ ਸਕੂਲ ਪ੍ਰਬੰਧਕਾਂ ਨੂੰ ਸੇਫ਼ ਸਕੂਲ ਵਾਹਨ ਪਾਲਿਸੀ ਤਹਿਤ ਸਾਰੇ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਉਨ੍ਹਾਂ ਬੱਚਿਆ ਦੇ ਮਾਪਿਆਂ ਨੂੰ ਵੀ ਅਪੀਲ ਕੀਤੀ ਕਿ ਉਹ ਖੁਦ ਵੀ ਸਕੂਲੀ ਵਾਹਨਾਂ ਦੇ ਅੰਦਰ ਸਹੂਲਤਾਂ ਦੀ ਨਿਗਰਾਨੀ ਕਰਨ ਅਤੇ ਕਿਸੇ ਪ੍ਰਕਾਰ ਦੀ ਕਮੀ ਹੋਣ ਤੇ ਸਬੰਧਤ ਸਕੂਲ ਪ੍ਰਬੰਧਕਾਂ ਅਤੇ ਜਿਲ੍ਹਾ ਪ੍ਰਸਾਸਨ ਦੇ ਧਿਆਨ ਵਿੱਚ ਲਿਆਉਣ। ਉਨ੍ਹਾਂ ਕਿ ਨਿਯਮਾਂ ਦੀ ਉਲੰਘਣਾਂ ਕਰਨ ਵਾਲੇ ਸਕੂਲਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ।

# ਜ਼ਮੀਨ ਹੇਠਲੇ ਪਾਣੀ ਦੇ ਪੱਧਰ ਵਿੱਚ ਆ ਰਹੀ ਗਿਰਾਵਟ ਨੂੰ ਰੋਕਣ ਲਈ ਝੋਨੇ ਦੀ ਸਿੱਧੀ ਤਕਨੀਕ ਅਪਨਾਉਣ ਦੀ ਜ਼ਰੂਰਤ : ਮੁੱਖ ਖੇਤੀਬਾੜੀ ਅਫ਼ਸਰ

### ਝੋਨੇ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ ਮਿਲੇਗੀ 1500/- ਰੁਪਏ ਪ੍ਰਤੀ ਏਕੜ ਪ੍ਰੋਤਸਾਹਨ ਰਾਸ਼ੀ



ਕਾਹਨੂੰਵਾਨ -27 ਮਈ:- (ਕੁਲਜੀਤ ਖੋਖਰ) ਜ਼ਮੀਨ ਹੇਠਲੇ ਪਾਣੀ ਦੇ ਪੱਧਰ ਵਿੱਚ ਆ ਰਹੀ ਲਗਾਤਾਰ ਗਿਰਾਵਟ ਤੋਂ ਚਿੰਤਿਤ ਪੰਜਾਬ ਸਰਕਾਰ ਵੱਲੋਂ ਝੋਨੇ ਦੀ ਕਾਸ਼ਤ ਦੇ ਰਵਾਇਤੀ ਕੱਦੂ ਵਾਲੇ ਝੋਨੇ ਦੀ ਬਿਜਾਏ ਕਿਸਾਨਾਂ ਨੂੰ ਝੋਨੇ ਦੀਆ ਅਜਿਹੀਆਂ ਤਕਨੀਕਾਂ ਅਪਨਉਣ ਦੀ ਜ਼ਰੂਰਤ ਹੈ ,ਜਿਸ ਨਾਲ ਪਾਣੀ ਦੀ ਘੱਟ ਖਪਤ ਹੋਵੇ ਅਤੇ ਖੇਤੀ ਲਾਗਤ ਖਰਚੇ ਵੀ ਘੱਟ ਹੋਣ ।ਇਹ ਵਿਚਾਰ ਮੁੱਖ ਖੇਤੀਬਾੜੀ ਅਫ਼ਸਰ ਡਾ.ਅਮਰੀਕ ਸਿੰਘ ਨੇ ਝੋਨੇ ਦੀ ਸਿੱਧੀ ਬਿਜਾਈ ਤਕਨੀਕ ਬਾਰੇ ਜਾਣਕਾਰੀ ਦਿੰਦਿਆ ਕਹੇ ਡਾ.ਅਮਰੀਕ ਸਿੰਘ ਨੇ ਕਿਹਾ ਕਿ ਪੰਜਾਬ ਦੇ ਨਾਲ ਨਾਲ ਜ਼ਿਲਾ ਗੁਰਦਾਸਪੁਰ ਵਿੱਚ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਦਿਨ ਬ ਦਿਨ ਹੇਠਾਂ ਜਾ ਰਿਹਾ ਹੈ ਜਿਸ ਕਾਰਨ ਭਵਿੱਖ ਦੀ ਖੇਤੀ ਖਤਰੇ ਵਿੱਚ ਪੈ ਗਈ ਹੈ ।ਉਨਾਂ ਕਿਹਾ ਕਿ ਜੇਕਰ ਭਵਿੱਖ ਦੀ ਖੇਤੀ ਨੂੰ ਸੁਰੱਖਿਅਤ ਰੱਖਣਾ ਹੈ ਤਾਂ ਜ਼ਰੂਰੀ ਹੈ ਕਿ ਕਿ ਝੋਨੇ ਦੀ ਰਵਾਇਤੀ ਕੱਦੂ ਕਰਨ ਦੀ ਤਕਨੀਕ ਦੀ ਬਜਾਏ ਝੋਨੇ ਦੀ ਸਿੱਧੀ ਬਿਜਾਈ ਕੀਤੀ ਜਾਵੇ। ਉਨਾਂ ਦੱਸਿਆ ਕਿ ਉਨਾਂ ਕਿਹਾ ਕਿ ਝੋਨੇ ਦੀ ਸਿੱਧੀ ਬਿਜਾਈ ਕਰਨ ਨਾਲ 20-25 ਫੀਸਦੀ ਮਜ਼ਦੂਰੀ ਅਤੇ 15-20% ਪਾਣੀ ਦੀ ਬੱਚਤ ਹੁੰਦੀ ਹੈ ।ਉਨਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਝੋਨੇ ਦੀ ਸਿੱਧੀ ਬਿਜਾਈ ਤਕਨੀਕ ਅਪਨਾਉਣ ਵਾਲੇ ਕਿਸਾਨਾਂ ਨੂੰ 1500/- ਰੁਪਏ ਪ੍ਰਤੀ ਏਕੜ ਪ੍ਰੋਤਸ਼ਾਹਨ ਰਕਮ ਵੱਜੋਂ ਦਿੱਤੇ ਜਾਣਗੇ ਜੋ ਤਸਦੀਕ ਕਰਨ ਉਪਰੰਤ ਲਾਭਪਾਤਰੀ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਪਾਏ ਜਾਣਗੇ ।ਉਨਾਂ ਕਿਹਾ ਕਿ ਝੋਨੇ ਦੀ ਸਿੱਧੀ ਬਿਜਾਈ ਅਜਿਹੀ ਤਕਨੀਕ ਹੈ ਜਿਸ ਨਾਲ ਪਾਣੀ ਦੀ ਘੱਟ ਖਪਤ ਕਰਕੇ ਮਿਆਰੀ ਝੋਨੇ ਦੀ ਪੈਦਾਵਾਰ ਲਈ ਜਾ ਸਕਦੀ ਹੈ ਉਨ੍ਹਾਂ ਕਿਹਾ ਕਿ ਇਸ ਵਾਰ ਜ਼ਿਲਾ ਗੁਰਦਾਸਪੁਰ ਵਿਚ 25000 ਏਕੜ ਰਕਬੇ ਵਿੱਚ ਝੋਨੇ ਦੀ ਸਿੱਧੀ ਬਿਜਾਈ ਕਰਨ ਦਾ ਟੀਚਾ ਮਿੱਥਿਆ ਗਿਆ ਹੈ ਅਤੇ ਇਸ ਟੀਚੇ ਨੂੰ ਪੂਰਾ ਕਰਨ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਪਿੰਡਾਂ ਵਿਚ ਜਾ ਕੇ ਕਿਸਾਨਾਂ ਨੂੰ ਝੋਨੇ ਦੀ ਬਿਜਾਈ ਤਕਨੀਕ ਵਰਤ ਕੇ ਝੋਨੇ ਦੀ ਕਾਸ਼ਤ ਕਰਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਉਨਾਂ ਦੱਸਿਆ ਕਿ ਸੋਸ਼ਲ ਮੀਡੀਆ ਰਾਹੀਂ ਕਿਸਾਨਾਂ ਖਾਸ ਕਰਕੇ ਨੌਜਵਾਨ ਕਿਸਾਨਾਂ ਤੱਕ ਸਿੱਧੀ ਬਿਜਾਈ ਤਕਨੀਕ ਪਹੁੰਚਾਉਣ ਲਈ ਯੂਟੀਊਬ ਚੈਨਲ ਉੱਤਮ ਖੇਤੀ ਪੰਜਾਬ ਸ਼ੁਰੂ ਕੀਤਾ ਗਿਆ ਹੈ ਇਸ ਤੋਂ ਇਲਾਵਾ ਫੇਸਬੁਕ ਤੇ ਪ੍ਰਿੰਟ ਮੀਡੀਆ ਰਾਹੀਂ ਕਿਸਾਨਾਂ ਤੱਕ ਪਹੁੰਚ ਕੀਤੀ ਜਾ ਰਹੀ ਹੈ। ਉਨਾਂ ਸਮੂਹ ਸਰਪੰਚ ਸਾਹਿਬਾਨ ਨੂੰ ਅਪੀਲ ਕੀਤੀ ਕਿ ਜੇਕਰ ਤੁਹਾਡੇ ਪਿੰਡ ਵਿੱਚ ਕੋਈ ਕਿਸਾਨ ਬਿਹਤਰ ਕੰਮ ਕਰ ਰਿਹਾ ਹੈ, ਉਸ ਬਾਰੇ ਸਬੰਧਤ ਖੇਤੀਬਾੜੀ ਅਧਿਕਾਰੀਆਂ/ ਕਰਮਚਾਰੀਆਂ ਨੂੰ ਸੂਚਿਤ ਕਰਨ ਤਾਂ ਜੋ ਉਸ ਕਿਸਾਨ ਦੀ ਸਫਲ ਕਹਾਣੀ ਵੀਡੀਓ ਦੇ ਰੂਪ ਵਿੱਚ ਯੂਟੀਊਬ ਚੈਨਲ ਤੇ ਪ੍ਰਸਾਰਿਤ ਕੀਤੀ ਜਾ ਸਕੇ।

## ਵਿਧਾਇਕ ਅਮਰਪਾਲ ਸਿੰਘ ਨੇ ਲੋਕਾਂ ਨੂੰ ਨਸ਼ੇ ਵਿਰੁੱਧ ਲੜਨ ਦੀ ਸਹੁੰ ਚੁਕਾਈ



ਸ੍ਰੀ ਹਰਗੋਬਿੰਦਪੁਰ ਸਾਹਿਬ (ਬਟਾਲਾ), 27 ਮਈ (ਡਾ. ਨਰਿੰਦਰ ਸਿੰਘ ਘੁਮਾਣ/ ਜਗੀਰ ਸਿੰਘ ਮੰਡ ) ਪੰਜਾਬ ਸਰਕਾਰ ਵਲੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ 'ਨਸ਼ਾ ਮੁਕਤੀ ਯਾਤਰਾ' ਦੌਰਾਨ ਵਿਧਾਇਕ ਐਡਵੋਕੈਟ ਅਮਰਪਾਲ ਸਿੰਘ ਵਲੋਂ ਪਿੰਡ ਅੱਤੇਪੁਰ ਵਿੱਖੇ ਪਿੰਡ ਵਾਸੀਆਂ ਨਾਲ ਮੀਟਿੰਗ ਕਰਕੇ ਨਸ਼ਿਆਂ ਨੂੰ ਜੜੋਂ ਖਤਮ ਕਰਨ ਲਈ ਪ੍ਰੇਰਿਤ ਕੀਤਾ ਤੇ ਨਸ਼ਿਆਂ ਖਿਲਾਫ ਲੜਨ ਦੀ ਸਹੁੰ ਚੁਕਾਈ ।ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਵਿਧਾਇਕ ਅਮਰਪਾਲ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪ੍ਰਚੰਡ ਰੂਪ 'ਚ ਛੇੜੇ ਗਏ ਯੁੱਧ ਨਸ਼ਿਆਂ ਵਿਰੁੱਧ ਅੱਗੇ ਨਸ਼ਾ ਤਸਕਰਾਂ ਨੂੰ ਆਪਣੇ ਗੋਡੇ ਟੇਕਣੇ ਹੀ ਪੈਣਗੇ , ਕਿਉਂਕਿ ਮਾਨ ਸਰਕਾਰ ਨੇ ਨਸ਼ਾ ਤਸਕਰੀ ਵਿਰੁੱਧ ਸਖਤ ਰੁਖ ਅਪਣਾਇਆ ਹੈ ।ਉਨਾਂ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਪੰਜਾਬ ਨੂੰ ਨਸ਼ਿਆਂ ਦੀ ਦਲਦਲ 'ਚ ਧਕੇਲਣ ਲਈ ਕੋਈ ਕਸਰ ਨਹੀਂ ਛੱਡੀ ਪਰ ਹੁਣ ਮੁੱਖ ਮੰਤਰੀ ਪੰਜਾਬ ਦੀ ਅਗਵਾਈ 'ਚ 'ਬਦਲਦਾ ਪੰਜਾਬ-ਰੰਗਲਾ ਪੰਜਾਬ' ਦੀ ਸਿਰਜਣਾ ਹੋ ਰਹੀ ਹੈ। ਉਨਾਂ ਕਿਹਾ ਕਿ ਲੋਕਾਂ ਦੇ ਸਹਿਯੋਗ ਨਾਲ ਨਾਮੁਰਾਦ ਬਿਮਾਰੀ ਨਸ਼ੇ ਨੂੰ ਜੜੋਂ ਖਤਮ ਕੀਤਾ ਜਾਵੇਗਾ ।ਵਿਧਾਇਕ ਅਮਰਪਾਲ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਪਿੰਡ, ਕਸਬਿਆਂ ਦੇ ਸਥਿਰਾਂ ਤੱਕ ਪੁਹੰਚ ਕਰਕੇ ਲੋਕਾਂ ਨੂੰ ਨਸ਼ਿਆਂ ਦੇ ਵਿਰੁੱਧ ਲਾਮਬੰਦ ਕਰਨ ਦੇ ਨਾਲ-ਨਾਲ ਜੋ ਲੋਕ ਕਿਸੇ ਕਾਰਨ ਨਸ਼ਿਆਂ ਦੇ ਜਾਲ ਵਿੱਚ ਫਸ ਗਏ ਹਨ, ਉਨਾਂ ਦਾ ਇਲਾਜ ਕਰਵਾਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਨਸਾ ਛੁਡਾਊ ਕੇਂਦਰਾਂ ਵਿੱਚ ਨਸ਼ਾ ਪੀੜਤਾਂ ਦਾ ਇਲਾਜ ਮੁਫ਼ਤ ਕੀਤਾ ਜਾਂਦਾ ਹੈ।

# ਬਰਨਾਲਾ ਮੰਡੀ 'ਚ ਮੂੰਗੀ ਤੇ ਮੱਕੀ ਦੀ ਹੋਰ ਮੰਡੀਆਂ ਨਾਲੋਂ ਵੱਧ ਰੇਟ 'ਤੇ ਹੋਵੇਗੀ ਖ਼ਰੀਦ: ਦਰਸ਼ਨ ਸਿੰਘ ਸੰਘੇੜਾ



ਬਰਨਾਲਾ, 27 ਮਈ (ਬਘੇਲ ਸਿੰਘ ਧਾਲੀਵਾਲ): ਅੱਜ ਆੜ੍ਹਤੀ ਐਸੋਸੀਏਸ਼ਨ ਦੇ ਅਹੁਦੇਦਾਰਾਂ ਦੀ ਇੱਕ ਜ਼ਰੂਰੀ ਮੀਟਿੰਗ ਪ੍ਰਧਾਨ ਦਰਸ਼ਨ ਸਿੰਘ ਸੰਘੇੜਾ ਦੀ ਦੁਕਾਨ 'ਤੇ ਹੋਈ, ਜਿਸ ਵਿੱਚ ਮੂੰਗੀ ਅਤੇ ਮੱਕੀ ਦੇ ਖਰੀਦਦਾਰ ਵੀ ਸ਼ਾਮਿਲ ਹੋਏ। ਮੀਟਿੰਗ ਵਿੱਚ ਖਰੀਦਦਾਰਾਂ ਵੱਲੋਂ ਵਿਸ਼ਵਾਸ ਦਿਲਾਇਆ ਗਿਆ ਕਿ ਉਨ੍ਹਾਂ ਵੱਲੋਂ ਸਮੇਂ ਸਿਰ ਬੋਲੀ ਕੀਤੀ ਜਾਵੇਗੀ ਅਤੇ ਖਰੀਦੇ ਮਾਲ ਦਾ ਭੁਗਤਾਨ ਵੀ ਸਮੇਂ ਸਿਰ ਕੀਤਾ ਜਾਵੇਗਾ। ਕਿਸੇ ਵੀ ਜ਼ਿਮੀਂਦਾਰ ਭਰਾ ਨੂੰ ਕਿਸੇ ਵੀ ਕਿਸਮ ਦੀ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ। ਵਪਾਰੀਆਂ ਵੱਲੋਂ ਵਿਸ਼ਵਾਸ ਦਿਲਾਇਆ ਗਿਆ ਕਿ ਉਨ੍ਹਾਂ ਦੀ ਫੈਕਟਰੀ ਬਰਨਾਲਾ ਵਿਖੇ ਹੋਣ ਕਰਕੇ ਦੂਸਰੀਆਂ ਮੰਡੀਆਂ ਨਾਲੋਂ 100 ਰੁਪਏ ਵੱਧ ਰੇਟ ਨਾਲ ਫ਼ਸਲ ਖਰੀਦੀ ਜਾਵੇਗੀ।ਇਸ ਮੌਕੇ ਆੜ੍ਹਤੀ ਐਸੋਸੀਏਸ਼ਨ ਬਰਨਾਲਾ ਦੇ ਜ਼ਿਲ੍ਹਾ ਪ੍ਰਧਾਨ ਅਤੇ ਮੰਡੀ ਪ੍ਰਧਾਨ ਦਰਸ਼ਨ ਸਿੰਘ ਸੰਘੇੜਾ ਨੇ ਕਿਸਾਨ ਭਰਾਵਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਮੂੰਗੀ ਅਤੇ ਮੱਕੀ ਦੀ ਫ਼ਸਲ ਬਰਨਾਲਾ ਅਨਾਜ ਮੰਡੀ ਵਿੱਚ ਲੈ ਕੇ ਆਉਣ ਅਤੇ ਵੱਧ ਤੋਂ ਵੱਧ ਰੇਟ ਪ੍ਰਾਪਤ ਕਰਨ।ਉਨ੍ਹਾਂ ਕਿਹਾ ਕਿ ਬਰਨਾਲਾ ਮੰਡੀ ਇਸ ਵਾਰ ਕਿਸਾਨਾਂ ਲਈ ਮੂੰਗੀ ਅਤੇ ਮੱਕੀ ਦੀ ਫ਼ਸਲ ਵੇਚਣ ਲਈ ਸਭ ਤੋਂ ਲਾਹੇਵੰਦ ਸਾਬਿਤ ਹੋਵੇਗੀ। ਮੀਟਿੰਗ ਵਿੱਚ ਸ਼ਾਮਿਲ ਵਪਾਰੀ ਭਰਾਵਾਂ ਅਤੇ ਖਰੀਦਦਾਰਾਂ ਨੇ ਵੀ ਕਿਸਾਨਾਂ ਨੂੰ ਹਰ ਤਰ੍ਹਾਂ ਦੀ ਸਹੂਲਤ ਮੁਹੱਈਆ ਕਰਵਾਉਣ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਮੰਡੀ ਵਿੱਚ ਫ਼ਸਲ ਲੈ ਕੇ ਆਉਣ ਵਾਲੇ ਕਿਸਾਨਾਂ ਨੂੰ ਕਿਸੇ ਵੀ ਪ੍ਰੇਸ਼ਾਨੀ ਦਾ ਸਾਹਮਣਾ ਨਹੀਂ ਕਰਨਾ ਪਵੇਗਾ ਅਤੇ ਉਨ੍ਹਾਂ ਦੀ ਫ਼ਸਲ ਦਾ ਤੁਰੰਤ ਮੁਲਾਂਕਣ ਕਰਕੇ ਭੁਗਤਾਨ ਕੀਤਾ ਜਾਵੇਗਾ। ਇਸ ਮੌਕੇ ਮੀਟਿੰਗ ਵਿੱਚ ਆੜ੍ਹਤੀ ਐਸੋਸੀਏਸ਼ਨ ਬਰਨਾਲਾ ਦੇ ਜ਼ਿਲ੍ਹਾ ਪ੍ਰਧਾਨ ਅਤੇ ਮੰਡੀ ਪ੍ਰਧਾਨ ਦਰਸ਼ਨ ਸਿੰਘ ਸੰਘੇੜਾ, ਵਪਾਰੀ ਭਰਾ ਟਿੰਕੂ ਢਿੱਲੋਂ, ਸਤੀਸ਼ ਚੀਮਾ, ਰਾਕੇਸ਼ ਰੰਗੀਆ, ਰਘੂ, ਇਕ‹ਬਾਲ ਸਰਾਂ ਅਤੇ ਰਜਿੰਦਰ ਕੁਮਾਰ ਆੜ੍ਹਤੀ ਭਰਾ ਵੀ ਸ਼ਾਮਲ ਹੋਏ। ਸਾਰਿਆਂ ਨੇ ਇੱਕ ਸੁਰ ਵਿੱਚ ਕਿਸਾਨਾਂ ਨੂੰ ਬਰਨਾਲਾ ਮੰਡੀ ਵਿੱਚ ਆਪਣੀ ਫ਼ਸਲ ਲਿਆਉਣ ਦੀ ਅਪੀਲ ਕੀਤੀ ਤਾਂ ਜੋ ਉਹ ਵਧੀਆ ਭਾਅ ਪ੍ਰਾਪਤ ਕਰ ਸਕਣ। ਦਰਸ਼ਨ ਸਿੰਘ ਸੰਘੇੜਾ ਨੇ ਕਿਹਾ ਕਿ ਇਹ ਪਹਿਲੀ ਵਾਰ ਹੋਵੇਗਾ ਜਦੋਂ ਬਰਨਾਲਾ ਅਨਾਜ ਮੰਡੀ ਵਿੱਚ ਮੂੰਗੀ ਅਤੇ ਮੱਕੀ ਦੀ ਖਰੀਦ ਹੋਰ ਅਨਾਜ ਮੰਡੀਆਂ ਨਾਲੋਂ ਵੱਧ ਰੇਟ 'ਤੇ ਹੋਵੇਗੀ। ਉਨ੍ਹਾਂ ਇਸ ਨੂੰ ਬਰਨਾਲਾ ਦੇ ਕਿਸਾਨਾਂ ਲਈ ਇੱਕ ਸੁਨਹਿਰੀ ਮੌਕਾ ਦੱਸਿਆ।

# ਅਸਿਸਕ ਸਾਹਿਤਕ ਘਟਨਾਵਾਂ ਮੋਗਾ ਜ਼ੋਨ ਰਚਨਾਤਮਕ ਲਿਖਣਾ ਮੁਕਾਬਲੇ 2025 ਨੂੰ ਬੀਵੀਐਮ ਇੰਟਰਨੈਸ਼ਨਲ ਸਕੂਲ ਵਿਖੇ ਰੱਖੇ ਗਏ



ਬਰਨਾਲਾ, 27 ਮਈ (ਕਪਿਲ): ਅਸਿਸਕ ਸਾਹਿਤਕ ਘਟਨਾਵਾਂ ਮੋਗਾ ਜ਼ੋਨ ਰਚਨਾਤਮਕ ਲਿਖਣ ਮੁਕਾਬਲੇ 2025 ਨੂੰ ਬੀਵੀਐਮ ਇੰਟਰਨੈਸ਼ਨਲ ਸਕੂਲ, ਬਰਨਾਲਾ ਵਿਖੇ ਆਯੋਜਿਤ ਕੀਤਾ ਗਿਆ ਸੀ. ਇਸ ਖੇਤਰ ਦੇ ਪ੍ਰਮੁੱਖ ਸਕੂਲਾਂ ਨੇ ਇਸ ਵੱਕਾਰੀ ਮੁਕਾਬਲੇ ਵਿਚ ਹਿੱਸਾ ਲਿਆ, ਜੋਗਿੰਦਰਾ ਕਤਾਰ ਸਕੂਲ, ਬਲੂਮਿੰਗਡੇਲ ਸਕੂਲ, ਡੌਮੈਂਟੀਆ ਇੰਟਰਨੈਸ਼ਨਲ ਸਕੂਲ, ਕੈਲੀਫੋਰਨੀਆ ਦੇ ਪਬਲਿਕ ਸਕੂਲ ਅਤੇ ਰੇਨਾਸਨ ਸਕੂਲ ਮਾਨਸਾ ਮੁਕਾਬਲੇ ਨੂੰ ਤਿੰਨ ਸ਼੍ਰੇਣੀਆਂ ਵਿੱਚ ਵੰਡਿਆ ਗਿਆ ਸੀ: ਬੀਵੀਵੀਐਮ ਇੰਟਰਨੈਸ਼ਨਲ ਸਕੂਲ ਦੇ ਇਮਾਨਾਜ਼ ਧਾਲੀਵਾਲ ਨੇ ਸਬ-ਜੂਨੀਅਰ ਸ਼੍ਰੇਣੀ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ. ਸੇਂਟ ਜੋਸਫ ਦੀ ਕਾਨਵੈਂਟ ਸਕੂਲ ਦੀ ਧੁੱਪ ਅਤੇ ਬਲੂਮਿੰਗਡੇਲ ਸਕੂਲ ਦੇ ਹੁਨਰ ਨੇ ਤੀਸਰੇ ਸਥਾਨ ਨੂੰ ਸੁਰੱਖਿਅਤ ਕੀਤਾ. ਜੂਨੀਅਰ ਸ਼੍ਰੇਣੀ ਵਿੱਚ, ਪਵਿੱਤਰ ਦਿਲ ਸਕੂਲ ਮੋਗਾ ਦੇ ਦੂਤ ਨੂੰ ਪਹਿਲਾਂ ਮਿਲਿਆ, ਬੀਵੀਵੀਐਫ ਇੰਟਰਨੈਸ਼ਨਲ ਸਕੂਲ ਦੇ ਜਾਪੇ ਨੂੰ ਸੇਂਟ ਜੋਸਫ ਦੇ ਕਨਵੈਂਟ ਸਕੂਲ ਦੀ ਦੂਜੀ ਥਾਂ ਮਿਲੀ. ਪਹਿਲੇ ਨੰਬਰ ਦੇ ਸੀਨੀਅਰ ਸ਼੍ਰੇਣੀ ਵਿੱਚ ਜੋਗਿੰਦਰਾ ਕਤਾਰ ਸਕੂਲ ਦੀ ਨੰਦਨੀਨੀ ਦੀ ਨੰਦਗੀਰ ਕੌਰ ਨੂੰ ਮਿਲਿਆ ਕਿ ਕੈਲੀਫੋਰਨੀਆ ਦੇ ਪਬਲਿਕ ਸਕੂਲ ਬੀਵੀਐਮ ਇੰਟਰਨੈਸ਼ਨਲ ਸਕੂਲ ਦਾ ਦੂਜਾ ਅਤੇ ਬੀਵੀਐਮ ਇੰਟਰਨੈਸ਼ਨਲ ਸਕੂਲ ਮਿਲਿਆ. ਇਸ ਮੌਕੇ ਸਕੂਲ ਦੇ ਚੇਅਰਮੈਨ ਪਥਰਾਦ ਅਰੋੜਾ, ਡਾਇਰੈਕਟਰ ਗੀਤਾ ਅਰੋੜਾ ਅਤੇ ਨੇਹਲ ਅਰੋੜਾ ਨੇ ਵਿਦਿਆਰਥੀਆਂ ਨੂੰ ਉਤਸ਼ਾਹਤ ਕੀਤਾ ਅਤੇ ਜੇਤੂਆਂ ਨੂੰ ਵਧਾਈ ਦਿੱਤੀ. ਸਕੂਲ ਦੇ ਪ੍ਰਿੰਸੀਪਲ ਮਨਿੰਦਰਜੀਤ ਕੌਰ ਧਾਲੀਵਾਲਾ ਨੇ ਜੇਤੂਆਂ ਨੂੰ ਵਧਾਈ ਦਿੱਤੀ

# ਜੈ ਵਾਟਿਕਾ ਪਬਲਿਕ ਸਕੂਲ ਵਿੱਚ ਗਰਮੀਆਂ ਦੀਆਂ ਗਤੀਵਿਧੀਆਂ ਦਾ ਪਹਿਲਾ ਦਿਨ ਬਹੁਤ ਉਤਸ਼ਾਹ ਨਾਲ ਸ਼ੁਰੂ ਹੋਇਆ




ਬਰਨਾਲਾ, 27 ਮਈ (ਅਮਨਦੀਪ ਸਿੰਘ): ਜੈ ਵਾਟਿਕਾ ਪਬਲਿਕ ਸਕੂਲ ਵਿਖੇ ਸਮਰ ਕੈਂਪ ਬਹੁਤ ਜੋਸ਼ ਅਤੇ ਉਤਸ਼ਾਹ ਨਾਲ ਸ਼ੁਰੂ ਹੋਇਆ। ਇਸ ਕੈਂਪ ਦਾ ਉਦੇਸ਼ ਬੱਚਿਆਂ ਦੀਆਂ ਗਰਮੀਆਂ ਦੀਆਂ ਛੁੱਟੀਆਂ ਨੂੰ ਰਚਨਾਤਮਕ, ਆਨੰਦਦਾਇਕ ਅਤੇ ਜਾਣਕਾਰੀ ਭਰਪੂਰ ਬਣਾਉਣਾ ਹੈ। ਪਹਿਲੇ ਦਿਨ, ਵਿਦਿਆਰਥੀਆਂ ਨੇ ਵੱਖ-ਵੱਖ ਗਤੀਵਿਧੀਆਂ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ।ਕੈਂਪ ਦੀ ਸ਼ੁਰੂਆਤ ਸਪਲੈਸ਼ ਫਨ ਨਾਲ ਹੋਈ, ਜਿੱਥੇ ਬੱਚਿਆਂ ਨੇ ਪਾਣੀ ਨਾਲ ਖੇਡਣ ਅਤੇ ਗਰਮੀ ਨੂੰ ਹਰਾਉਣ ਵਿੱਚ ਬਹੁਤ ਮਜ਼ਾ ਲਿਆ। ਇਸ ਤੋਂ ਬਾਅਦ, ਕਲਾ ਅਤੇ ਸ਼ਿਲਪਕਾਰੀ ਸੈਸ਼ਨ ਵਿੱਚ, ਬੱਚਿਆਂ ਨੇ ਰੰਗਾਂ ਰਾਹੀਂ ਆਪਣੀਆਂ ਕਲਪਨਾਵਾਂ ਨੂੰ ਸੁੰਦਰ ਕਲਾਕ੍ਰਿਤੀਆਂ ਵਿੱਚ ਢਾਲਿਆ। ਗ੍ਰਹਿ ਵਿਗਿਆਨ ਗਤੀਵਿਧੀਆਂ ਦੇ ਤਹਿਤ, ਬੱਚਿਆਂ ਨੇ ਕੱਪੜੇ ਬਟਨ ਲਗਾਉਣਾ ਅਤੇ ਸਿਲਾਈ ਕਰਨਾ ਸਿੱਖਿਆ ਅਤੇ ਘਰ ਦੇ ਕੰਮ ਰਚਨਾਤਮਕ ਤਰੀਕੇ ਨਾਲ ਕਰਨ ਬਾਰੇ ਵੀ ਗਿਆਨ ਪ੍ਰਾਪਤ ਕੀਤਾ।ਬੈਸਟ ਆਊਟ ਆਫ ਵੇਸਟ ਗਤੀਵਿਧੀ ਵਿੱਚ, ਵਿਦਿਆਰਥੀਆਂ ਨੇ ਪੁਰਾਣੀਆਂ ਅਤੇ ਵਰਤੋਂ ਨਾ ਹੋਣ ਵਾਲੀਆਂ ਚੀਜ਼ਾਂ ਤੋਂ ਉਪਯੋਗੀ ਅਤੇ ਸਜਾਵਟੀ ਚੀਜ਼ਾਂ ਬਣਾਈਆਂ, ਜਿਸ ਨਾਲ ਉਨ੍ਹਾਂ ਦੀ ਰਚਨਾਤਮਕ ਸੋਚ ਨੂੰ ਇੱਕ ਨਵਾਂ ਆਯਾਮ ਮਿਲਿਆ।ਬੱਚਿਆਂ ਦੀ ਖੇਡਾਂ ਪ੍ਰਤੀ ਰੁਚੀ ਨੂੰ ਦੇਖਦੇ ਹੋਏ, ਖੇਡ ਗਤੀਵਿਧੀਆਂ ਵੀ ਆਯੋਜਿਤ ਕੀਤੀਆਂ ਗਈਆਂ, ਜਿਸ ਵਿੱਚ ਦੌੜਾਂ, ਟੀਮ ਖੇਡਾਂ ਅਤੇ ਵੱਖ-ਵੱਖ ਖੇਡ ਮੁਕਾਬਲੇ ਕਰਵਾਏ ਗਏ। ਇਸ ਨਾਲ ਬੱਚਿਆਂ ਵਿੱਚ ਸਹਿਯੋਗ, ਅਨੁਸ਼ਾਸਨ ਅਤੇ ਸਰੀਰਕ ਊਰਜਾ ਦਾ ਵਿਕਾਸ ਹੋਇਆ। ਸਕੂਲ ਦੀ ਪ੍ਰਿੰਸੀਪਲ ਡਾ. ਪਰਵਿੰਦਰ ਕੌਰ ਨੇ ਦੱਸਿਆ ਕਿ ਆਉਣ ਵਾਲੇ ਦਿਨਾਂ ਵਿੱਚ ਯੋਗਾ, ਨਾਚ, ਸੰਗੀਤ, ਵਿਗਿਆਨ ਪ੍ਰਯੋਗ, ਅਦਾਕਾਰੀ ਅਤੇ ਹੋਰ ਬਹੁਤ ਸਾਰੀਆਂ ਨਵੀਆਂ ਗਤੀਵਿਧੀਆਂ ਦਾ ਆਯੋਜਨ ਕੀਤਾ ਜਾਵੇਗਾ, ਜੋ ਬੱਚਿਆਂ ਦੇ ਸਰਵਪੱਖੀ ਵਿਕਾਸ ਵਿੱਚ ਮਦਦਗਾਰ ਹੋਣਗੀਆਂ ਅਤੇ ਉਨ੍ਹਾਂ ਲਈ ਪ੍ਰੇਰਨਾਦਾਇਕ ਸਾਬਤ ਹੋਣਗੀਆਂ।

# ਆੜ੍ਹਤੀਆ ਐਸੋਸੀਏਸ਼ਨ ਭਦੌੜ ਵੱਲੋਂ ਡਾਕਟਰ ਲੋਕੇਸ਼ ਸਿੰਗਲਾ ਸਨਮਾਨਿਤ



ਭਦੌੜ, 27 ਮਈ (ਸੁਖਵਿੰਦਰ ਪਲਾਹਾ) : ਕਸਬਾ ਭਦੌੜ ਦੇ ਉੱਘੇ ਸਮਾਜ ਸੇਵੀ ਅਤੇ ਆੜ੍ਹਤੀਆ ਜਵਾਹਰ ਲਾਲ ਸਿੰਗਲਾ ਦੇ ਸਪੁੱਤਰ ਡਾ. ਲੋਕੇਸ਼ ਸਿੰਗਲਾ (ਐੱਮ.ਡੀ. ਮੈਡੀਸਨ) ਨੇ ਬੀਤੇ ਦਿਨੀਂ ਸਿਵਲ ਹਸਪਤਾਲ ਭਗਤਾ ਭਾਈਕਾ ਵਿਖੇ ਬਤੌਰ ਮੈਡੀਕਲ ਅਫਸਰ ਆਪਣਾ ਅਹੁਦਾ ਸੰਭਾਲਦਿਆਂ ਕੰਮਕਾਜ ਸ਼ੁਰੂ ਕਰ ਦਿੱਤਾ ਹੈ। ਡਾ. ਸਿੰਗਲਾ ਦੀ ਇਸ ਨਿਯੁਕਤੀ ਨਾਲ ਇਲਾਕੇ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਜਿਸ ਤਹਿਤ ਇਲਾਕੇ ਦੀਆਂ ਵੱਖ ਵੱਖ ਸੰਸਥਾਵਾਂ ਤੇ ਐਸੋਸੀਏਸ਼ਨਾਂ ਵੱਲੋਂ ਡਾ. ਲੋਕੇਸ਼ ਸਿੰਗਲਾ ਦਾ ਸਨਮਾਨ ਕੀਤਾ ਜਾ ਰਿਹਾ ਹੈ। ਇਸੇ ਲੜੀ ਤਹਿਤ ਅੱਜ ਆੜ੍ਹਤੀਆ ਐਸੋਸੀਏਸ਼ਨ ਭਦੌੜ ਵੱਲੋਂ ਪ੍ਰਧਾਨ ਬਾਬੂ ਅਜੇ ਕੁਮਾਰ ਗਰਗ ਸਾਬਕਾ ਚੇਅਰਮੈਨ ਮਾਰਕਿਟ ਕਮੇਟੀ ਭਦੌੜ ਦੀ ਰਹਿਨੁਮਾਈ ਹੇਠ ਨਗਰ ਕੌਂਸਲ ਭਦੌੜ ਦੇ ਪ੍ਰਧਾਨ ਮਨੀਸ਼ ਕੁਮਾਰ ਗਰਗ ਤੇ ਸਮੂਹ ਆੜ੍ਹਤੀਆਂ ਵੱਲੋਂ ਡਾਕਟਰ ਸਿੰਗਲਾ ਦਾ ਗ੍ਰਹਿ ਵਿਖੇ ਜਾ ਕੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਬਾਬੂ ਅਜੇ ਕੁਮਾਰ ਗਰਗ ਨੇ ਕਿਹਾ ਕਿ ਆਪਣੇ ਪਿਤਾ ਜਵਾਹਰ ਲਾਲ ਸਿੰਗਲਾ ਆੜ੍ਹਤੀਆ ਵਾਂਗ ਡਾਕਟਰ ਲੋਕੇਸ਼ ਸਿੰਗਲਾ ਵੀ ਨੇਕ ਦਿਲ ਅਤੇ ਸਮਾਜ ਸੇਵੀ ਸ਼ਖ਼ਸੀਅਤ ਦੇ ਮਾਲਕ ਹਨ। ਉਨ੍ਹਾਂ ਕਿਹਾ ਕਿ ਡਾਕਟਰ ਲੋਕੇਸ਼ ਸਿੰਗਲਾ (ਐੱਮ.ਡੀ. ਮੈਡੀਸਨ) ਨੇ ਪਹਿਲਾਂ ਦੋ ਸਾਲ ਡੀਐੱਮਸੀ ਲੁਧਿਆਣਾ ਵਿੱਚ ਡਿਊਟੀ ਕਰਕੇ ਮੈਡੀਕਲ ਖੇਤਰ ਵਿੱਚ ਚੰਗਾ ਤਜ਼ਰਬਾ ਹਾਸਿਲ ਕੀਤਾ ਅਤੇ ਬੀਤੇ ਦਿਨੀ ਉਨ੍ਹਾਂ ਨੇ ਸਿਵਲ ਹਸਪਤਾਲ ਭਗਤਾ ਭਾਈਕਾ ਵਿਖੇ ਬਤੌਰ ਮੈਡੀਕਲ ਅਫਸਰ ਵਜੋਂ ਆਪਣਾ ਅਹੁਦਾ ਸੰਭਾਲ ਆਪਣੀ ਡਿਊਟੀ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਮੈਨੂੰ ਪੂਰਾ ਵਿਸ਼ਵਾਸ ਹੈ ਕਿ ਡਾ. ਸਿੰਗਲਾ ਆਪਣੀ ਡਿਊਟੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਂਦਿਆਂ ਲੋੜਵੰਦ ਮਰੀਜ਼ਾਂ ਦਾ ਸਹਾਰਾ ਬਣਨਗੇ। ਨਗਰ ਕੌਂਸਲ ਭਦੌੜ ਦੇ ਪ੍ਰਧਾਨ ਮਨੀਸ਼ ਕੁਮਾਰ ਗਰਗ ਨੇ ਕਿਹਾ ਕਿ ਡਾ. ਸਿੰਗਲਾ ਦੇ ਇਸ ਕਾਰਜ ਨਾਲ ਕਸਬਾ ਭਦੌੜ ਅਤੇ ਆਸ-ਪਾਸ ਦੇ ਇਲਾਕਿਆਂ ਦੇ ਲੋੜਵੰਦ ਮਰੀਜ਼ਾਂ ਨੂੰ ਵੱਡੀ ਰਾਹਤ ਮਿਲੇਗੀ। ਉਨ੍ਹਾਂ ਕਿਹਾ ਕਿ ਡਾ. ਸਿੰਗਲਾ ਦਾ ਸਮਾਜ ਸੇਵਾ ਦਾ ਜਜ਼ਬਾ ਭਦੌੜ ਵਾਸੀਆਂ ਲਈ ਇੱਕ ਵੱਡੀ ਉਮੀਦ ਦੀ ਕਿਰਨ ਹੈ। ਉਨ੍ਹਾਂ ਦਾ ਇਹ ਕਦਮ ਸਿਹਤ ਸੇਵਾਵਾਂ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਵਿੱਚ ਇੱਕ ਮਹੱਤਵਪੂਰਨ ਯੋਗਦਾਨ ਸਾਬਤ ਹੋਵੇਗਾ। ਡਾ. ਸਿੰਗਲਾ ਦੇ ਇਸ ਫ਼ੈਸਲੇ ਦੀ ਭਦੌੜ ਵਾਸੀਆਂ ਵਲੋਂ ਜ਼ੋਰਦਾਰ ਸ਼ਲਾਘਾ ਕੀਤੀ ਜਾ ਰਹੀ ਹੈ। ਇਸ ਸਮੇਂ ਡਾਕਟਰ ਲੋਕੇਸ਼ ਸਿੰਗਲਾ ਨੇ ਕਿਹਾ ਕਿ ਮੇਰੇ ਮਨ ਵਿੱਚ ਆਇਆ ਕਿ ਮੈਂ ਸ਼ਾਮ ਨੂੰ ਫਰੀ ਹੁੰਦਾ ਹਾਂ, ਇਸ ਲਈ ਕਿਉਂ ਨਾ ਮੈਂ ਸ਼ਾਮ ਨੂੰ ਆਪਣੇ ਘਰ ਮਰੀਜ਼ਾਂ ਦਾ ਮੁਫ਼ਤ ਚੈੱਕਅੱਪ ਕਰਨਾ ਸ਼ੁਰੂ ਕਰ ਦੇਵਾਂ ਤਾਂ ਜੋ ਕਿਸੇ ਲੋੜਵੰਦ ਦੀ ਸਹਾਇਤਾ ਹੋ ਸਕੇ। ਜਦੋਂ ਮੈਂ ਆਪਣੇ ਮਨ ਦੀ ਗੱਲ ਆਪਣੇ ਮਾਤਾ ਪਿਤਾ ਨਾਲ ਸਾਂਝੀ ਕੀਤੀ ਤਾਂ ਉਨ੍ਹਾਂ ਨੇ ਮੇਰਾ ਹੌਸਲਾ ਵਧਾਉਂਦਿਆਂ ਕਿਹਾ ਕਿ ਤੂੰ ਇਹ ਨੇਕ ਉਪਰਾਲਾ ਅੱਜ ਤੋਂ ਹੀ ਸ਼ੁਰੂ ਕਰ, ਜਿਸ ਤੋਂ ਬਾਅਦ ਮੇਰਾ ਹੌਸਲਾ ਹੋਰ ਵੱਧ ਗਿਆ ਤੇ ਮੈਂ ਇਹ ਫ਼ੈਸਲਾ ਲਿਆ। ਇਸ ਮੌਕੇ ਉੱਘੇ ਸਮਾਜ ਸੇਵੀ ਜਵਾਹਰ ਲਾਲ ਸਿੰਗਲਾ ਆੜ੍ਹਤੀਆ ਅਤੇ ਉਨ੍ਹਾਂ ਦੇ ਛੋਟੇ ਭਰਾ ਵਿਜੇ ਕੁਮਾਰ ਸਿੰਗਲਾ ਆੜ੍ਹਤੀਆ ਨੇ ਆੜ੍ਹਤੀਆ ਐਸੋਸੀਏਸ਼ਨ ਭਦੌੜ ਦੇ ਪ੍ਰਧਾਨ ਬਾਬੂ ਅਜੇ ਕੁਮਾਰ ਗਰਗ, ਨਗਰ ਕੌਂਸਲ ਭਦੌੜ ਦੇ ਪ੍ਰਧਾਨ ਮਨੀਸ਼ ਕੁਮਾਰ ਗਰਗ ਸਣੇ ਸਮੂਹ ਆੜ੍ਹਤੀਆਂ ਦਾ ਉਨ੍ਹਾਂ ਦੇ ਘਰ ਵਿਖੇ ਆ ਕੇ ਡਾਕਟਰ ਲੋਕੇਸ਼ ਸਿੰਗਲਾ ਦਾ ਹੌਸਲਾ ਵਧਾਉਣ ਲਈ ਧੰਨਵਾਦ ਕੀਤਾ। ਇਸ ਮੌਕੇ ਸਰਪੰਚ ਸੁਰਿੰਦਰ ਪਾਲ ਗਰਗ, ਅਰੁਣ ਕੁਮਾਰ ਸਿੰਗਲਾ ਪ੍ਰਧਾਨ ਅਗਰਵਾਲ ਸਭਾ ਭਦੌੜ (ਰਜਿ.), ਬਾਬੂ ਦੀਨਾ ਨਾਥ ਸਿੰਗਲਾ ਐਡਵੋਕੇਟ, ਸੁਨੀਲ ਗਰਗ ਆੜ੍ਹਤੀਆ, ਕੇਵਲ ਸਿੰਘ ਮਝੈਲ ਆੜ੍ਹਤੀਆ, ਹੀਰਾ ਲਾਲ ਸਿੰਗਲਾ ਆੜ੍ਹਤੀਆ, ਹਰਪ੍ਰੀਤ ਸਿੰਘ ਆੜ੍ਹਤੀਆ, ਰਜਿੰਦਰ ਗਰਗ ਬਿੰਦਰ ਆੜ੍ਹਤੀਆ, ਰੋਹਿਤ ਗਰਗ ਆੜ੍ਹਤੀਆ, ਨਰੇਸ਼ ਸਿੰਗਲਾ ਗੱਗੂ ਆੜ੍ਹਤੀਆ, ਵਿਜੇ ਸਿੰਗਲਾ ਆੜ੍ਹਤੀਆ, ਅਸ਼ੋਕ ਕੁਮਾਰ ਆੜ੍ਹਤੀਆ, ਸ਼ਿਵ ਗਰਗ ਆੜ੍ਹਤੀਆ, ਸੁਖਦੀਪ ਸਿੰਘ ਆੜ੍ਹਤੀਆ, ਬਲਜੀਤ ਸਿੰਘ ਆੜ੍ਹਤੀਆ, ਰਾਜਿੰਦਰ ਗਰਗ, ਦੀਪਕ ਗੁਪਤਾ ਆਦਿ ਹਾਜ਼ਰ ਸਨ।

# ਤਪਾ ਪੁਲਿਸ ਵੱਲੋਂ ਇੱਕ ਨੌਜਵਾਨ ਨਸ਼ੀਲੀਆਂ ਗੋਲੀਆਂ ਸਮੇਤ ਕਾਬੂ

ਤਪਾ ਮੰਡੀ, 27 ਮਈ (ਭੂਸ਼ਨ ਘੜੈਲਾ): ਜ਼ਿਲ੍ਹਾ ਬਰਨਾਲਾ ਦੇ ਐੱਸ ਐੱਸ ਪੀ ਮੁੰਹਮਦ ਸਰਫਰਾਜ਼ ਆਲਮ ਦੀਆ ਹਦਾਇਤ ਅਨੁਸਾਰ ਸਬ ਡਵੀਜ਼ਨ ਤਪਾ ਦੇ ਉਪ ਕਪਤਾਨ ਗੁਰਬਿੰਦਰ ਸਿੰਘ ਦੀ ਅਗਵਾਈ ਹੇਠ ਥਾਣਾ ਪੁਲਿਸ ਤਪਾ ਵੱਲੋਂ 'ਯੁੱਧ ਨਸ਼ਿਆਂ ਦੇ ਵਿਰੁੱਧ' ਮੁਹਿੰਮ ਤਹਿਤ ਸ਼ੁਰੂ ਕੀਤੀ ਹੋਈ ਹੈ। ਥਾਣਾ ਤਪਾ ਦੀ ਇੰਚਾਰਜ ਰੇਨੂੰ ਰਾਣੀ ਦੀ ਦੇਖ ਰੇਖ ਹੇਠ ਸਹਾਇਕ ਥਾਣੇਦਾਰ ਗੁਰਤੇਜ ਸਿੰਘ ਨੇ ਇੱਕ ਨੌਜਵਾਨ ਨੂੰ ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕੀਤਾ ਗਿਆ। ਉਨ੍ਹਾਂ ਨੇ ਦੱਸਿਆ ਕਿ ਗੁਰਪ੍ਰੀਤ ਸਿੰਘ ਜੋ ਕਿ ਨਸ਼ਾ ਕਰਨ ਦੇ ਨਾਲ ਵੇਚਣ ਆਦਿ ਦੇ ਇਸ ਸੂਚਨਾ ਮਿਲੀ ਸੀ ਕਿ ਇਲਾਕੇ ਘੁੰਮ ਰਿਹਾ ਹੈ, ਜਿਸ ਉਪਰ ਮੁਕੱਦਮਾ ਨੰਬਰ 57 ਦਰਜ ਕੀਤਾ ਗਿਆ ਨਸ਼ਾ ਤਸਕਰਾਂ ਖਿਲਾਫ ਵਿੱਢੀ ਮੁਹਿੰਮ ਤਹਿਤ ਤਪਾ ਪੁਲਿਸ ਨੇ 01 ਮੁਲਜ਼ਮ ਨੂੰ 190 ਨਸ਼ੀਲੀਆਂ ਗੋਲੀਆਂ ਦੀ ਬਰਾਮਦਗੀ ਨਾਲ ਗ੍ਰਿਫਤਾਰ ਕੀਤਾ ਹੈ।

# ਵਾਈ. ਐੱਸ. ਸਕੂਲ ਬਰਨਾਲਾ ਵਿੱਚ ਗਰਮੀ ਤੋਂ ਬੱਚੇ ਆਪਣਾ ਬਚਾਅ ਕਿਵੇਂ ਕਰਨ ਲਈ ਵਰਕਸ਼ਾਪ ਦਾ ਆਯੋਜਨ



ਬਰਨਾਲਾ, 27 ਮਈ (ਹਿਮਾਂਸ਼ੂ ਗੱਗਰ): ਵਾਈ. ਐੱਸ. ਬਰਨਾਲਾ ਸਕੂਲ ਵਿੱਚ ਤੀਸਰੀ ਜਮਾਤ ਤੋਂ ਲੈਕੇ ਪੰਜਵੀਂ ਜਮਾਤ ਦੇ ਬੱਚਿਆਂ ਲਈ ਗਰਮੀਆਂ ਵਿੱਚ ਆਪਣੀ ਸਹੀ ਦੇਖਭਾਲ ਕਰਨ ਲਈ ਅਤੇ ਗਰਮੀ ਦੇ ਮੌਸਮ ਵਿੱਚ ਬਚਣ ਲਈ (ਸਮਰ ਕੇਅਰ ਵਰਕਸ਼ਾਪ) ਦਾ ਆਯੋਜਨ ਕੀਤਾ ਗਿਆ। ਅਧਿਆਪਕਾਵਾਂ ਨੇ ਦੱਸਿਆ ਕਿ ਐਨੀ ਗਰਮੀ ਵਿੱਚ ਬਿਮਾਰੀਆਂ ਤੋਂ ਬਚਣ ਦੇ ਲਈ ਸੂਤੀ ਕੱਪੜੇ ਪਾਓ , ਧੁੱਪ ਵਿੱਚ ਅੱਖਾਂ ਉੱਤੇ ਚਸਮਾਂ ਲਾਓ, ਚਮੜੀ ਨੂੰ ਧੁੱਪ ਤੋਂ ਬਚਾਉਣ ਲਈ ਸ਼ੁਰੂ ਆ ਸਨਸਕ੍ਰੀਨ ਲੋਸ਼ਨ ਦੀ ਵਰਤੋਂ ਕਰਨਾ ਅਤੇ ਧੁੱਪ ਤੋਂ ਬਚਣ ਲਈ ਛਤਰੀ ਲੈ ਕੇ ਬਾਹਰ ਨਿਕਲੋ, ਪਾਣੀ ਜਿਆਦਾ ਪਿਓ ਅਤੇ ਰਸਦਾਰ ਫਲ ਵੱਧ ਤੋਂ ਵੱਧ ਖਾਣ ਲਈ ਪ੍ਰੇਰਿਤ ਕੀਤਾ। ਬੱਚਿਆਂ ਨੂੰ ਗਲੂਕੋਜ਼ ਦੀ ਵਰਤੋਂ ਅਤੇ ਨਿੰਬੂ ਪਾਣੀ ਬਣਾਉਣ ਦੀ ਵਿਧੀ ਵੀ ਦੱਸੀ ਗਈ। ਇਹ ਵਰਕਸ਼ਾਪ ਭੱਖਦੀਆਂ ਗਰਮੀਆਂ ਵਿੱਚ ਬੱਚਿਆਂ ਲਈ ਸਹਾਈ ਸਿੱਧ ਹੋ ਨਿਬੜੀ।

# ਕਾਂਗਰਸ ਵੱਲੋਂ 2 ਜੂਨ ਦੀ ਸੰਵਿਧਾਨ ਬਚਾਓ ਰੈਲੀ ਨੂੰ ਮਿਲ ਰਿਹੈ ਭਰਪੂਰ ਹੁੰਗਾਰਾ



ਬਰਨਾਲਾ, 27 ਮਈ (ਸੁਖਵਿੰਦਰ ਸਿੰਘ ਭੰਡਾਰੀ): ਕਾਂਗਰਸ ਪਾਰਟੀ ਵੱਲੋਂ ਪੂਰੇ ਦੇਸ਼ 'ਚ ਸੰਵਿਧਾਨ ਬਚਾਓ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਤਹਿਤ ਸਮੁੱਚੇ ਦੇਸ਼ ਅੰਦਰ ਵੱਖ-ਵੱਖ ਥਾਵਾਂ 'ਤੇ ਸੰਵਿਧਾਨ ਬਚਾਓ ਰੈਲੀਆਂ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸੇ ਪ੍ਰੋਗਰਾਮ ਤਹਿਤ ਬਰਨਾਲਾ ਸ਼ਹਿਰ ਵਿਖੇ ਮਿਤੀ 2 ਜੂਨ ਦਿਨ ਸੋਮਵਾਰ ਨੂੰ ਅਨਾਜ ਮੰਡੀ ਬਰਨਾਲਾ ਵਿਖੇ ਬਾਅਦ ਦੁਪਹਿਰ 4 ਵਜੇ ਤੋਂ ਸ਼ਾਮ ਦੇ 6 ਵਜੇ ਤੱਕ ਸੰਵਿਧਾਨ ਬਚਾਓ ਰੈਲੀ ਕੀਤੀ ਜਾ ਰਹੀ ਹੈ। ਉਕਤ ਜਾਣਕਾਰੀ ਦਿੰਦਿਆਂ ਕਾਂਗਰਸ ਪਾਰਟੀ ਦੇ ਜ਼ਿਲ੍ਹਾ ਬਰਨਾਲਾ ਦੇ ਪ੍ਰਧਾਨ ਕੁਲਦੀਪ ਸਿੰਘ ਕਾਲਾ ਢਿੱਲੋਂ ਹਲਕਾ ਵਿਧਾਇਕ, ਕਾਂਗਰਸ ਦੇ ਕਿਸਾਨ ਮੋਰਚਾ ਪੰਜਾਬ ਦੇ ਮੀਤ ਪ੍ਰਧਾਨ ਧੰਨਾ ਸਿੰਘ ਗਰੇਵਾਲ ਅਤੇ ਕਾਂਗਰਸ ਦੇ ਸ਼ਹਿਰੀ ਪ੍ਰਧਾਨ ਮਹੇਸ਼ ਕੁਮਾਰ ਲੋਟਾ ਸਾਬਕਾ ਮੀਤ ਪ੍ਰਧਾਨ ਨਗਰ ਕੌਂਸਲ ਬਰਨਾਲਾ ਨੇ ਕਿਹਾ ਕਿ ਕਾਂਗਰਸ ਪਾਰਟੀ ਦੇ ਅਹੁਦੇਦਾਰਾਂ, ਕਾਰਕੂਨਾਂ ਅਤੇ ਲੋਕਾਂ ਚ 2 ਜੂਨ ਦੀ ਰੈਲੀ 'ਚ ਸ਼ਾਮਿਲ ਹੋਣ ਲਈ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਰੈਲੀ ਬਰਨਾਲਾ ਦੇ ਰਾਜਨੀਤਿਕ ਹਲਕਿਆਂ ਚ ਇਤਿਹਾਸ ਸਿਰਜੇਗੀ। ਉਨ੍ਹਾਂ ਕਿਹਾ ਕਿ ਇਸ ਰੈਲੀ ਚ ਕਾਂਗਰਸ ਪਾਰਟੀ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਮੈਂਬਰ ਪਾਰਲੀਮੈਂਟ, ਸੀਨੀਅਰ ਆਗੂ ਸੁਖਪਾਲ ਸਿੰਘ ਖਹਿਰਾ, ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਅਤੇ ਸਾਬਕਾ ਕੈਬਨਿਟ ਮੰਤਰੀ ਵਿਜੇ ਇੰਦਰ ਸਿੰਗਲਾ ਵਿਸ਼ੇਸ਼ ਤੌਰ ਤੇ ਪਹੁੰਚ ਕੇ ਰੈਲੀ ਨੂੰ ਸੰਬੋਧਨ ਕਰਨਗੇ। ਇਸ ਦੌਰਾਨ ਧੰਨ ਸਿੰਘ ਗਰੇਵਾਲ ਨੇ ਭਾਰਤੀ ਜਨਤਾ ਪਾਰਟੀ ਦੀ ਸੰਵਿਧਾਨ ਪ੍ਰਤੀ ਸੌੜੀ ਸੋਚ ਦੀ ਨਿੰਦਾ ਕਰਦਿਆਂ ਲੋਕਾਂ ਨੂੰ ਜ਼ਮੀਨੀ ਪੱਧਰ ਤੇ ਸੰਵਿਧਾਨ ਦੀ ਰਾਖੀ ਕਰਨ ਅਤੇ ਲਾਮਬੰਦ ਹੋਣ ਲਈ ਜਾਗਰੂਕ ਹੋਣ ਦੀ ਲੋੜ ਤੇ ਜ਼ੋਰ ਦਿੱਤਾ। ਉਨ੍ਹਾਂ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਅਲੋਚਨਾ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਹਰ ਫਰੰਟ ਤੇ ਫੇਲ੍ਹ ਹੋ ਚੁੱਕੀ ਹੈ। ਪੰਜਾਬ ਦੇ ਲੋਕ ਪੰਜਾਬ ਸਰਕਾਰ ਨੂੰ ਚਲਦਾ ਕਰਨ ਅਤੇ ਕਾਂਗਰਸ ਪਾਰਟੀ ਦੀ ਸਰਕਾਰ ਨੂੰ ਲਿਆਉਣ ਲਈ ਉਤਾਵਲੇ ਹਨ। ਉਨ੍ਹਾਂ ਜ਼ਿਲ੍ਹਾ ਬਰਨਾਲਾ ਦੇ ਲੋਕਾਂ ਨੂੰ ਸੰਵਿਧਾਨ ਬਚਾਓ ਰੈਲੀ ਚ ਸ਼ਾਮਿਲ ਹੋਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਰੈਲੀ ਦੀ ਸ਼ਾਨਦਾਰ ਸਫ਼ਲਤਾ ਲਈ ਸਮੂਹ ਅਹੁਦੇਦਾਰਾਂ ਅਤੇ ਵਰਕਰਾਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ।

# ਸਕੂਲਾਂ ਚ ਆਧੁਨਿਕ ਸਿੱਖਿਆ ਮੁਹੱਈਆ ਕਰਵਾਉਣ ਲਈ ਪੰਜਾਬ ਸਰਕਾਰ ਯਤਨਸ਼ੀਲ : ਚੇਅਰਮੈਨ ਘੁੱਲੀ



ਧੂਰੀ,27ਮਈ ( ਰਣਜੀਤ ਸਿੰਘ ਪੇਧਨੀ ):ਮੁੱਖ ਮੰਤਰੀ ਸ੍. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਧੂਰੀ ਹਲਕੇ ਵਿੱਚ ਪੈਂਦੇ ਪਿੰਡ ਧੂਰਾ ਵਿਖੇ ਗਦਰੀ ਬਾਬਾ ਠਾਕੁਰ ਦਾਸ ਸਰਕਾਰੀ ਸਮਾਰਟ ਸਕੂਲ ਧੂਰਾ ਵਿਖੇ ਹੈੱਡ ਟੀਚਰ ਸਿਵਰਾਜ ਸਿੰਘ ਦੀ ਅਗਵਾਈ ਹੇਠ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਮੁੱਖ ਮੰਤਰੀ ਕੈਂਪਸ ਦੇ ਇੰਚਾਰਜ ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕੀਟ ਕਮੇਟੀ ਧੂਰੀ ਨੇ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਕੂਲਾਂ ਚ ਆਧੁਨਿਕ ਸਿੱਖਿਆ ਮੁਹੱਈਆ ਕਰਵਾਉਣ ਲਈ ਲਗਾਤਾਰ ਯਤਨਸ਼ੀਲ ਹੈ। ਸਿੱਖਿਆ ਦੇ ਖੇਤਰ ਵਿਚ ਪਹਿਲ ਦੇ ਆਧਾਰ ਤੇ ਕੰਮ ਕੀਤੇ ਜਾ ਰਹੇ ਹਨ। ਸਕੂਲਾਂ ਦੀਆਂ ਮੁੱਢਲੀਆਂ ਸਹੂਲਤਾਂ ਪੂਰੀਆਂ ਕਰਨ ਦੇ ਨਾਲ ਆਧੁਨਿਕ ਪੜ੍ਹਾਈ ਲਈ ਪ੍ਰੋਜੈਕਟਰ, ਆਧੁਨਿਕ ਕਲਾਸ ਰੁਮਜ਼, ਇਲੈਕਟਰਾਨਿਕ ਪੈਨਲ, ਫਰਨੀਚਰ ਆਦਿ ਸਹੂਲਤਾਂ ਵੱਲ ਧਿਆਨ ਦਿੱਤਾ ਗਿਆ ਹੈ। ਸਾਰੇ ਸਕੂਲਾਂ ਵਿੱਚ ਅਧਿਆਪਕਾਂ ਦੀਆਂ ਅਸਾਮੀਆਂ ਭਰੀਆਂ ਹਨ। ਇਸ ਮੌਕੇ ਡਾਕਟਰ ਅਨਵਰ ਭਸੌੜ ਮੈਂਬਰ ਵਕਫ ਬੋਰਡ ਪੰਜਾਬ, ਦਰਸ਼ਨ ਸਿੰਘ ਪਾਠਕ, ਸਰਪੰਚ ਦਵਿੰਦਰ ਸਿੰਘ ਧੂਰਾ , ਨੂਤਨ ਕਪੂਰ, ਗੁਰਵਿੰਦਰ ਸਿੰਘ, ਚੇਤਨ ਕੁਮਾਰ, ਨੀਰਜ ਕੁਮਾਰ, ਲਲਿਤਾ, ਗੀਤਿਕਾ, ਅਮਨਦੀਪ ਕੌਰ, ਪ੍ਰਿੰਕਾ, ਹਰਜੀਤ ਕੌਰ ਕਿਰਨ ਬਾਲਾ ਹਾਜ਼ਰ ਸਨ।

# ਚੇਅਰਮੈਨ ਘੁੱਲੀ ਨੇ ਮਾਨਵਾਲਾ ਮਿਡਲ ਸਕੂਲ ਵਿੱਚ ਹੋਏ ਵਿਕਾਸ ਕਾਰਜਾਂ ਦਾ ਕੀਤਾ ਉਦਘਾਟਨ



ਧੂਰੀ,27 ਮਈ ( ਰਣਜੀਤ ਸਿੰਘ ਪੇਧਨੀ ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹਲਕੇ ਵਿੱਚ ਪੈਂਦੇ ਪਿੰਡ ਮਾਨਵਾਲਾ ਵਿਖੇ ਹੈਡ ਟੀਚਰ ਪਰਮਵੀਰ ਸ਼ਰਮਾ ਦੀ ਅਗਵਾਈ ਵਿੱਚ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਮੁੱਖ ਮੰਤਰੀ ਕੈਂਪਸ ਦੇ ਇੰਚਾਰਜ ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕੀਟ ਕਮੇਟੀ ਧੂਰੀ ਨੇ ਕੀਤਾ। ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਯੋਜਨਾਵਾਂ ਸਿਰਫ ਕਾਗਜ਼ੀ ਯੋਜਨਾਵਾਂ ਤੱਕ ਸੀਮਤ ਨਹੀਂ ਹਨ, ਸਗੋਂ ਜਮੀਨੀ ਪੱਧਰ 'ਤੇ ਕੰਮ ਹੋ ਰਿਹਾ ਹੈ ਸਿੱਖਿਆ, ਸਿਹਤ, ਸੜਕਾਂ, ਪਾਣੀ ਅਤੇ ਸਫਾਈ ਦੇ ਖੇਤਰਾਂ ਵਿੱਚ ਨਿਰੰਤਰ ਵਿਕਾਸ ਹੋਇਆ ਹੈ। ਉਨ੍ਹਾਂ ਨੇ ਕਿਹਾ ਕਿ ਇਹ ਪੰਚਾਇਤ ਘਰ ਪਿੰਡ ਵਾਸੀਆਂ ਲਈ ਪ੍ਰਬੰਧਕੀ ਕੰਮਾਂ ਦਾ ਕੇਂਦਰ ਬਣੇਗਾ ਅਤੇ ਇਸ ਨਾਲ ਸਥਾਨਕ ਲੋਕਾਂ ਨੂੰ ਕਈ ਸਹੂਲਤਾਂ ਇੱਕ ਹੀ ਛਤ ਹੇਠਾਂ ਮਿਲਣਗੀਆਂ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪਿੰਡਾਂ ਦੇ ਵਿਕਾਸ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਹਰ ਪਿੰਡ ਨੂੰ ਬੁਨਿਆਦੀ ਸਹੂਲਤਾਂ ਨਾਲ ਲੈਸ ਕੀਤਾ ਜਾ ਰਿਹਾ ਹੈ। ਇਸ ਮੌਕੇ ਡਾਕਟਰ ਅਨਵਰ ਭਸੌੜ ਮੈਂਬਰ ਵਕਫ ਬੋਰਡ ਪੰਜਾਬ, ਦਰਸਨ ਸਿੰਘ ਪਾਠਕ ਸਿੱਖਿਆ ਕੋਆਰਡੀਨੇਟਰ, ਸਰਪੰਚ ਰਾਜ ਸਿੰਘ ਮਾਨਵਾਲਾ, ਜਸਪ੍ਰੀਤ ਕੌਰ, ਮਨਜੀਤ ਸਿੰਘ, ਮਿਨਾਕਸ਼ੀ ਰਾਣੀ, ਵਸੀਮ ਅਕਰਮ , ਕਮਲਪਤਿ, ਤਰਨਦੀਪ ਕੌਰ, ਮਿਨਾਕਸ਼ੀ ਰਾਣੀ, ਸੁਖਦੀਪ ਸਿੰਘ ,ਸੌਰਵ ਜੌਨੀ, ਰਾਜ ਲੱਡਾ, ਨੰਬਰਦਾਰ ਰਜਿੰਦਰ ਸਿੰਘ ਪੇਧਨੀ, ਹਾਜ਼ਰ ਸਨ।

# ਸੀਨੀਅਰ ਕਪਤਾਨ ਪੁਲਿਸ ਵੱਲੋਂ ਤਨਦੇਹੀ ਨਾਲ ਡਿਊਟੀ ਨਿਭਾਉਣ ਵਾਲੇ ਪੁਲਿਸ ਮੁਲਾਜ਼ਮ ਸਨਮਾਨਿਤ

ਧਨੌਲਾ, 27 ਮਈ (ਚਮਕੌਰ ਸਿੰਘ ਗੱਗੀ): ਡੀਜੀਪੀ ਪੰਜਾਬ ਸ੍ਰੀ ਗੌਰਵ ਯਾਦਵ ਦੇ ਦਿਸ਼ਾ ਨਿਰਦੇਸ਼ਾਂ 'ਤੇ ਐਸਐਸਪੀ ਬਰਨਾਲਾ ਸ਼੍ਰੀ ਮੁਹੰਮਦ ਸਰਫਰਾਜ ਆਲਮ, ਐਸਪੀ (ਐਚ) ਸ਼੍ਰੀ ਰਾਜੇਸ਼ ਛਿੱਬਰ, ਐਸਪੀ(ਡੀ) ਸ਼੍ਰੀ ਅਸ਼ੋਕ ਕੁਮਾਰ ਸ਼ਰਮਾ ਵੱਲੋਂ ਜ਼ਿਲਾ ਬਰਨਾਲਾ ਦੇ ਪੁਲਿਸ ਕਰਮਚਾਰੀਆਂ ਨੂੰ ਇਮਾਨਦਾਰੀ ਅਤੇ ਤਨਦੇਹੀ ਨਾਲ ਡਿਊਟੀ ਨਿਭਾਉਣ ਦੇ ਇਨਾਮ ਵਜੋਂ 33-1 ਸਰਟੀਫਿਕੇਟ ਅਤੇ ਨਗਦ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਉਥੇ ਥਾਣਾ ਧਨੌਲਾ ਦੇ ਦੋ ਮੁਲਾਜ਼ਮ ਹੌਲਦਾਰ ਜਸਪਾਲ ਸਿੰਘ ਸਿੱਧੂ ਅਤੇ ਮੁੱਖ ਮੁਨਸ਼ੀ ਪਰਮਦੀਪ ਸਿੰਘ ਨੂੰ ਵੀ ਸਰਟੀਫਿਕੇਟ ਅਤੇ ਨਗਦ ਇਨਾਮ ਦੇ ਕੇ ਸਨਮਾਨਿਤ ਕੀਤਾ, ਗੱਲਬਾਤ ਕਰਦਿਆਂ ਇਹਨਾਂ ਅਧਿਕਾਰੀਆਂ ਨੇ ਕਿਹਾ ਕਿ ਪੁਲਿਸ ਮੁਲਾਜ਼ਮ ਆਪਣੇ ਪਰਿਵਾਰ ਦੀ ਪਰਵਾਹ ਛੱਡ ਕੇ ਦਿਨ ਰਾਤ ਡਿਊਟੀਆਂ ਤੇ ਤਾਇਨਾਤ ਰਹਿ ਕੇ ਪਬਲਿਕ ਦੀ ਸਹਾਇਤਾ ਕਰਦੇ ਹਨ ਅਤੇ ਉਹਨਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਦੇ ਹਨ। ਇਸ ਕਰਕੇ ਮਾਨਯੋਗ ਡੀਜੀਪੀ ਸਾਹਿਬ ਵੱਲੋਂ ਇਹਨਾਂ ਪੁਲਿਸ ਕਰਮਚਾਰੀਆਂ ਨੂੰ ਸਨਮਾਨਿਤ ਕਰਨ ਦੇ ਆਦੇਸ਼ ਜਾਰੀ ਹੋਏ ਸਨ । ਇਸ ਮੌਕੇ ਤੇ ਸਨਮਾਨ ਹਾਸਿਲ ਕਰਨ ਵਾਲੇ ਸਾਰੇ ਪੁਲਿਸ ਮੁਲਾਜ਼ਮਾਂ ਨੇ ਸੀਨੀਅਰ ਅਧਿਕਾਰੀਆਂ ਦਾ ਧੰਨਵਾਦ ਕੀਤਾ ਅਤੇ ਆਪਣੀ ਡਿਊਟੀ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਕਰਨ ਦਾ ਪਰਨ ਦੁਹਰਾਇਆ। ਇਸ ਮੌਕੇ ਤੇ ਸੀਆਈਏ ਇੰਚਾਰਜ ਇੰਸਪੈਕਟਰ ਸ.ਬਲਜੀਤ ਸਿੰਘ, ਥਾਣਾ ਧਨੌਲਾ ਦੇ ਹੈਡਕਾਂਸਟੇਬਲ ਜਸਪਾਲ ਸਿੰਘ ਅਤੇ ਮੁੱਖ ਮੁਨਸ਼ੀ ਪਰਮਦੀਪ ਸਿੰਘ ਪੰਮਾ ਤੇ ਹੋਰ ਵੀ ਅਧਿਕਾਰੀ ਤੇ ਪੁਲਿਸ ਮੁਲਾਜ਼ਮਾਂ ਨੂੰ ਸਨਮਾਨਿਤ ਕੀਤਾ ਗਿਆ।

# ਯੂਨੀਵਰਸਿਟੀ ਕਾਲਜ ਬੇਨੜਾ ਦਾ ਪ੍ਰਾਸਪੈਕਟ ਚੇਅਰਮੈਨ ਢਿੱਲੋਂ ਨੇ ਕੀਤਾ ਜਾਰੀ



ਧੂਰੀ, 27 ਮਈ (ਰਾਜੇਸ਼ਵਰ ਪਿੰਟੂ, ਅਮਨ ਗਰਗ) : ਮੁੱਖ ਮੰਤਰੀ ਕੈਂਪਸ ਦਫ਼ਤਰ ਧੂਰੀ ਦੇ ਇੰਚਾਰਜ ਅਤੇ ਪੰਜਾਬ ਲਘੂ ਉਦਯੋਗ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਨੇ ਅੱਜ ਯੂਨੀਵਰਸਿਟੀ ਕਾਲਜ ਬੇਨੜਾ(ਧੂਰੀ) ਦਾ ਨਵੇਂ ਸੈਸ਼ਨ ਵਿੱਚ ਦਾਖ਼ਲੇ ਲਈ ਪ੍ਰਾਸਪੈਕਟ ਕਾਲਜ ਕੈਂਪਸ ਵਿਖੇ ਪ੍ਰਿੰਸੀਪਲ ਅਤੇ ਸਮੂਹ ਸਟਾਫ਼ ਦੀ ਮੌਜੂਦਗੀ ਵਿੱਚ ਜਾਰੀ ਕੀਤਾ।ਚੇਅਰਮੈਨ ਢਿੱਲੋਂ ਨੇ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਬੀ.ਏ., ਬੀ.ਸੀ.ਏ., ਬੀ.ਕਾਮ, ਬੀ.ਐੱਸ-ਸੀ ਮੈਡੀਕਲ ਤੇ ਨਾਨ ਮੈਡੀਕਲ ਦੇ ਗ੍ਰੈਜੂਏਸ਼ਨ ਅਤੇ ਐੱਮ.ਏ ਪੰਜਾਬੀ, ਐੱਮ.ਏ ਇਤਿਹਾਸ, ਐੱਮ.ਕਾਮ, ਪੀ.ਜੀ.ਡੀ.ਸੀ.ਏ. ਦੇ ਪੋਸਟ ਗ੍ਰੈਜੂਏਸ਼ਨ ਪੱਧਰ ਦੇ ਕੋਰਸਾਂ ਵਿੱਚ ਦਾਖ਼ਲਾ ਦਿਵਾਉਣ ਤਾਂ ਕਿ ਉਨ੍ਹਾਂ ਦੇ ਬੱਚੇ ਇਸ ਕਾਲਜ ਤੋਂ ਸਸਤੀ ਤੇ ਮਿਆਰੀ ਸਿੱਖਿਆ ਹਾਸਲ ਕਰ ਸਕਣ। ਉਨ੍ਹਾਂ ਖ਼ਾਸ ਕਰਕੇ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਵੱਲੋਂ ਮਿਲਦੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਅਧੀਨ ਦਾਖ਼ਲਾ ਲੈ ਕੇ ਸਰਕਾਰੀ ਸਕੀਮਾਂ ਦਾ ਲਾਭ ਉਠਾਉਣ। ਉਨ੍ਹਾਂ ਲੋੜੀਂਦੀ ਇਮਾਰਤ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਦੂਜੇ ਪੜਾਅ ਅਧੀਨ ਬਣਨ ਵਾਲੀ ਇਮਾਰਤ ਦਾ ਪ੍ਰਸਤਾਵ ਸਰਕਾਰ ਨੂੰ ਭੇਜਿਆ ਹੋਇਆ ਹੈ ਜਿਹੜਾ ਜਲਦੀ ਪੂਰਾ ਹੋ ਜਾਵੇਗਾ। ਕਾਲਜ ਪ੍ਰਿੰਸੀਪਲ ਡਾ. ਹਰਵਿੰਦਰ ਸਿੰਘ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਤੋਂ ਕੰਪਿਊਟਰ ਅਤੇ ਪ੍ਰੋਜੈਕਟਰ ਖ਼ਰੀਦਣ ਲਈ ਕਾਲਜ ਨੂੰ ਪ੍ਰਾਪਤ ਹੋਈ ਵੀਹ ਲੱਖ ਰੁਪਏ ਦੀ ਗ੍ਰਾਂਟ ਲਈ ਉਨ੍ਹਾਂ ਦਾ ਰਸਮੀ ਧੰਨਵਾਦ ਕੀਤਾ । ਇਸ ਮੌਕੇ ਸਮੂਹ ਸਟਾਫ਼ ਹਾਜ਼ਰ ਸੀ।

# ਬਰਖਾਸਤ ਮਹਿਲਾ ਕਾਂਸਟੇਬਲ ਅਮਨਦੀਪ ਕੌਰ ਦੀ ਕੋਠੀ ਦੀ ਪੈਰਮਾਇਸ਼ ਕਰਨ ਪਹੁੰਚੀ ਚੰਡੀਗੜ੍ਹ ਦੀ ਟੀਮ

ਬਠਿੰਡਾ, 27 ਮਈ (ਦੀਪਕ ਸ਼ਰਮਾ):ਕਾਲੀ ਥਾਰ ਵਿੱਚ ਚਿੱਟੇ ਸਮੇਤ ਫੜੀ ਗਈ ਪੰਜਾਬ ਪੁਲਿਸ ਦੀ ਬਰਖਾਸਤ ਕਾਂਸਟੇਬਲ ਅਮਨਦੀਪ ਕੌਰ ਦੀਆਂ ਮੁਸ਼ਕਲਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਬੀਤੀ ਸੋਮਵਾਰ ਨੂੰ ਵਿਜੀਲੈਂਸ ਬਿਊਰੋ ਬਠਿੰਡਾ ਵੱਲੋਂ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤੀ ਗਈ ਅਮਨਦੀਪ ਕੌਰ ਦੀ ਜਾਇਦਾਦ ਦੀ ਪੈਮਾਇਸ਼ ਕਰਨ ਲਈ ਮੰਗਲਵਾਰ ਨੂੰ ਚੰਡੀਗੜ੍ਹ ਤੋਂ ਇੱਕ ਟੀਮ ਬਠਿੰਡਾ ਪਹੁੰਚੀ। ਦੁਪਹਿਰ ਬਾਅਦ ਚੰਡੀਗੜ੍ਹ ਤੋਂ ਆਈ ਟੀਮ ਅਤੇ ਵਿਜੀਲੈਂਸ ਟੀਮ, ਮੁਲਜ਼ਮ ਮਹਿਲਾ ਅਮਨਦੀਪ ਕੌਰ ਨੂੰ ਨਾਲ ਲੈ ਕੇ ਮੁਲਤਾਨੀਆਂ ਰੋਡ 'ਤੇ ਸਥਿਤ ਵਿਰਾਟ ਗ੍ਰੀਨ ਕਾਲੋਨੀ ਵਾਲੀ ਕੋਠੀ ਦੀ ਪੈਮਾਇਸ਼ ਕਰਨ ਲਈ ਪਹੁੰਚੀ। ਕੋਠੀ ਦਾ ਮੁੱਖ ਦਰਵਾਜ਼ਾ ਖੁੱਲ੍ਹਾ ਹੋਣ ਅਤੇ ਅੰਦਰ ਦਾ ਦਰਵਾਜ਼ਾ ਬੰਦ ਹੋਣ ਕਾਰਨ ਟੀਮ ਬਿਨਾਂ ਪੈਮਾਇਸ਼ ਕੀਤੇ ਵਾਪਸ ਪਰਤ ਗਈ। ਜਿਸ ਤੋਂ ਬਾਅਦ ਟੀਮ ਨੇ ਰਿੰਗ ਰੋਡ 'ਤੇ ਸਥਿਤ ਡਰੀਮ ਲੈਂਡ ਕਾਲੋਨੀ ਵਿੱਚ ਸਥਿਤ ਪਲਾਟ ਤੋਂ ਇਲਾਵਾ ਉਸ ਦੀਆਂ ਦੋਵੇਂ ਥਾਰ ਗੱਡੀਆਂ ਤੇ ਬੁਲਟ ਮੋਟਰਸਾਈਕਲ ਦੀ ਪੈਮਾਇਸ਼ ਕਰਕੇ ਉਸ ਦੀ ਰਿਪੋਰਟ ਤਿਆਰ ਕੀਤੀ।

ਜਿਸ ਤੋਂ ਬਾਅਦ ਵਿਜੀਲੈਂਸ ਟੀਮ ਅਤੇ ਵਿਜੀਲੈਂਸ ਦੀ ਟੈਕਨੀਕਲ ਟੀਮ ਨੇ ਦੁਬਾਰਾ ਵਿਰਾਟ ਗ੍ਰੀਨ ਕਾਲੋਨੀ ਵਿੱਚ ਕੋਠੀ ਨੰਬਰ 168 ਦੀ ਤਲਾਸ਼ੀ ਲਈ, ਜਿਸ ਦੌਰਾਨ ਵਿਜੀਲੈਂਸ ਵਿਭਾਗ ਨੇ ਉਨ੍ਹਾਂ ਦੇ ਘਰ ਦੇ ਨਾਲ-ਨਾਲ ਉਨ੍ਹਾਂ ਦੇ ਘਰ ਵਿੱਚ ਮੌਜੂਦ ਸਾਰੇ ਸਾਮਾਨ ਦੀ ਵੀ ਜਾਂਚ ਕੀਤੀ, ਜਿਸ ਲਈ ਵਿਜੀਲੈਂਸ ਦੀ ਇੱਕ ਵੱਡੀ ਟੀਮ ਉਨ੍ਹਾਂ ਦੇ ਘਰ ਪਹੁੰਚੀ। ਪ੍ਰਿੰਟਰ ਦੇ ਨਾਲ-ਨਾਲ ਇੰਚੀ ਟੇਪ ਵੀ ਅਧਿਕਾਰੀਆਂ ਨੂੰ ਦਿਖਾਈ ਦਿੱਤਾ। ਵਿਜੀਲੈਂਸ ਟੀਮ ਦੇ ਨਾਲ ਖੇਤੀਬਾੜੀ ਵਿਭਾਗ ਦੇ ਕਰਮਚਾਰੀ ਵੀ ਗਵਾਹ ਵਜੋਂ ਮੌਜੂਦ ਸਨ।

# ਯੂਥ ਅਕਾਲੀ ਆਗੂ ਨਵੀਨ ਬਨਾਰਸੀ ਨੂੰ ਸਦਮਾ, ਦਾਦੇ ਦਾ ਦੇਹਾਂਤ



ਲਹਿਰਾਗਾਗਾ, 27 ਮਈ (ਗੁਰਦੀਪ ਸਿੰਘ): ਯੂਥ ਵਿੰਗ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਵਿੱਤ ਮੰਤਰੀ ਸਰਦਾਰ ਪਰਮਿੰਦਰ ਸਿੰਘ ਢੀਂਡਸਾ ਦੇ ਨੇੜਲੇ ਸਾਥੀ ਸ੍ਰੀ ਨਵੀਨ ਬਨਾਰਸੀ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਿਆ ਜਦੋਂ ਪਿਛਲੇ ਦਿਨੀਂ ਉਹਨਾਂ ਦੇ ਦਾਦਾ ਸ੍ਰੀ ਲੱਖਮੀ ਚੰਦ ਸ਼ਰਮਾ ਦਾ ਅਚਨਚੇਤ ਦੇਹਾਂਤ ਹੋ ਗਿਆ, ਉਹ ਲਗਭਗ 87 ਵਰਿਆਂ ਦੇ ਸਨ, ਉਨ੍ਹਾਂ ਦੀ ਅੰਤਿਮ ਅਰਦਾਸ 1 ਜੂਨ 2025 ਨੂੰ ਪਿੰਡ ਬਨਾਰਸੀ ਵਿਖੇ ਕੀਤੀ ਜਾਵੇਗੀ, ਇਸ ਸਮੇਂ ਸਰਦਾਰ ਪਰਮਿੰਦਰ ਸਿੰਘ ਢੀਂਡਸਾ, ਜਥੇਦਾਰ ਰਾਮਪਾਲ ਸਿੰਘ ਬਹਿਣੀਵਾਲ, ਗੁਰਦੀਪ ਸਿੰਘ ਕੋਟੜਾ ਸਾਬਕਾ ਚੇਅਰਮੈਨ, ਪਾਲ ਸਿੰਘ ਗੇਹਲਾ ਸਾਬਕਾ ਚੇਅਰਮੈਨ, ਮਹੀਪਾਲ ਸਿੰਘ ਭੂਲਣ ਸਾਬਕਾ ਚੇਅਰਮੈਨ, ਜਥੇਦਾਰ ਗੁਰਦੀਪ ਸਿੰਘ ਮਕੋਰੜ ਸਾਬਕਾ ਚੇਅਰਮੈਨ, ਚਮਕੌਰ ਸਿੰਘ ਬਾਦਲਗੜ੍ਹ ਸਾਬਕਾ ਚੇਅਰਮੈਨ, ਰਾਮ ਨਿਵਾਸ ਗਰਗ, ਰਕੇਸ਼ ਕੁਮਾਰ ਬਨਾਰਸੀ ਸਾਬਕਾ ਚੇਅਰਮੈਨ, ਰਘਵੀਰ ਸਿੰਘ ਗੁਲਾੜੀ, ਮਾ ਅਤੇ ਬਲਜੀਤ ਸਿੰਘ ਰਾਮਗੜ੍ਹ ਨੇ ਉਨਾਂ ਦੇ ਅਕਾਲ ਚਲਾਣੇ ਤੇ ਗਹਿਰਾ ਦੁੱਖ ਪ੍ਰਗਟ ਕਰਦੇ ਹੋਏ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ,ਨਵੀਨ ਬਨਾਰਸੀ ਅਤੇ ਉਨਾਂ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਦੇ ਹੋਏ।

# ਸ਼ੰਕਰ ਭਗਵਾਨ ਭਗਤ ਬਾਬਾ ਪੰਕਜ ਗੌਤਮ ਨੇ ਸੰਗਤ ਸਮੇਤ ਗੰਗਾ ਵਿੱਚ ਇਸ਼ਨਾਨ ਕੀਤਾ

ਧਨੌਲਾ, 27 ਮਈ (ਚਮਕੌਰ ਸਿੰਘ ਗੱਗੀ): ਭੋਲੇ ਸ਼ੰਕਰ ਭਗਵਾਨ ਦੇ ਭਗਤ ਬਾਬਾ ਪੰਕਜ ਗੌਤਮ ਜੀ ਵੱਲੋਂ ਸੰਗਤ ਸਮੇਤ ਇਲਾਕੇ ਦੀ ਸੁੱਖ ਸ਼ਾਂਤੀ ਲਈ ਗੰਗਾ ਨਦੀ ਵਿੱਚ ਇਸ਼ਨਾਨ ਕੀਤਾ। ਗੱਲਬਾਤ ਕਰਦਿਆਂ ਬਾਬਾ ਪੰਕਜ ਗੌਤਮ ਜੀ ਨੇ ਕਿਹਾ ਕਿ ਸੋਮਬਤੀ ਮੱਸਿਆ ਜੋ ਸਾਲ ਵਿੱਚ ਇੱਕ ਜਾਂ ਦੋ ਵਾਰ ਆਉਂਦੀ ਹੈ ਉਸ ਦਿਨ ਜੇਕਰ ਗੰਗਾ ਨਦੀ ਵਿੱਚ ਇਸ਼ਨਾਨ ਹੋ ਜਾਵੇ ਤਾਂ ਬਹੁਤ ਕਸ਼ਟ ਦੂਰ ਹੁੰਦੇ ਹਨ, ਘਰ ਵਿੱਚ ਬਰਕਤ ਵਾਧਾ ਹੁੰਦਾ, ਇਸ ਲਈ ਇਸ ਪਵਿੱਤਰ ਦਿਹਾੜੇ ਸੋਮਬਤੀ ਮੱਸਿਆ ਨੂੰ ਮੁੱਖ ਰਖਦੇ ਹੋਏ ਇਲਾਕੇ ਦੀ ਸੰਗਤ ਨਾਲ ਹਰਦੁਆਰ ਵਿਖੇ ਗੰਗਾ ਮਾਂ ਦੀ ਗੋਦ ਵਿੱਚ ਇਸ਼ਨਾਨ ਕੀਤਾ ਅਤੇ ਇਲਾਕੇ ਦੀ ਸੁੱਖ ਸ਼ਾਂਤੀ ਲਈ ਅਰਦਾਸ ਕੀਤੀ।

# ਪੰਜਾਬ ਰਾਜ ਲਘੂ ਉਦਯੋਗ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਨੇ ਨਸ਼ਿਆਂ ਦੇ ਖ਼ਾਤਮੇ ਦੀ ਸਹੁੰ ਚੁਕਾਈ

ਧੂਰੀ, 27 ਮਈ (ਰਾਜੇਸ਼ਵਰ ਪਿੰਟੂ, ਅਮਨ ਗਰਗ) :ਪੰਜਾਬ ਸਰਕਾਰ ਵੱਲੋਂ ਸੂਬੇ ਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਦਾ ਸੱਦਾ ਦਿੰਦਿਆਂ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਵਿਧਾਨ ਸਭਾ ਹਲਕਾ, ਧੂਰੀ ਦੇ ਪਿੰਡ ਮੁੱਲੋਵਾਲ ਵਿਖੇ ਪੰਜਾਬ ਰਾਜ ਲਘੂ ਉਦਯੋਗ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਨੇ ਰੱਖਿਆ ਕਮੇਟੀਆਂ ਨਾਲ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਲੋਕਾਂ ਤੋਂ ਪੂਰਨ ਸਹਿਯੋਗ ਦੀ ਮੰਗ ਕੀਤੀ ਅਤੇ ਲੋਕਾਂ ਨੂੰ ਨਸ਼ਿਆਂ ਦੇ ਖਾਤਮੇ ਦੀ ਸਹੁੰ ਚੁਕਾਈ। ਸ੍:. ਢਿੱਲੋਂ ਨੇ ਕਿਹਾ ਕਿ ਨਸ਼ਾ ਮੁਕਤੀ ਯਾਤਰਾ ਸੂਬੇ ਨੂੰ ਨਸ਼ਾ ਮੁਕਤ ਕਰਨ ਵਿੱਚ ਅਹਿਮ ਭੂਮਿਕਾ ਨਿਭਾ ਰਹੀ ਹੈ ਤੇ ਇਸ ਦੇ ਸਾਰਥਿਕ ਸਿੱਟੇ ਨਿਕਲ ਰਹੇ ਹਨ। ਉਨ੍ਹਾਂ ਕਿਹਾ ਕਿ ਨਸ਼ਾ ਮੁਕਤੀ ਯਾਤਰਾਵਾਂ ਤਹਿਤ ਰੋਜ਼ਾਨਾ ਦੇ ਆਧਾਰ ਉਤੇ ਪਿੰਡਾਂ ਵਿੱਚ ਨਸ਼ਿਆਂ ਦੇ ਖਾਤਮੇ ਦਾ ਸੱਦਾ ਦਿੰਦੇ ਹੋਏ ਲੋਕਾਂ ਨੂੰ ਇਸ ਵੱਡੀ ਸਮਾਜਿਕ ਬੁਰਾਈ ਦੇ ਖਾਤਮੇ ਲਈ ਇੱਕਜੁੱਟ ਕੀਤਾ ਜਾ ਰਿਹਾ ਹੈ।ਇਸ ਮੌਕੇ ਸ. ਢਿੱਲੋਂ ਨੇ ਕਿਹਾ ਕਿ ਜਿਹੜੇ ਲੋਕ ਕਿਸੇ ਮਾੜੀ ਸੰਗਤ ਦਾ ਸ਼ਿਕਾਰ ਹੋ ਕੇ ਨਸ਼ਿਆਂ ਦੀ ਦਲਦਲ ਵਿੱਚ ਫਸ ਚੁੱਕੇ ਹਨ, ਉਹਨਾਂ ਦਾ ਮੁਫਤ ਇਲਾਜ ਸਰਕਾਰ ਵੱਲੋਂ ਕਰਵਾਇਆ ਜਾ ਰਿਹਾ ਹੈ ਅਤੇ ਉਹ ਅਜਿਹੇ ਲੋਕਾਂ ਨੂੰ ਅਪੀਲ ਕਰਦੇ ਹਨ ਕਿ ਨਸ਼ਾ ਮੁਕਤੀ ਕੇਂਦਰਾਂ ਵਿੱਚ ਦਾਖਲ ਹੋ ਕੇ ਆਪਣਾ ਇਲਾਜ ਜ਼ਰੂਰ ਕਰਵਾਉਣ। ਉਨ੍ਹਾਂ ਕਿਹਾ ਕਿ ਨਸ਼ਿਆਂ ਦਾ ਕਾਰੋਬਾਰ ਕਰਨ ਵਾਲਿਆਂ ਨਾਲ ਸਖਤੀ ਨਾਲ ਨਜਿੱਠਿਆ ਜਾ ਰਿਹਾ ਹੈ ਅਤੇ ਨਸ਼ਾ ਤਸਕਰਾਂ ਵੱਲੋਂ ਅਜਿਹੀ ਕਮਾਈ ਨਾਲ ਬਣਾਈਆਂ ਜਾਇਦਾਦਾਂ ਨੂੰ ਢਾਹਿਆ ਜਾ ਰਿਹਾ ਹੈ। ਇਸ ਮੌਕੇ ਰਸ਼ਪਾਲ ਸਿੰਘ ਹਲਕਾ ਕੋਆਰਡੀਨੇਟਰ, ਸੁਰਜੀਤ ਸਿੰਘ, ਤੇਜ਼ੀ ਕਕੜਵਾਲ ਅਤੇ ਸਰਪੰਚ ਸੁਖਚੈਨ ਸਿੰਘ ਸਮੇਤ ਵੱਖੋ-ਵੱਖ ਵਿਭਾਗਾਂ ਦੇ ਅਧਿਕਾਰੀ, ਡਿਫੈਂਸ ਕਮੇਟੀਆਂ ਦੇ ਮੈਂਬਰ, ਵੱਡੀ ਗਿਣਤੀ ਆਮ ਲੋਕ ਹਾਜ਼ਰ ਸਨ।

# 'ਪਹਿਲ ਮੰਡੀ' ਰਿਵਾਇਤੀ, ਸਿਹਤਮੰਦ ਅਤੇ ਭਰੋਸੇਯੋਗ ਉਤਪਾਦਾਂ ਦਾ ਮਿਆਰੀ ਮੰਚ ਸਾਬਤ ਹੋਈ ਹੈ : ਡਾ. ਮਾਨ

## ਮੁੱਖ ਮੰਤਰੀ ਮਾਨ ਜੀ ਕਰ ਚੁੱਕੇ ਹਨ ਪਹਿਲ ਮੰਡੀ ਦੀ ਸ਼ਲਾਘਾ



ਸੰਗਰੂਰ 27 ਮਈ (ਹਰਕੰਵਲ ਸਿੰਘ ਹੈਪੀ) ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਆਰਗੈਨਿਕ ਅਤੇ ਸੈਲਫ ਹੈਲਪ ਗਰੁੱਪ ਮੈਂਬਰਾਂ ਦੁਆਰਾ ਹੱਥੀਂ ਤਿਆਰ ਕੀਤੇ ਉਤਪਾਦਾਂ ਨੂੰ ਵੇਚਣ ਲਈ ਲਗਾਈ ਜਾਂਦੀ ਹਫ਼ਤਾਵਾਰੀ 'ਪਹਿਲ ਮੰਡੀ' ਨੂੰ ਲਗਾਤਾਰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਡਾ. ਅਮਰਜੀਤ ਸਿੰਘ ਮਾਨ ਨੇ ਦੱਸਿਆ ਕਿ ਪਹਿਲ ਮੰਡੀ 'ਚ ਆਰਗੈਨਿਕ ਆਟਾ, ਆਰਗੈਨਿਕ ਮਸਾਲੇ, ਆਰਗੈਨਿਕ ਦਾਲਾਂ, ਸਬਜ਼ੀਆਂ, ਆਚਾਰ, ਮੁਰੱਬੇ, ਖੋਏ ਦੀ ਤਾਜ਼ਾ ਬਰਫੀ, ਚਾਟੀ ਦੀ ਲੱਸੀ, ਪੀਨਟ ਬੱਟਰ, ਚੂਰਨ, ਆਲੂ-ਟਿੱਕੀ, ਗੁੜ-ਸ਼ੱਕਰ, ਲੱਕੜ ਘਾਣੀ ਰਾਹੀਂ ਕਢਿਆ ਵੱਖ-ਵੱਖ ਕਿਸਮ ਦੇ ਤੇਲ, ਸ਼ਹਿਦ ਤੋਂ ਇਲਾਵਾ ਰਸੋਈ ਦਾ ਹੋਰ ਸਾਰੇ ਉਤਪਾਦ ਉਪਲੱਬਧ ਕਰਵਾਏ ਜਾ ਰਹੇ ਹਨ। ਡਾ. ਮਾਨ ਨੇ ਦੱਸਿਆ ਕਿ ਇਹ ਸਾਰੇ ਉਤਪਾਦ ਸੈਲਫ ਹੈਲਪ ਗਰੁੱਪਾਂ ਅਤੇ ਕਿਸਾਨਾਂ ਵੱਲੋਂ ਤਿਆਰ ਕੀਤੇ ਗਏ ਹਨ, ਜਿਸ ਕਾਰਨ ਇਨਾਂ ਦੀ ਉੱਚ ਗੁਣਵੱਤਾ ਭਰੋਸਯੋਗ ਹੈ। ਇਹ ਮੰਡੀ ਕਿਸਾਨਾਂ ਅਤੇ ਗਰੁੱਪ ਮੈਂਬਰਾਂ ਦੀ ਆਮਦਨ ਤੋਂ ਇਲਾਵਾ ਉਹਨਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਵਿੱਚ ਵੀ ਸਹਾਈ ਹੋਈ ਹੈ। ਡਾ. ਮਾਨ ਨੇ ਕਿਹਾ ਕਿ ਸਾਨੂੰ ਮਾਣ ਹੈ ਕਿ ਭਵਿੱਖ ਵਿਚ ਵੀ ਅਸੀਂ ਸ਼ਹਿਰ ਨਿਵਾਸੀਆਂ ਦੇ ਵਿਸ਼ਵਾਸ ਉੱਪਰ ਖਰੇ ਉਤਰਨ ਲਈ ਵਚਨਬੱਧ ਹਾਂ। ਉਹਨਾਂ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਮਾਨ ਵੀ ਕਈ ਵਾਰ ਆਪਣੇ ਭਾਸ਼ਣ ਦੌਰਾਨ ਪਹਿਲ ਮੰਡੀ ਦੀ ਸ਼ਲਾਘਾ ਕਰ ਚੁੱਕੇ ਹਨ ਕਿਉਂਕਿ ਇਸ ਮੰਡੀ ਵਿੱਚ ਕਿਸਾਨ ਭਰਾਵਾਂ ਵੱਲੋਂ ਆਪਣੇ ਹੱਥੀਂ ਤਿਆਰ ਕੀਤਾ ਗਿਆ ਸਿਹਤਮੰਦ ਅਤੇ ਭਰੋਸੇਯੋਗ ਉਤਪਾਦ ਹੀ ਵੇਚਿਆ ਜਾਂਦਾ ਹੈ ਜਿਸਦੀ ਖ਼ਰੀਦਦਾਰੀ ਕਰਕੇ ਸ਼ਹਿਰ ਨਿਵਾਸੀਆਂ ਦੇ ਵੱਲੋਂ ਵੀ ਕਿਸਾਨਾਂ ਦੀ ਹੌਸਲਾ ਅਫ਼ਜ਼ਾਈ ਕੀਤੀ ਜਾ ਰਹੀ ਹੈ ਇਸ ਦੌਰਾਨ ਰਾਜਿੰਦਰ ਕੁਮਾਰ ਉਤਪਾਦ ਵਿਕਾਸ ਅਤੇ ਪ੍ਰਬੰਧਨ ਅਫਸਰ, ਜਗਦੇਵ ਸਿੰਘ ਸਤੌਜ, ਜੌਲੀ ਪਾਤੜਾਂ, ਜਸਵੀਰ ਕੌਰ ਸੋਹੀ ਨਾਭਾ, ਜਸਪ੍ਰੀਤ ਕੌਰ ਨੰਦਗੜ੍ਹ, ਕਮਰਜੀਤ ਕੌਰ, ਦਰਸ਼ਨ ਸਿੰਘ ਪੇਧਨੀ ਕਲਾਂ, ਗੁਰਦੀਪ ਦਿਓਲ, ਸੰਦੀਪ ਕੌਰ ਬਾਲੀਆਂ, ਹਰਪ੍ਰੀਤ ਕੌਰ ਮਾਨ ਮਾਨਾਂ ਵਾਲੇ, ਸੁਖਚੈਨ ਧਲੇਵਾਂ, ਕਮਰਜੀਤ ਸਿੰਘ ਬੱਬਨਪੁਰ, ਅਮਨ ਬੜਿੰਗ ਆਦਿ ਮੌਕੇ ਤੇ ਮੌਜੂਦ ਸਨ।

# ਅਣਪਛਾਤੇ ਵਿਅਕਤੀ ਨੇ ਚਲਾਈਆਂ ਗੋਲੀਆਂ

ਬਠਿੰਡਾ, 27 ਮਈ (ਦੀਪਕ ਸ਼ਰਮਾ):ਪਿੰਡ ਭੁੱਲੋ ਮਿੱਠੀ ਵਿੱਚ ਰਾਤ ਦੇ ਸਮੇਂ ਇੱਕ ਅਣਪਛਾਤੇ ਵਿਅਕਤੀ ਨੇ ਹਵਾਈ ਫਾਇਰਿੰਗ ਕਰਕੇ ਦਹਿਸ਼ਤ ਫੈਲਾ ਦਿੱਤੀ ਅਤੇ ਮੌਕੇ ਤੋਂ ਫਰਾਰ ਹੋ ਗਿਆ। ਇਸ ਘਟਨਾ ਤੋਂ ਬਾਅਦ ਪਿੰਡ ਵਿੱਚ ਸਹਿਮ ਦਾ ਮਾਹੌਲ ਹੈ। ਥਾਣਾ ਸੰਗਤ ਪੁਲਿਸ ਨੇ ਇੱਕ ਚਸ਼ਮਦੀਦ ਦੀ ਸ਼ਿਕਾਇਤ 'ਤੇ ਅਣਪਛਾਤੇ ਵਿਅਕਤੀ ਖ਼ਿਲਾਫ਼ ਅਸਲਾ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਹੈ ਅਤੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਪਿੰਡ ਭੁੱਲੋ ਮਿੱਠੀ ਦੇ ਵਸਨੀਕ ਗੁਰਤੇਜ ਸਿੰਘ ਨੇ ਦੱਸਿਆ ਕਿ ਉਸਦਾ ਘਰ ਖੇਤਾਂ ਵਿੱਚ ਬਣਿਆ ਹੋਇਆ ਹੈ। ਬੀਤੀ 25 ਮਈ ਦੀ ਰਾਤ ਨੂੰ ਕਰੀਬ 10 ਵਜੇ ਉਹ ਅਤੇ ਉਸਦਾ ਪੂਰਾ ਪਰਿਵਾਰ ਰਾਤ ਦੀ ਰੋਟੀ ਖਾ ਕੇ ਸੌਂ ਗਿਆ ਸੀ। ਇਸ ਦੌਰਾਨ ਉਸਨੂੰ ਅਚਾਨਕ ਦੋ ਤੋਂ ਤਿੰਨ ਹਵਾਈ ਫਾਇਰ ਸੁਣਾਈ ਦਿੱਤੇ। ਆਵਾਜ਼ ਸੁਣ ਕੇ ਉਹ ਤੁਰੰਤ ਉੱਠਿਆ ਅਤੇ ਘਰੋਂ ਬਾਹਰ ਆ ਕੇ ਦੇਖਿਆ, ਤਾਂ ਇੱਕ ਅਣਪਛਾਤਾ ਵਿਅਕਤੀ ਹਵਾਈ ਫਾਇਰਿੰਗ ਕਰਨ ਤੋਂ ਬਾਅਦ ਆਪਣੇ ਦੋ ਪਹੀਆ ਵਾਹਨ 'ਤੇ ਸਵਾਰ ਹੋ ਕੇ ਭੱਜ ਰਿਹਾ ਸੀ। ਪੁਲਿਸ ਨੇ ਇਸ ਮਾਮਲੇ ਵਿੱਚ ਅਣਪਛਾਤੇ ਵਿਅਕਤੀ 'ਤੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਬੰਬ ਧਮਾਕਿਆਂ ਨਾਲ ਦਹਿਲ ਰਿਹਾ ਹੈ ਪੰਜਾਬ, ਮੁੱਖ ਮੰਤਰੀ ਬੇਖ਼ਬਰ : ਅਰਵਿੰਦ ਖੰਨਾ

## ਪੰਜਾਬ ਵਿੱਚ ਅਮਨ-ਕਾਨੂੰਨ ਦੀ ਸਥਿਤੀ ਹੋਈ ਡਾਵਾਂਡੋਲ



ਸੰਗਰੂਰ, 27 ਮਈ (ਹਰਕੰਵਲ ਸਿੰਘ ਹੈਪੀ):ਭਾਰਤੀ ਜਨਤਾ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਅਤੇ ਸਾਬਕਾ ਵਿਧਾਇਕ ਅਰਵਿੰਦ ਖੰਨਾ ਨੇ ਕਿਹਾ ਕਿ ਪੰਜਾਬ ਬੰਬ ਧਮਾਕਿਆਂ ਦੇ ਨਾਲ ਦਹਿਲ ਰਿਹਾ ਹੈ ਪ੍ਰੰਤੂ ਮੁੱਖ ਮੰਤਰੀ ਭਗਵੰਤ ਮਾਨ ਇਸ ਤੋਂ ਬੇਖ਼ਬਰ ਹੋ ਕੇ ਆਪਣੇ ਆਕਾ ਅਰਵਿੰਦ ਕੇਜਰੀਵਾਲ ਨੂੰ ਖੁਸ਼ ਕਰਨ ਵਿੱਚ ਲੱਗੇ ਹੋਏ ਹਨ। ਉਨ੍ਹਾਂ ਮਜੀਠਾ ਬੰਬ ਧਮਾਕੇ ਤੋਂ ਪ੍ਰਭਾਵਿਤ ਲੋਕਾਂ ਨਾਲ ਹਮਦਰਦੀ ਜਤਾਉਂਦਿਆਂ ਕਿਹਾ ਕਿ ਪੰਜਾਬ ਵਿੱਚ ਅਮਨ-ਕਾਨੂੰਨ ਦੀ ਸਥਿਤੀ ਸਰਕਾਰ ਦੇ ਹੱਥੋਂ ਨਿਕਲ ਚੁੱਕੀ ਹੈ, ਜਿਸ ਕਾਰਨ ਬੇਗੁਨਾਹ ਲੋਕ ਮਰ ਰਹੇ ਹਨ। ਉਨ੍ਹਾਂ ਕਿਹਾ ਕਿ ਪਿਛਲੇ 20 ਸਾਲ ਵਿੱਚ ਅਜਿਹੀ ਨਾਜ਼ੁਕ ਸਥਿਤੀ ਪੰਜਾਬੀਆਂ ਨੇ ਕਦੇ ਵੀ ਨਹੀਂ ਦੇਖੀ ਸੀ। ਖੰਨਾ ਨੇ ਕਿਹਾ ਕਿ ਅੱਜ ਪੰਜਾਬ ਦੇ ਇੰਨੇ ਕੁ ਮਾੜੇ ਹਾਲਾਤ ਹੋ ਚੁੱਕੇ ਹਨ ਕਿ ਗਲੀਆਂ ਮੁਹੱਲਿਆਂ ਵਿੱਚ ਵੀ ਦਹਿਸ਼ਤ ਅਤੇ ਸਹਿਮ ਦਾ ਮਾਹੌਲ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਫੋਟੋ ਸ਼ੈਸ਼ਨ ਕਰਨ ਵਿੱਚ ਰੁੱਝੇ ਹੋਏ ਹਨ ਇਸ ਲਈ ਅਜਿਹੀ ਨਕਾਰਾ ਸਰਕਾਰ ਨੂੰ ਤੁਰੰਤ ਮੁਅੱਤਲ ਕਰਕੇ ਪੰਜਾਬ ਵਿੱਚ ਰਾਸ਼ਟਰਪਤੀ ਸ਼ਾਸ਼ਨ ਲਾਗੂ ਕਰ ਦੇਣਾ ਚਾਹੀਦਾ ਹੈ, ਤਾਂ ਜੋ ਪੰਜਾਬ ਦੇ ਲੋਕ ਅਮਨ ਸ਼ਾਂਤੀ ਨਾਲ ਆਪਣੀ ਜ਼ਿੰਦਗੀ ਬਤੀਤ ਕਰ ਸਕਣ। ਉਨ੍ਹਾਂ ਕਿਹਾ ਕਿ ਅੱਜ ਇਹ ਸਥਿਤੀ ਬਣ ਚੁੱਕੀ ਹੈ ਲੋਕਾਂ ਨੂੰ ਘਰ ਤੋਂ ਨਿਕਲਣ ਵੇਲੇ ਇਹ ਹੀ ਖਦਸ਼ਾ ਬਣਿਆ ਰਹਿੰਦਾ ਹੈ ਕਿ ਉਹ ਠੀਕ-ਠਾਕ ਘਰ ਵਾਪਸ ਪਰਤਣਗੇ ਵੀ ਜਾਂ ਨਹੀਂ ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਇਸ ਸਮੇਂ ਗੈਂਗਸਟਰਾਂ ਦਾ ਰਾਜ ਬਣਿਆ ਹੋਇਆ ਹੈ ਜਿਹੜੇ ਆਪਣੀ ਮਨਮਰਜ਼ੀ ਦੇ ਨਾਲ ਪੰਜਾਬ 'ਚ ਦਹਿਸ਼ਤ ਭਰਿਆ ਮਾਹੌਲ ਸਿਰਜ ਰਹੇ ਹਨ। ਉਨ੍ਹਾਂ ਕਿਹਾ ਕਿ ਗੈਂਗਸਟਰਾਂ ਦੇ ਬੁਲੰਦ ਹੌਸਲੇ ਦੇਖ ਕੇ ਇਝ ਜਾਪਦਾ ਹੈ ਕਿ ਪੰਜਾਬ ਸਰਕਾਰ ਨੇ ਉਨ੍ਹਾਂ ਅੱਗੇ ਗੋਡੇ ਟੇਕ ਦਿੱਤੇ ਹੋਣ। ਉਨ੍ਹਾਂ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਤੋਂ ਪੰਜਾਬ ਸੰਭਲ ਨਹੀਂ ਰਿਹਾ ਤਾਂ ਉਹ ਆਪਣੀ ਸਰਕਾਰ ਭੰਗ ਕਰ ਦੇਣ।

# ਪਿੰਡ ਸਾਹੋਕੇ, ਮੰਡੇਰ ਖੁਰਦ ਅਤੇ ਬੁੱਗਰਾਂ ਦੇ ਲੋਕਾਂ ਨੇ ਨਸ਼ਿਆਂ ਵਿਰੁੱਧ ਲੜਨ ਦਾ ਲਿਆ ਪ੍ਰਣ




ਲੌਂਗੋਵਾਲ,27 ਮਈ (ਭਗਵੰਤ ਸ਼ਰਮਾ ): ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਸਾਰਥਕ ਨਤੀਜੇ ਸਾਹਮਣੇ ਆਉਣ ਲੱਗੇ ਹਨ ਅਤੇ ਪਿੰਡਾਂ ਤੇ ਸ਼ਹਿਰਾਂ ਦੇ ਲੋਕ ਇਸ ਮੁਹਿੰਮ ਨੂੰ ਸਫਲ ਬਣਾਉਣ ਲਈ ਆਪਣਾ ਯੋਗਦਾਨ ਦੇਣ ਲਈ ਅੱਗੇ ਆ ਰਹੇ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਤਹਿਸੀਲਦਾਰ ਜਗਤਾਰ ਸਿੰਘ ਨੇ ਨਸ਼ਾ ਮੁਕਤੀ ਯਾਤਰਾ ਤਹਿਤ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਦੀ ਅਗਵਾਈ ਵਿੱਚ ਹਲਕਾ ਸੁਨਾਮ ਦੇ ਪਿੰਡ ਸਾਹੋਕੇ, ਮੰਡੇਰ ਖੁਰਦ ਅਤੇ ਬੁੱਗਰਾਂ ਵਿੱਚ ਨਸ਼ਾ ਮੁਕਤੀ ਯਾਤਰਾ ਅਧੀਨ ਕੀਤੀਆਂ ਡਿਫੈਂਸ ਕਮੇਟੀਆਂ ਦੀਆਂ ਮੀਟਿੰਗਾਂ ਦੌਰਾਨ ਕੀਤਾ।ਉਹਨਾਂ ਨੇ ਦੱਸਿਆ ਕਿ ਨਸ਼ਾ ਮੁਕਤੀ ਯਾਤਰਾ ਦਾ ਮੰਤਵ ਸਮੂਹ ਵਰਗਾਂ ਦੇ ਸਹਿਯੋਗ ਨਾਲ ਨਸ਼ਿਆਂ ਦਾ ਖਾਤਮਾ ਕਰਨਾ ਹੈ ਅਤੇ ਹਰੇਕ ਪਿੰਡ ਤੇ ਹਰੇਕ ਗਲੀ ਨੂੰ ਨਸ਼ਾ ਮੁਕਤ ਕਰਨਾ ਪੰਜਾਬ ਸਰਕਾਰ ਦੀ ਤਰਜੀਹ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਜਿਥੇ ਨਸ਼ਾ ਤਸਕਰਾਂ ਵਿਰੁੱਧ ਸਖਤ ਕਾਰਵਾਈ ਕਰ ਕੇ ਸੂਬੇ ਵਿੱਚੋਂ ਨਸ਼ਿਆਂ ਦਾ ਮੁਕੰਮਲ ਤੌਰ 'ਤੇ ਖਾਤਮਾ ਕਰ ਰਹੀ ਹੈ, ਉੱਥੇ ਹੀ ਨਸ਼ਿਆਂ ਦੀ ਗ੍ਰਿਫਤ ਵਿੱਚ ਫਸੇ ਨੌਜਵਾਨਾਂ ਦਾ ਨਸ਼ਾ ਛੁਡਵਾ ਕੇ ਉਹਨਾਂ ਨੂੰ ਮੁੜ ਤੋਂ ਆਪਣੇ ਪੈਰਾਂ 'ਤੇ ਖੜ੍ਹੇ ਵੀ ਕਰ ਰਹੀ ਹੈ ਤਾਂ ਜੋ ਉਹ ਸਮਾਜ ਵਿੱਚ ਬਿਹਤਰ ਜ਼ਿੰਦਗੀ ਬਤੀਤ ਕਰ ਸਕਣ। ਇਸ ਮੌਕੇ ਉਨ੍ਹਾਂ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਤੋਂ ਦੂਰ ਰਹਿਣ ਅਤੇ ਸਮਾਜ ਨੂੰ ਵੀ ਇਸ ਬੁਰਾਈ ਤੋਂ ਮੁਕਤ ਕਰਵਾਉਣ ਵਿੱਚ ਸਰਗਰਮ ਭੂਮਿਕਾ ਨਿਭਾਉਣ। ਇਸ ਮੌਕੇ ਸਮੂਹ ਹਾਜ਼ਰੀਨ ਨੇ ਨਸ਼ਾ ਨਾ ਕਰਨ, ਨਸ਼ਿਆਂ ਤੋਂ ਬਚਣ ਲਈ ਜਾਗਰੂਕਤਾ ਅਤੇ ਨਸ਼ੇ ਦੇ ਆਦੀ ਵਿਅਕਤੀਆਂ ਦਾ ਨਸ਼ਾ ਛੁਡਾਉਣ ਵਿੱਚ ਸਹਾਇਤਾ ਕਰਨ ਦਾ ਪ੍ਰਣ ਲਿਆ। ਸ. ਜਗਤਾਰ ਸਿੰਘ ਨੇ ਕਿਹਾ ਕਿ ਨਸ਼ਾ ਇੱਕ ਕੋਹੜ ਹੈ ਇਸ ਤੋਂ ਹਰੇਕ ਨੌਜਵਾਨ ਨੂੰ ਬਚਣ ਦੀ ਲੋੜ ਹੈ। ਖੇਡ ਗਰਾਊਂਡਾਂ ਨਾਲ ਜੋੜ ਕੇ ਉਹਨਾਂ ਨੂੰ ਖੇਡਾਂ ਵੱਲ ਲਾਇਆ ਜਾਵੇਗੁਰਦਰਸ਼ਨ ਸਿੰਘ, ਲਖਵਿੰਦਰ ਸਿੰਘ ਸਰਪੰਚ ਸਾਹੋਕੇ, ਹਰਵਿੰਦਰ ਸਿੰਘ ਬਿੱਟੂ ਸਰਪੰਚ ਮੰਡੇਰ ਖੁਰਦ, ਦਵਿੰਦਰ ਸਿੰਘ ਸਰਪੰਚ ਬੁਗਰਾਂ, ਜਗਪਾਲ ਸਿੰਘ ਸਾਹੋਕੇ, ਜੋਧਾ ਸਿੰਘ ਅਤੇ ਵੱਡੀ

# ਨਸ਼ਾ ਤਸਕਰੀ ਦੇ ਦੋਸ਼ ਹੇਠ 16 ਜਣੇ ਗ੍ਰਿਫ਼ਤਾਰ,

ਬਠਿੰਡਾ, 27 ਮਈ (ਦੀਪਕ ਸ਼ਰਮਾ); ਜ਼ਿਲ੍ਹਾ ਪੁਲਿਸ ਨੇ ਨਸ਼ਾ ਤਸਕਰੀ ਵਿਰੁੱਧ ਚਲਾਈ ਮੁਹਿੰਮ ਤਹਿਤ ਵੱਡੀ ਕਾਰਵਾਈ ਕਰਦਿਆਂ 16 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ ਮੁਲਜ਼ਮਾਂ ਕੋਲੋਂ ਵੱਡੀ ਮਾਤਰਾ ਵਿੱਚ ਹੈਰੋਇਨ, ਲਾਹਣ, ਨਸ਼ੀਲੇ ਕੈਪਸੂਲ ਅਤੇ ਗੋਲੀਆਂ ਬਰਾਮਦ ਕੀਤੀਆਂ ਗਈਆਂ ਹਨ। ਪੁਲਿਸ ਤੋਂ ਮਿਲੀ ਜਾਣਕਾਰੀ ਅਨੁਸਾਰ, ਥਾਣਾ ਕੈਨਾਲ ਕਲੋਨੀ ਪੁਲਿਸ ਨੇ ਗੋਪਾਲ ਨਗਰ ਤੋਂ ਅੰਮ੍ਰਿਤਪਾਲ ਸਿੰਘ, ਰਾਹੁਲ ਕੁਮਾਰ ਵਾਸੀ ਗੋਪਾਲ ਨਗਰ ਅਤੇ ਜਸਕਰਨ ਸਿੰਘ ਵਾਸੀ ਅਰਜੁਨ ਨਗਰ ਨੂੰ 10 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ। ਇਸੇ ਤਰ੍ਹਾਂ, ਥਾਣਾ ਥਰਮਲ ਪੁਲਿਸ ਨੇ ਸੁੱਚਾ ਸਿੰਘ ਨਗਰ ਤੋਂ ਵਰੁਣ ਕੁਮਾਰ ਵਾਸੀ ਪ੍ਰਜਾਪਤ ਕਲੋਨੀ ਨੂੰ 3 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਹੈ। ਥਾਣਾ ਨੇਹਿਆਂਵਾਲਾ ਪੁਲਿਸ ਨੇ ਪਿੰਡ ਗੋਨਿਆਣਾ ਖੁਰਦ ਤੋਂ ਪ੍ਰੇਮ ਕੁਮਾਰ ਅਤੇ ਇੰਦਰਜੀਤ ਸਿੰਘ ਵਾਸੀ ਗੋਨਿਆਣਾ ਮੰਡੀ ਨੂੰ ਸਾਢੇ 3 ਗ੍ਰਾਮ ਹੈਰੋਇਨ ਸਮੇਤ ਦਬੋਚਿਆ ਹੈ। ਉੱਥੇ ਹੀ, ਥਾਣਾ ਨਥਾਣਾ ਪੁਲਿਸ ਨੇ ਪਿੰਡ ਲਹਿਰਾ ਬੇਗਾ ਤੋਂ ਜਸਪ੍ਰੀਤ ਸਿੰਘ ਵਾਸੀ ਪਿੰਡ ਸੇਮਾ ਕਲਾਂ, ਗੁਰਸੇਵਕ ਸਿੰਘ ਅਤੇ ਲੱਖਾ ਸਿੰਘ (ਦੋਵੇਂ ਭੁੱਚੋ ਕਲਾਂ ਦੇ ਵਸਨੀਕ) ਨੂੰ 8 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਹੈ। ਨਸ਼ਾ ਤਸਕਰਾਂ 'ਤੇ ਸ਼ਿਕੰਜਾ ਕੱਸਦਿਆਂ, ਥਾਣਾ ਸਦਰ ਰਾਮਪੁਰਾ ਪੁਲਿਸ ਨੇ ਪਿੰਡ ਘੜੈਲਾ ਤੋਂ ਲਖਵਿੰਦਰ ਸਿੰਘ, ਚਮਕੌਰ ਸਿੰਘ ਅਤੇ ਰਣਜੀਤ ਸਿੰਘ ਨੂੰ 5 ਗ੍ਰਾਮ ਹੈਰੋਇਨ ਅਤੇ 9 ਹਜ਼ਾਰ ਨਸ਼ੀਲੇ ਕੈਪਸੂਲ ਸਮੇਤ ਗ੍ਰਿਫ਼ਤਾਰ ਕੀਤਾ। ਥਾਣਾ ਸੰਗਤ ਪੁਲਿਸ ਨੇ ਪਿੰਡ ਫਰੀਦਕੋਟ ਕੋਟਲੀ ਤੋਂ ਸੰਦੀਪ ਸਿੰਘ ਅਤੇ ਪ੍ਰੀਤਪਾਲ ਸਿੰਘ ਨੂੰ 50 ਨਸ਼ੀਲੀਆਂ ਗੋਲੀਆਂ ਸਮੇਤ ਫੜਿਆ ਹੈ। ਥਾਣਾ ਫੂਲ ਪੁਲਿਸ ਨੇ ਪਿੰਡ ਸਿਧਾਣਾ ਤੋਂ ਜਗਤਾਰ ਸਿੰਘ ਨੂੰ 20 ਲੀਟਰ ਲਾਹਣ ਸਮੇਤ ਅਤੇ ਥਾਣਾ ਸਿਟੀ ਰਾਮਪੁਰਾ ਪੁਲਿਸ ਨੇ ਪਿੰਡ ਦਾਨਾ ਮੰਡੀ ਮਹਿਰਾਜ ਤੋਂ ਗੱਜਣ ਸਿੰਘ ਨੂੰ 50 ਲੀਟਰ ਲਾਹਣ ਸਮੇਤ ਗ੍ਰਿਫ਼ਤਾਰ ਕੀਤਾ।ਇਸ ਤੋਂ ਇਲਾਵਾ, ਥਾਣਾ ਥਰਮਲ ਪੁਲਿਸ ਨੇ ਖੇਤਾ ਸਿੰਘ ਬਸਤੀ ਤੋਂ ਹਰਦੀਪ ਸਿੰਘ (ਗੁਰੂ ਨਾਨਕ ਨਗਰ ਦਾ ਵਸਨੀਕ) ਨੂੰ ਗ੍ਰਿਫ਼ਤਾਰ ਕਰਕੇ ਉਸਦਾ ਡੋਪ ਟੈਸਟ ਕਰਵਾਇਆ, ਜਿਸ ਦੀ ਰਿਪੋਰਟ ਪਾਜ਼ੇਟਿਵ ਆਈ। ਪੁਲਿਸ ਨੇ ਮੁਲਜ਼ਮ ਖ਼ ?ਲਾਫ਼ ਮਾਮਲਾ ਦਰਜ ਕਰਕੇ ਉਸਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਹੈ। ਪੁਲਿਸ ਦਾ ਕਹਿਣਾ ਹੈ ਕਿ ਨਸ਼ਾ ਤਸਕਰਾਂ ਵਿਰੁੱਧ ਇਹ ਮੁਹਿੰਮ ਜਾਰੀ ਰਹੇਗੀ।

# ਜ਼ਮੀਨ ਹੜੱਪਣ ਲਈ: ਪਤਨੀ ਨੇ ਪਤੀ ਨੂੰ ਜ਼ਹਿਰ ਦਿੱਤਾ, ਹਸਪਤਾਲ 'ਚ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਿਹੈ ਪੀੜਤ

ਬਠਿੰਡਾ, 27 ਮਈ (ਦੀਪਕ ਸ਼ਰਮਾ): ਜ਼ਮੀਨ ਦੇ ਲਾਲਚ ਵਿੱਚ ਇੱਕ ਔਰਤ ਇੰਨੀ ਅੰਨ੍ਹੀ ਹੋ ਗਈ ਕਿ ਉਸਨੇ ਆਪਣੇ ਪਤੀ ਨੂੰ ਦਹੀਂ ਵਿੱਚ ਜ਼ਹਿਰ ਦੇ ਕੇ ਮਾਰਨ ਦੀ ਕੋਸ਼ਿਸ਼ ਕੀਤੀ। ਇਹ ਹੈਰਾਨੀਜਨਕ ਘਟਨਾ ਜ਼ਿਲ੍ਹੇ ਦੇ ਪਿੰਡ ਦੌਲਤਪੁਰਾ ਦੀ ਹੈ, ਜਿੱਥੇ ਇੱਕ ਕਲਯੁਗੀ ਪਤਨੀ ਨੇ ਪਤੀ ਦੇ ਨਾਮ ਦੀ ਜ਼ਮੀਨ ਆਪਣੇ ਨਾਮ ਕਰਵਾਉਣ ਅਤੇ ਸਾਂਝੇ ਘਰ ਵਿੱਚ ਕੰਧ ਕਰਵਾ ਕੇ ਵੰਡ ਕਰਵਾਉਣ ਲਈ ਇਸ ਘਿਨਾਉਣੇ ਕਾਰਨਾਮੇ ਨੂੰ ਅੰਜਾਮ ਦਿੱਤਾ। ਦਹੀਂ ਖਾਂਦੇ ਹੀ ਪਤੀ ਦੀ ਹਾਲਤ ਗੰਭੀਰ ਹੋ ਗਈ ਅਤੇ ਪਰਿਵਾਰ ਦੇ ਹੋਰ ਮੈਂਬਰਾਂ ਨੇ ਉਸਨੂੰ ਤੁਰੰਤ ਇਲਾਜ ਲਈ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ, ਜਿੱਥੇ ਉਸਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਮਾਮਲੇ ਦੀ ਜਾਣਕਾਰੀ ਮਿਲਣ ਤੋਂ ਬਾਅਦ ਥਾਣਾ ਬਾਲਿਆਂਵਾਲੀ ਪੁਲਿਸ ਨੇ ਪੀੜਤ ਪਤੀ ਦੇ ਬਿਆਨ ਦਰਜ ਕਰਕੇ ਮੁਲਜ਼ਮ ਪਤਨੀ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ ਅਤੇ ਉਸਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਫਿਲਹਾਲ ਮੁਲਜ਼ਮ ਪਤਨੀ ਫਰਾਰ ਹੈ। ਜਾਣਕਾਰੀ ਅਨੁਸਾਰ ਥਾਣਾ ਬਾਲਿਆਂਵਾਲੀ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਪਿੰਡ ਦੌਲਤਪੁਰਾ ਦੇ ਵਸਨੀਕ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਲਗਭਗ 18 ਸਾਲ ਪਹਿਲਾਂ ਉਸਦਾ ਵਿਆਹ ਮੁਲਜ਼ਮ ਕਿਰਨਜੀਤ ਕੌਰ ਨਾਲ ਹੋਇਆ ਸੀ ਅਤੇ ਉਨ੍ਹਾਂ ਦਾ ਇੱਕ ਬੇਟਾ ਵੀ ਹੈ। ਪਤੀ-ਪਤਨੀ ਵਿੱਚ ਆਪਸੀ ਕਲੇਸ਼ ਰਹਿੰਦਾ ਸੀ। ਪਤਨੀ ਨੇ ਪਹਿਲਾਂ ਵੀ ਆਪਣੇ ਪਤੀ ਖ਼ ?ਲਾਫ਼ ਸ਼ਿਕਾਇਤ ਦਰਜ ਕਰਵਾਈ ਸੀ, ਪਰ ਬਾਅਦ ਵਿੱਚ ਪੰਚਾਇਤੀ ਸਮਝੌਤੇ ਤੋਂ ਬਾਅਦ ਉਹ ਆਪਣੇ ਸਹੁਰੇ ਘਰ ਵਾਪਸ ਆ ਗਈ ਸੀ। ਇਸ ਦੇ ਬਾਵਜੂਦ ਵੀ ਦੋਹਾਂ ਵਿਚਾਲੇ ਲੜਾਈ ਝਗੜਾ ਚਲਦਾ ਰਹਿੰਦਾ ਸੀ, ਜਿਸ ਕਾਰਨ ਉਹ ਕਦੇ ਆਪਣੇ ਮਾਤਾ-ਪਿਤਾ ਕੋਲ ਚਲੀ ਜਾਂਦੀ ਸੀ ਅਤੇ ਕਦੇ ਸਹੁਰੇ। ਪੀੜਤ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਬੀਤੀ 25 ਮਈ ਨੂੰ ਜਦੋਂ ਉਹ ਖੇਤ ਤੋਂ ਕੰਮ ਕਰਕੇ ਘਰ ਵਾਪਸ ਆਇਆ, ਤਾਂ ਉਸਦੀ ਪਤਨੀ ਕਿਰਨਜੀਤ ਕੌਰ ਨੇ ਉਸਨੂੰ ਦਹੀਂ ਖਾਣ ਲਈ ਦਿੱਤਾ। ਉਸਨੇ ਥੋੜ੍ਹਾ ਦਹੀਂ ਖਾਧਾ, ਪਰ 5-7 ਮਿੰਟ ਬਾਅਦ ਹੀ ਉਸਦੀ ਤਬੀਅਤ ਅਚਾਨਕ ਖਰਾਬ ਹੋ ਗਈ। ਇਸ ਤੋਂ ਬਾਅਦ ਘਰ ਵਿੱਚ ਮੌਜੂਦ ਉਸਦੇ ਭਰਾ ਨੇ ਉਸਨੂੰ ਭੁੱਚੋ ਮੰਡੀ ਦੇ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ, ਜਿੱਥੇ ਉਸਦੀ ਹਾਲਤ ਗੰਭੀਰ ਬਣੀ ਹੋਈ ਹੈ।

# ਪੰਜਾਬ ਸਿੱਖਿਆ ਕ੍ਰਾਂਤੀ' ਪ੍ਰੋਗਰਾਮ ਤਹਿਤ ਆਦਮਪੁਰਾ ਦੇ ਸਰਕਾਰੀ ਸਕੂਲ ਵਿੱਚ ਵੱਖ ਵੱਖ ਕਾਰਜਾਂ ਦੇ ਉਦਘਾਟਨ

ਭਗਤਾ ਭਾਈ ਕਾ, 27 ਮਈ (ਸਵਰਨ ਸਿੰਘ ਭਗਤਾ):ਸਿੱਖਿਆ ਦੇ ਖੇਤਰ ਵਿੱਚ ਸੁਧਾਰ ਕਰਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋ ਲਗਾਤਾਰ ਜਮੀਨੀ ਪੱਧਰ 'ਤੇ ਉਪਰਾਲੇ ਕੀਤੇ ਜਾ ਰਹੇ ਹਨ। ਇਸ ਲੜੀ ਤਹਿਤ ਹਕਲਾ ਵਿਧਾਇਕ ਬਲਕਾਰ ਸਿੰਘ ਸਿੱਧੂ ਨੇ ਪੰਜਾਬ ਸਰਕਾਰ ਦੇ 'ਪੰਜਾਬ ਸਿੱਖਿਆ ਕ੍ਰਾਂਤੀ' ਪ੍ਰੋਗਰਾਮ ਤਹਿਤ ਪਿੰਡ ਆਦਮਪੁਰਾ ਦੇ ਸਰਕਾਰੀ ਹਾਈ ਸਕੂਲ ਅਤੇ ਪ੍ਰਇਮਰੀ ਸਕੂਲ ਵਿੱਚ ਸਕੂਲ ਦੀ ਚਾਰਦੁਵਾਰੀ ਅਤੇ ਕਲਾਸਰੂਮਾਂ ਦੀ ਮੇਜਰ ਰਿਪੇਅਰ ਦਾ ਉਦਘਾਟਨ ਕੀਤਾ।ਇਸ ਮੌਕੇ ਵਿਧਾਇਕ ਬਲਕਾਰ ਸਿੰਘ ਸਿੱਧੂ ਵੱਲੋਂ ਸਕੂਲ ਦੇ ਸਟਾਫ ਨੂੰ ਵਧੀਆ ਨਤੀਜਿਆਂ ਲਈ ਵਧਾਈ ਦਿੱਤੀ। ਉਹਨਾ ਭਰਤੀ ਕੀਤੇ ਗਏ ਨਵੇਂ ਅਧਿਆਪਕ ਨੂੰ ਸਰਕਾਰ ਦਾ ਸਲਾਘਾਯੋਗ ਕਦਮ ਦੱਸਿਆ। ਇਸ ਸਬੰਧੀ ਸਕੂਲ ਇੰਚਾਰਜ ਅਮਨਦੀਪ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆਂ ਕਿ ਕੁੱਲ 15.50 ਲੱਖ ਦੇ ਉਦਘਾਟਨ ਹਲਕਾ ਵਿਧਾਇਕ ਵੱਲੋਂ ਕੀਤੇ ਗਏ। ਇਸ ਦੌਰਾਨ ਸਕੂਲ ਵਿੱਚ ਵਿਸ਼ੇਸ਼ ਤੌਰ 'ਤੇ ਮਾਲਵਾ ਜ਼ੋਨ ਕੋਆਰਡੀਨੇਟਰ ਸਿੱਖਿਆ ਵਿਭਾਗ ਪੰਜਾਬ ਹਰਮੰਦਰ ਸਿੰਘ ਬਰਾੜ ਨੇ ਇਸ ਪ੍ਰੋਗਰਾਮ ਬਾਰੇ ਪਿੰਡ ਵਾਸੀਆਂ ਨੂੰ ਜਾਣਕਾਰੀ ਦਿੱਤੀਇਸ ਸਬੰਧੀ ਸਕੂਲ ਇੰਚਾਰਜ ਅਮਨਦੀਪ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆਂ ਕਿ ਕੁੱਲ 15.50 ਲੱਖ ਦੇ ਉਦਘਾਟਨ ਹਲਕਾ ਵਿਧਾਇਕ ਵੱਲੋਂ ਕੀਤੇ ਗਏ। ਇਸ ਦੌਰਾਨ ਸਕੂਲ ਵਿੱਚ ਵਿਸ਼ੇਸ਼ ਤੌਰ 'ਤੇ ਮਾਲਵਾ ਜ਼ੋਨ ਕੋਆਰਡੀਨੇਟਰ ਸਿੱਖਿਆ ਵਿਭਾਗ ਪੰਜਾਬ ਹਰਮੰਦਰ ਸਿੰਘ ਬਰਾੜ ਨੇ ਇਸ ਪ੍ਰੋਗਰਾਮ ਬਾਰੇ ਪਿੰਡ ਵਾਸੀਆਂ ਨੂੰ ਜਾਣਕਾਰੀ ਦਿ ਸਰਕਾਰੀ ਸਕੂਲ ਵਿੱਚ ਹੋ ਰਹੇ ਵਿਕਾਸ ਦੀ ਤਰੀਫ ਕਰਦਿਆਂ ਪਿੰਡ ਨਿਵਾਸੀਆਂ ਨੂੰ ਆਪਣੇ ਬੱਚੇ ਸਰਕਾਰੀ ਸਕੂਲ ਵਿੱਚ ਪੜਾਉਣ ਲਈ ਅਪੀਲ ਕੀਤੀ।ਇਸ ਮੌਕੇ ਸਕੂਲ ਦੇ ਬੱਚਿਆਂ ਵੱਲੋਂ ਲੋਕ ਗੀਤ, ਨਾਟਕ ਅਤੇ ਐਰੋਬੀਕ ਪੇਸ਼ ਕੀਤੇ ਗਏ।ਇਸ ਮੌਕੇ ਸਕੂਲ ਇੰਚਾਰਜ ਨੇ ਸਕੂਲ ਦੀਆਂ ਪ੍ਰਾਪਤੀਆਂ ਬਾਰੇ ਚਾਨਣਾ ਪਾਇਆ ਅਤੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਮਾਰਕੀਟ ਕਮੇਟੀ ਦੇ ਚੇਅਰਮੇਨ ਬੇਅੰਤ ਸਿੰਘ, ਸਕੂਲ ਦੇ ਅਧਿਆਪਕ ਕਸ਼ਿਸ਼ ਕਾਂਸਲ (ਕੰਪਿਊਟਰ ਅੀਧਆਪਕ), ਕਰਮਜੀਤ ਕੌਰ (ਪੰਜਾਬੀ ਮਿਸਟਰੈਸ) ਕਰਮਜੀਤ ਕੌਰ (ਡੀ.ਪੀ.ਈ.), ਕਮਲਜੀਤ ਕੌਰ (ਹਿੰਦੀ ਮਿਸਟਰੈਸ), ਵੀਰਪਾਲ ਕੌਰ (ਸਸ ਮਿਸਟਰੈਸ), ਵੈਸ਼ਾਲੀ (ਅੰਗਰੇਜ਼ੀ ਮਿਸਟਰੈਸ) ਪ੍ਰਾਇਮਰੀ ਸਕੂਲ ਤੋਂ ਹਰਪ੍ਰੀਤ ਸਿੰਘ, ਗੁਰਵਿੰਦਰ ਸਿੰਘ, ਸੁਖਦੀਪ ਸਿੰਗ ਅਤੇ ਨਗਰ ਪੰਚਾਇਤ ਆਦਮਪੁਰਾ, ਵੱਖ-ਵੱਖ ਪਿੰਡਾਂ ਦੇ ਪੰਚ ਸਰਪੰਚ ਅਤੇ ਵੱਡੀ ਗਿਣਤੀ ਵਿਚ ਆਮ ਲੋਕ ਹਾਜਰ ਸਨ।

# ਰਾਏ ਖਾਨਾ ਦੀ ਲੜਕੀ ਯਸਮੀਤ ਕੌਰ ਨੂੰ ਭਗਵੰਤ ਮਾਨ ਨੇ ਕੀਤਾ ਸਨਮਾਨਿਤ




ਮੌੜ ਮੰਡੀ, 27 ਮਈ (ਭੋਲਾ ਸਿੰਘ ਮਾਨ): ਬੀਤੇ ਦਿਨੀਂ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ 12ਵੀਂ ਜਮਾਤ ਦੇ ਨਤੀਜਿਆਂ 'ਚ ਪਿੰਡ ਰਾਏਖਾਨਾ ਦੀ ਲੜਕੀ ਯਸਮੀਤ ਕੌਰ ਪੁੱਤਰੀ ਸੁਖਜੀਤ ਸਿੰਘ ਸਾਬਕਾ ਪੰਚਾਇਤ ਮੈਂਬਰ ਵੱਲੋਂ ਬਾਰਵੀਂ ਜਮਾਤ ਵਿੱਚ ਬਠਿੰਡਾ ਜ਼ਿਲ੍ਹੇ 'ਚੋਂ ਪਹਿਲਾ ਸਥਾਨ ਤੇ ਪੰਜਾਬ 'ਚੋਂ ਤੀਜਾ ਸਥਾਨ ਪ੍ਰਾਪਤ ਕਰਨ 'ਤੇ ਅੱਜ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੰਜਾਬ ਸਿੱਖਿਆ ਕ੍ਰਾਂਤੀ ਵਿਦਿਆਰਥੀ ਸਨਮਾਨ ਸਮਾਰੋਹ ਦੌਰਾਨ ਯਸਮੀਤ ਕੌਰ ਨੂੰ ਸਨਮਾਨਿਤ ਕਰਕੇ ਅਸ਼ੀਰਵਾਦ ਦਿੱਤਾ । ਇਸ ਮੌਕੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੀ ਮੌਜੂਦ ਸਨ। ਇਸ ਮੌਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਇਹਨਾਂ ਨਤੀਜਿਆਂ ਨੇ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ 'ਚ ਉਤਸੁਕਤਾ ਤੇ ਉਤਸ਼ਾਹ ਦਾ ਸੰਚਾਰ ਕਰ ਦਿੱਤਾ ਹੈ। ਇਸ ਜਮਾਤ ਦੇ ਨਤੀਜੇ ਵਿਦਿਆਰਥੀਆਂ ਦੀ ਸਿੱਖਿਆ ਦੇ ਇਕ ਮਹੱਤਵਪੂਰਨ ਪੜਾਅ ਦੀ ਸਮਾਪਤੀ ਅਤੇ ਉਨ੍ਹਾਂ ਦੇ ਉੱਚ ਸਿੱਖਿਆ ਜਾਂ ਕਰੀਅਰ ਦੇ ਮਾਰਗ ਦੀ ਸ਼ੁਰੂਆਤ ਨੂੰ ਦਰਸਾਉਂਦੇ ਹਨ। ਇਹ ਨਾ ਸਿਰਫ਼ ਵਿਦਿਆਰਥੀਆਂ ਦੀ ਮਿਹਨਤ ਤੇ ਸਮਰਪਣ ਦਾ ਪ੍ਰਗਟਾਵਾ ਹਨ ਸਗੋਂ ਅਧਿਆਪਕਾਂ, ਸਕੂਲਾਂ ਤੇ ਸਿੱਖਿਆ ਪ੍ਰਣਾਲੀ ਦੀ ਸਮੁੱਚਤਾ ਨੂੰ ਵੀ ਉਜਾਗਰ ਕਰਦੇ ਹਨ। ਮੁੱਖ ਮੰਤਰੀ ਭਗਵੰਤ ਮਾਨ ਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ, ਅਧਿਆਪਕਾਂ ਤੇ ਮਾਪਿਆਂ ਨੂੰ ਵਧਾਈ ਦਿੰਦੇ ਹੋਏ ਬੱਚਿਆਂ ਦੇ ਚੰਗੇਰੇ ਭਵਿੱਖ ਲਈ ਸ਼ੁਭਕਾਮਨਾਵਾਂ ਕੀਤੀ।

# ਡਾ.ਰਵਜੋਤ ਸਿੰਘ ਨੂੰ ਮਿਲੀ ਬੱਸ ਅੱਡਾ ਬਚਾਓ ਸੰਘਰਸ਼ ਕਮੇਟੀ,

## ਲੋਕ ਰਾਏ ਤੋਂ ਬਿਨਾਂ ਕੋਈ ਫੈਸਲਾ ਨਹੀਂ ਲਿਆ ਜਾਵੇਗਾ, ਮੰਤਰੀ ਵੱਲੋਂ ਭਰੋਸਾ



ਬਠਿੰਡਾ, 27 ਮਈ (ਦੀਪਕ ਸ਼ਰਮਾ): ਮੰਗਲਵਾਰ ਨੂੰ ਬੱਸ ਅੱਡਾ ਬਚਾਓ ਸੰਘਰਸ਼ ਕਮੇਟੀ ਦੇ ਇੱਕ ਵਫਦ ਨੇ ਮੰਤਰੀ ਸਥਾਨਕ ਸਰਕਾਰਾਂ ਡਾ. ਰਵਜੋਤ ਸਿੰਘ ਨਾਲ ਮੁਲਾਕਾਤ ਕੀਤੀ ਅਤੇ ਬਠਿੰਡੇ ਦੇ ਮੌਜੂਦਾ ਬੱਸ ਅੱਡੇ ਨੂੰ ਸ਼ਹਿਰ ਤੋਂ ਬਾਹਰ ਸ਼ਿਫਟ ਕਰਨ ਦੇ ਖ਼ਿਲਾਫ਼ ਲੋਕਾਂ ਦੀਆਂ ਚਿੰਤਾਵਾਂ ਰੱਖੀਆਂ। ਚਿੱਤਰਕਾਰ ਗੁਰਪ੍ਰੀਤ ਸਿੰਘ ਨੇ ਮੰਤਰੀ ਨੂੰ ਦੱਸਿਆ ਕਿ ਇਸ ਕਦਮ ਨਾਲ ਵਿਦਿਆਰਥੀਆਂ, ਦੁਕਾਨਦਾਰਾਂ, ਮਰੀਜ਼ਾਂ, ਬਜ਼ੁਰਗਾਂ, ਮਜ਼ਦੂਰਾਂ ਅਤੇ ਪਿੰਡਾਂ ਤੋਂ ਆਉਣ ਵਾਲੇ ਲੋਕਾਂ ਨੂੰ ਵੱਡੀ ਅਸੁਵਿਧਾ ਹੋਵੇਗੀ। ਉਨ੍ਹਾਂ ਜ਼ਿਕਰ ਕੀਤਾ ਕਿ ਇਨ੍ਹਾਂ ਚਿੰਤਾਵਾਂ ਨੂੰ ਲੈ ਕੇ ਪਿਛਲੇ ਇੱਕ ਮਹੀਨੇ ਤੋਂ ਬਠਿੰਡੇ ਦੇ ਨਾਗਰਿਕ ਰੋਜ਼ਾਨਾ ਪ੍ਰਦਰਸ਼ਨ ਕਰ ਰਹੇ ਹਨ। ਸੰਘਰਸ਼ ਕਮੇਟੀ ਦੇ ਪ੍ਰਧਾਨ ਬਲਤੇਜ ਸਿੰਘ ਵਾਂਦਰ ਨੇ ਕਿਹਾ ਕਿ ਲੋਕ ਇਕਜੁੱਟ ਹੋ ਕੇ ਸਰਕਾਰ ਨੂੰ ਇਹ ਸੰਦੇਸ਼ ਦੇ ਰਹੇ ਹਨ ਕਿ ਉਹਨਾਂ ਦੀ ਆਵਾਜ਼ ਨੂੰ ਸੁਣਿਆ ਜਾਵੇ। ਉਨ੍ਹਾਂ ਯਾਦ ਦਿਵਾਇਆ ਕਿ ਮਾਣਯੋਗ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਕਿਹਾ ਸੀ ਕਿ ਲੋਕੀ ਰਾਏ ਤੋਂ ਬਿਨਾਂ ਕੋਈ ਫੈਸਲਾ ਨਹੀਂ ਹੋਵੇਗਾ ਐਮਸੀ ਸੰਦੀਪ ਬੋਬੀ ਨੇ ਦੱਸਿਆ ਕਿ ਕਈ ਪਿੰਡਾਂ ਦੀਆਂ ਪੰਚਾਇਤਾਂ ਵੱਲੋਂ ਲਿਖਤੀ ਰੂਪ ਵਿੱਚ ਸਮਰਥਨ ਮਿਲ ਰਿਹਾ ਹੈ। ਵਪਾਰੀ ਮੰਡਲਾਂ, ਦੁਕਾਨਦਾਰ ਯੂਨੀਅਨਾਂ, ਵਿਦਿਆਰਥੀ ਸੰਗਠਨਾਂ ਅਤੇ ਪੈਨਸ਼ਨਰ ਯੂਨੀਅਨਾਂ ਨੇ ਵੀ ਇਸ ਮੁਹਿੰਮ ਨੂੰ ਸਮਰਥਨ ਦਿੱਤਾ ਹੈ ਮੰਤਰੀ ਡਾ. ਰਵਜੋਤ ਸਿੰਘ ਨੇ ਵਫਦ ਨੂੰ ਭਰੋਸਾ ਦਵਾਇਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਲੋਕੀ ਰਾਏ ਦੀ ਕਦਰ ਕਰਦੀ ਹੈ ਅਤੇ ਕਿਸੇ ਵੀ ਤਰ੍ਹਾਂ ਦਾ ਫੈਸਲਾ ਬਿਨਾਂ ਲੋਕੀ ਸਲਾਹ ਨਹੀਂ ਲਿਆ ਜਾਵੇਗਾ।ਬਠਿੰਡਾ ਦੇ ਮੇਅਰ ਪਦਮਜੀਤ ਸਿੰਘ ਮਹਿਤਾ ਨੇ ਵੀ ਮੰਤਰੀ ਸਾਹਿਬ ਨੂੰ ਸਥਿਤੀ ਦੀ ਜਾਣਕਾਰੀ ਦਿੱਤੀ। ਇਸ ਮੌਕੇ ਹੋਰ ਅਹੁਦੇਦਾਰਾਂ ਵਿੱਚ ਅਮਰਜੀਤ ਸਿੰਘ ਮਹਿਤਾ (ਪ੍ਰਧਾਨ, ਪੰਜਾਬ ਕ੍ਰਿਕਟ ਕੌਂਸਲ), ਨੀਲ ਗਰਗ (ਚੇਅਰਮੈਨ, ਪੰਜਾਬ ਮੀਡੀਅਮ ਇੰਡਸਟਰੀਅਲ ਡਿਵੈਲਪਮੈਂਟ ਬੋਰਡ), ਅਮਰਦੀਪ ਸਿੰਘ ਰਾਜਨ (ਡਾਇਰੈਕਟਰ, ਪੰਜਾਬ ਵਾਟਰ ਰਿਸੋਰਸਸ ਕਾਰਪੋਰੇਸ਼ਨ), ਜਗਤਾਰ ਸਿੰਘ ਅਹਿਲੂਵਾਲੀਆ, ਕੰਵਲਜੀਤ ਸਿੰਘ ਨੰਬਰਦਾਰ ਆਦਿ ਵੀ ਹਾਜ਼ਰ ਸਨ।

# ਸੂਬੇ ਦੀ ਸਿੱਖਿਆ ਕ੍ਰਾਂਤੀ ਬਣੀ ਮਿਸਾਲੀ: ਢਿੱਲੋਂ, ਘੁੱਲੀ



ਧੂਰੀ, 27 ਮਈ (ਰਾਜੇਸ਼ਵਰ ਪਿੰਟੂ, ਅਮਨ ਗਰਗ) : ਮੁੱਖ ਮੰਤਰੀ, ਪੰਜਾਬ, ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਦੇ ਸਿੱਖਿਆ ਖੇਤਰ ਨੂੰ ਬਿਹਤਰੀਨ ਬਣਾਉਣ ਵਾਸਤੇ ਵਿੱਢੀ ਗਈ ਮੁਹਿੰਮ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸੂਬੇ ਦੇ ਸਿੱਖਿਆ ਢਾਂਚੇ ਦਾ ਵਿਕਾਸ ਹੋਇਆ ਹੈ ਤੇ ਪੰਜਾਬ ਦਾ ਸਿੱਖਿਆ ਢਾਂਚਾ ਮਿਸਾਲੀ ਬਣਿਆ ਹੈ। ਪੰਜਾਬ ਦੇ ਲੋਕਾਂ ਨਾਲ ਜਿਹੜੇ ਵੀ ਵਾਅਦੇ ਕੀਤੇ ਸਨ, ਉਹਨਾਂ ਵਿਚੋਂ ਵੱਡੀ ਗਿਣਤੀ ਪੂਰੇ ਕੀਤੇ ਗਏ ਹਨ ਤੇ ਬਾਕੀਆਂ ਲਈ ਦਿਨ ਰਾਤ ਇੱਕ ਕਰ ਕੇ ਕੰਮ ਜਾਰੀ ਹੈ।ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਭੁੱਲਰਹੇੜੀ, ਸਰਕਾਰੀ ਪ੍ਰਾਇਮਰੀ ਸਕੂਲ, ਭੁੱਲਰਹੇੜੀ ਅਤੇ ਸਰਕਾਰੀ ਪ੍ਰਾਇਮਰੀ ਸਕੂਲ, ਭੱਦਲਵੱਡ ਵਿਖੇ ਕਰਵਾਏ ਵਿਕਾਸ ਕਾਰਜ ਲੋਕ ਅਰਪਿਤ ਕਰਨ ਮੌਕੇ ਪੰਜਾਬ ਰਾਜ ਲਘੂ ਉਦਯੋਗ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਅਤੇ ਮਾਰਕਿਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਨੇ ਕੀਤਾ।ਇਸ ਮੌਕੇ ਸ. ਢਿੱਲੋਂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਜਿਹੜੇ ਵਾਅਦੇ ਲੋਕਾਂ ਨਾਲ ਕੀਤੇ ਸਨ, ਉਹਨਾਂ ਵਿੱਚ ਸਿੱਖਿਆ ਖੇਤਰ ਨੂੰ ਮਿਸਾਲੀ ਬਨਾਉਣਾ ਪਹਿਲ ਦੇ ਅਧਾਰ ਉੱਤੇ ਸ਼ਾਮਲ ਸੀ, ਜਿਸ ਨੂੰ ਪੂਰਾ ਕਰਨ ਹਿਤ ਸਰਕਾਰ ਨੇ ਦਿਨ-ਰਾਤ ਇੱਕ ਕਰ ਕੇ ਕੰਮ ਕੀਤਾ ਤੇ ਅੱਜ ਉਸ ਮਿਹਨਤ ਨੂੰ ਬੂਰ ਪਿਆ ਹੈ ਤੇ ਸਕੂਲਾਂ ਵਿੱਚ ਜਿਹੜੀਆਂ ਵੀ ਕਮੀਆਂ ਸਨ, ਉਹ ਪੂਰੀਆਂ ਕਰ ਕੇ ਸਕੂਲਾਂ ਨੂੰ ਮਿਸਾਲੀ ਬਣਾਇਆ ਜਾ ਰਿਹਾ ਹੈ।ਸ. ਘੁੱਲੀ ਨੇ ਕਿਹਾ ਕਿ ਕੋਈ ਸਮਾਂ ਸੀ ਜਦੋਂ ਆਮ ਲੋਕ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਾਉਣ ਨੂੰ ਹੀ ਤਰਜੀਹ ਦਿੰਦੇ ਸਨ ਪ੍ਰੰਤੂ ਮੌਜੂਦਾ ਸਰਕਾਰ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਕੀਤੇ ਗਏ ਇਤਿਹਾਸਕ ਉਪਰਾਲਿਆਂ ਸਦਕਾ ਅੱਜ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੇ ਦਾਖਲੇ ਦੀ ਗਿਣਤੀ ਵਿੱਚ ਵੱਡਾ ਇਜ਼ਾਫਾ ਹੋਇਆ ਹੈ।

# ਨਸ਼ਾ ਮੁਕਤੀ ਯਾਤਰਾ: ਖੁੱਡੀਆਂ ਨੇ ਹਲਕਾ ਲੰਬੀ ਦੇ ਪਿੰਡਾਂ 'ਚ ਨਸ਼ਿਆਂ ਦੇ ਖਾਤਮੇ ਦੀ ਸਹੁੰ ਚੁਕਾਈ



ਮਲੋਟ, 27 ਮਈ ( ਅਮਨਦੀਪ ਸਿੰਘ ਮਹਿਰਾ ) :ਪੰਜਾਬ ਦੇ ਮੁੱਖ ਮੰਤਰੀ, ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪੰਜਾਬ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਦਾ ਸੱਦਾ ਦਿੰਦੇ ਹੋਏ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਵਿਧਾਨ ਸਭਾ ਹਲਕਾ ਲੰਬੀ ਦੇ ਪਿੰਡ ਸਿੰਘੇਵਾਲਾ, ਗੱਗੜ ਅਤੇ ਮਹਿਣਾ ਵਿਖੇ ਕੈਬਨਿਟ ਮੰਤਰੀ ਪੰਜਾਬ ਸ੍ਰੀ ਗੁਰਮੀਤ ਸਿੰਘ ਖੁੱਡੀਆਂ ਨੇ ਰੱਖਿਆ ਕਮੇਟੀਆਂ ਨਾਲ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਲੋਕਾਂ ਤੋਂ ਪੂਰਨ ਸਹਿਯੋਗ ਦੀ ਮੰਗ ਕੀਤੀ ਅਤੇ ਲੋਕਾਂ ਨੂੰ ਨਸ਼ਿਆਂ ਦੇ ਖਾਤਮੇ ਦੀ ਸਹੁੰ ਚੁਕਾਈ। ਖੁੱਡੀਆਂ ਨੇ ਕਿਹਾ ਕਿ ਨਸ਼ਾ ਮੁਕਤੀ ਯਾਤਰਾ ਸੂਬੇ ਨੂੰ ਨਸ਼ਾ ਮੁਕਤ ਕਰਨ ਵਿੱਚ ਅਹਿਮ ਭੂਮਿਕਾ ਨਿਭਾ ਰਹੀ ਹੈ ਤੇ ਇਸ ਦੇ ਸਾਰਥਿਕ ਸਿੱਟੇ ਨਿਕਲ ਰਹੇ ਹਨ। ਉਨ੍ਹਾਂ ਕਿਹਾ ਕਿ ਨਸ਼ਾ ਮੁਕਤੀ ਯਾਤਰਾਵਾਂ ਤਹਿਤ ਰੋਜ਼ਾਨਾ ਦੇ ਆਧਾਰ ਉਤੇ ਪਿੰਡਾਂ ਵਿੱਚ ਨਸ਼ਿਆਂ ਦੇ ਖਾਤਮੇ ਦਾ ਸੱਦਾ ਦਿੰਦੇ ਹੋਏ ਲੋਕਾਂ ਨੂੰ ਇਸ ਵੱਡੀ ਸਮਾਜਿਕ ਬੁਰਾਈ ਦੇ ਖਾਤਮੇ ਲਈ ਇੱਕਜੁੱਟ ਕੀਤਾ ਜਾ ਰਿਹਾ ਹੈ। ਇਸੇ ਤਰ੍ਹਾਂ ਹੀ ਹਲਕਾ ਵਿਧਾਇਕ ਸ੍ਰੀ ਮੁਕਤਸਰ ਸਾਹਿਬ ਸ੍ਰੀ ਜਗਦੀਪ ਸਿੰਘ ਕਾਕਾ ਬਰਾੜ ਨੇ ਹਲਕੇ ਦੇ ਪਿੰਡ ਬਾਜਾ ਮਰਾੜ, ਚੱਕ ਬਾਜਾ ਮਰਾੜ ਅਤੇ ਵੱਟੂ ਵਿਖੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਜਿਹੜੇ ਲੋਕ ਕਿਸੇ ਮਾੜੀ ਸੰਗਤ ਦਾ ਸ਼ਿਕਾਰ ਹੋ ਕੇ ਨਸ਼ਿਆਂ ਦੀ ਦਲਦਲ ਵਿੱਚ ਫਸ ਚੁੱਕੇ ਹਨ, ਉਹਨਾਂ ਦਾ ਮੁਫਤ ਇਲਾਜ ਸਰਕਾਰ ਵੱਲੋਂ ਕਰਵਾਇਆ ਜਾ ਰਿਹਾ ਹੈ ਅਤੇ ਉਹ ਅਜਿਹੇ ਲੋਕਾਂ ਨੂੰ ਅਪੀਲ ਕਰਦੇ ਹਨ ਕਿ ਨਸ਼ਾ ਮੁਕਤੀ ਕੇਂਦਰਾਂ ਵਿੱਚ ਦਾਖਲ ਹੋ ਕੇ ਆਪਣਾ ਇਲਾਜ ਜ਼ਰੂਰ ਕਰਵਾਉਣ ਅਤੇ ਨਸ਼ਾ ਰਹਿਤ ਜਿੰਦਗੀ ਜਿਊਣ।ਮਲੋਟ ਹਲਕੇ ਦੇ ਪਿੰਡ ਮਹਾਂਬੱਧਰ, ਚੱਕ ਮਹਾਂਬੱਧਰ, ਚਿੱਬੜਾਂਵਾਲੀ, ਚੱਕ ਚਿੱਬੜਾਂਵਾਲੀ ਅਤੇ ਮਲੋਟ ਦੇ ਵਾਰਡ ਨੰਬਰ 17, 18, 19 ਅਤੇ 20 ਵਿੱਚ ਚੇਅਰਮੈਨ ਮਾਰਕਿਟ ਕਮੇਟੀ, ਸ੍ਰੀ ਜਸ਼ਨ ਬਰਾੜ ਨੇ ਕਿਹਾ ਕਿ ਨਸ਼ਿਆਂ ਦਾ ਕਾਲਾ ਕਾਰੋਬਾਰ ਕਰਨ ਵਾਲਿਆਂ ਨਾਲ ਸਖਤੀ ਨਾਲ ਨਜਿੱਠਿਆ ਜਾ ਰਿਹਾ ਹੈ ਅਤੇ ਨਸ਼ੇ ਵੇਚ ਕੇ ਨਸ਼ਾ ਤਸਕਰਾਂ ਵੱਲੋਂ ਬਣਾਈਆਂ ਨਾਜਾਇਜ਼ ਜਾਇਦਾਦਾਂ ਨੂੰ ਵੀ ਢਾਹਿਆ ਜਾ ਰਿਹਾ ਹੈ ਅਤੇ ਇਸ ਨਸ਼ੇ ਦੇ ਖਾਤਮੇ ਲਈ ਆਪਸੀ ਸਹਿਯੋਗ ਬਹੁਤ ਜ਼ਰੂਰੀ ਹੈ।ਹਲਕਾ ਗਿੱਦੜਬਾਹਾ ਦੇ ਪਿੰਡ ਬੁੱਟਰ ਬਖੂਹਾਂ, ਮਧੀਰ ਅਤੇ ਗੁਰੂਸਰ ਵਿਖੇ ਹਲਕਾ ਵਿਧਾਇਕ ਸ੍ਰੀ ਹਰਦੀਪ ਸਿੰਘ ਡਿੰਪੀ ਢਿੱਲੋਂ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਆਗੂਆਂ ਨੇ ਕਿਹਾ ਕਿ ਸੂਬਾ ਸਰਕਾਰ ਨਸ਼ੇ ਨੂੰ ਖਤਮ ਕਰਨ ਲਈ ਦ੍ਰਿੜਤਾ ਨਾਲ ਕੰਮ ਕਰ ਰਹੀ ਹੈ ਅਤੇ ਇਸ ਕਾਰਜ ਵਿੱਚ ਲੋਕਾਂ ਤੋਂ ਵੱਡਾ ਸਹਿਯੋਗ ਮਿਲ ਰਿਹਾ ਹੈ। ਉਹਨਾਂ ਨੇ ਕਿਹਾ ਕਿ ਲੋਕ ਨਸ਼ਾ ਛੱਡਣ ਲਈ ਅੱਗੇ ਵੀ ਆ ਰਹੇ ਹਨ ਅਤੇ ਨਸ਼ਾ ਤਸਕਰਾਂ ਦੀ ਸੂਚਨਾ ਵੀ ਦੇ ਰਹੇ ਹਨ ਇਸ ਮੌਕੇ ਯੂਥ ਆਗੂ ਅਮੀਤ ਸਿੰਘ ਖੁੱਡੀਆਂ, ਅਭੇ ਸਿੰਘ ਢਿੱਲੋਂ ਅਤੇ ਨਸ਼ਾ ਮੁਕਤੀ ਮੋਰਚੇ ਦੇ ਜ਼ਿਲ੍ਹਾ ਇੰਚਾਰਜ ਮਨਵੀਰ ਸਿੰਘ ਖੁੱਡੀਆਂ ਤੋਂ ਇਲਾਵਾ ਹਲਕਾ ਮਲੋਟ ਮੋਰਚੇ ਦੇ ਕੁਆਰਡੀਨੇਟਰ ਬਲਰਾਜ ਸਿੰਘ, ਹਲਕਾ ਗਿੱਦੜਬਾਹਾ ਮੋਰਚੇ ਦੇ ਇੰਚਾਰਜ ਮਾਧੋ ਦਾਸ ਸਿੰਘ ਖਾਲਸਾ, ਹਲਕਾ ਲੰਬੀ ਮੋਰਚੇ ਦੇ ਇੰਚਾਰਜ ਪਰਮਪਾਲ ਸਿੰਘ ਅਤੇ ਹਲਕਾ ਸ੍ਰੀ ਮੁਕਤਸਰ ਸਾਹਿਬ ਮੋਰਚੇ ਦੇ ਇੰਚਾਰਜ ਸਰਪੰਚ ਜਗਸੀਰ ਸਿੰਘ ਸੰਧੂ ਹਾਜ਼ਰ ਸਨ।

# ਥੈਲੇਸੀਮੀਆ ਨਾਲ ਲੜੋ, ਜ਼ਿੰਦਗੀ ਨੂੰ ਜਿੱਤੋ: ਜਾਗਰੂਕਤਾ ਹੀ ਸਭ ਤੋਂ ਵੱਡਾ ਹਥਿਆਰ



ਬਠਿੰਡਾ, 27 ਮਈ (ਦੀਪਕ ਸ਼ਰਮਾ):ਪੰਜਾਬ ਸਰਕਾਰ ਅਤੇ ਸਿਹਤ ਵਿਭਾਗ ਵੱਲੋਂ ਥੈਲੇਸੀਮੀਆ ਵਰਗੀ ਗੰਭੀਰ ਬਿਮਾਰੀ ਪ੍ਰਤੀ ਜਾਗਰੂਕਤਾ ਫੈਲਾਉਣ ਲਈ ਇੱਕ ਜਾਗਰੂਕਤਾ ਮੁਹਿੰਮ ਚਲਾਈ ਗਈ ਹੈ। 7 ਜੂਨ ਤੱਕ ਚੱਲਣ ਵਾਲੀ ਇਸ ਮੁਹਿੰਮ ਤਹਿਤ, ਜੱਚਾ-ਬੱਚਾ ਹਸਪਤਾਲ ਵਿੱਚ ਲੱਗੇ ਜਾਗਰੂਕਤਾ ਕੈਂਪ ਵਿੱਚ ਇਸ ਬਿਮਾਰੀ ਨਾਲ ਪੀੜਤ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ ਕਿ ਸਮੇਂ ਸਿਰ ਜਾਂਚ ਅਤੇ ਜਾਣਕਾਰੀ ਨਾਲ ਅਸੀਂ ਨਾ ਸਿਰਫ਼ ਇਸ ਬਿਮਾਰੀ ਨੂੰ ਰੋਕ ਸਕਦੇ ਹਾਂ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਇੱਕ ਸਿਹਤਮੰਦ ਭਵਿੱਖ ਦੇ ਸਕਦੇ ਹਾਂ। ਆਓ, ਇਸ ਮੁਹਿੰਮ ਦਾ ਹਿੱਸਾ ਬਣੀਏ ਅਤੇ ਆਪਣੇ ਤੇ ਆਪਣੇ ਪਰਿਵਾਰ ਦੀ ਸਿਹਤ ਪ੍ਰਤੀ ਸੁਚੇਤ ਹੋਈਏ। ਯਾਦ ਰੱਖੋ, ਜਾਗਰੂਕਤਾ ਹੀ ਬਚਾਅ ਹੈ।

ਪੰਜਾਬ ਸਰਕਾਰ ਅਤੇ ਕਾਰਜਕਾਰੀ ਸਿਵਲ ਸਰਜਨ ਡਾ. ਰਮਨਦੀਪ ਸਿੰਗਲਾ ਦੇ ਦਿਸ਼ਾ-ਨਿਰਦੇਸ਼ਾਂ ਅਤੇ ਸੀਨੀਅਰ ਮੈਡੀਕਲ ਅਫ਼ਸਰ, ਜੱਚਾ-ਬੱਚਾ ਹਸਪਤਾਲ, ਡਾ. ਪ੍ਰੀਤਮਇੰਦਰ ਦੀ ਅਗਵਾਈ ਹੇਠ 7 ਜੂਨ ਤੱਕ ਥੈਲੇਸੀਮੀਆ ਜਾਗਰੂਕਤਾ ਦਿਵਸ ਮਨਾਇਆ ਜਾ ਰਿਹਾ ਹੈ। ਇਸ ਜਾਗਰੂਕਤਾ ਮਹਿਮ ਦੇ ਤਹਿਤ ਅੱਜ ਸਥਾਨਕ ਮਹਿਲਾ ਅਤੇ ਬਾਲ ਚਿਕਿਤਸਾਲਿਆ ਵਿੱਚ ਇੱਕ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਸਬੰਧ ਵਿੱਚ ਚਾਈਲਡ ਸਪੈਸ਼ਲਿਸਟ ਅਤੇ ਨੋਡਲ ਅਫਸਰ ਥੈਲੇਸੀਮੀਆ ਡਾ. ਮਨੀਤਾ ਬਾਂਸਲ ਨੇ ਦੱਸਿਆ ਕਿ ਥੈਲੇਸੀਮੀਆ ਇੱਕ ਗੰਭੀਰ ਜੈਨੇਟਿਕ ਬਿਮਾਰੀ ਹੈ, ਜਿਸ ਵਿੱਚ ਪ੍ਰਭਾਵਿਤ ਵਿਅਕਤੀ ਵਿੱਚ ਖੂਨ ਦੇ ਨਾਲ-ਨਾਲ ਸੈੱਲਾਂ ਦੇ ਨਿਰਮਾਣ ਦੀ ਸਮਰੱਥਾ ਵੀ ਘੱਟ ਹੋ ਜਾਂਦੀ ਹੈ ਅਤੇ ਹੌਲੀ-ਹੌਲੀ ਖਤਮ ਹੋ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਪ੍ਰਭਾਵਿਤ ਵਿਅਕਤੀ ਦਾ ਸਰੀਰਕ ਵਿਕਾਸ ਹੌਲੀ ਹੋ ਜਾਂਦਾ ਹੈ, ਮਰੀਜ਼ ਬਹੁਤ ਕਮਜ਼ੋਰ ਅਤੇ ਥੱਕਿਆ ਹੋਇਆ ਮਹਿਸੂਸ ਕਰਦਾ ਹੈ, ਉਸਦੇ ਚਿਹਰੇ ਦੀ ਬਣਤਰ ਬਦਲ ਜਾਂਦੀ ਹੈ ਅਤੇ ਚਮੜੀ ਦਾ ਰੰਗ ਪੀਲਾ ਪੈਣ ਲੱਗਦਾ ਹੈ। ਪਿਸ਼ਾਬ ਗਾੜ੍ਹਾ ਹੋ ਜਾਂਦਾ ਹੈ ਅਤੇ ਤਿੱਲੀ ਵੀ ਵਧ ਜਾਂਦੀ ਹੈ।

# ਅਕਾਲੀ ਦਲ ਵਾਰਿਸ ਪੰਜਾਬ ਦੇਵ.ਫਦ ਨੇ ਡੀਸੀ ਸੰਗਰੂਰ ਨੂੰ ਸੌਂਪਿਆ ਰਾਜਪਾਲ ਦੇ ਨਾਮ ਮੰਗ ਪੱਤਰ

## ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਉੱਤੇ ਲਗਾਈ ਗਈ ਐਨ.ਐਸ.ਏ ਹਟਾਉਣ ਦੀ ਕੀਤੀ ਮੰਗ





ਸੰਗਰੂਰ, 27 ਮਈ (ਹਰਕੰਵਲ ਸਿੰਘ ਹੈਪੀ): ਸੰਸਦੀ ਹਲਕਾ ਖਡੂਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਉੱਤੇ ਪੰਜਾਬ ਸਰਕਾਰ ਵੱਲੋਂ ਤੀਸਰੀ ਵਾਰ ਨਾਜਾਇਜ਼ ਤੌਰ ਉੱਤੇ ਲਗਾਈ ਗਈ ਐਨ.ਐਸ.ਏ ਹਟਾਉਣ, ਉਹਨਾਂ ਦੇ ਨਾਲ ਹਿਰਾਸਤ ਵਿੱਚ ਲਏ ਗਏ ਸਿੱਖ ਨੌਜਵਾਨਾਂ ਦੀ ਰਿਹਾਈ ਅਤੇ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਦੇ ਸੰਬੰਧ ਵਿੱਚ ਅੱਜ ਅਕਾਲੀ ਦਲ ਵਾਰਿਸ ਪੰਜਾਬ ਦੇ ਦਾ ਇੱਕ ਵਫ਼ਦ ਬਲਜਿੰਦਰ ਸਿੰਘ ਲਸੋਈ (ਅਬਜ਼ਰਵਰ ਜਿਲ੍ਹਾ ਸੰਗਰੂਰ) ਦੀ ਅਗਵਾਈ ਵਿੱਚ ਡੀਸੀ ਸੰਗਰੂਰ ਨੂੰ ਪੰਜਾਬ ਦੇ ਗਵਰਨਰ ਸ. ਗੁਲਾਬ ਚੰਦ ਕਟਾਰੀਆ ਦੇ ਨਾਮ ਆਪਣਾ ਮੰਗ ਪੱਤਰ ਦੇਣ ਦੇ ਲਈ ਪਹੁੰਚਿਆ। ਇਸ ਮੌਕੇ ਵਫ਼ਦ ਦੇ ਵੱਲੋਂ ਮੰਗ ਕੀਤੀ ਗਈ ਕਿ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਅਤੇ ਉਹਨਾਂ ਦੇ ਨਾਲ ਗ੍ਰਿਫਤਾਰ ਕੀਤੇ ਸਿੱਖ ਨੌਜਵਾਨਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ ਕਿਉਂਕਿ ਉਨ੍ਹਾਂ ਦੇ ਵੱਲੋਂ ਪੰਜਾਬ ਦੀ ਨੌਜਵਾਨ ਪੀੜ੍ਹੀ ਜੋ ਨਸ਼ੇ ਦੀ ਦਲਦਲ ਵਿੱਚ ਫ਼ਸਦੀ ਜਾ ਰਹੀ ਸੀ ਉਸ ਵਿੱਚੋਂ ਬਾਹਰ ਕੱਢਣ ਦੇ ਲਈ ਗੁਰਬਾਣੀ ਦੇ ਨਾਲ ਜੋੜਨ ਦੀ ਜੋ ਨਿਵੇਕਲੀ ਪਹਿਲ ਕੀਤੀ ਗਈ ਸੀ ਉਹ ਕਿਤੇ ਨਾ ਕਿਤੇ ਸਰਕਾਰ ਦੇ ਲਈ ਇੱਕ ਮੁਸੀਬਤ ਬਣ ਰਹੀ ਸੀ ਜਿਸ ਕਰਕੇ ਸਾਜਿਸ਼ ਦੇ ਤਹਿਤ ਭਾਈ ਅੰਮ੍ਰਿਤਪਾਲ ਸਿੰਘ ਅਤੇ ਉਹਨਾਂ ਦੇ ਸਾਥੀਆਂ ਉੱਤੇ ਐਨ.ਐਸ.ਏ ਲਗਾ ਕੇ ਜੇਲ੍ਹ ਵਿੱਚ ਕੈਦ ਕਰਕੇ ਰੱਖਿਆ ਜਾ ਰਿਹਾ ਹੈ।

ਇਸ ਦੌਰਾਨ ਜੱਥੇਬੰਦੀ ਦੇ ਆਗੂਆਂ ਨੇ ਕਿਹਾ ਕਿ ਅੱਜ ਪੰਜਾਬ ਵਿੱਚ ਨਸ਼ੇ ਦਾ ਇੰਨ੍ਹਾਂ ਜਿਆਦਾ ਬੋਲ ਬਾਲਾ ਹੈ ਕਿ ਆਪ ਸਰਕਾਰ ਵੱਲੋਂ ਸੱਤਾ ਹਾਸਲ ਕਰਨ ਲਈ ਨਸ਼ਾ ਮੁਕਤ ਪੰਜਾਬ ਦੀ ਸਿਰਜਣਾ ਕਰਨ ਦੇ ਕੀਤੇ ਗਏ ਵੱਡੇ ਵੱਡੇ ਵਾਅਦੇ ਅਤੇ ਦਾਅਵਿਆ ਦੀ ਪੋਲ੍ਹ ਖੁੱਲ੍ਹ ਚੁੱਕੀ ਹੈ। ਇਸ ਮੌਕੇ ਉਹਨਾਂ ਪੰਜਾਬ ਦੇ ਗਵਰਨਰ ਪਾਸੋਂ ਮੰਗ ਕੀਤੀ ਗਈ ਕਿ ਉਹ ਸੰਵਿਧਾਨਿਕ ਹੱਕਾਂ ਦੀ ਰੱਖਿਆ ਨੂੰ ਮੁੱਖ ਰੱਖਦੇ ਹੋਏ ਭਾਈ ਅੰਮ੍ਰਿਤਪਾਲ ਸਿੰਘ ਅਤੇ ਉਹਨਾਂ ਦੇ ਸਾਥੀਆਂ ਨੂੰ ਤੁਰੰਤ ਰਿਹਾਅ ਕਰਨ ਦੇ ਹੁਕਮ ਜਾਰੀ ਕੀਤੇ ਜਾਣ।ਇਸ ਮੌਕੇ ਪੰਚ ਪ੍ਰਧਾਨੀ ਮੈਂਬਰ ਅਵਤਾਰ ਸਿੰਘ ਸ਼ੇਰੋਂ, ਬਰਸ਼ਾ ਸਿੰਘ, ਬਲਜੀਤ ਸਿੰਘ, ਸੁਖਵਿੰਦਰ ਸਿੰਘ ਅਤੇ ਹਰਦੇਵ ਸਿੰਘ ਨੇ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਉਹਨਾਂ ਭਾਈ ਅੰਮ੍ਰਿਤਪਾਲ ਸਿੰਘ ਅਤੇ ਉਹਨਾਂ ਦੇ ਸਾਥੀਆਂ ਉੱਤੇ ਨਜਾਇਜ਼ ਤੌਰ ਉੱਤੇ ਲਗਾਈ ਐਨ.ਐਸ.ਏ ਨੂੰ ਹਟਾ ਕੇ ਜਲਦ ਰਿਹਾਅ ਨਾ ਕੀਤਾ ਗਿਆ ਤਾਂ ਸਾਲ 2027 ਦੀਆਂ ਚੋਣਾਂ ਵਿੱਚ ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਪੂਰੇ ਪੰਜਾਬ ਚ ਆਪਣੇ ਉਮੀਦਵਾਰ ਚੋਣ ਮੈਦਾਨ ਵਿੱਚ ਉਤਾਰੇ ਜਾਣਗੇ ਤੇ ਪੂਰਨ ਬਹੁਮਤ ਦੇ ਨਾਲ ਸਰਕਾਰ ਬਣਾ ਕੇ ਪੰਜਾਬ ਦੇ ਲੋਕਾਂ ਨੂੰ ਮਹਾਰਾਜਾ ਰਣਜੀਤ ਸਿੰਘ ਜੀ ਦੇ ਸਾਸ਼ਨ ਵਾਲੀਆਂ ਸਹੂਲਤਾਂ ਦਿੱਤੀਆਂ ਜਾਣਗੀਆਂ ਤੇ ਬੰਦੀ ਸਿੰਘਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇਗਾ। ਇਸ ਮੌਕੇ ਬਾਜ ਸਿੰਘ, ਧਰਮਪ੍ਰੀਤ ਸਿੰਘ, ਕੁਲਵਿੰਦਰ ਸਿੰਘ, ਕੁਲਵੀਰ ਸਿੰਘ, ਪੁਸ਼ਪਿੰਦਰ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਆਗੂ ਹਾਜ਼ਰ ਸਨ।



# ਪਟਿਆਲਾ-ਆਸ/ਪਾਸ



# ਅਜੀਤਪਾਲ ਸਿੰਘ ਕੋਹਲੀ ਨੇ ਕਾਲੀ ਦੇਵੀ ਮੰਦਰ ਦੇ ਵਿਕਾਸ ਲਈ ਭੇਜੀ ਤਜਵੀਜ਼ ਪਾਸ ਕਰਨ ਲਈ ਮੁੱਖ ਮੰਤਰੀ ਮਾਨ ਤੇ ਕੇਜਰੀਵਾਲ ਦਾ ਕੀਤਾ ਧੰਨਵਾਦ

## ਮੰਦਰ ਕਮੇਟੀ ਨੇ ਵਿਧਾਇਕ ਕੋਹਲੀ ਨੂੰ ਪਟਿਆਲਾ ਵਿੱਚ ਹਿੰਦੂ-ਸਿੱਖ ਏਕਤਾ ਦਾ ਪ੍ਰਤੀਕ ਕਰਾਰ ਦਿੱਤਾ



ਪਟਿਆਲਾ, 27 ਮਈ (ਰੁਪਾਣਾ) : ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦਾ ਧੰਨਵਾਦ ਕਰਦਿਆਂ ਕਿਹਾ ਹੈ ਕਿ ਉਨ੍ਹਾਂ ਵੱਲੋਂ ਪਟਿਆਲਾ ਦੇ ਪ੍ਰਚੀਨ ਤੇ ਇਤਿਹਾਸਕ ਸ੍ਰੀ ਕਾਲੀ ਦੇਵੀ ਮੰਦਿਰ ਦੀ ਪੜਾਅਵਾਰ ਕਾਇਆਕਲਪ ਕਰਨ ਲਈ ਜੋ ਤਜਵੀਜ਼ ਮੰਦਿਰ ਕਮੇਟੀ ਦੀ ਸਲਾਹ ਨਾਲ ਬਣਾਕੇ ਭੇਜੀ ਗਈ ਸੀ, ਉਸ ਨੂੰ ਪਾਸ ਕਰਨਾ ਇੱਕ ਇਤਿਹਾਸਕ ਫ਼ੈਸਲਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਅਰਵਿੰਦ ਕੇਜਰੀਵਾਲ ਦਾ ਇਹ ਉਪਰਾਲਾ ਪਟਿਆਲਾ ਦੇ ਲਈ ਇਤਿਹਾਸਕ ਕਦਮ ਹੈ, ਜਿਸ ਲਈ ਉਹ ਬਤੌਰ ਵਿਧਾਇਕ ਤੇ ਹਿੰਦੂ-ਸਿੱਖ ਏਕਤਾ ਦੇ ਮੁਦਈ ਵਜੋਂ ਦੋਵਾਂ ਆਗੂਆਂ ਦਾ ਧੰਨਵਾਦ ਕਰਦੇ ਹਨ। ਇੱਥੇ ਗੱਲਬਾਤ ਕਰਦਿਆਂ ਅਜੀਤਪਾਲ ਸਿੰਘ ਕੋਹਲੀ ਨੇ ਦੱਸਿਆ ਕਿ ਉਨ੍ਹਾਂ ਨੇ ਪਿਛਲੇ ਦੋ ਸਾਲਾਂ ਦਾ ਸਮਾਂ ਲਗਾ ਕੇ ਮੰਦਿਰ ਕਮੇਟੀ ਦੀ ਸਲਾਹ ਨਾਲ ਮੰਦਿਰ ਦੇ ਵਿਕਾਸ ਲਈ ਜੋ ਤਜਵੀਜ਼ ਬਣਾ ਕੇ ਭੇਜੀ ਸੀ, ਉਸ ਨੂੰ ਭਗਵੰਤ ਸਿੰਘ ਮਾਨ ਅਤੇ ਅਰਵਿੰਦ ਕੇਜਰੀਵਾਲ ਨੇ ਪ੍ਰਵਾਨ ਕਰਨ ਦਾ ਬੀਤੇ ਕੱਲ੍ਹ ਮੰਦਿਰ ਵਿਖੇ ਨਤਮਸਤਕ ਹੋਣ ਮੌਕੇ ਐਲਾਨ ਕੀਤਾ ਹੈ, ਜੋ ਕਿ ਪਟਿਆਲਾ ਵਾਸੀਆਂ ਅਤੇ ਸੰਸਾਰ ਭਰ ਵਿੱਚ ਵਸਦੇ ਸ਼ਰਧਾਲੂਆਂ ਲਈ ਬਹੁਤ ਵੱਡੀ ਖ਼ੁਸ਼ੀ ਦੀ ਗੱਲ ਹੈ। ਵਿਧਾਇਕ ਕੋਹਲੀ ਨੇ ਦੱਸਿਆ ਕਿ ਪਹਿਲਾਂ ਤੀਰਥ ਯਾਤਰਾ ਕਮੇਟੀ ਦੇ ਚੇਅਰਮੈਨ ਕਮਲ ਬਾਂਸਲ ਅਤੇ ਆਮ ਆਦਮੀ ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਮਨੀਸ਼ ਸਿਸੋਦੀਆ ਪਿਛਲੇ ਕਈ ਮਹੀਨਿਆਂ ਤੋਂ ਮੰਦਿਰ ਸ੍ਰੀ ਕਾਲੀ ਦੇਵੀ ਵਿਖੇ ਨਤਮਸਤਕ ਹੋ ਰਹੇ ਸਨ। ਇਸ ਦੌਰਾਨ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਮੰਦਿਰ ਦੀ ਪਵਿੱਤਰਤਾ ਨੂੰ ਬਰਕਰਾਰ ਰੱਖਦੇ ਹੋਏ ਇਸਨੂੰ ਵਿਰਾਸਤੀ ਵਾਸਤੂਕਲਾ ਨਾਲ ਹੋਰ ਆਕਰਸ਼ਕ ਦਿੱਖ ਦੇਣ ਲਈ ਤਜਵੀਜ਼ ਤਿਆਰ ਕੀਤੀ ਜਾ ਰਹੀ ਸੀ। ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਇਹ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਦੂਰਦਰਸ਼ੀ ਸੋਚ ਸਦਕਾ ਇਹ ਇਤਿਹਾਸਕ ਕਾਰਜ ਹੋਣ ਜਾ ਰਹੇ ਹਨ, ਜੋ ਕਿ ਪਿਛਲੀਆਂ ਸਰਕਾਰਾਂ ਸਮੇਂ ਹੀ ਹੋ ਜਾਣੇ ਚਾਹੀਦੇ ਸਨ ਪ੍ਰੰਤੂ ਇਹ ਬਹੁਤ ਅਫ਼ਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਪਿਛਲੇ 30 ਸਾਲਾਂ ਤੋਂ ਮੰਦਰ ਦੇ ਸੁੱਕੇ ਪਏ ਸਰੋਵਰ ਵੱਲ ਤੇ ਹੋਰ ਵਿਕਾਸ ਕਾਰਜਾਂ ਵੱਲ ਕਿਸੇ ਨੇ ਧਿਆਨ ਨਹੀਂ ਦਿੱਤਾ। ਇਸ ਦੌਰਾਨ ਅੱਜ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਦਾ ਸਨਮਾਨ ਕਰਦਿਆਂ ਮੰਦਿਰ ਕਮੇਟੀ ਦੇ ਮੈਂਬਰਾਂ ਨੇ ਕਿਹਾ ਕਿ ਅਜੀਤ ਪਾਲ ਸਿੰਘ ਕੋਹਲੀ ਪਟਿਆਲਾ ਵਿੱਚ ਹਿੰਦੂ-ਸਿੱਖ ਏਕਤਾ ਦੇ ਪ੍ਰਤੀਕ ਵਜੋਂ ਜਾਣੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਇਹ ਸੇਵਾ ਕਰਨ ਦਾ ਮੌਕਾ ਮਿਲ ਰਿਹਾ ਹੈ। ਇਸ ਮੌਕੇ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਉਹ ਮਾਂ ਸ਼੍ਰੀ ਕਾਲੀ ਦੇਵੀ ਦੇ ਚਰਨਾਂ ਵਿੱਚ ਅਰਦਾਸ ਕਰਦੇ ਹਨ ਕਿ ਉਹ ਸਾਨੂੰ ਸਾਰਿਆਂ ਨੂੰ ਆਸ਼ੀਰਵਾਦ ਦੇਣ ਅਤੇ ਸੁਮੱਤ ਬਖ਼ਸ਼ਣ ਕਿ ਅਸੀਂ ਸਾਰੇ ਰਲ-ਮਿਲਕੇ ਇਸ ਪਵਿੱਤਰ ਮੰਦਿਰ ਨੂੰ ਹੋਰ ਸੁੰਦਰ ਤੇ ਵਿਰਾਟ ਬਣਾ ਕੇ ਮਾਂ ਦੇਵੀ ਦੀਆਂ ਖ਼ੁਸ਼ੀਆਂ ਪ੍ਰਾਪਤ ਕਰ ਸਕੀਏ।

## 10 ਜੂਨ ਤੱਕ ਭੇਜੀਆਂ ਜਾਣ ਪਦਮਾ ਅਵਾਰਡਜ਼ 2026 ਲਈ ਸਿਫਾਰਸ਼ਾਂ

ਪਟਿਆਲਾ, 27 ਮਈ (ਚ.ਨ.ਸ.) : ਭਾਰਤ ਸਰਕਾਰ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਗਣਤੰਤਰ ਦਿਵਸ 26 ਜਨਵਰੀ ਮੌਕੇ ਪ੍ਰਦਾਨ ਕੀਤੇ ਜਾਣ ਵਾਲੇ ਪਦਮ ਅਵਾਰਡਜ਼ ਜਿਵੇਂ ਕਿ ਪਦਮ ਵਿਭੂਸ਼ਣ, ਪਦਮ ਭੂਸ਼ਣ ਅਤੇ ਪਦਮ ਸ਼੍ਰੀ ਨਾਗਰਿਕ ਅਵਾਰਡ ਲਈ ਨਾਮਜ਼ਦਗੀਆਂ ਦੀ ਮੰਗ ਕੀਤੀ ਹੈ। ਡਿਪਟੀ ਕਮਿਸ਼ਨਰ ਪਟਿਆਲਾ ਡਾ. ਪ੍ਰੀਤੀ ਯਾਦਵ ਨੇ ਆਮ ਰਾਜ ਪ੍ਰਬੰਧ ਵਿਭਾਗ ਪੰਜਾਬ ਸਰਕਾਰ ਅਤੇ ਭਾਰਤ ਸਰਕਾਰ ਦੇ ਗ੍ਰਹਿ ਵਿਭਾਗ ਵੱਲੋਂ ਪ੍ਰਾਪਤ ਪੱਤਰ ਦੇ ਹਵਾਲੇ ਨਾਲ ਦੱਸਿਆ ਹੈ ਕਿ ਜਿਹੜੇ ਨਾਗਰਿਕਾਂ ਨੇ ਸਮਾਜ ਦੀ ਸੇਵਾ, ਲਿਖ਼ਤਕਾਰੀ, ਕਲਾ, ਵਿਗਿਆਨ, ਸਮਾਜ ਸੇਵਾ, ਖੇਡਾਂ, ਵਿਦੇਸ਼ੀ ਮਾਮਲਿਆਂ ਆਦਿ ਖੇਤਰਾਂ ਵਿੱਚ ਆਪਣਾ ਯੋਗਦਾਨ ਪਾਇਆ ਹੋਵੇ ਉਹ ਪਦਮਾ ਅਵਾਰਡਜ਼ ਸਬੰਧੀ ਆਪਣੀਆਂ ਸਿਫਾਰਸ਼ਾਂ 10 ਜੂਨ ਤੱਕ ਡਿਪਟੀ ਕਮਿਸ਼ਨਰ ਦਫਤਰ ਨੂੰ ਭੇਜ ਸਕਦੇ ਹਨ ਤਾਂ ਜੋ ਇਹ ਸੂਚੀ ਤੇ ਸਿਫਾਰਿਸ਼ਾਂ ਸਮੇਂ ਸਿਰ ਅਗਲੇਰੀ ਕਾਰਵਾਈ ਲਈ ਸਰਕਾਰ ਨੂੰ ਭੇਜੀਆਂ ਜਾ ਸਕਣ।

# 10ਵੀਂ ਮੈਰਿਟ 'ਚ ਆਈਆਂ ਤਿੰਨ ਵਿਦਿਆਰਥਣਾਂ ਨੇ ਡਿਪਟੀ ਕਮਿਸ਼ਨਰ ਸੰਗ ਗੁਜ਼ਾਰਿਆ ਦਿਨ

## ਦਫ਼ਤਰੀ ਫਾਈਲਾਂ ਤੇ ਕੋਰਟ ਕੇਸਾਂ ਦਾ ਨਿਪਟਾਰਾ ਅਤੇ ਡੀ.ਸੀ. ਨਾਲ ਦੁਪਹਿਰ ਦਾ ਖਾਣਾ ਖਾਧਾ



ਪਟਿਆਲਾ, 27 ਮਈ (ਰੁਪਾਣਾ/ ਅਮਰਜੀਤ) : ਪਟਿਆਲਾ ਜ਼ਿਲ੍ਹੇ ਦੀਆਂ ਸਰਕਾਰੀ ਸਕੂਲਾਂ ਦੀ 10ਵੀਂ ਜਮਾਤ ਦੇ ਨਤੀਜਿਆਂ ਵਿਚ ਮੈਰਿਟ ਵਿਚ ਆਉਣ ਵਾਲੀਆਂ 3 ਵਿਦਿਆਰਥਣਾਂ ਲਈ ਅੱਜ ਦਾ ਦਿਨ ਯਾਦਗਾਰੀ ਹੋ ਨਿਬੜਿਆ ਜਦ ਉਨ੍ਹਾਂ ਦੇ ਸੁਪਨਿਆਂ ਨੂੰ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੀ ਸੁਚੱਜੀ ਅਗਵਾਈ ਨੇ ਖੰਭ ਲਾ ਦਿੱਤੇ।ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਮੈਰਿਟ ਵਿਚ ਆਉਣ ਵਾਲੇ ਵਿਦਿਆਰਥੀਆਂ ਲਈ ਸ਼ੁਰੂ ਕੀਤੇ ਪ੍ਰੋਗਰਾਮ 'ਇਕ ਦਿਨ ਡੀ.ਸੀ. ਤੇ ਐਸ.ਐਸ.ਪੀ. ਸੰਗ' ਪ੍ਰੋਗਰਾਮ ਤਹਿਤ ਜ਼ਿਲ੍ਹੇ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾੜੂ ਦੀ 97.69 ਫੀਸਦੀ ਨੰਬਰ ਲੈਣ ਵਾਲੀ ਮਹਿਕਪ੍ਰੀਤ ਕੌਰ, ਸਕੂਲ ਆਫ ਐਮੀਨੈਂਸ ਫੀਲਖਾਨਾ ਦੀ 97.38 ਫੀਸਦੀ ਨੰਬਰ ਲੈਣ ਵਾਲੀ ਸਿਮਰਨ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗਾਜੀਪੁਰ ਦੀ ਅਮਨਪ੍ਰੀਤ ਕੌਰ ਨੇ ਆਪਣਾ ਸਮਾਂ ਡਿਪਟੀ ਕਮਿਸ਼ਨਰ ਦੇ ਨਾਲ ਰਹਿਕੇ ਦਫਤਰੀ ਕੰਮਕਾਜ ਨੂੰ ਨੇੜੇ ਤੋਂ ਦੇਖਿਆ। ਇਨ੍ਹਾਂ ਬੱਚਿਆਂ ਨੇ ਕਿਹਾ ਕਿ, "ਉਹ ਅੱਜ ਤੱਕ ਤਾਂ ਕੇਵਲ ਆਪਣੇ ਘਰ ਤੋਂ ਸਕੂਲ ਤੱਕ ਦਾ ਹੀ ਰਸਤਾ ਜਾਣਦੇ ਸਨ, ਉਨ੍ਹਾਂ ਨੂੰ ਡਿਪਟੀ ਕਮਿਸ਼ਨਰ ਨਾਲ ਬੈਠਕੇ ਦਫ਼ਤਰ ਦੇ ਕੰਮਕਾਜ ਵੇਖਣ, ਲੋਕਾਂ ਦੇ ਮਸਲੇ ਸੁਣਨ ਤੇ ਇਨ੍ਹਾਂ ਦੇ ਹੱਲ ਕਰਨ, ਅਧਿਕਾਰੀਆਂ ਨਾਲ ਬੈਠਕਾਂ ਤੇ ਜ਼ਿਲ੍ਹਾ ਮੈਜਿਸਟ੍ਰੇਟ ਦੀ ਅਦਾਲਤ ਦੀ ਕਾਰਵਾਈ ਦੀ ਵਿਧੀ ਬਾਰੇ ਜਾਨਣ ਦਾ ਅਹਿਮ ਮੌਕਾ ਮਿਲਿਆ ਹੈ। ਉਨ੍ਹਾਂ ਇਸ ਗੱਲ 'ਤੇ ਖ਼ੁਸ਼ੀ ਪ੍ਰਗਟਾਈ ਕਿ ਜ਼ਿਲ੍ਹੇ ਦੇ ਸਭ ਤੋਂ ਵੱਡੇ ਅਧਿਕਾਰੀ, ਡਿਪਟੀ ਕਮਿਸ਼ਨਰ ਨਾਲ ਬੈਠਕੇ ਦੁਪਹਿਰ ਦਾ ਖਾਣਾ ਉਨ੍ਹਾਂ ਲਈ ਯਾਦਗਾਰੀ ਬਣ ਗਿਆ ਹੈ, ਕਿਉਂਕਿ ਡਿਪਟੀ ਕਮਿਸ਼ਨਰ ਨੇ ਖ਼ੁਦ ਉਨ੍ਹਾਂ ਨੂੰ ਖਾਣਾ ਪਰੋਸਿਆ।"ਡਿਪਟੀ ਕਮਿਸ਼ਨਰ ਨੇ ਕਿਹਾ ਕਿ 'ਇਸ ਪ੍ਰੋਗਰਾਮ ਦਾ ਮਕਸਦ ਲਾਇਕ ਬੱਚਿਆਂ ਨੂੰ ਉਨ੍ਹਾਂ ਦੇ ਸੁਪਨੇ ਦੀ ਪੂਰਤੀ ਲਈ ਅਗਵਾਈ ਦੇਣਾ ਹੈ'। ਉਨ੍ਹਾਂ ਕਿਹਾ ਕਿ ਇਨ੍ਹਾਂ ਬੱਚਿਆਂ ਵਿੱਚੋਂ ਇੱਕ ਬੱਚੀ ਚਾਰਟਡ ਅਕਾਊਂਟੈਂਟ ਤੇ ਦੋ ਬੱਚੀਆਂ ਡਾਕਟਰ ਬਣਨਾ ਚਾਹੁੰਦੀਆਂ ਹਨ। ਡਿਪਟੀ ਕਮਿਸ਼ਨਰ ਨੇ ਵਿਦਿਆਰਥਣਾਂ ਨੂੰ ਕਿਤਾਬਾਂ ਨਾਲ ਸਨਮਾਨਿਤ ਕੀਤਾ। ਇਸ ਮੌਕੇ ਬੱਚਿਆਂ ਦੇ ਮਾਪੇ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਰਵਿੰਦਰ ਪਾਲ ਸਿੰਘ ਸਮੇਤ ਸਕੂਲਾਂ ਦੇ ਪ੍ਰਿੰਸੀਪਲ ਤੇ ਅਧਿਆਪਕ ਵੀ ਮੌਜੂਦ ਸਨ।

# ਪ੍ਰਾਚੀਨ ਮੰਦਰ ਮਾਤਾ ਨੈਣਾ ਦੇਵੀ 'ਚ ਸਾਲਾਨਾ ਮੂਰਤੀ ਸਥਾਪਨਾ ਦਿਵਸ ਮਨਾਇਆ



ਪਟਿਆਲਾ, 27 ਮਈ (ਚ.ਨ.ਸ.) :ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪ੍ਰਾਚੀਨ ਮੰਦਰ ਸ਼੍ਰੀ ਨੈਣਾ ਦੇਵੀ ਜੀ ਐਸਐਸਟੀ ਨਗਰ ਪਟਿਆਲਾ ਵਿੱਚ ਪ੍ਰਧਾਨ ਵਿਮਲ ਸ਼ਰਮਾ ਅਤੇ ਸਕੱਤਰ ਇੰਜ. ਰਵੀ ਠਾਕੁਰ ਦੀ ਅਗਵਾਈ ਹੇਠ ਸਾਲਾਨਾ ਮੂਰਤੀ ਸਥਾਪਨਾ ਦਿਵਸ ਬੜੀ ਧੂਮਧਾਮ ਨਾਲ ਮਨਾਇਆ ਗਿਆ। ਪ੍ਰੋਗਰਾਮ ਵਿੱਚ ਜਯੋਤੀ ਪ੍ਰਚੰਡ ਦੀ ਰਸਮ ਪੰਡਿਤ ਕੁਲਾਨੰਦ ਦੁਆਰਾ ਪਟਿਆਲਾ ਸ਼ਹਿਰ ਦੇ ਪ੍ਰਸਿੱਧ ਸਮਾਜ ਸੇਵਕ ਸੁੰਦਰ ਲਾਲ ਸਿੰਗਲਾ ਭਗਵਤੀ ਸਿਲੀਕੇਟ ਵਰਕਸ ਜੋੜੀਆਂ ਭੱਟੀਆਂ ਅਤੇ ਮੰਦਿਰ ਟਰੱਸਟੀਆਂ ਦੇ ਸਹਿਯੋਗ ਨਾਲ ਕੀਤੀ ਗਈ। ਮੁੱਖ ਮਹਿਮਾਨ ਸਮਾਜ ਸੇਵਕ ਸੌਰਭ ਜੈਨ ਨੇ ਪੂਜਾ ਕੀਤੀ ਅਤੇ ਦੇਵੀ ਮਾਂ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਮੰਦਿਰ ਟਰੱਸਟ ਦੇ ਸਰਪ੍ਰਸਤ ਜੈ ਭੂਸ਼ਣ ਮਲਿਕ ਅਤੇ ਸੀਨੀਅਰ ਉਪ ਪ੍ਰਧਾਨ ਜਸਪਾਲ ਗੁਪਤਾ ਨੇ ਮੰਦਿਰ ਵੱਲੋਂ ਬੋਲਦਿਆਂ ਕਿਹਾ ਕਿ ਇਸ ਮੰਦਿਰ ਵਿੱਚ ਭਾਵ ਸ਼ਿਵਲਿੰਗ ਨਰਮਦੇਸ਼ਵਰ ਮਹਾਦੇਵ, ਰਾਮ ਪਰਿਵਾਰ, ਰਾਧਾ ਕ੍ਰਿਸ਼ਨ ਮੰਦਰ, ਹਨੂੰਮਾਨ ਜੀ, ਸ਼ਿਵ ਪਰਿਵਾਰ ਦੇ ਨਾਲ-ਨਾਲ ਮਾਤਾ ਦੁਰਗਾ ਅਤੇ ਗਣੇਸ਼ ਜੀ ਦੀ ਇੱਕ ਸ਼ਾਨਦਾਰ ਮੂਰਤੀ ਸਥਾਪਿਤ ਕੀਤੀ ਹੋਈ ਹੈ। ਇਹ ਸਭ ਟਰੱਸਟੀਆਂ ਅਤੇ ਸ਼ਰਧਾਲੂਆਂ ਦੇ ਸਹਿਯੋਗ ਨਾਲ ਸਥਾਪਿਤ ਕੀਤਾ ਗਿਆ ਹੈ। ਪ੍ਰਾਚੀਨ ਨੈਣਾ ਦੇਵੀ ਮੰਦਿਰ ਟਰੱਸਟ ਦੇ ਪ੍ਰੈਸ ਸਕੱਤਰ ਸੋਹਿੰਦਰ ਕਾਂਸਲ ਨੇ ਕਿਹਾ ਕਿ ਮੂਰਤੀ ਸਥਾਪਨਾ ਦਿਵਸ ਮੌਕੇ ਤੇ ਭਾਵਰਸਧਾਰਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਪਟਿਆਲਾ ਦੇ ਪ੍ਰਸਿੱਧ ਗਾਇਕ ਬ੍ਰਿਜ ਰਸਿਕ ਭਾਈ ਵਿਸ਼ੰਬਰ ਦਾਸ ਨੇ ਸਾਰੇ ਸ਼ਰਧਾਲੂਆਂ ਨੂੰ ਭਜਨਾਂ ਦੇ ਗਾਇਨ 'ਤੇ ਨੱਚਣ ਲਈ ਮਜਬੂਰ ਕਰ ਦਿੱਤਾ। ਸ਼ਹਿਰ ਦੇ ਪ੍ਰਮੁੱਖ ਧਾਰਮਿਕ ਆਗੂ ਯੋਗੇਸ਼ ਅਗਰਵਾਲ, ਤਰਸੇਮ ਬਾਂਸਲ, ਸੁਰੇਸ਼ ਕਾਮਰਾ ਪੱਤਰਕਾਰ, ਭਾਰਤ ਵਿਕਾਸ ਪਰਿਸ਼ਦ ਪਟਿਆਲਾ ਤੋਂ ਸੰਜੀਵ ਵਰਮਾ ਨੂੰ ਸਨਮਾਨਿਤ ਕੀਤਾ ਗਿਆ। ਮੰਦਰ ਦੇ ਟਰੱਸਟੀ ਸੁਰੇਸ਼ ਕੁਮਾਰ ਗਰਗ, ਡਾਕਟਰ ਅੰਕੁਸ਼ ਕਾਂਸਲ ਪ੍ਰਿੰਸੀਪਲ ਥਾਪਰ ਕਾਲਜ, ਟੀਐਨ ਸ਼ਰਮਾ, ਯੁਵਰਾਜ ਰਾਜ ਗਰਗ ਕੈਸ਼ੀਅਰ, ਪੀਡੀ ਗੁਪਤਾ, ਸੰਜੀਵ ਨੰਦਾ, ਡਾ. ਸ਼ਾਂਤੀ ਸਰੂਪ ਸ਼ਰਮਾ, ਸ਼ਿਆਮ ਕੁਮਾਰ ਧੀਮਾਨ, ਸਤਪਾਲ, ਤਰੁਣ ਅਗਰਵਾਲ, ਪ੍ਰੀਤੀ ਸ਼ਰਮਾ ਨੇ ਵਿਸ਼ੇਸ਼ ਤੌਰ 'ਤੇ ਮਾਤਾ ਰਾਣੀ ਦਾ ਆਸ਼ੀਰਵਾਦ ਲਿਆ। ਅੰਤ ਵਿੱਚ ਸਾਰਿਆਂ ਨੇ ਮਿਲ ਕੇ ਮਾਤਾ ਜੀ ਦੀ ਰਸੋਈ ਦਾ ਆਨੰਦ ਮਾਣਿਆ।

# ਆੜ੍ਹਤੀਆਂ ਅਤੇ ਮਾਰਕੀਟ ਕਮੇਟੀ ਦੇ ਚੇਅਰਮੈਨ ਗੱਜੂਮਾਜਰਾ ਵਿਚਕਾਰ ਮੀਟਿੰਗ

ਸਮਾਣਾ, 27 ਮਈ (ਜਵੰਦਾ) : ਕਣਕ ਦਾ ਸੀਜ਼ਨ ਸਮਾਪਤ ਹੋਣ ਉਪਰੰਤ ਮਾਰਕੀਟ ਕਮੇਟੀ ਦੇ ਚੇਅਰਮੈਨ ਬਲਕਾਰ ਸਿੰਘ ਗੱਜੂਮਾਜਰਾ ਅਤੇ ਆੜ੍ਹਤੀਆਂ ਵਿਚਕਾਰ ਹੋਈ ਮੀਟਿੰਗ ਵਿੱਚ ਚੇਅਰਮੈਨ ਬਲਕਾਰ ਸਿੰਘ ਗੱਜੂਮਾਜਰਾ ਨੇ ਆੜ੍ਹਤੀਆਂ, ਟਰੱਕ ਯੂਨੀਅਨ, ਖਰੀਦ ਏਜੰਸੀਆਂ ਸਥਾਨਕ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਅਤੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਮਾਣਾ ਮੰਡੀ ਵਿੱਚ ਕਣਕ ਦਾ ਸੀਜ਼ਨ ਸਮਾਪਤ ਹੋ ਚੁੱਕਾ ਹੈ ਸਮਾਣਾ ਅਤੇ ਆਸ ਪਾਸ ਦੀਆਂ ਮੰਡੀਆਂ ਵਿੱਚ 28 ਲੱਖ 11 ਹਜ਼ਾਰ 428 ਥੈਲੇ ਕਣਕ ਦੇ ਸਰਕਾਰ ਵੱਲੋਂ ਖਰੀਦੇ ਗਏ ਹਨ, ਜਿਨ੍ਹਾਂ ਦੀ ਪੇਮੈਂਟ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ ਕਰ ਕਰ ਦਿੱਤੀ ਗਈ ਹੈ ਕਿਸੇ ਕਿਸਾਨ ਦਾ ਸਰਕਾਰ ਵੱਲ ਕਣਕ ਦਾ ਬਕਾਇਆ ਨਹੀਂ ਰਿਹਾ ਹੈ। ਚੇਅਰਮੈਨ ਬਲਕਾਰ ਸਿੰਘ ਗੱਜੂਮਾਜਰਾ ਨੇ ਕਿਹਾ ਕਿ ਟਰੱਕ ਯੂਨੀਅਨ ਤੇ ਸਹਿਯੋਗ ਨਾਲ ਕਣਕ ਦੀ ਲਿਫਟਿੰਗ ਸਮੇਂ ਅਨੁਸਾਰ ਹੁੰਦੀ ਰਹੀ ਹੈ ਹੁਣ ਤੱਕ ਸਮਾਣਾ ਮੰਡੀ ਵਿੱਚੋਂ ਕਣਕ ਦੀ ਪੂਰੀ ਤਰ੍ਹਾਂ ਲਿਫਟਿੰਗ ਹੋ ਚੁੱਕੀ ਹੈ।ਉਨਾਂ ਚਾਰ ਕਣਕ ਖਰੀਦ ਏਜੰਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਖਰੀਦ ਏਜੰਸੀਆਂ ਵੱਲੋਂ ਕਿਸਾਨਾਂ ਦੀ ਫਸਲ ਨੂੰ ਸਮੇਂ ਸਿਰ ਖਰੀਦ ਕੀਤਾ ਹੈ ਜਿਸ ਕਰਕੇ ਉਹ ਵਧਾਈ ਦੇ ਪਾਤਰ ਹਨ ਕਿਉਂਕਿ ਉਹਨਾਂ ਵੱਲੋਂ ਸਮੇਂ ਸਿਰ ਕੀਤੀ ਗਈ ਖਰੀਦ ਨਾਲ ਕਿਸਾਨਾਂ ਨੂੰ ਮੰਡੀਆਂ ਵਿੱਚ ਖੱਜਲ ਖਵਾਰ ਨਹੀਂ ਹੋਣਾ ਪਿਆ। ਇਸ ਮੌਕੇ ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਨਰਿੰਦਰ ਕੁਮਾਰ ਗਰਗ, ਕੁਲਦੀਪ ਸਿੰਘ ਬਾਹਮਣਾ, ਪਵਨ ਕੁਮਾਰ ਬਾਂਸਲ, ਗੌਰਵ ਗੂਰੀ ਤੋਂ ਇਲਾਵਾ ਹੋਰ ਵੀ ਆੜ੍ਹਤੀ ਮੌਜੂਦ ਸਨ।



# ਸੀ.ਆਈ.ਏ. ਦੇ ਮੁਲਾਜ਼ਮ ਦੱਸ ਕੇ ਕੀਤੀ ਕੁੱਟਮਾਰ, ਮੋਬਾਇਲ ਤੇ ਨਗਦੀ ਖੋਹੀ

ਪਟਿਆਲਾ, 27 ਮਈ (ਵਿਨੋਦ ਸ਼ਰਮਾ) : ਥਾਣਾ ਲਾਹੌਰੀ ਗੇਟ ਪਟਿਆਲਾ ਪੁਲਿਸ ਕੋਲ ਬਲਜੀਤ ਕੌਰ ਪਤਨੀ ਗੁਰਜੰਟ ਸਿੰਘ ਵਾਸੀ ਕਿਰਾਏਦਾਰ ਗਲੀ ਨੰ. 06 ਨਿਊ ਬਿਸ਼ਨ ਨਗਰ ਪਟਿਆਲਾ ਨੇ ਕਥਿਤ ਦੋਸ਼ੀਆਂ ਸੰਦੀਪ, ਬਿੱਟੂ, ਸੁਭਮ ਅਤੇ ਲਕਸ਼ੇ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦਾ ਲੜਕਾ ਗੁਰਪ੍ਰੀਤ ਸਿੰਘ ਇਹ ਕਹਿ ਕੇ ਘਰੋਂ ਚਲਾ ਗਿਆ ਕਿ ਉਹ ਆਪਣੇ ਦੋਸਤ ਨੂੰ ਮਿਲਣ ਜਾ ਰਿਹਾ ਸੀ। ਉਸ ਨੂੰ ਉਸਦੇ ਮੋਬਾਇਲ 'ਤੇ ਉਸਦੇ ਲੜਕੇ ਦੇ ਮੋਬਾਇਲ ਤੋਂ ਫੋਨ ਆਇਆ, ਜਿਸ ਵਿੱਚ ਇੱਕ ਵਿਅਕਤੀ ਨੇ ਕਿਹਾ ਕਿ ਉਹ ਸੀ.ਆਈ.ਏ ਪਟਿਆਲਾ ਤੋਂ ਬੋਲ ਰਿਹਾ ਹੈ ਅਤੇ ਗੁਰਪ੍ਰੀਤ ਸਿੰਘ ਨੂੰ ਨਸ਼ਾ ਵੇਚਣ ਦੇ ਸ਼ੱਕ 'ਤੇ ਫੜ੍ਹਿਆ ਹੈ ਅਤੇ ਛੁਡਾਉਣ ਵਾਸਤੇ 20 ਹਜ਼ਾਰ ਰੁਪਏ ਦੀ ਮੰਗ ਕੀਤੀ, ਜੋ ਫਿਰ ਫੋਨ ਆਇਆ ਅਤੇ ਉਸ ਨੇ ਪੈਸੇ ਦੇਣ ਸਬੰਧ ਹਾਂ ਕਰ ਦਿੱਤੀ, ਜੋ ਪੈਸੇ ਲੈ ਕੇ ਉਸ ਵਿਅਕਤੀ ਦੇ ਕਹਿਣ ਅਨੁਸਾਰ ਐਸ.ਐਸ.ਟੀ. ਨਗਰ ਸਾਹਮਣੇ ਇਕਬਾਲ ਇੰਨ ਹੋਟਲ ਪੁੱਜ ਗਈ, ਜੋ ਕੁੱਝ ਸਮੇਂ ਬਾਅਦ 2 ਅਣਪਛਾਤੇ ਲੜਕੇ ਮੋਟਰਸਾਈਕਲ 'ਤੇ ਆਏ ਅਤੇ ਕਿਹਾ ਕਿ ਉਹਨਾਂ ਨੂੰ ਮੁਲਾਜ਼ਮ ਸੰਦੀਪ ਬਾਂਊਸਰ ਨੇ ਪੈਸੇ ਲੈਣ ਲਈ ਭੇਜਿਆ ਹੈ, ਜੋ ਉਸ ਨੇ 20 ਹਜਾਰ ਰੁਪਏ ਦੇ ਦਿੱਤੇ ਅਤੇ ਆਪਣੇ ਲੜਕੇ ਦਾ ਮੋਬਾਇਲ ਫੋਨ ਲੈ ਲਿਆ, ਜੋ ਕੁੱਝ ਸਮੇਂ ਬਾਅਦ ਉਸ ਦਾ ਲੜਕਾ ਪੈਦਲ ਉਸ ਪਾਸ ਆਇਆ, ਜਿਸਨੇ ਦੱਸਿਆ ਕਿ ਉਹ ਐਸ.ਐਸ.ਟੀ. ਨਗਰ ਪਟਿਆਲਾ ਦੇ ਮੇਨ ਮਾਰਕੀਟ ਵਿੱਚ ਖੜ੍ਹਾ ਸੀ ਤਾਂ ਸੰਦੀਪ ਅਤੇ ਬਿੱਟੂ ਨਾਮ ਦੇ ਲੜਕੇ ਨੇ ਆਪਣੇ ਆਪ ਨੂੰ ਸੀ.ਆਈ.ਏ. ਦਾ ਮੁਲਾਜ਼ਮ ਦੱਸ ਕੇ ਉਸ ਨੂੰ ਧੱਕੇ ਨਾਲ ਸਕੂਟਰੀ 'ਤੇ ਬਿਠਾ ਲਿਆ ਤੇ ਛੋਟੀ ਨਦੀ ਪਟਿਆਲਾ ਕੋਲ ਜਾ ਕੇ ਕੁੱਟਮਾਰ ਕਰਕੇ ਮੋਬਾਇਲ ਫੋਨ ਅਤੇ 2500/ 2600 ਰੁਪਏ ਖੋਹ ਕਰ ਲਏ, ਜੋ ਬਾਅਦ ਵਿੱਚ ਪੜਤਾਲ ਕਰਨ 'ਤੇ ਪਤਾ ਲੱਗਾ ਕਿ ਸੰਦੀਪ ਨਾਮ ਦਾ ਲੜਕਾ ਮੁਲਾਜ਼ਮ ਨਹੀਂ ਹੈ, ਜਿਸਨੇ ਆਪਣੇ ਸਾਥੀਆਂ ਨਾਲ ਮਿਲ ਕੇ ਇਸ ਵਾਰਦਾਤ ਨੂੰ ਅੰਜ਼ਾਮ ਦਿੱਤਾ ਹੈ। ਪੁਲਿਸ ਨੇ ਧਾਰਾ 308(2), 205,140(3),304, 115(2), 61(2) ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

# ਪਤੀ-ਪਤਨੀ 'ਤੇ ਕੀਤਾ ਹਮਲਾ, ਕੇਸ ਦਰਜ

ਪਟਿਆਲਾ, 27 ਮਈ (ਵਿਨੋਦ ਸ਼ਰਮਾ) : ਥਾਣਾ ਸਦਰ ਪਟਿਆਲਾ ਪੁਲਿਸ ਕੋਲ ਦਲਵਿੰਦਰ ਸਿੰਘ ਪੁੱਤਰ ਗੁਰਮੇਲ ਸਿੰਘ ਵਾਸੀ ਪਿੰਡ ਦੌਣ ਕਲਾਂ ਨੇ ਕਥਿਤ ਦੋਸ਼ੀਆਂ ਤੇਜਿੰਦਰ ਸਿੰਘ ਫੌਜੀ ਅਤੇ 7/8 ਅਣਪਛਾਤੇ ਵਿਅਕਤੀ ਆਂ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਹ ਆਪਣੇ ਖੇਤਾਂ ਤੋਂ ਟਰੈਕਟਰ 'ਤੇ ਸਵਾਰ ਹੋ ਕੇ ਘਰ ਆ ਰਿਹਾ ਸੀ, ਜਦੋਂ ਘਰ ਦੇ ਮੇਨ ਗੇਟ ਪਾਸ ਪੁੱਜਾ ਤਾ ਪਿੱਛੋ ਇੱਕ ਥਾਰ ਅਤੇ ਇੱਕ ਸਵਿੱਫਟ ਕਾਰ 'ਤੇ ਸਵਾਰ ਹੋ ਕੇ ਅਣਪਛਾਤੇ ਵਿਅਕਤੀ ਆਏ, ਜਿਹਨਾਂ ਦੇ ਹੱਥਾਂ ਵਿੱਚ ਰਾਡਾਂ ਤੇ ਕ੍ਰਿਪਾਨਾਂ ਸੀ, ਜਿਨ੍ਹਾਂ ਨੇ ਉਸ ਨੂੰ ਘੇਰ ਕੇ ਸੜਕ 'ਤੇ ਸੁੱਟ ਲਿਆ ਅਤੇ ਉਸ ਦੇ ਰੌਲਾ ਪਾਉਣ 'ਤੇ ਉਸ ਦੀ ਪਤਨੀ ਹਰਪ੍ਰੀਤ ਕੌਰ ਅਤੇ ਦੋਨੋਂ ਬੱਚੇ ਬਾਹਰ ਆਏ ਤਾਂ ਜਦੋਂ ਉਸ ਦੀ ਪਤਨੀ ਨੇ ਛੁਡਾਉਣ ਦੀ ਕੋਸ਼ਿਸ਼ ਕੀਤੀ ਤਾਂ ਕਥਿਤ ਦੋਸ਼ੀਆਂ ਨੇ ਉਸ ਦੇ ਵੀ ਰਾਡਾਂ ਨਾਲ ਵਾਰ ਕੀਤੇ ਅਤੇ ਜਦੋਂ ਬੱਚੇ ਅੱਗੇ ਆਏ ਤਾਂ ਇੱਕ ਵਿਅਕਤੀ ਨੇ ਆਪਣੇ ਡੱਬ ਵਿੱਚੋਂ ਰਿਵਾਲਵਰ ਕੱਢ ਕੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ। ਅਣਪਛਾਤੇ ਵਿਅਕਤੀ ਜਾਂਦੇ ਹੋਏ ਇਹ ਕਹਿ ਗਏ ਕਿ ਉਨ੍ਹਾਂ ਨੂੰ ਤੇਜਿੰਦਰ ਸਿੰਘ ਫੌਜੀ ਨੇ ਭੇਜਿਆ ਹੈ। ਉਸ ਅਤੇ ਉਸਦੀ ਪਤਨੀ ਜੇਰੇ ਇਲਾਜ ਰਾਜਿੰਦਰਾ ਹਸਪਤਾਲ ਪਟਿਆਲਾ ਦਾਖਲ ਹਨ। ਪੁਲਿਸ ਨੇ ਧਾਰਾ 109, 118(1), 115(2), 191(3), 190, 351(1, 3), 61(2) ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

# ਪੁਲਿਸ ਵੱਲੋਂ ਪਿੰਡ ਮੁਰਾਦਪੁਰਾ 'ਚ ਛਾਪਾ

## ਔਰਤ ਸਮੇਤ ਦੋ ਲੋਕਾਂ ਨੂੰ ਕੀਤਾ ਰਾਊਂਡਅੱਪ



ਸਮਾਣਾ, 27 ਮਈ (ਵਿਜੇ ਕੁਮਾਰ) : ਪੰਜਾਬ ਪੁਲਿਸ ਵੱਲੋਂ ਨਸ਼ਿਆ ਵਿਰੁੱਧ ਚਲਾਏ ਜਾ ਰਹੇ 'ਯੁੱਧ ਨਸ਼ਿਆ ਵਿਰੁੱਧ' ਅਭਿਆਨ ਤਹਿਤ ਸਮਾਣਾ ਪੁਲਸ ਨੇ ਸ਼ਹਿਰ ਦੇ ਨਾਲ ਲਗਦੇ ਪਿੰਡ ਮੁਰਾਦਪੁਰਾ ਵਿਖੇ ਸੈਂਕੜੇ ਪੁਲਸ ਮੁਲਾਜ਼ਮਾਂ ਨੂੰ ਨਾਲ ਲੈ ਕੇ ਘਰ-ਘਰ ਦੀ ਤਲਾਸ਼ੀ ਲਈ। ਇਸ ਦੌਰਾਨ ਜ਼ਿਆਦਾਤਰ ਪ੍ਰੀਵਾਰਾਂ ਦੇ ਮੈਂਬਰ ਘਰਾਂ ਤੋਂ ਗਾਇਬ ਮਿਲੇ। ਰੇਡ ਦੌਰਾਨ ਸਿਟੀ ਪੁਲਸ ਮੁਖੀ ਗੁਰਵੀਰ ਸਿੰਘ ਦੀ ਅਗਵਾਈ 'ਚ ਕਈ ਸਬ-ਇੰਸਪੈਕਟਰ, ਮਹਿਲਾ ਪੁਲਿਸ ਅਧਿਕਾਰੀ, ਏ.ਐਸ.ਆਈ. ਸਣੇ ਦਰਜ਼ਨਾਂ ਪੁਲਿਸ ਕਰਮਚਾਰੀ ਸ਼ਾਮਲ ਸਨ। ਪੁਲਿਸ ਅਧਿਕਾਰੀ ਨੇ ਦੱਸਿਆ ਕਿ ਨਸ਼ੇ ਦੇ ਹਾਟਸਪਾਟ ਬਣੇ ਇਸ ਪਿੰਡ ਅਤੇ ਇਲਾਕੇ ਦੀ ਲਗਾਤਾਰ ਤਲਾਸ਼ੀ ਲਈ ਜਾ ਰਹੀ ਹੈ। ਅੱਜ ਵੀ ਇਸ ਰੇਡ ਦੌਰਾਨ ਇਕ ਔਰਤ ਸਣੇ ਦੋ ਲੋਕਾਂ ਨੂੰ ਪੁਛਗਿੱਛ ਲਈ ਰਾਊਂਡਅੱਪ ਕੀਤਾ ਗਿਆ।

# ਬਾਲ ਮਜ਼ਦੂਰੀ ਸਬੰਧੀ ਸ਼ਿਕਾਇਤਾਂ ਦਾ ਤੁਰੰਤ ਨਿਪਟਾਰਾ ਕੀਤਾ ਜਾਵੇ : ਨਵਰੀਤ ਕੌਰ ਸੇਖੋਂ



ਪਟਿਆਲਾ, 27 ਮਈ (ਚ.ਨ.ਸ.) : ਵਧੀਕ ਡਿਪਟੀ ਕਮਿਸ਼ਨਰ (ਅਰਬਨ) ਨਵਰੀਤ ਕੌਰ ਸੇਖੋਂ ਦੀ ਪ੍ਰਧਾਨਗੀ ਹੇਠ ਅੱਜ ਇੱਥੇ ਬਾਲ ਮਜ਼ਦੂਰੀ ਐਕਟ ਅਧੀਨ ਜ਼ਿਲ੍ਹਾ ਪੱਧਰ 'ਤੇ ਬਣਾਈ ਟਾਸਕ ਫੋਰਸ ਦੀ ਬੈਠਕ ਆਯੋਜਿਤ ਕੀਤੀ ਗਈ। ਉਹਨਾਂ ਅਧਿਕਾਰੀਆਂ ਨੂੰ ਬਾਲ ਮਜ਼ਦੂਰੀ ਐਕਟ ਦੀ ਉਲੰਘਣਾ ਕਰਨ ਵਾਲਿਆਂ 'ਤੇ ਸਖ਼ਤ ਕਾਰਵਾਈ ਕਰਨ ਦੀ ਹਦਾਇਤ ਕੀਤੀ । ਉਹਨਾਂ ਕਿਹਾ ਕਿ ਬਾਲ ਮਜ਼ਦੂਰੀ, ਬਾਲ ਭਿਖਿਆ ਅਤੇ ਬਾਲ ਵਿਆਹ ਸਬੰਧੀ ਕੋਈ ਵੀ ਸ਼ਿਕਾਇਤਾਂ ਪ੍ਰਾਪਤ ਹੁੰਦੀਆਂ ਹਨ ਤਾਂ ਉਹਨਾਂ ਸ਼ਿਕਾਇਤਾਂ ਦਾ ਪਹਿਲ ਦੇ ਅਧਾਰ 'ਤੇ ਬਿਨ੍ਹਾਂ ਕਿਸੇ ਦੇਰੀ ਤੋਂ ਨਿਪਟਾਰਾ ਕੀਤਾ ਜਾਵੇ। ਇਸ ਮੌਕੇ ਉਹਨਾਂ ਦੇ ਨਾਲ ਸਹਾਇਕ ਲੇਬਰ ਕਮਿਸ਼ਨਰ ਜਸਬੀਰ ਸਿੰਘ ਖਰੌੜ ਵੀ ਮੌਜੂਦ ਸਨ। ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਨੇ ਵੱਖ-ਵੱਖ ਵਿਭਾਗਾਂ ਦੀ ਕਾਰਗੁਜ਼ਾਰੀ ਦਾ ਜਾਇਜ਼ਾ ਲੈਂਦਿਆਂ ਸਖ਼ਤ ਨਿਰਦੇਸ਼ ਦਿੱਤੇ ਕਿ ਹਰੇਕ ਵਿਭਾਗ ਦੀ ਇਹ ਜਿੰਮੇਵਾਰੀ ਹੈ ਕਿ ਉਹ ਬੱਚਿਆਂ ਦੇ ਹੱਕਾਂ ਦੀ ਰਾਖੀ ਅਤੇ ਉਹਨਾਂ ਦੀ ਬਿਹਤਰੀ ਲਈ ਨਿਰੰਤਰ ਕੰਮ ਕਰੇ । ਉਹਨਾਂ ਇਹ ਵੀ ਕਿਹਾ ਕਿ ਬਾਲ ਮਜ਼ਦੂਰੀ ਵਰਗੀਆਂ ਸਮਾਜਿਕ ਬੁਰਾਈਆਂ ਨੂੰ ਖ਼ਤਮ ਕਰਨ ਲਈ ਵਿਭਾਗਾਂ ਦਰਮਿਆਨ ਪਰਸਪਰ ਸਹਿਯੋਗ ਬਹੁਤ ਜ਼ਰੂਰੀ ਹੈ । ਇਸ ਮੌਕੇ ਲੇਬਰ ਕਮਿਸ਼ਨਰ ਜਸਬੀਰ ਸਿੰਘ ਖਰੌੜ ਨੇ ਜਾਣਕਾਰੀ ਦਿੱਤੀ ਕਿ ਬਾਲ ਮਜ਼ਦੂਰੀ ਨੂੰ ਰੋਕਣ ਲਈ ਲਗਾਤਾਰ ਛਾਪੇਮਾਰੀ ਕੀਤੀ ਜਾ ਰਹੀ ਹੈ ਅਤੇ ਹੈਲਪਲਾਈਨ ਨੰਬਰ 1098 'ਤੇ ਆ ਰਹੀਆਂ ਸ਼ਿਕਾਇਤਾਂ ਨੂੰ ਤੁਰੰਤ ਨਿਪਟਾਇਆ ਜਾ ਰਿਹਾ ਹੈ । ਉਹਨਾਂ ਦੱਸਿਆ ਕਿ ਹੁਣ ਤੱਕ ਜ਼ਿਲ੍ਹਾ ਟਾਸਕ ਫੋਰਸ ਕਮੇਟੀ ਵੱਲੋਂ ਹੁਣ ਤੱਕ 23 ਥਾਵਾਂ ਤੇ ਛਾਪੇਮਾਰੀ ਕੀਤੀ ਗਈ ਜਿਸ ਤੇ ਕਾਰਵਾਈ ਕੀਤੀ ਜਾ ਚੁੱਕੀ ਹੈ। ਸਹਾਇਕ ਲੇਬਰ ਕਮਿਸ਼ਨਰ ਨੇ ਇੰਸਪੈਕਟਰਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਕਿ ਉਹ ਬਿਨਾਂ ਰੁਕਾਵਟ ਵੱਧ ਤੋਂ ਵੱਧ ਥਾਵਾਂ ਤੇ ਛਾਪੇਮਾਰੀ ਕਰਨ ਤਾਂ ਜੋ ਉਹਨਾਂ ਥਾਵਾਂ ਦੀ ਪਛਾਣ ਕੀਤੀ ਜਾ ਸਕੇ ਜਿੱਥੇ ਬਾਲ ਮਜ਼ਦੂਰੀ ਦੇ ਮਾਮਲੇ ਹੋ ਸਕਦੇ ਹਨ । ਉਹਨਾਂ ਕਿਹਾ ਕਿ ਸਮਾਜ ਵਿੱਚ ਬਾਲ ਮਜ਼ਦੂਰੀ ਦੀ ਬੁਰਾਈ ਨੂੰ ਜੜ੍ਹ ਤੋਂ ਖ਼ਤਮ ਕਰਨ ਲਈ ਜ਼ਰੂਰੀ ਹੈ ਕਿ ਬੱਚਿਆਂ ਦੀ ਸੁਰੱਖਿਆ ਲਈ ਬਣਾਏ ਕਾਨੂੰਨਾਂ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਵੇ । ਇਸ ਮੌਕੇ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਦੇ ਪ੍ਰਤੀਨਿਧੀ ਰਣਜੀਤ ਕੌਰ ਨੇ ਦੱਸਿਆ ਕਿ ਬਾਲ ਵਿਆਹ ਸਬੰਧੀ ਅਜੇ ਤੱਕ ਕੋਈ ਵੀ ਕੇਸ ਪ੍ਰਾਪਤ ਨਹੀ ਹੋਇਆ । ਇਸ ਮੌਕੇ ਬਾਲ ਸੁਰੱਖਿਆ ਵਿਭਾਗ, ਸਿਹਤ ਵਿਭਾਗ ਅਤੇ ਸਿੱਖਿਆ ਵਿਭਾਗ ਦੇ ਅਧਿਕਾਰੀ ਅਤੇ ਕਰਮਚਾਰੀ ਸ਼ਾਮਲ ਸਨ ।

# ਗੁਰਜੀਤ ਸਿੰਘ ਉੱਪਲੀ ਦੀ ਅਗਵਾਈ ਹੇਠ ਹੋਈ ਅਕਾਲੀ ਵਰਕਰਾਂ ਦੀ ਮੀਟਿੰਗ

## ਪ੍ਰੋ. ਚੰਦੂਮਾਜਰਾ ਅਤੇ ਕਰਤਾਰਪੁਰ ਮੈਂਬਰ ਸ਼੍ਰੋਮਣੀ ਕਮੇਟੀ ਪਹੁੰਚੇ



ਭੁਨਰਹੇੜੀ, 27 ਮਈ (ਗੁਰਜੀਤ ਸਿੰਘ ਢੋਟ) : ਅੱਜ ਸਰਕਲ ਭੁਨਰਹੇੜੀ ਦੇ ਅਕਾਲੀ ਵਰਕਰਾਂ ਦੀ ਮੀਟਿੰਗ ਗੁਰਜੀਤ ਸਿੰਘ ਉੱਪਲੀ ਦੀ ਅਗਵਾਈ ਹੇਠ ਪਿੰਡ ਸ੍ਰੀ ਨਗਰ ਸ: ਭਰਭੂਰ ਸਿੰਘ ਦੇ ਘਰ ਹੋਈ। ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਪ੍ਰੋ: ਪ੍ਰੇਮ ਸਿੰਘ ਚੰਦੂਮਾਜਰਾ ਅਤੇ ਜਰਨੈਲ ਸਿੰਘ ਕਰਤਾਰਪੁਰ ਮੈਂਬਰ ਸ਼੍ਰੋਮਣੀ ਕਮੇਟੀ ਪਹੁਚੇ। ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰੋ: ਪ੍ਰੇਮ ਸਿੰਘ ਚੰਦੂਮਾਜਰਾ ਨੇ ਸ੍ਰੀ ਅਕਾਲ ਤਖ਼ਤ ਦੀ ਫਸੀਲ ਤੋਂ ਹੋਏ 2 ਦਸੰਬਰ ਵਾਲੇ ਹੁਕਮਨਾਮੇ ਨੂੰ ਮੰਨਕੇ ਪੰਜ ਮੈਂਬਰੀ ਕਮੇਟੀ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਕਰ ਰਹੀ ਹੈ। ਵਿੱਚ ਯੋਗਦਾਨ ਪਾਉਣ ਦੀ ਅਪੀਲ ਕੀਤੀ। ਕਿਹਾ ਕਿ ਹਰ ਸਿੱਖ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮ ਨੂੰ ਮੰਨਣਾ ਪਹਿਲਾਂ ਸਿਧਾਂਤ ਹੈ। ਅਕਾਲੀ ਦਲ 1920 ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਸਦਕਾ ਹੀ ਬਣਿਆ ਸੀ, ਜਿਸ ਦਾ ਮੁੱਢਲਾ ਫਰਜ਼ ਸਿੱਖ ਸਿਧਾਂਤਾਂ 'ਤੇ ਪਹਿਰਾ ਦੇਣਾ ਅਤੇ ਗੁਰੂ ਘਰਾਂ ਦਾ ਰਖਿਆ ਕਵਚ ਬਣਕੇ ਪਹਿਰਾ ਦੇਣਾ ਹੈ। ਹੁਣ ਵੀ ਅਕਾਲੀ ਦਲ ਦੀ ਚੋਣ ਦਾ ਹੁਕਮ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਇਆ ਹੈ ਇਸ ਲਈ ਹਲਕਾ ਸਨੌਰ ਦੇ ਵਰਕਰ ਘਰ ਘਰ ਜਾ ਕੇ ਅਧਾਰ ਕਾਰਡ ਨੰਬਰ ਭਰਕੇ ਹਰ ਅਕਾਲੀ ਸੋਚ ਵਾਲੇ ਦੀ ਸਹਿਮਤੀ ਨਾਲ ਭਰਤੀ ਕਰਨ ਤਾਂ ਕਿ ਜਲਦੀ ਤੋਂ ਜਲਦੀ ਭਰਤੀ ਪ੍ਰਕਿਰਿਆ ਨੇਪਰੇ ਚੜ ਸਕੇ ਅਤੇ ਪੰਥ ਪੰਜਾਬ ਨੂੰ ਭਾਵਨਾ ਅਨੁਸਾਰ ਇੱਕ ਚੰਗਾ ਪ੍ਰਧਾਨ ਅਤੇ ਜਥੇਬੰਦੀਆਂ ਦਿੱਤੀ ਜਾ ਸਕੇ। ਇਸ ਮੌਕੇ ਜਰਨੈਲ ਸਿੰਘ ਕਰਤਾਰਪੁਰ, ਜਗਜੀਤ ਸਿੰਘ ਕੋਹਲੀ,ਹਰਦੇਵ ਸਿੰਘ ਭੰਗੂ, ਗੁਰਜੀਤ ਸਿੰਘ ਉੱਪਲੀ, ਸ਼ੇਰ ਸਿੰਘ, ਮਹਿੰਦਰ ਸਿੰਘ ਪੰਜੇਟਾ, ਸ,: ਭਰਭੂਰ ਸਿੰਘ ਸ੍ਰੀ ਨਗਰ, ਨਿਰਮਲ ਸਿੰਘ ਖਾਕਟਾਂ, ਜੋਗਾ ਸਿੰਘ ਸ਼ਾਦੀਪੁਰ,ਰਾਮ ਸਿੰਘ ਨੈਣਾ, ਨਿਰਮਲ ਸਿੰਘ ਭੱਟੀਆਂ, ਜਸਵਿੰਦਰ ਸਿੰਘ ਚੰਦੀ, ਪੂਰਨ ਕਾਠਗੜ੍ਹ , ਸੁੱਚਾ ਸਿੰਘ ਖਾਕਟਾਂ, ਸਾਹਬ ਸਿੰਘ ਧਾਂਦੀਆ, ਹਰਚੰਦ ਸਿੰਘ ਮਹਿਮੂਦ ਪੁਰ, ਹਰਬੰਸ ਸਿੰਘ ਬਹਿਲ, ਰਜਿੰਦਰ ਬਾਵਾ, ਲਖਵਿੰਦਰ ਸਾਸਤਰੀ ਮਨਜੀਤ ਸਿੰਘ ਉੱਪਲੀ, ਸਰਬਜੀਤ ਸਿੰਘ ਠਾਕੁਰ ਗੜ੍ਹ ਆਦਿ ਹਾਜ਼ਰ ਸਨ।

# ਸੈਂਟ ਪੀਟਰਜ਼ ਅਕੈਡਮੀ ਦੇ ਲੋਵੰਸ਼ ਮਲਹੋਤਰਾ ਨੇ ਸਿਲਵਰ ਮੈਡਲ ਜਿੱਤਿਆ



ਪਟਿਆਲਾ, 27 ਮਈ (ਚ.ਨ.ਸ.) : 7ਵੀਂ ਪੰਜਾਬ ਜੂਡੋ ਕਰਾਟੇ ਅਤੇ ਤਾਇਕਵਾਂਡੋ ਚੈਂਪੀਅਨਸ਼ਿਪ ਦੌਰਾਨ ਚੰਗਾ ਪ੍ਰਦਰਸ਼ਨ ਕਰਦੇ ਹੋਏ ਸੈਂਟ ਪੀਟਰਜ਼ ਅਕੈਡਮੀ ਪਟਿਆਲਾ ਦੇ ਲੋਵੰਸ਼ ਮਲਹੋਤਰਾ ਨੇ 15 ਸਕੂਲਾਂ ਦੇ ਵਿਦਿਆਰਥੀਆਂ ਨੂੰ ਹਰਾਕੇ ਸਿਲਵਰ ਮੈਡਲ ਪ੍ਰਾਪਤ ਕੀਤਾ। ਲੋਵੰਸ਼ ਮਲਹੋਤਰਾ ਨੇ ਆਪਣੇ ਸਕੂਲ ਦੇ ਪ੍ਰਿੰਸੀਪਲ, ਸਟਾਫ ਮੈਂਬਰਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਮੈਦਾਨ ਵਿੱਚ ਜਾਕੇ ਡਰ ਖ਼ਤਮ ਹੁੰਦੇ ਅਤੇ ਜਿੱਤਣ ਦਾ ਜੋਸ਼, ਹਿੰਮਤ, ਜ਼ਿੰਦਾਦਿਲੀ, ਹੌਂਸਲੇ ਬੁਲੰਦ ਹੋ ਜਾਂਦੇ ਹਨ। ਉਨ੍ਹਾਂ ਵੱਲੋਂ ਆਪਣੇ ਅਧਿਆਪਕਾਂ ਅਤੇ ਮਾਪਿਆਂ ਦੇ ਅਸ਼ੀਰਵਾਦ ਨਾਲ, ਆਉਣ ਵਾਲੀਆਂ ਖੇਡ ਚਨੌਤੀਆਂ ਨੂੰ ਜਿੱਤਣ ਦੀ ਤਿਆਰੀ ਹਰ ਰੋਜ਼ 60 ਮਿੰਟ ਗਰਾਊਂਡ ਵਿੱਚ ਜਾਕੇ ਪਸੀਨਾ ਵਹਾਉਣ ਦੇ ਯਤਨ ਨਿਰੰਤਰ ਜਾਰੀ ਰੱਖੇ ਜਾਣਗੇ।

# ਪੁਲਿਸ ਵੱਲੋਂ ਨਸ਼ੀਲਾ ਪਾਊਡਰ ਬ੍ਰਾਮਦ


ਪਟਿਆਲਾ, 27 ਮਈ (ਵਿਨੋਦ ਸ਼ਰਮਾ) : ਥਾਣਾ ਲਾਹੌਰੀ ਗੇਟ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਵਿਕਰਮ ਸਿੰਘ ਵਾਸੀ ਚੰਗਾਲੀ ਵਾਲਾ ਥਾਣਾ ਲਹਿਰਾ ਜ਼ਿਲ੍ਹਾ ਸੰਗਰੂਰ ਵਿਰੁੱਧ ਧਾਰਾ 22, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ।ਏ.ਐਸ.ਆਈ. ਤੇਜਿੰਦਰ ਸਿੰਘ ਸਮੇਤ ਪੁਲਿਸ ਪਾਰਟੀ ਐਸ.ਐਸ.ਟੀ. ਨਗਰ ਪਟਿਆਲਾ ਮੌਜੂਦ ਸੀ, ਜੋ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 10 ਗ੍ਰਾਮ ਨਸ਼ੀਲਾ ਪਾਊਡਰ ਬ੍ਰਾਮਦ ਹੋਇਆ।

# ਨੌਜਵਾਨ ਰਾਜਨੀਤੀ ਤੋਂ ਉੱਪਰ ਉੱਠ ਕੇ ਨਸ਼ਿਆਂ ਵਿਰੁੱਧ ਲਾਮਬੰਦ ਹੋਣ : ਪਰਮਿੰਦਰ ਭਲਵਾਨ, ਗਗਨਦੀਪ ਬਾਜਵਾ



ਪਟਿਆਲਾ, 27 ਮਈ (ਚ.ਨ.ਸ.) : ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ,ਯੁਵਕ ਸੇਵਾਵਾਂ ਪਾਵਰ ਹਾਊਸ ਯੂਥ ਕਲੱਬ ਰਣਜੀਤ ਨਗਰ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਵੱਲੋਂ ਨਾਭਾ ਪਾਵਰ ਲਿਮ: ਥਰਮਲ ਰਾਜਪੁਰਾ ਦੇ ਸਹਿਯੋਗ ਨਾਲ ਅਤੇ ਨਾਭਾ ਪਾਵਰ ਲਿਮਟਿਡ ਦੇ ਪਲਾਟ ਹੈਡ ਸੁਰੇਸ਼ ਕੁਮਾਰ ਨਾਰੰਗ ਦੀ ਸਰਪ੍ਰਸਤੀ ਅਤੇ ਸੀ ਐਸ ਹੈਡ ਗਗਨਵੀਰ ਸਿੰਘ ਚੀਮਾ ਦੀ ਅਗਵਾਈ ਹੇਠ ਨਸ਼ਾ ਮੁਕਤ ਭਾਰਤ ਅਭਿਆਨ ਅਤੇ ਪੰਜਾਬ ਸਰਕਾਰ ਵੱਲੋਂ ਕੀਤੀ ਨਸ਼ਿਆਂ ਵਿਰੁੱਧ ਜਾਗਰੂਕਤਾ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਮੁੱਖ ਮਹਿਮਾਨ ਨਾਭਾ ਪਾਵਰ ਲਿਮਟਿਡ ਦੇ ਸੀ ਐਸ ਆਰ ਮੈਨੇਜਰ ਗਗਨਦੀਪ ਸਿੰਘ ਬਾਜਵਾ ਅਤੇ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਮੈਂਬਰ ਜ਼ਿਲ੍ਹਾ ਸਾਝ ਕੇਂਦਰ, ਮੈਂਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ ਨੇ ਸ਼ਿਰਕਤ ਕੀਤੀ, ਪ੍ਰੋਗਰਾਮ ਦੀ ਪ੍ਰਧਾਨਗੀ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤੀ, ਵਿਸ਼ੇਸ਼ ਤੌਰ 'ਤੇ ਲੱਕੀ ਸਰਪੰਚ ਭੰਗੜਣਾ, ਸਟੇਟ ਐਵਾਰਡੀ ਰੁਪਿੰਦਰ ਕੌਰ ਪ੍ਰੋਗਰਾਮ ਅਫਸਰ, ਅੰਮ੍ਰਿਤਪਾਲ ਸਿੰਘ, ਬਲਵਿੰਦਰ ਸਿੰਘ, ਸੁਰਜੀਤ ਸਿੰਘ, ਰੁਦਰਪ੍ਰਤਾਪ ਸਿੰਘ ਪ੍ਰਧਾਨ ਯੂਵਕ ਸੇਵਾਵਾਂ ਕਲੱਬ ਦੀਪ ਨਗਰ, , ਲੱਕੀ ਹਰਦਾਸਪੁਰ ,ਹਰਮਨਜੀਤ ਸਿੰਘ ਰੰਧਾਵਾ ਨੇ ਸ਼ਿਰਕਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਅਤੇ ਨਾਭਾ ਪਾਵਰ ਲਿਮਟਿਡ ਦੇ ਸੀ ਐਸ ਆਰ ਮੈਨੇਜਰ ਗਗਨਦੀਪ ਸਿੰਘ ਬਾਜਵਾ ਨੇ ਕਿਹਾ ਕਿ ਪਿੰਡਾਂ ਦੇ ਨੌਜਵਾਨਾ ਵੱਲੋਂ ਪਬਲਿਕ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਅੱਗੇ ਆਉਣਾ ਸ਼ਲਾਘਾਯੋਗ ਉਪਰਾਲਾ ਹੈ, ਉਹਨਾਂ ਕਿਹਾ ਕਿ ਨੌਜਵਾਨਾਂ ਨੂੰ ਵੱਧ ਤੋਂ ਵੱਧ ਖੇਡਾਂ ਵੱਲ ਰੁਚੀ ਲੈਣੀ ਚਾਹੀਦੀ ਹੈ ਤਾਂ ਜੋ ਉਹਨਾਂ ਦਾ ਸ਼ਰੀਰ ਤੰਦਰੁਸਤ ਰਹੇ। ਇਸ ਮੌਕੇ ਸਟੇਟ ਐਵਾਰਡੀ ਰੁਪਿੰਦਰ ਕੌਰ ਅਤੇ ਰੁਦਰਪ੍ਰਤਾਪ ਸਿੰਘ ਵਲੋਂ ਪਬਲਿਕ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਡਰੱਗ ਫਰੀ ਵਰਲਡ ਕੈਲੋਫੋਰਨੀਆ ਵੱਲੋਂ ਕਿਤਾਬਾਂ ਵੀ ਵੰਡੀਆਂ ਗਈਆਂ।


# ਮਹਿੰਦਰਾ ਕੰਨਿਆ ਮਹਾਂ ਵਿਦਿਆਲਿਆ ਵਿਖੇ ਅੱਖਾਂ ਦੀ ਜਾਂਚ ਦਾ ਕੈਂਪ ਲਗਾਇਆ



ਪਟਿਆਲਾ, 27 ਮਈ (ਚ.ਨ.ਸ.) : ਗੋਇਲਜ਼ ਚੈਰੀਟੇਬਲ ਫਾਊਂਡੇਸ਼ਨ ਟਰੱਸਟ, ਅਗਰਵਾਲ ਸਮਾਜ ਸਭਾ ਅਤੇ ਪਟਿਆਲਾ ਕੰਜ਼ਿਊਮਰਜ਼ ਐਂਡ ਟੈਲੀਫੋਨ ਸਬਸਕ੍ਰਾਈਬਰਜ਼ ਰਜਿਸਟਰਡ ਫੋਰਮ ਜਦੋਂ ਤੋਂ ਇਹ ਹੋਂਦ ਵਿੱਚ ਆਏ ਹਨ, ਸਮਾਜ ਦੇ ਹਿੱਤ ਲਈ ਬਹੁਤ ਕੁਝ ਕਰ ਰਹੇ ਹਨ। ਇਨ੍ਹਾਂ ਐਨ.ਜੀ.ਓਜ਼. ਦੀ ਅਗਵਾਈ ਹੇਠ, ਛੋਟੇ ਬੱਚਿਆਂ ਦੀ ਸਿਹਤ ਲਈ ਖਾਸ ਕਰਕੇ ਉਨ੍ਹਾਂ ਦੀਆਂ ਅੱਖਾਂ ਦੀ ਦੇਖਭਾਲ ਲਈ (ਕਲਾਸ ਪਹਿਲੀ ਤੋਂ ਕਲਾਸ ਪੰਜਵੀਂ ਤੱਕ) ਇੱਕ ਵਿਸ਼ੇਸ਼ ਕੰਮ ਆਪਣੇ ਹੱਥਾਂ ਵਿੱਚ ਲਿਆ ਗਿਆ ਹੈ। ਸਾਡੀਆਂ ਉਪਰੋਕਤ ਐਨਜੀਓਜ਼ ਨੇ ਸਥਾਈ ਤੌਰ 'ਤੇ ਅੱਖਾਂ ਦੀ ਦੇਖਭਾਲ ਦੇ ਮਿਸ਼ਨ ਅਧੀਨ ਪਿਛਲੇ ਸਮੇਂ ਵਿੱਚ ਵੀ ਹਰ ਮਹੀਨੇ ਤਿੰਨ ਅੱਖਾਂ ਦੇ ਚੈੱਕਅੱਪ ਕੈਂਪ ਲਗਾਏ । ਗੈਰ-ਸਰਕਾਰੀ ਸੰਗਠਨਾਂ ਦੇ ਦ੍ਰਿਸ਼ਟੀਕੋਣ ਅਨੁਸਾਰ ਮਹਿੰਦਰਾ ਕੰਨਿਆ ਮਹਾਂ ਵਿਦਿਆਲਿਆ ਵਿਖੇ ਚੌਥਾ ਕੈਂਪ ਲਗਾਇਆ ਗਿਆ, ਜਿੱਥੇ ਕੁੱਲ 155 ਵਿਅਕਤੀਆਂ ਦੀ ਜਾਂਚ ਕੀਤੀ ਗਈ ਅਤੇ ਇਨ੍ਹਾਂ ਵਿੱਚੋਂ 123 ਸਕੂਲ ਦੇ ਛੋਟੇ ਬੱਚੇ ਸਨ ਜਿਨ੍ਹਾਂ ਵਿੱਚੋਂ 10 ਬੱਚਿਆਂ ਦੀ ਨਜ਼ਰ ਬਹੁਤ ਘੱਟ ਸੀ, ਭਾਵੇਂ ਕਿ -5.5 ਦੀ ਗਿਣਤੀ ਵੀ ਸੀ ਪਰ ਉਨ੍ਹਾਂ ਨੂੰ ਕੋਈ ਸ਼ਿਕਾਇਤ ਨਹੀਂ ਸੀ ਕਿਉਂਕਿ ਉਨ੍ਹਾਂ ਨੂੰ ਇਸ ਬਾਰੇ ਪਤਾ ਨਹੀਂ ਸੀ। ਕੈਂਪ ਦੌਰਾਨ, ਜਿੰਦਰਜੀਤ ਕੌਰ ਢਿੱਲੋਂ ਡਾਇਰੈਕਟਰ ਅਤੇ ਪ੍ਰਿੰਸੀਪਲ ਰਿਚਾ ਸ਼ਰਮਾ, ਹੋਰ ਅਧਿਆਪਕਾਂ ਅਤੇ ਸਟਾਫ ਨੇ ਕੈਂਪ ਦੇ ਆਯੋਜਨ ਲਈ ਹਰ ਸੰਭਵ ਮਦਦ ਕੀਤੀ। ਪਟਿਆਲਾ ਦੇ ਮਸ਼ਹੂਰ ਅੱਖਾਂ ਦੇ ਸਰਜਨ ਡਾ. ਅਮਨਦੀਪ ਗਰਗ ਨੇ ਆਪਣੀ ਸਮਰਪਿਤ ਟੀਮ ਸੰਦੀਪ ਗੋਤਮ, ਡਾ. ਦਮਨਜੀਤ ਕੌਰ, ਹਰਸ਼ਦੀਪ ਅਤੇ ਗੁਰਪ੍ਰੀਤ ਕੌਰ ਨਾਲ ਮਿਲ ਕੇ ਸਮਾਜਿਕ ਤੌਰ 'ਤੇ ਇਸ ਕਾਰਜ ਲਈ ਆਪਣੀਆਂ ਸੇਵਾਵਾਂ ਲਈ ਦਿਆਲੂ ਰਹੇ ਹਨ ਅਤੇ ਲੋੜ ਪੈਣ 'ਤੇ ਹੋਰ ਆਰਾਮਦਾਇਕ ਇਲਾਜ ਪ੍ਰਦਾਨ ਕਰਨ ਦਾ ਭਰੋਸਾ ਵੀ ਦਿੱਤਾ ਹੈ। ਇਸ ਮੌਕੇ ਪਵਨ ਗੋਇਲ (ਪ੍ਰਧਾਨ), ਡਾ. ਰਚਨਾ ਕੌਰ ਸਹਾਇਕ ਸਿਵਲ ਸਰਜਨ ਪਟਿਆਲਾ, ਕਰਨਲ ਬੀ.ਐਸ. ਚਾਹਲ (ਸੇਵਾਮੁਕਤ), ਵਿਨੋਦ ਗੋਇਲ, ਆਰ.ਐਸ. ਸਲੂਜਾ, ਮਹੇਸ਼ ਥਾਪਰ, ਡਾ. ਐਨ.ਕੇ. ਸ਼ਰਮਾ, ਰਾਜਪਾਲ ਕੌਰ ਮਸਤ, ਹਰਦੀਪ ਕੌਰ ਅਤੇ ਹੋਰ ਬਹੁਤ ਸਾਰੇ ਲੋਕਾਂ ਨੇ ਹਿੱਸਾ ਲਿਆ।



# ਪਟਿਆਲਾ-ਆਸ/ਪਾਸ



# ਅਕਾਲੀ ਦਲ ਵਾਰਿਸ ਪੰਜਾਬ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਡੀ.ਸੀ. ਨੂੰ ਦਿੱਤਾ ਮੰਗ ਪੱਤਰ

## ਭਾਈ ਅੰਮ੍ਰਿਤਪਾਲ ਸਿੰਘ ਉੱਪਰ ਨਾਜਾਇਜ਼ ਤੌਰ 'ਤੇ ਤੀਸਰੀ ਵਾਰੀ ਐਨ.ਐਸ.ਏ. ਲਗਾਉਣ ਦੀ ਨਿਖੇਧੀ






ਪਟਿਆਲਾ, 27 ਮਈ (ਰੁਪਾਣਾ/ਅਮਰਜੀਤ): ਅੱਜ ਇੱਥੇ ਅਕਾਲੀ ਦਲ ਵਾਰਿਸ ਪੰਜਾਬ ਦੇ ਜ਼ਿਲ੍ਹਾ ਪਟਿਆਲਾ ਦੇ ਆਗੂਆਂ ਤੇ ਵਰਕਰਾਂ ਨੇ ਇੱਕਠੇ ਹੋ ਕੇ ਜਸਵਿੰਦਰ ਸਿੰਘ ਡਰੋਲੀ ਅਤੇ ਭੁਪਿੰਦਰ ਸਿੰਘ ਮਸੀਂਗਣ, ਵਾਰਿਸ ਪੰਜਾਬ ਦੇ ਸੀਨੀਅਰ ਆਗੂ ਸਾਹਿਬਾਨ ਦੀ ਅਗਵਾਈ ਵਿੱਚ ਇਕੱਠੇ ਹੋ ਕੇ ਮਾਰਚ ਕੀਤਾ। ਮਾਰਚ ਵਿੱਚ ਨੌਜਵਾਨਾਂ ਅਤੇ ਬੀਬੀਆਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ। ਵਾਰਿਸ ਪੰਜਾਬ ਵੱਲੋ ਜਾਰੀ ਕੀਤੇ ਬਿਆਨ ਵਿੱਚ ਦੱਸਿਆ ਗਿਆ ਕਿ ਇਹ ਮਾਰਚ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਉਤੇ ਤੀਜੀ ਵਾਰ ਨਾਜਾਇਜ਼ ਵਧਾਏ ਐਨ.ਐਸ.ਏ., ਬੰਦੀ ਸਿੰਘਾਂ ਦੀ ਰਿਹਾਈ ਅਤੇ ਪੰਜਾਬੀਆਂ ਅਤੇ ਪੰਥ ਦੀ ਅਵਾਜ਼ ਨੂੰ ਦਬਾਉਣ ਦੇ ਵਿਰੋਧ ਵਿੱਚ ਕੀਤੇ ਗਏ। ਆਗੂਆਂ ਅਤੇ ਵਰਕਰਾਂ ਨੇ ਕੇਸ਼ਰੀ ਨਿਸ਼ਾਨ ਸਾਹਿਬ ਅਤੇ ਭਾਈ ਅੰਮ੍ਰਿਤਪਾਲ ਸਿੰਘ ਦੀਆਂ ਤਸਵੀਰਾਂ ਵਾਲੇ ਪੋਸਟਰ ਲੈ ਮਾਰਚ ਵਿੱਚ ਸ਼ਾਮਲ ਹੋਏ। ਪਾਰਟੀ ਆਗੂਆਂ ਨੇ ਦੱਸਿਆ ਕਿ ਭਾਈ ਸਾਹਿਬ ਚੋਣ ਜਿੱਤ ਕੇ ਪਾਰਲੀਮੈਂਟ ਵਿੱਚ ਪਹੁੰਚੇ ਹਨ, ਉਨ੍ਹਾਂ ਉਤੇ ਲਗਾਤਾਰ ਐਨ.ਐਸ.ਏ. ਦਾ ਵਾਧਾ ਕਰਨਾ ਸਿਰਫ ਅਤੇ ਸਿਰਫ ਪੰਜਾਬ ਦੀ ਅਵਾਜ਼ ਨੂੰ ਦਬਾਉਣ ਦੇ ਨਾਲ ਨਾਲ ਲੋਕਤੰਤਰ ਦੀ ਹੱਤਿਆ ਹੈ। ਉਨਾ ਕਿਹਾ ਕਿ ਮੁੱਖ ਮੰਤਰੀ ਵੱਲੋ ਭਾਈ ਅਮ੍ਰਿਤਪਾਲ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀ ਰਿਹਾਈ ਨੂੰ ਹਾਲਾਤ ਵਿਗਾੜਨ ਵਾਲਾ ਕਦਮ ਦੱਸਣਾ ਹਕੀਕਤ ਤੋ ਪਰੇ ਹੈ। ਮਾਰਚ ਤੋਂ ਉਪਰੰਤ ਪੰਜਾਬ ਦੇ ਰਾਜਪਾਲ ਨੂੰ ਜ਼ਿਲ੍ਹਾ ਪਟਿਆਲਾ ਦੀ ਡਿਪਟੀ ਕਮਿਸ਼ਨਰ ਰਾਹੀ ਮੰਗ ਪੱਤਰ ਦਿੱਤਾ ਗਿਆ। ਇਸ ਮੌਕੇ ਜਥੇਬੰਦੀ ਦੇ ਸੀਨੀਅਰ ਆਗੂ ਗੁਰਮੋਹਨ ਸਿੰਘ ਮੰਡੋਲੀ, ਗੁਰਜੀਤ ਸਿੰਘ ਜ਼ੋਗੀਪੁਰ, ਸ਼ਰਨਜੀਤ ਸਿੰਘ ਜ਼ੋਗੀਪੁਰ, ਪ੍ਰੋ. ਸਤਨਾਮ ਕੌਰ, ਗੁਰਪ੍ਰੀਤ ਸਿੰਘ ਬਾਰਨ, ਵਰਿੰਦਰ ਸਿੰਘ ਖਾਲਸਾ ਸਨੌਰ, ਕਿਸਾਨ ਆਗੂ ਨਵਦੀਪ ਸਿੰਘ ਜਲਵੇੜਾ, ਬੀਬੀ ਰਾਜਵੰਤ ਕੌਰ ਘੜਾਮ, ਜਗਰੂਪ ਕੌਰ ਬਾਰਨ, ਫੈਡਰੇਸ਼ਨ ਆਗੂ ਇੰਦਰਜੀਤ ਸਿੰਘ ਗੀਠਖੇੜੀ, ਮੁਲਾਜਮ ਆਗੂ ਮਨਜੀਤ ਸਿੰਘ ਚਾਹਲ, ਭੁਪਿੰਦਰ ਸਿੰਘ ਮਸੀਗਣ, ਗੁਰਪ੍ਰੀਤ ਸਿੰਘ ਤੁੜ, ਹਰਪ੍ਰੀਤ ਸਿੰਘ ਹਰਦਾਸਪੁਰ, ਬਲਦੇਵ ਸਿੰਘ ਖਲੀਫੇਵਾਲ, ਮਨਜੀਤ ਸਿੰਘ ਫੱਗਣਮਾਜਰਾ, ਅਰਫ ਬਾਜਵਾ, ਸਰਬਜੀਤ ਸਿੰਘ ਘੜਾਮ, ਹਰਪਾਲ ਸਿੰਘ ਸਰਾਜਪੁਰ, ਯਾਦਵਿੰਦਰ ਸਿੰਘ ਬਕਰਾਹਾ, ਤੇਜਿੰਦਰ ਸਿੰਘ ਖਾਲਸਾ, ਮਨਜੀਤ ਸਿੰਘ ਸਨੌਰ, ਰਣ ਸਿੰਘ ਲੰਗ, ਗੁਰਸ਼ਰਨ ਸਿੰਘ ਥੂਹੀ ਅਤੇ ਭੀਮ ਸਿੰਘ ਲੰਗ ਆਦਿ ਹਾਜ਼ਰ ਸਨ।

## ਨਸ਼ੀਲੀਆਂ ਗੋਲੀਆਂ ਸਣੇ ਔਰਤ ਕਾਬੂ

ਸਮਾਣਾ, 27 ਮਈ (ਵਿਜੇ ਕੁਮਾਰ): ਸਮਾਣਾ ਪੁਲਿਸ ਨੇ ਇੱਕ ਔਰਤ ਨੂੰ 100 ਨਸ਼ੀਲੀਆਂ ਗੋਲੀਆਂ ਸਣੇ ਕਾਬੂ ਕਰਕੇ ਉਸ ਖਿਲਾਫ ਨਸ਼ਾ ਵਿਰੋਧੀ ਐਕਟ ਦੀਆਂ ਧਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਔਰਤ ਦੀ ਪਹਿਚਾਣ ਰਾਜਵੰਤ ਕੌਰ ਨਿਵਾਸੀ ਪਿੰਡ ਮੁਰਾਦਪੁਰਾ ਵਜੋਂ ਹੋਈ। ਸਦਰ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਏ.ਐਸ.ਆਈ. ਸਰਬਜੀਤ ਸਿੰਘ ਨੇ ਪੁਲਸ ਪਾਰਟੀ ਸਣੇ ਪਿੰਡ ਮਿਆਲ ਕਲਾਂ 'ਚ ਗਸ਼ਤ ਦੌਰਾਨ ਮੁਲਜ਼ਮ ਔਰਤ ਵੱਲੋਂ ਨਸ਼ੀਲੀਆਂ ਗੋਲੀਆਂ ਵੇਚਣ ਲਈ ਗਾਹਕ ਦਾ ਇੰਤਜ਼ਾਰ ਕਰਨ ਸਬੰਧੀ ਮਿਲੀ ਸੂਚਨਾ 'ਤੇ ਅਨਾਜ ਮੰਡੀ ਪਿੰਡ ਮਿਆਲ ਕਲਾਂ 'ਚ ਰੇਡ ਕਰਕੇ ਮੁਲਜ਼ਮ ਔਰਤ ਨੂੰ 100 ਖੁੱਲ੍ਹੀਆਂ ਨਸ਼ੀਲੀਆਂ ਗੋਲੀਆਂ ਬਰਾਮਦ ਹੋਣ 'ਤੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ। ਅਧਿਕਾਰੀ ਅਨੁਸਾਰ ਮਾਨਯੋਗ ਅਦਾਲਤ ਦੇ ਮਿਲੇ ਹੁਕਮਾਂ ਤੇ ਮੁਲਜ਼ਮ ਔਰਤ ਨੂੰ ਨਿਆਂਇਕ ਹਿਰਾਸਤ 'ਚ ਜੇਲ੍ਹ ਭੇਜ ਦਿੱਤਾ ਗਿਆ।

# ਪਠਾਣਮਾਜਰਾ ਵੱਲੋਂ ਸਾਰੇ ਕੰਮਾਂ ਨੂੰ ਜੰਗੀ ਪੱਧਰ 'ਤੇ ਸ਼ੁਰੂ ਕਰਨ ਦੇ ਆਦੇਸ਼

## ਹਲਕਾ ਸਨੌਰ ਦੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨਾ ਮੇਰੀ ਵੱਡੀ ਜ਼ਿੰਮੇਵਾਰੀ: ਵਿਧਾਇਕ



ਸਨੌਰ, 27 ਮਈ (ਗੁਰਜੀਤ ਸਿੰਘ ਚੌਟ) : ਹਲਕਾ ਸਨੌਰ ਵਿੱਚ ਖੇਡ ਸਟੇਡੀਅਮ, ਪਾਰਕ, ਛੱਪੜ,ਯਾਦਗਾਰ ਗੇਟ ਅਤੇ ਹੋਰ ਵੱਡੇ ਪੱਧਰ 'ਤੇ ਵਿਕਾਸ ਕਾਰਜਾਂ ਨੂੰ ਲੈਕੇ ਹਲਕਾ ਸਨੌਰ ਦੇ ਵਿਧਾਇਕ ਹਰਮੀਤ ਸਿੰਘ ਪਠਾਣ ਮਾਜਰਾ ਵੱਲੋਂ ਬਲਾਕ ਭੁਨਰਹੇੜੀ ਅਤੇ ਸਨੌਰ ਦੇ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਅਧਿਕਾਰੀਆਂ ਸਮੇਤ ਦੋਵੇਂ ਬਲਾਕਾਂ ਦੇ ਪੰਚਾਂ ਸਰਪੰਚਾਂ ਦੀ ਮੌਜੂਦਗੀ ਵਿੱਚ ਮੀਟਿੰਗ ਕਰਕੇ ਸਾਰੇ ਕੰਮਾਂ ਨੂੰ ਜੰਗੀ ਪੱਧਰ 'ਤੇ ਸ਼ੁਰੂ ਕਰਨ ਦੇ ਆਦੇਸ਼ ਜਾਰੀ ਕੀਤੇ ਗਏ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਆਪਣੇ ਕਰ ਕਮਲਾਂ ਨਾਲ ਅੱਠ ਕਰੋੜ ਰੁਪਏ ਦੇ ਲੱਗਭਗ ਦੀ ਲਾਗਤ ਨਾਲ ਦੁਧਨਸਾਦਾਂ ਵਿਖੇ ਨਵੀਂ ਬਣੀ ਤਹਿਸੀਲ ਦੀ ਇਮਾਰਤ ਦਾ ਉਦਘਾਟਨ ਇੱਕ ਜੂਨ ਨੂੰ ਕਰਨਗੇ। ਉਨ੍ਹਾਂ ਕਿਹਾ ਕਿ ਇਸ ਸਮਾਗ਼ਮ ਆਮ ਆਦਮੀ ਪਾਰਟੀ ਦਾ ਹਰ ਇੱਕ ਵਰਕਰ ਸ਼ਾਮਿਲ ਹੋਵੇਗਾ। ਇਸ ਮੌਕੇ ਸੰਦੀਪ ਸਿੰਘ ਬੀ ਡੀ ਪੀ ਓ ਭੁਨਰਹੇੜੀ , ਮਨਦੀਪ ਸਿੰਘ ਬੀ ਡੀ ਪੀ ਓ ਸਨੌਰ ਅਤੇ ਸਮੂਹ ਸਟਾਫ ਅਤੇ ਵੱਡੀ ਗਿਣਤੀ ਵਿੱਚ ਪੰਚ ਸਰਪੰਚ ਮੌਜੂਦ ਸੀ। ਵਿਧਾਇਕ ਪਠਾਣਮਾਜਰਾ ਨੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਪਿੰਡ ਦੇ ਛੱਪੜ ਦਾ ਸਾਫ ਸਫਾਈ ਅਤੇ ਖੇਡ ਮੈਦਾਨਾਂ ਵੱਲ ਪਹਿਲਾ ਦੇ ਅਧਾਰ ਤੇ ਨਿਰਮਾਣ ਕਰਵਾਇਆ ਜਾਵੇ। ਵਿਧਾਇਕ ਨੇ ਦੱਸਿਆ ਕਿ ਬਲਾਕ ਭੁਨਰਹੇੜੀ ਦੇ 55 ਪਿੰਡਾਂ ਅੰਦਰ ਨਵੇਂ ਖੇਡ ਮੈਦਾਨ ਤਿਆਰ ਕੀਤੇ ਜਾ ਰਹੇ ਹਨ। ਇਸ ਤੋਂ ਇਲਾਵਾ 15ਦੇ ਕ ?ਰੀਬ ਸਟੇਡੀਅਮਾਂ ਨੂੰ ਅਪਡੇਟ ਕਰਕੇ ਖਿਡਾਰੀਆਂ ਨੂੰ ਸਹੂਲਤਾਂ ਦਿੱਤੀਆਂ ਜਾਣਗੀਆਂ। ਉਹਨਾਂ ਕਿਹਾ ਕਿ ਇਸੇ ਤਰ੍ਹਾਂ ਸਨੌਰ ਬਲਾਕ ਅੰਦਰ 46 ਨਵੇਂ ਖੇਡ ਮੈਦਾਨ ਤਿਆਰ ਕਰਨ ਦਾ ਕੰਮ ਚੰਦ ਦਿਨਾਂ ਵਿੱਚ ਸ਼ੁਰੂ ਹੋਣ ਜਾ ਰਿਹਾ ਹੈ। ਇਸ ਦੇ ਨਾਲ ਹੀ ਪਿੰਡ ਮਰਦਾਂਹੇੜੀ ਵਿਖੇ ਪੰਜ ਸਾਲ ਪਹਿਲਾਂ ਦੇਸ਼ ਦੀ ਸੇਵਾ ਕਰਦੇ ਸ਼ਹੀਦ ਹੋਏ ਨੌਜਵਾਨ ਦੀ ਯਾਦ ਵਿੱਚ ਯਾਦਗਾਰ ਗੇਟ ਬਣਾਇਆ ਜਾਵੇਗਾ। ਪੁਰਾਣੇ ਸਟੇਡੀਅਮ ਨੂੰ ਵੀ ਅਪਡੇਟ ਕਰਵਾਉਣ ਲਈ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ। ਐਕਸੀਅਨ ਪੰਚਾਇਤੀ ਰਾਜ ਦੁਆਰਾ ਕਰਵਾਏ ਜਾ ਰਹੇ ਕਾਰਜਾਂ ਦੇ ਪਹਿਲੇ ਪੜਾਅ ਦੀ ਸ਼ੁਰੂਆਤ ਅੱਜ ਕਰ ਦਿੱਤੀ ਗਈ ਹੈ। ਇਸ ਮੀਟਿੰਗ ਮੌਕੇ ਦੋਵੇਂ ਬਲਾਕਾਂ ਦੇ ਪੰਚ ਸਰਪੰਚ ਅਤੇ ਅਹੁਦੇਦਾਰ ਮੌਜੂਦ ਸਨ।

# ਡਾ. ਜਸਵਿੰਦਰ ਸਿੰਘ ਨੇ ਮਾਤਾ ਗੁਜਰੀ ਸਕੂਲ ਵਿਖੇ ਬੱਚਿਆਂ ਨੂੰ ਸਾਇੰਸ ਅਤੇ ਮੈਥ ਦੀ ਵਰਕਸ਼ਾਪ ਕਰਵਾਈ



ਦੇਵੀਗੜ੍ਹ, 27 ਮਈ (ਗੁਰਜੀਤ ਸਿੰਘ ਚੌਟ) : ਅੱਜ ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਸਾਇੰਸ ਅਤੇ ਮੈਥ ਦੇ ਵਿਦਵਾਨ ਡਾ. ਜਸਵਿੰਦਰ ਸਿੰਘ ਹੁਣਾਂ ਦੀ ਵਰਕਸ਼ਾਪ ਕਰਵਾਈ ਗਈ ਜਿਸ ਵਿੱਚ ਉਹਨਾਂ ਨੇ ਆਪਣੀਆਂ ਟਿਪਸ ਤੇ ਟ੍ਰਿਕਸ ਦੇ ਨਾਲ ਬੱਚਿਆਂ ਦੇ ਮਨਾ ਵਿੱਚ ਸਾਇੰਸ ਅਤੇ ਮੈਥ ਦੇ ਪ੍ਰਤੀ ਰੁਚੀ ਪੈਦਾ ਕੀਤੀ । ਜ਼ਿਕਰ ਯੋਗ ਹੈ ਕਿ ਇਹਨਾਂ ਨੇ ਨਵੀਨਤਾਕਾਰੀ ਲੈਬ ਆਨ ਵ੍ਹੀਲ ਪ੍ਰੋਜੈਕਟ ਲਈ ਤਿੰਨ ਵਿਸ਼ਵ ਰਿਕਾਰਡ ਬਣਾਏ ਹਨ। ਇਹਨਾਂ ਨੂੰ ਰਾਸ਼ਟਰੀ ਪੁਰਸਕਾਰ , ਸਿੱਖਿਆ ਰਤਨ, ਏਸ਼ੀਅਨ ਪੁਰਸਕਾਰ, ਰਾਜਪਾਲ ਪੁਰਸਕਾਰ ਅਤੇ ਕਈ ਹੋਰ ਰਾਸ਼ਟਰੀ ਅਤੇ ਰਾਜ ਸਨਮਾਨਾਂ ਸਮੇਤ ਕਈ ਪੁਰਸਕਾਰਾਂ ਦੇ ਨਾਲ ਨਿਵਾਜਿਆ ਗਿਆ ਹੈ। ਡਾ. ਜਸਵਿੰਦਰ ਸਿੰਘ ਨੂੰ ਸਾਬਕਾ ਰਾਸ਼ਟਰਪਤੀ ਦੁਆਰਾ ਵੀ ਸਨਮਾਨਿਤ ਕੀਤਾ ਗਿਆ ਹੈ। ਸਕੂਲ ਦੇ ਛੇਵੀਂ ਤੋਂ ਬਾਰ੍ਹਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਇਸ ਵਰਕਸ਼ਾਪ ਵਿੱਚ ਹਿੱਸਾ ਲਿਆ। ਉਹਨਾਂ ਨੇ ਆਪਣੇ ਟਿਪਸ ਅਤੇ ਟਰਿਕਸ ਦੇ ਨਾਲ ਬੱਚਿਆਂ ਵਿੱਚ ਮੈਥੇਮੈਟਿਕਸ ਅਤੇ ਸਾਇੰਸ ਦੇ ਪ੍ਰਤੀ ਰੁਚੀ ਪੈਦਾ ਕੀਤੀ। ਡਾ. ਸਾਹਿਬ ਨੇ ਬੜੇ ਹੀ ਸੁਚੱਜੇ ਢੰਗ ਨਾਲ ਬੱਚਿਆਂ ਨੂੰ ਜਨਮ ਮਿਤੀ ਅਧਾਰਤ ਉਮਰ ਦਾ ਸਹੀ ਅਨੁਮਾਨ ਲਗਾਉਣ ਦਾ ਫਾਰਮੂਲਾ, ਮਨੁੱਖੀ ਸਰੀਰ ਦੇ ਪਿੰਜਰ ਵਿੱਚ ਹੱਡੀਆਂ ਦੀ ਗਿਣਤੀ, ਸੌਖੇ ਢੰਗ ਨਾਲ ਗਣਿਤ ਦੇ ਫਾਰਮੂਲੇ, ਨਿਤ ਦੇ ਪਹਾੜਿਆਂ ਨੂੰ ਯਾਦ ਕਰਨ ਦੀ ਵਿਧੀ, ਰੋਚਕ ਢੰਗ ਨਾਲ ਫਾਰਮੂਲੇ ਸਹਿਤ ਪਰਿਵਾਰਿਕ ਮੈਂਬਰਾਂ ਦੀ ਗਿਣਤੀ, ਪਾਣੀ ਤੇ ਸੋਡੀਅਮ ਦੀ ਪ੍ਰਕਿਰਿਆ, ਬਿਜਲੀ ਪ੍ਰਵਾਹ, ਪਾਣੀ ਦੀ ਮਹੱਤਤਾ, ਸੰਭਾਲ ਵਿਧੀਆਂ ਤੇ ਧਿਆਨ ਕੇਂਦਰਿਤ ਕਰਨ ਦੀ ਵਿਵਹਾਰਿਕ ਵਿਧੀ ਨੂੰ ਮਿਸਾਲਾਂ ਸਹਿਤ ਬਖੂਬੀ ਢੰਗ ਨਾਲ ਸਮਝਾਇਆ। ਉਹਨਾਂ ਨੇ ਬੱਚਿਆਂ ਅਤੇ ਅਧਿਆਪਕਾਂ ਨੂੰ ਪ੍ਰੇਰਿਤ ਕੀਤਾ। ਉਹਨਾਂ ਦੀ ਪ੍ਰੇਰਨਾ ਸਦਕਾ ਬੱਚਿਆਂ ਨੇ ਪ੍ਰਣ ਕੀਤਾ ਕਿ ਅਸੀਂ ਵੀ ਡਾ. ਜਸਵਿੰਦਰ ਸਿੰਘ ਦੇ ਵਾਂਗ ਆਪਣੇ ਸਕੂਲ ਅਤੇ ਦੇਸ਼ ਦਾ ਨਾਮ ਰੋਸ਼ਨ ਕਰਾਂਗੇ। ਇਸ ਮੌਕੇ 'ਤੇ ਸਕੂਲ ਦੇ ਡਾਇਰੈਕਟਰ ਸਰਦਾਰ ਭੁਪਿੰਦਰ ਸਿੰਘ, ਪ੍ਰੈਜੀਡੈਂਟ ਮੈਡਮ ਰਵਿੰਦਰ ਕੌਰ, ਪ੍ਰਿੰਸੀਪਲ ਸ੍ਰੀਮਤੀ ਮਮਤਾ, ਸਮੂਹ ਸਟਾਫ ਅਤੇ ਸਕੂਲ ਦੇ ਬੱਚੇ ਹਾਜ਼ਰ ਹੋਏ। ਸਕੂਲ ਮੈਨੇਜਮੈਂਟ ਵੱਲੋਂ ਡਾ. ਜਸਵਿੰਦਰ ਸਿੰਘ ਨੂੰ ਸਨਮਾਨ ਚਿੰਨ੍ਹ ਭੇਟ ਕੀਤਾ ਗਿਆ। ਅਖੀਰ ਡਾਇਰੈਕਟਰ ਸਰਦਾਰ ਭੁਪਿੰਦਰ ਸਿੰਘ ਨੇ ਕਿਹਾ ਕਿ ਇਹ ਵਰਕਸ਼ਾਪ ਬੱਚਿਆਂ ਦੀ ਉਚੇਰੀ ਵਿੱਦਿਆ ਲਈ ਲਾਹੇਵੰਦ ਹੋਵੇਗੀ।

## ਨਸ਼ਿਆਂ ਵਿਰੁੱਧ ਲੜਾਈ ਉਦੋਂ ਤੱਕ ਜਾਰੀ ਰਹੇਗੀ, ਜਦੋਂ ਤੱਕ ਪੰਜਾਬ ਨਸ਼ਾ ਮੁਕਤ ਨਹੀਂ ਹੋ ਜਾਂਦਾ : ਜੌੜਾਮਾਜਰਾ



ਸਮਾਣਾ, 27 ਮਈ (ਵਿਜੇ ਕੁਮਾਰ) ਪੰਜਾਬ ਸਰਕਾਰ ਵੱਲੋਂ ਸੂਬੇ 'ਚੋਂ ਨਸ਼ਿਆਂ ਦਾ ਪੂਰਨ ਤੌਰ 'ਤੇ ਖ਼ਾਤਮਾ ਕਰਨ ਲਈ ਚਲਾਈ ਗਈ ਮੁਹਿੰਮ 'ਯੁੱਧ ਨਸ਼ਿਆ ਵਿਰੁੱਧ' ਲੜੀ ਤਹਿਤ ਸਥਾਨਕ ਅਗਰਵਾਲ ਧਰਮਸ਼ਾਲਾ 'ਚ ਪ੍ਰਧਾਨ ਮਦਨ ਮਿੱਤਲ ਦੀ ਅਗਵਾਈ ਵਿਚ ਇਕ ਸੈਮੀਨਾਰ ਕਰਵਾਇਆ ਗਿਆ। ਜਿਸ ਵਿਚ ਮੁੱਖ ਮਹਿਮਾਨ ਵਜੋਂ ਹਲਕਾ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਸ਼ਿਰਕਤ ਕਰਦਿਆਂ ਕਿਹਾ ਕਿ ਭਗਵੰਤ ਮਾਨ ਸਰਕਾਰ ਵੱਲੋਂ ਚਲਾਈ ਜਾ ਰਹੀ ਨਸ਼ਾ ਮੁਕਤੀ ਮੁਹਿੰਮ ਸਮਾਣਾ ਸ਼ਹਿਰ, ਹਲਕੇ ਦੇ ਪਿੰਡਾਂ ਤੇ ਗਲੀਆਂ ਵਿੱਚ ਜਾ ਕੇ ਲੋਕਾਂ ਨੂੰ ਇਸ ਬੁਰਾਈ ਦੇ ਖ਼ਾਤਮੇ ਲਈ ਲਾਮਬੰਦ ਕਰ ਰਹੀ ਹੈ। ਸ. ਜੌੜਾਮਾਜਰਾ ਨੇ ਕਿਹਾ ਕਿ ਸਾਡੀ ਨਸ਼ਿਆਂ ਵਿਰੁੱਧ ਇਹ ਲੜਾਈ ਉਦੋਂ ਤੱਕ ਜਾਰੀ ਰਹੇਗੀ, ਜਦੋਂ ਤੱਕ ਪੰਜਾਬ ਨਸ਼ਾ ਮੁਕਤ ਨਹੀਂ ਹੋ ਜਾਂਦਾ। ਇਸ ਮੌਕੇ ਅਗਰਵਾਲ ਧਰਮਸ਼ਾਲਾ ਕਮੇਟੀ ਪ੍ਰਧਾਨ ਮਦਨ ਮਿੱਤਲ ਨੇ ਸੰਬੋਧਨ ਕਰਦਿਆਂ ਕਿਹਾ ਜਿਹੜੇ ਨੌਜਵਾਨ ਨਸ਼ਿਆਂ ਦੀ ਲਪੇਟ 'ਚ ਹਨ, ਉਨ੍ਹਾਂ ਨੂੰ ਬਾਹਰ ਕੱਢਣਾ ਸਰਕਾਰ ਦਾ ਮੁੱਖ ਮਕਸਦ ਹੈ। ਇਸ ਮੌਕੇ ਕਾਰਜ ਸਾਧਕ ਅਫਸਰ ਬਰਜਿੰਦਰ ਸਿੰਘ, ਆਪ ਆਗੂ ਗੋਪਾਲ ਕ੍ਰਿਸ਼ਨ ਗਰਗ, ਆੜ੍ਹਤੀ ਐਸੋਸੀਏਸ਼ਨ ਪ੍ਰਧਾਨ ਨਰਿੰਦਰ ਅਸਰਪੁਰ, ਕੈਸ਼ੀਅਰ ਪਵਨ ਗਰਗ, ਕੌਂਸਲਰ ਦਰਸ਼ਨ ਮਿੱਤਲ, ਸ਼ਿਵ ਕੁਮਾਰ ਘੱਗਾ, ਮਾਸਟਰ ਜਸਵੀਰ ਸਿੰਘ, ਰਾਜਿੰਦਰ ਪ੍ਰਸ਼ਾਦ(ਹੈਪੀ), ਵੈਦ ਪ੍ਰਕਾਸ਼ ਕਾਂਸਲ, ਦੇਵਕੀ ਨੰਦਨ ਪਟਵਾਰੀ, ਸੁਰਿੰਦਰ ਕਾਮਰੇਡ, ਵਿਸ਼ਾਲ ਜਿੰਦਲ ਅਤੇ ਸਮੂਹ ਮੈਂਬਰ ਅਗਰਵਾਲ ਧਰਮਸਾਲਾ ਕਮੇਟੀ ਮੈਂਬਰ ਹਾਜ਼ਰ ਸਨ।

## ਮਹਿਲਾ ਦੀ ਕੁੱਟਮਾਰ ਕਰਨ 'ਤੇ ਦਿਓਰ ਨਾਮਜ਼ਦ

ਪਟਿਆਲਾ, 27 ਮਈ (ਵਿਨੋਦ ਸ਼ਰਮਾ) : ਥਾਣਾ ਅਨਾਜ ਮੰਡੀ ਪਟਿਆਲਾ ਪੁਲਿਸ ਕੋਲ ਰਣਜੀਤ ਕੌਰ ਪਤਨੀ ਕੁਲਵੰਤ ਸਿੰਘ ਵਾਸੀ ਪਿੰਡ ਕਾਲਵਾ ਨੇ ਕਥਿਤ ਦੋਸ਼ੀਆਂ ਰਾਜ ਸਿੰਘ, ਗੁਰਵਿੰਦਰ ਸਿੰਘ, ਸਰਬਜੀਤ ਕੌਰ ਵਾਸੀ ਪਿੰਡ ਕਾਲਵਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਹ ਆਪਣੇ ਘਰ ਮੌਜੂਦ ਸੀ, ਜੋ ਉਸ ਦੇ ਦਿਉਰ ਰਾਜ ਸਿੰਘ ਅਤੇ ਗੁਰਵਿੰਦਰ ਸਿੰਘ ਉਸ ਨਾਲ ਗਾਲੀ ਗਲੋਚ ਕਰ ਰਹੇ ਸਨ ਅਤੇ ਉਸ ਦੇ ਘਰ ਦਾਖਲ ਹੋ ਕੇ ਤੇਜ਼ਧਾਰ ਹਥਿਆਰ ਨਾਲ ਹਮਲਾ ਕਰਕੇ ਜਾਨੋਂ ਮਾਰਨ ਦੀਆਂ ਧਮਕੀਆਂ ਦੇ ਕੇ ਮੌਕੇ ਤੋਂ ਫਰਾਰ ਹੋ ਗਏ। ਪੁਲਿਸ ਨੇ ਧਾਰਾ 118(1), 315(1,3), 3(5) ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

# ਇਮੀਗ੍ਰੇਸ਼ਨ ਦ.ਫਤਰ ਦੇ ਬਾਹਰ ਕੀਤੀ ਨਾਅਰੇਬਾਜ਼ੀ

ਪਟਿਆਲਾ, 27 ਮਈ (ਚ.ਨ.ਸ.) : ਵਿਦੇਸ਼ ਭੇਜਣ ਦੇ ਨਾਮ 'ਤੇ ਲੱਖਾਂ ਦੀ ਠੱਗੀ ਮਾਰਨ ਦਾ ਇਲਜ਼ਾਮ ਲਗਾਉਂਦਿਆਂ ਪਟਿਆਲਾ ਦੇ ਲੀਲਾ ਭਵਨ ਸਥਿਤ ਇੱਕ ਇਮੀਗ੍ਰੇਸ਼ਨ ਦਫਤਰ ਦੇ ਬਾਹਰ ਲੋਕਾਂ ਵੱਲੋਂ ਬੀਤੇ ਦਿਨੀਂ ਰੋਸ ਧਰਨਾ ਦਿੱਤਾ ਗਿਆ। ਧਰਨੇ ਵਿਚ ਸ਼ਾਮਲ ਮੀਨਾ ਕੁਮਾਰੀ ਪਤਨੀ ਵਾਸੀ ਪਿੰਡ ਰੱਖੜਾ ਨੇ ਦੱਸਿਆ ਕਿ ਮੇਰੇ ਪੁੱਤਰ ਹੈਰੀ ਕੌਸ਼ਲ ਨੂੰ ਉਚੇਰੀ ਵਿਦਿਆ ਪ੍ਰਾਪਤ ਕਰਨ ਲਈ ਅਸਟ੍ਰੇਲੀਆ ਭੇਜਣ ਦੇ ਨਾਮ 'ਤੇ 106749 ਦੀ ਕਥਿਤ ਤੌਰ 'ਤੇ ਠੱਗੀ ਮਾਰੀ ਹੈ, ਜਿਸ ਦੇ ਸਬੰਧ 'ਚ ਲੀਲਾ ਭਵਨ ਸਥਿਤ ਇਮੀਗ੍ਰੇਸ਼ਨ ਅੱਗੇ ਧਰਨਾ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਪਰਿਵਾਰ ਨੇ ਲੱਖਾਂ ਦਾ ਕਰਜ਼ਾ ਚੁੱਕ ਕੇ ਵਿਦੇਸ਼ ਭੇਜਣ ਲਈ ਉਕਤ ਕੰਪਨੀ ਨੂੰ ਰਕਮ ਦਿੱਤੀ ਸੀ, ਪਰ ਨਾ ਵਿਦੇਸ਼ ਭੇਜਿਆ ਤੇ ਨਾ ਹੀ ਸਾਡੇ ਪੈਸੇ ਵਾਪਸ ਕੀਤੇ। ਉਨ੍ਹਾਂ ਦੱਸਿਆ ਕਿ ਇਸ ਇਮੀਗ੍ਰੇਸ਼ਨ ਦਾ ਮਾਲਕ ਪਹਿਲਾਂ ਵੀ ਕਈ ਨੌਜਵਾਨਾਂ ਨਾਲ ਠੱਗੀ ਮਾਰ ਚੁੱਕਿਆ ਹੈ। ਇਸ ਸਬੰਧੀ ਉਹ ਕਈ ਵਾਰ ਦਫਤਰ 'ਚ ਆ ਚੁੱਕੇ ਹਨ ਪਰ ਹਰ ਵਾਰ ਸਿਰਫ਼ ਲਾਰੇਬਾਜੀ ਹੀ ਕੀਤੀ ਜਾਂਦੀ ਹੈ। 6 ਮਈ ਨੂੰ ਐਸ.ਐਸ.ਪੀ. ਦਫਤਰ ਇਨ੍ਹਾਂ ਦੇ ਖ਼ਿਲਾਫ ਦਰਖਾਸਤ ਦਿੱਤੀ ਹੋਈ ਹੈ, ਪਰ ਕਾਰਵਾਈ ਨਹੀਂ ਹੋਈ। ਉਨ੍ਹਾਂ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਇਨ੍ਹਾਂ ਨਕਲੀ ਇਮੀਗ੍ਰੇਸ਼ਨ ਵਾਲਿਆਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ।

# ਦੋਸ਼ੀਆਂ ਦੀ ਗ੍ਰਿਫ਼ਤਾਰੀ ਨਾ ਹੋਣ 'ਤੇ ਭੜਕੇ ਮਾਪੇ ਤੇ ਸ਼ਹਿਰ ਵਾਸੀ

## 2 ਦਿਨਾਂ 'ਚ ਗ੍ਰਿਫ਼ਤਾਰੀ ਨਾ ਹੋਈ ਤਾਂ ਸ਼ਹਿਰ ਅਣਮਿੱਥੇ ਸਮੇਂ ਲਈ ਬੰਦ ਕਰਾਂਗੇ



ਸਮਾਣਾ, 27 ਮਈ (ਸੁਖਜਿੰਦਰ ਸਿੰਘ ਕੁਲਾਰਾਂ/ਜਵੰਦਾ/ਵਿਜੇ ਕੁਮਾਰ) : 7 ਮਾਸੂਮ ਸਕੂਲੀ ਬੱਚਿਆਂ ਅਤੇ ਕਾਰ ਡਰਾਇਵਰ ਦੀ ਮੌਤ ਲਈ ਜਿੰਮੇਵਾਰ ਖ਼ੂਨੀ ਟਿੱਪਰ ਦੇ ਮਾਲਕਾਂ ਦੀ 21 ਦਿਨ ਬੀਤਣ ਦੇ ਬਾਜਵੂਦ ਗ੍ਰਿਫ਼ਤਾਰੀ ਨਾ ਹੋਣ ਤੋਂ ਭੜਕੇ ਬੱਚਿਆਂ ਦੇ ਮਾਪਿਆਂ, ਵੱਖ-ਵੱਖ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਸੰਸਥਾਵਾਂ ਦੇ ਆਗੂਆਂ ਨੇ ਅੱਜ ਇਨਸਾਫ਼ ਲਈ ਸਥਾਨਕ ਐਸਡੀਐਮ ਸਮਾਣਾ ਨੂੰ ਮੰਗ ਪੱਤਰ ਤੇ ਨਾਲ ਹੀ ਚੇਤਾਵਨੀ ਵੀ ਦਿੱਤੀ ਕਿ ਜੇਕਰ ਬੁੱਧਵਾਰ ਸ਼ਾਮ ਤੱਕ ਦੋਸ਼ੀ ਟਿੱਪਰ ਮਾਲਕਾਂ ਨੂੰ ਗ੍ਰਿਫ਼ਤਾਰ ਨਾ ਕੀਤਾ ਗਿਆ ਤਾਂ 29 ਮਈ ਤੋਂ ਸਮਾਣਾ ਪੂਰਨ ਤੌਰ 'ਤੇ ਬੰਦ ਕੀਤਾ ਜਾਵੇਗਾ ਤੇ ਉਸ ਸਮੇਂ ਤੱਕ ਬੰਦ ਰੱਖਿਆ ਜਾਵੇਗਾ ਜਦੋਂ ਤੱਕ ਦੋਵੇਂ ਦੋਸ਼ੀਆਂ ਨੂੰ ਕਾਬੂ ਨਹੀਂ ਕੀਤਾ ਜਾਂਦਾ। ਐਸਡੀਐਮ ਸਮਾਣਾ ਰੀਚਾ ਗੋਇਲ ਨੂੰ ਮੰਗ ਪੱਤਰ ਦਿੰਦੇ ਹੋਏ ਮ੍ਰਿਤਕ ਬੱਚਿਆਂ ਦੇ ਮਾਪਿਆਂ ਅਤੇ ਹਾਜ਼ਰ ਦੂਜੇ ਆਗੂਆਂ ਨੇ ਕਿਹਾ ਕਿ ਪੁਲਿਸ ਰਾਜਨੀਤਕ ਜਾ ਕਿਸੇ ਹੋਰ ਦਬਾਅ ਕਰਕੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਵਿਚ ਅਣਗਹਿਲੀ ਦਿਖਾ ਰਹੀ ਹੈ। ਉਨ੍ਹਾਂ ਕਿਹਾ ਕਿ ਦੋਵੇਂ ਦੋਸ਼ੀਆਂ ਵੱਲੋਂ ਬੇਲ ਲਈ ਕੋਰਟ ਵਿਚ ਅਰਜੀ ਲਗਾਈ ਹੋਈ ਹੈ ਕਿ ਪੁਲਿਸ ਜਾਣਬੁੱਝ ਕੇ ਉਨ੍ਹਾਂ ਦੀ ਬੇਲ ਹੋਣ ਦੀ ਉਡੀਕ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਉਹ ਪੁਲਿਸ ਕਾਰਵਾਈ ਤੋਂ ਬਿਲਕੁੱਲ ਸੰਤੁਸ਼ਟ ਨਹੀਂ। ਉਨ੍ਹਾਂ ਪ੍ਰਸ਼ਾਸਨ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਬੁੱਧਵਾਰ ਸ਼ਾਮ ਤੱਕ ਕਥਿਤ ਦੋਸ਼ੀਆਂ ਦੀ ਗ੍ਰਿਫ਼ਤਾਰੀ ਨਾ ਹੋਈ ਤਾਂ 29 ਮਈ ਨੂੰ ਪੂਰਾ ਸਮਾਣਾ ਸ਼ਹਿਰ ਬੰਦ ਕਰਵਾਇਆ ਜਾਵੇਗਾ ਤੇ ਉਸ ਸਮੇਂ ਤੱਕ ਨਹੀਂ ਖੋਲ੍ਹਿਆ ਜਾਵੇਗਾ ਜਦੋਂ ਤੱਕ ਦੋਸ਼ੀਆਂ ਦੀ ਗ੍ਰਿਫ਼ਤਾਰੀ ਨਹੀਂ ਹੁੰਦੀ। ਇਸ ਬਾਰੇ ਐਸਡੀਐਮ ਰੀਚਾ ਗੋਇਲ ਨੇ ਕਿਹਾ ਕਿ ਪੁਲਿਸ ਪ੍ਰਸ਼ਾਸ਼ਨ ਦੋਸ਼ੀਆਂ ਦੀ ਗ੍ਰਿਫ਼ਤਾਰੀ ਲਈ ਲਗਾਤਾਰ ਕੋਸ਼ਿਸ਼ਾਂ ਕਰ ਰਿਹੈ। ਉਨ੍ਹਾਂ ਕਿਹਾ ਕਿ ਉਹ ਮਾਪਿਆਂ ਵੱਲੋਂ ਦਿੱਤਾ ਮੰਗ ਪੱਤਰ ਡੀਸੀ ਪਟਿਆਲਾ ਅਤੇ ਐਸਐਸਪੀ ਪਟਿਆਲਾ ਨੂੰ ਭੇਜ ਰਹੇ ਹਨ।

# ਪੰਜਾਬੀ ਯੂਨੀਵਰਸਿਟੀ ਦੇ ਖੇਡ ਵਿੰਗਾਂ ਲਈ ਟਰਾਇਲ ਅੱਜ ਤੇ ਭਲਕੇ

ਪਟਿਆਲਾ, 27 ਮਈ (ਚ.ਨ.ਸ.) : ਪੰਜਾਬੀ ਯੂਨੀਵਰਸਿਟੀ ਵੱਲੋਂ ਸੈਸ਼ਨ 2025-26 ਦੌਰਾਨ ਯੂਨੀਵਰਸਿਟੀ ਕੈਂਪਸ ਨੇਬਰਹੁੱਡ ਕੈਂਪਸ, ਕਾਂਸਟੀਚੁਐਂਟ ਕਾਲਜ ਅਤੇ ਪੰਜਾਬੀ ਯੂਨੀਵਰਸਿਟੀ ਅਧੀਨ ਆਉਂਦੇ ਕਾਲਜਾਂ ਵਿੱਚ ਕਿਸੇ ਵੀ ਕੋਰਸ ਜਾਂ ਕਲਾਸ ਵਿੱਚ ਦਾਖ਼ਲਾ ਲੈਣ ਦੇ ਚਾਹਵਾਨ ਖਿਡਾਰੀਆਂ ਲਈ ਸਪੋਰਟਸ ਵਿੰਗ ਦੇ ਟਰਾਇਲ 28 ਮਈ 2025 ਨੂੰ 7 ਵਜੇ ਸਵੇਰੇ ਸਪੋਰਟਸ ਕੰਪਲੈਕਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਕਰਵਾਏ ਜਾ ਰਹੇ ਹਨ। ਖੇਡ ਵਿਭਾਗ ਦੇ ਡਾਇਰੈਕਟਰ ਡਾ. ਗੁਰਦੀਪ ਕੌਰ ਰੰਧਾਵਾ ਨੇ ਇਸ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਤੋਂ ਇਲਾਵਾ ਕਿਸੇ ਵੀ ਕੋਰਸ/ਕਲਾਸ ਵਿੱਚ ਉੱਚ ਕੋਟੀ ਦੇ ਖਿਡਾਰੀਆਂ ਲਈ ਸਪੋਰਟਸ ਕੋਟੇ ਅਧੀਨ ਰਾਖਵੀਆਂ ਪੰਜ-ਪੰਜ ਸੀਟਾਂ ਤਹਿਤ ਦਾਖ਼ਲਾ ਲੈਣ ਦੇ ਚਾਹਵਾਨ ਖਿਡਾਰੀਆਂ ਲਈ ਟਰਾਇਲ 29 ਮਈ 2025 ਨੂੰ ਸਵੇਰੇ 9 ਵਜੇ ਕਰਵਾਏ ਜਾਣਗੇ। ਉਨ੍ਹਾਂ ਦੱਸਿਆ ਕਿ ਟਰਾਇਲ ਬਾਰੇ ਹੋਰ ਵਧੇਰੇ ਜਾਣਕਾਰੀ ਅਤੇ ਸਪੋਰਟਸ ਵਿੰਗ ਦਾਖ਼ਲਾ ਫਾਰਮ ਪੰਜਾਬੀ ਯੂਨੀਵਰਸਿਟੀ ਦੀ ਵੈੱਬਸਾਈਟ ਉੱਤੇ ਉਪਲੱਬਧ ਹੈ।

# ਡਾ. ਹਰਕੀਰਤ ਸਿੰਘ ਵੱਲੋਂ ਵਿਦਿਆਰਥੀਆਂ ਦਾ ਸਨਮਾਨ



ਸਮਾਣਾ, 27 ਮਈ (ਵਿਜੇ ਕੁਮਾਰ) : ਪਬਲਿਕ ਕਾਲਜ ਸਮਾਣਾ ਅਧੀਨ ਚਲਾਏ ਜਾ ਰਹੇ ਪਬਲਿਕ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਸਮਾਣਾ ਦੇ 10+1 ਅਤੇ 10+2 ਕਲਾਸਾਂ ਦੇ ਨਤੀਜਿਆਂ ਵਿਚ ਸ਼ਾਨਦਾਰ ਪ੍ਰਾਪਤੀਆਂ ਕਰਨ ਵਾਲੇ 16 ਵਿਦਿਆਰਥੀਆਂ ਨੂੰ ਕਾਲਜ ਪ੍ਰਿੰਸੀਪਲ ਡਾ. ਹਰਕੀਰਤ ਸਿੰਘ ਸਿੱਧੂ ਨੇ ਸਨਮਾਨਿਤ ਕੀਤਾ। ਇਸ ਮੌਕੇ ਕਾਲਜ ਪ੍ਰਿੰਸੀਪਲ ਨੇ ਵਿਦਿਆਰਥੀਆਂ ਦੀਆਂ ਸ਼ਾਨਦਾਰ ਪ੍ਰਾਪਤੀਆਂ ਲਈ ਮੁਬਾਰਕਾਂ ਦਿੱਤੀਆਂ ਅਤੇ ਭਵਿੱਖ ਵਿਚ ਸਫ਼ਲ ਹੋਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਇਨ੍ਹਾਂ ਵਿਦਿਆਰਥੀਆਂ ਨੇ ਕਾਲਜੀਏਟ ਸਕੂਲ ਅਤੇ ਆਪਣੇ ਮਾਤਾ-ਪਿਤਾ ਦਾ ਨਾਂ ਰੋਸ਼ਨ ਕੀਤਾ ਹੈ ਅਤੇ ਇਨ੍ਹਾਂ ਵਿਦਿਆਰਥੀਆਂ ਦੀ ਤਰੱਕੀ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਡਾ. ਹਰਕੀਰਤਨ ਕੌਰ, ਡਾ. ਸ਼ਮਸ਼ੇਰ ਸਿੰਘ, ਪ੍ਰੋ. ਅਸ਼ਵਨੀ ਕੁਮਾਰ, ਡਾ. ਪੀ.ਐਸ.ਸੰਧੂ, ਪ੍ਰੋ. ਸਪਨਾ ਸਿੰਗਲਾ, ਪ੍ਰੋ. ਮੋਨੀਕਾ ਗੋਇਲ, ਪ੍ਰੋ. ਪਰਮਜੀਤ ਕੌਰ ਅਤੇ ਪ੍ਰੋ. ਨਰਿੰਦਰ ਸਿੰਘ ਹਾਜ਼ਰ ਰਹੇ।

# ਮਲਟੀਪਰਪਜ਼ ਸਕੂਲ 'ਚ ਕਾਮਨ ਰੂਮ ਦਾ ਰੱਖਿਆ ਨੀਂਹ ਪੱਥਰ, ਵਿਦਿਆਰਥਣਾਂ ਨੂੰ ਮਿਲੇਗੀ ਸੁਵਿਧਾ



ਪਟਿਆਲਾ, 27 ਮਈ (ਚ.ਨ.ਸ.) : ਪੀਐਮ ਸ੍ਰੀ ਸਰਕਾਰੀ ਕੋ-ਐਡ ਮਲਟੀਪਰਪਜ਼ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਪਾਸੀ ਰੋਡ ਵਿਖੇ ਲੜਕੀਆਂ ਦੇ ਇਨਡੋਰ ਸਟੇਡੀਅਮ/ਕਾਮਨ ਰੂਮ ਦਾ ਨੀਂਹ ਪੱਥਰ ਰੱਖਿਆ ਗਿਆ। ਅਲੂਮਨੀ ਐਸੋਸੀਏਸ਼ਨ ਦੇ ਪ੍ਰਧਾਨ ਕੁਲਦੀਪ ਸਿੰਘ ਗਰੇਵਾਲ ਅਤੇ ਐਸੋਸੀਏਸ਼ਨ ਦੇ ਮੁੱਖ ਸਰਪ੍ਰਸਤ-ਕਮ-ਸਕੂਲ ਪ੍ਰਿੰਸੀਪਲ ਵਿਜੇ ਕਪੂਰ ਦੀ ਅਗਵਾਈ ਹੇਠ ਕਰਵਾਏ ਗਏ ਇੱਕ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਸਰਕਾਰੀ ਮਲਟੀਪਰਪਜ ਸਕੂਲ ਵਿੱਚੋਂ ਵੱਖ-ਵੱਖ ਸਮੇਂ ਦੌਰਾਨ ਵਿਦਿਆ ਪ੍ਰਾਪਤ ਕਰਕੇ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਦੇ ਵੱਖ-ਵੱਖ ਅਹਿਮ ਅਹੁਦਿਆਂ 'ਤੇ ਸੇਵਾਵਾਂ ਨਿਭਾਉਣ ਵਾਲੀਆਂ ਸ਼ਖਸੀਅਤਾਂ ਨੇ ਭਰਵੀਂ ਸ਼ਮੂਲੀਅਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਪ੍ਰਧਾਨ ਕੁਲਦੀਪ ਸਿੰਘ ਗਰੇਵਾਲ ਅਤੇ ਪ੍ਰਿੰਸੀਪਲ ਵਿਜੇ ਕਪੂਰ ਨੇ ਦੱਸਿਆ ਕਿ ਪਿਛਲੇ ਕਾਫੀ ਸਮੇਂ ਤੋਂ ਸਕੂਲ ਦੀਆਂ ਵਿਦਿਆਰਥਣਾਂ ਨੂੰ ਦੁਪਹਿਰ ਵੇਲੇ ਖਾਣਾ ਖਾਣ ਦੌਰਾਨ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਸੀ। ਵਿਦਿਆਰਥਣਾਂ ਦੀ ਇਸ ਮੁਸ਼ਕਲ ਨੂੰ ਅਲੂਮਨੀ ਅਸੋਸੀਏਸ਼ਨ ਦੇ ਧਿਆਨ ਵਿੱਚ ਲਿਆਂਦਾ ਗਿਆ। ਉਹਨਾਂ ਅੱਗੇ ਦੱਸਿਆ ਕਿ ਅਲੂਮਨੀ ਐਸੋਸੀਏਸ਼ਨ ਵੱਲੋਂ ਸਕੂਲ ਵਿੱਚ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਅਖੀਰ ਵਿੱਚ ਸੀਨੀਅਰ ਲੈਕਚਰਾਰ ਸੁਖਵਿੰਦਰ ਸਿੰਘ ਨੇ ਸਮਾਗਮ ਦੌਰਾਨ ਪੁੱਜੀਆਂ ਵੱਖ-ਵੱਖ ਸ਼ਖਸੀਅਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਅਲੂਮਨੀ ਐਸੋਸੀਏਸ਼ਨ ਦੇ ਉਪ ਪ੍ਰਧਾਨ ਅਤੇ ਸਾਬਕਾ ਪ੍ਰਿੰਸੀਪਲ ਨੈਸ਼ਨਲ ਅਵਾਰਡੀ ਤੋਤਾ ਸਿੰਘ ਚਹਿਲ, ਸਰਪ੍ਰਸਤ ਕੁਲਬੀਰ ਸਿੰਘ ਸ਼ੇਰਗਿੱਲ, ਕੈਸ਼ੀਅਰ ਵੀਰ ਬਾਲਾ, ਅਜੀਤ ਸਿੰਘ ਸੈਣੀ, ਬਲਿੰਦਰ ਸਿੰਘ ਢੀਂਡਸਾ, ਹਰਚੰਦ ਸਿੰਘ ਨਿਰਮਾਣ, ਬਿਕਰਮਜੀਤ ਸ਼ਰਮਾ, ਗੁਰਸ਼ਰਨਜੀਤ ਸਿੰਘ ਅਤੇ ਸੁਰਿੰਦਰ ਸਿੰਘ ਸੋਢੀ ਸਮੇਤ ਸਕੂਲ ਦੇ ਸਟਾਫ ਮੈਂਬਰ ਹਾਜ਼ਰ ਸਨ।

# 'ਪੰਜਾਬ ਸਿੱਖਿਆ ਕ੍ਰਾਂਤੀ' ਤਹਿਤ ਕੁਲਵੰਤ ਸਿੰਘ ਬਾਜ਼ੀਗਰ ਵੱਲੋਂ ਸਰਕਾਰੀ ਸਕੂਲ ਲਈ 14.7 ਲੱਖ ਦੇ ਵਿਕਾਸ ਕਾਰਜ ਲੋਕਅਰਪਿਤ



ਪਾਤੜਾਂ, 27 ਮਈ : (ਹਰਮਿੰਦਰ ਕਰਤਾਰਪੁਰ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਰਹਿਨੁਮਾਈ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸਿੱਖਿਆ ਖੇਤਰ ਵਿੱਚ ਸੁਧਾਰ ਅਤੇ ਵਿਦਿਆਰਥੀਆਂ ਲਈ ਬਿਹਤਰ ਆਧੁਨਿਕ ਸਹੂਲਤਾਂ ਮੁਹੱਈਆ ਕਰਵਾਉਣ ਲਈ ਇੱਕ ਅਹਿਮ ਕਦਮ ਚੁੱਕਦਿਆਂ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਅੱਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਾਤੜਾਂ ਵਿੱਚ ਪ੍ਰਿੰਸੀਪਲ ਡਾ. ਜਤਿੰਦਰ ਕੁਮਾਰ ਬਾਂਸਲ ਦੇ ਅਧੀਨ ਕੁੱਲ 14.7 ਲੱਖ ਰੁਪਏ ਦੀ ਲਾਗਤ ਨਾਲ ਕੀਤੇ ਜਾਣ ਵਾਲੇ ਢਾਂਚਾਗਤ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ। ਇਨ੍ਹਾਂ ਪ੍ਰਾਜੈਕਟਾਂ ਵਿੱਚ 5 ਲੱਖ ਦਾ ਇਨਡੋਰ ਸਟੇਡੀਅਮ, 9.7 ਲੱਖ ਦੀ ਰਿਪੇਅਰ ਗਰਾਂਟ ਸ਼ਾਮਿਲ ਹਨ। ਵਿਕਾਸ ਕਾਰਜਾਂ ਵਿੱਚ ਕਮਰਿਆਂ ਦੀ ਮੁਰੰਮਤ, ਕਲਾਸ ਰੂਮਾਂ ਦੀ ਮੁਰੰਮਤ, ਚਾਰ ਦੀਵਾਰੀ ਦਾ ਪਲਸਤਰ, ਪਾਣੀ ਦੀ ਸਹੂਲਤਾਂ ਦੀ ਸੁਧਾਰ, ਸਕੂਲ ਕੈਂਪਸ ਦੀ ਸੁੰਦਰਤਾ ਅਤੇ ਹੋਰ ਆਧੁਨਿਕੀਕਰਨ ਦੇ ਕੰਮ ਸ਼ਾਮਿਲ ਹਨ। ਇਸ ਮੌਕੇ ਵਿਧਾਇਕ ਕੁਲਵੰਤ ਸਿੰਘ ਬਾਜੀਗਰ ਨੇ ਕਿਹਾ ਕਿ ਸਿੱਖਿਆ ਇੱਕ ਮਹੱਤਵਪੂਰਨ ਅਤੇ ਅਸਰਦਾਰ ਸਾਧਨ ਹੈ। ਬੱਚਿਆਂ ਲਈ ਚੰਗਾ ਵਿਦਿਅਕ ਮਾਹੌਲ ਤਿਆਰ ਕਰਨਾ ਭਗਵੰਤ ਸਿੰਘ ਮਾਨ ਸਰਕਾਰ ਦੀ ਪਹਿਲ ਹੈ। ਸਕੂਲ ਪ੍ਰਬੰਧਨ ਅਤੇ ਸਥਾਨਕ ਨਿਵਾਸੀਆਂ ਨੇ ਵਿਧਾਇਕ ਸ਼੍ਰੀ ਕੁਲਵੰਤ ਸਿੰਘ ਬਾਜੀਗਰ ਦਾ ਧੰਨਵਾਦ ਕੀਤਾ। ਇਸ ਮੌਕੇ ਸਿੱਖਿਆ ਕੋਆਰਡੀਨੇਟਰ ਕੁਲਵੀਰ ਸਿੰਘ, ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਪਾਤੜਾਂ ਜਤਿੰਦਰ ਕੁਮਾਰ ਬਾਂਸਲ, ਬਲਾਕ ਨੋਡਲ ਅਫਸਰ/ ਪ੍ਰਿੰਸੀਪਲ ਵਰਿੰਦਰ ਪਾਲ ਸਿੰਘ, ਹੈਡ ਮਿਸਟ੍ਰੈਸ ਸਿਲਕੀ ਰਾਣੀ, ਸਥਾਨਕ ਪੱਧਰ ਦੇ ਅਧਿਕਾਰੀ ਪਾਰਟੀ ਵਰਕਰ ਈਸ਼ਵਰ ਰਾਣਾ, ਬੂਟੀ ਸੇਠ, ਜਗਜੀਤ ਸਿੰਘ, ਸਰਕਾਰੀ ਪ੍ਰਾਇਮਰੀ ਸਕੂਲ ਮੇਨ ਪਾਤੜਾਂ ਦੇ ਸਕੂਲ ਇੰਚਾਰਜ, ਐਨ ਆਰ ਆਈ ਸੁਖਦੇਵ ਸਿੰਘ ਬੈਲਜੀਅਮ, ਰਣਬੀਰ ਸਿੰਘ ਪ੍ਰਧਾਨ ਨਗਰ ਕੌਂਸਲ ਪਾਤੜਾਂ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਕੁਲਦੀਪ ਸਿੰਘ ਥਿੰਦ, ਵੀ ਮੌਜੂਦ ਸਨ।

## ਲੋਕਾਂ ਦੇ ਸਹਿਯੋਗ ਨਾਲ ਨਸ਼ਿਆਂ ਦੇ ਕੋਹੜ ਦਾ ਕੀਤਾ ਜਾਵੇਗਾ ਖ਼ਾਤਮਾ : ਵਿਧਾਇਕ ਕੋਹਲੀ



ਪਟਿਆਲਾ, 27 ਮਈ (ਰੁਪਾਣਾ) : ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ 'ਚੋਂ ਨਸ਼ਿਆਂ ਦੇ ਪੂਰਨ ਖਾਤਮੇ ਲਈ ਚਲਾਈ ਜਾ ਰਹੀ ਨਸ਼ਾ ਮੁਕਤੀ ਯਾਤਰਾ ਨੂੰ ਪਟਿਆਲਾ ਸ਼ਹਿਰ ਦੇ ਵਸਨੀਕਾਂ ਵੱਲੋਂ ਭਰਵਾਂ ਹੁੰਗਾਰਾ ਦਿੱਤਾ ਜਾ ਰਿਹਾ ਹੈ। ਅੱਜ ਪਟਿਆਲਾ ਸ਼ਹਿਰ ਦੇ ਵਾਰਡ ਨੰਬਰ 45, 39 ਤੇ 43 ਦੇ ਵਸਨੀਕਾਂ ਨੂੰ ਨਸ਼ਿਆਂ ਖਿਲਾਫ਼ ਲਾਮਬੰਦ ਕਰਨ ਪੁੱਜੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਲੋਕਾਂ ਦੇ ਸਹਿਯੋਗ ਨਾਲ ਪੰਜਾਬ ਸਰਕਾਰ ਨਸ਼ਿਆਂ ਦੇ ਇਸ ਕੋਹੜ ਦਾ ਖਾਤਮਾ ਕਰੇਗੀ। ਇਸ ਮੌਕੇ ਵਾਰਡਾਂ 'ਚ ਹੋਏ ਇਕੱਠ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਮੁਹੱਲੇ 'ਚ ਨਸ਼ਾ ਵੇਚਣ ਵਾਲਿਆਂ 'ਤੇ ਅਤੇ ਨਸ਼ਾ ਕਰਨ ਵਾਲਿਆਂ ਸਬੰਧੀ ਜਾਣਕਾਰੀ ਇਕੱਤਰ ਕਰਨ ਲਈ ਵਾਰਡ ਡਿਫੈਂਸ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ, ਜੋ ਨਸ਼ਿਆਂ ਸਬੰਧੀ ਛੋਟੀ ਤੋਂ ਛੋਟੀ ਜਾਣਕਾਰੀ ਜ਼ਿਲ੍ਹਾ ਪ੍ਰਸ਼ਾਸਨ ਨਾਲ ਸਾਂਝਾ ਕਰਨਗੀਆਂ। ਇਸ ਮੌਕੇ ਅਮਿਤ ਡਾਬੀ, ਵਿਨੋਦ ਸਿੰਗਲਾ ਤੇ ਜੋਨੀ ਕੋਹਲੀ ਸਮੇਤ ਵੱਡੀ ਗਿਣਤੀ ਇਲਾਕਾ ਨਿਵਾਸੀ ਮੌਜੂਦ ਸਨ।

# ਆਦਰਸ਼ ਕਾਲਜ ਵਿਖੇ ਵਿਦਿਆਰਥੀਆਂ ਨੂੰ ਦਿੱਤੀ ਸਿਖਲਾਈ



ਸਮਾਣਾ, 27 ਮਈ (ਵਿਜੇ ਕੁਮਾਰ): ਆਦਰਸ ਕਾਲਜ ਆਫ ਨਰਸਿੰਗ ਪਟਿਆਲਾ ਵਿਖੇ ਹੱਥੀਂ ਸਿਖਲਾਈ ਦਾ ਆਯੋਜਨ ਕੀਤਾ ਗਿਆ ਸੀ। ਇੰਸਕਾਲ ਤੋਂ ਸੀਮਾ ਸਰਮਾ ਅਤੇ ਕਿਰਨਜੀਤ ਕੌਰ ਨੇ ਸਿਹਤ ਮੁਲਾਂਕਣ ਬਾਰੇ ਭਾਸ਼ਣ ਦਿੱਤਾ ਅਤੇ ਹਰੇਕ ਵਿਦਿਆਰਥੀ ਨੇ ਨਵੀਨਤਮ ਡਮੀਜ ਬਾਰੇ ਵਿਹਾਰਕ ਹੱਥੀਂ ਸਿਖਲਾਈ ਦਿੱਤੀ ਅਤੇ ਵਿਦਿਆਰਥੀ ਮਰੀਜ਼ਾਂ ਅਤੇ ਐਮਰਜੈਂਸੀ ਨਾਲ ਕਿਵੇਂ ਨਜਿੱਠਣਾ ਹੈ ਬਾਰੇ ਸਿੱਖ ਸਕਦਾ ਹੈ। ਇਸ ਮੌਕੇ ਬੋਲਦਿਆਂ ਕਾਲਜ ਦੇ ਚੇਅਰਮੈਨ ਡਾ. ਕੇ. ਕੇ. ਜੌਹਰੀ ਨੇ ਵਿਦਿਆਰਥੀਆਂ ਨੂੰ ਪਟਿਆਲਾ ਦੇ ਹਸਪਤਾਲਾਂ ਅਤੇ ਵੱਖ-ਵੱਖ ਹਸਪਤਾਲਾਂ ਵਿੱਚ ਸਿਖਲਾਈ ਲੈ ਕੇ ਸਿੱਖਣ ਲਈ ਕਿਹਾ। ਕਾਲਜ ਦੀ ਪ੍ਰਿੰਸੀਪਲ ਸਿਮਰਨਜੀਤ ਕੌਰ ਨੇ ਵਿਦਿਆਰਥੀਆਂ ਨੂੰ ਨਿਯਮਤ ਅਧਿਐਨ ਅਤੇ ਭਵਿੱਖ ਬਾਰੇ ਦੱਸਿਆ ਅਤੇ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਨੀਲਿਮਾ, ਸੰਜੀਵ ਕੁਮਾਰ, ਸਿਮਰਨ, ਜਸ਼ਨਦੀਪ, ਪਵਨ, ਜੇਸਿਕਾ, ਜਸਪਾਲ, ਰਜਿੰਦਰ, ਦਿਲਪ੍ਰੀਤ, ਸਤਵੀਰ, ਮਨਦੀਪ, ਕਾਮਨਾ, ਰਵਨੀਤ, ਹਰਲੀਨ, ਰਣਧੀਰ ਆਦਿ ਵੀ ਹਾਜ਼ਰ ਸਨ।

# ਸੇਵਾ ਮੰਡਲ ਨੇ 9ਵਾਂ ਖਾਟੂ ਸ਼ਿਆਮ ਸੰਕੀਰਤਨ ਕਰਵਾਇਆ



ਨਾਭਾ, 27 ਮਈ (ਗੁਰਚਰਨ ਸਿੰਘ ਚੌਧਰੀਮਾਜਰਾ) : ਹਾਰੇ ਕਾ ਸਹਾਰਾ ਸੇਵਾ ਮੰਡਲ, ਨਾਭਾ ਵੱਲੋਂ ਮਹਿਫਲ ਸਵਾਰੇ ਦਾ 9ਵਾਂ ਵਿਸ਼ਾਲ ਖਾਟੂ ਸ਼ਿਆਮ ਸੰਕੀਰਤਨ ਦਾ ਆਯੋਜਨ ਵਾਰਡ ਨੰਬਰ 23, ਪੁਰਾਣਾ ਹਾਥੀ ਖਾਨਾ ਵਿਖੇ ਕੀਤਾ ਗਿਆ। ਇਸ ਮੌਕੇ 56 ਭੋਗ ਲਗਾਇਆ ਗਿਆ ਅਤੇ ਲੰਗਰ ਅਟੁੱਟ ਵਰਤਾਇਆ ਗਿਆ। ਇਸ ਮੌਕੇ ਭਜਨ ਗਾਇਕ ਅਭਿਸ਼ੇਕ ਸਡਾਨਾ ਅਤੇ ਗਰਗ ਸਿਸਟਰ (ਦਿੱਲੀ ਵਾਲੇ) ਆਪਣੇ ਭਜਨਾਂ ਰਾਹੀਂ ਸਿਆਮ ਬਾਬਾ ਦੇ ਸ਼ਰਧਾਲੂਆਂ ਨੂੰ ਨਿਹਾਲ ਕੀਤਾ। ਇਸ ਧਾਰਮਿਕ ਸਮਾਗਮ ਦੇ ਮੁੱਖ ਮਹਿਮਾਨ ਹਲਕਾ ਵਿਧਾਨ ਸਭਾ ਨਾਭਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਪਰੰਤ ਕੌਂਸਲਰ ਰੋਜੀ ਨਾਗਪਾਲ, ਸਮਾਜ ਸੇਵੀ ਦੀਪਕ ਨਾਗਪਾਲ ਅਤੇ ਸਮੂਹ ਮੈਂਬਰਾਂ ਵੱਲੋਂ ਮੁੱਖ ਮਹਿਮਾਨ ਵਿਧਾਇਕ ਦੇਵ ਮਾਨ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬਹਾਵਲਪੁਰ ਬਿਰਾਦਰੀ ਵੈਲਫੇਅਰ ਸੁਸਾਇਟੀ ਪ੍ਰਧਾਨ ਸ਼ਾਂਤੀ ਪ੍ਰਕਾਸ਼ ਛਾਬੜਾ, ਤੇਜਿੰਦਰ ਸਿੰਘ ਖਹਿਰਾ, ਜਸਵੀਰ ਸਿੰਘ ਛਿੰਦਾ, ਭੁਪਿੰਦਰ ਸਿੰਘ ਕਜਰਮਾਜਰੀ, ਵਿਕਾਸ ਗੋਇਲ ਦੁੱਲਦੀ, ਅਸ਼ਵਨੀ ਸਚਦੇਵਾ, ਰਵੀ ਅਰੋੜਾ, ਰਮਨ ਭਾਟੀਆ, ਰਵੀ ਸ਼ੰਕਰ, ਮਨੋਜ ਗਰਗ, ਕ੍ਰਾਂਤੀ ਪਹੁਜਾ, ਅਮਨ ਭਾਟੀਆ, ਸਾਹਿਲ ਗੁਪਤਾ, ਸ਼ਾਮ ਭਟਨਾਗਰ, ਪੁਨੀਤ ਕੁਮਾਰ, ਦੀਪਕ ਗੋਇਲ, ਹਰਸ਼ ਕੁਮਾਰ, ਅੰਕੁਸ਼ ਸਹਿਗਲ, ਹਿਮਾਂਸ਼ੂ ਗੋਇਲ, ਜਸਵਿੰਦਰ ਸਿੰਘ, ਹੰਸ ਰਾਜ ਧਵਨ ਆਦਿ ਮੈਂਬਰ ਹਾਜ਼ਰ ਸਨ। ਇਸ ਧਾਰਮਿਕ ਸਮਾਗਮ ਵਿੱਚ ਹਲਕਾ ਵਾਸੀਆਂ ਨੇ ਪਹੁੰਚ ਕੇ ਸ਼ਿਆਮ ਬਾਬਾ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ।